PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

21th - 28th March 2024 • Issue No. 3022

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

## ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਨੌਜਵਾਨਾਂ ਨੂੰ ਹੁੱਲੜਬਾਜ਼ੀ ਤੋਂ ਗੁਰੇਜ਼ ਕਰਨ ਲਈ ਕਿਹਾ



ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਖ਼ਾਲਸਈ ਜਾਹੋ ਜਲਾਲ ਦੇ ਪ੍ਰਤੀਕ ਹੋਲੇ ਮਹੱਲੇ ਨੂੰ ਧਾਰਮਿਕ ਰਵਾਇਤਾਂ ਅਨੁਸਾਰ ਮਨਾਇਆ ਜਾਵੇ ਤੇ ਕਿਸੇ ਵੀ ਤਰ੍ਹਾਂ ਦੀ ਹੁਲੜਬਾਜ਼ੀ ਤੋਂ ਗੁਰੇਜ਼ ਕੀਤਾ ਜਾਵੇ। ਇੱਥੇ ਉਨ੍ਹਾਂ ਦੀ ਪ੍ਰਧਾਨਗੀ ਹੇਠ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿੱਚ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਸਬੰਧੀ ਗੁਰਦੁਆਰਾ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਵਿਸ਼ੇਸ਼ ਦਫ਼ਤਰ ਖੋਲ੍ਹਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ।

## ਡਿਬਰੂਗੜ੍ਹ ਜੇਲ੍ਹ ’ਚ ਬੰਦ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ’ਤੇ ਨਵੇਂ ਸਿਰਿਓਂ ਲਗਾਇਆ ਐੱਨਐੱਸਏ

ਚੰਡੀਗੜ੍ਹ : ਡਿਬਰੂਗੜ੍ਹ ਜੇਲ੍ਹ ’ਚ ਬੰਦ ਅੰਮ੍ਰਿਤਪਾਲ ਸਿੰਘ ਸਮੇਤ ਉਸ ਦੇ ਸਾਰੇ ਸਾਥੀਆਂ ’ਤੇ ਪੰਜਾਬ ਸਰਕਾਰ ਨੇ ਨਵੇਂ ਸਿਰੇ ਤੋਂ ਐੱਨਐੱਸਏ ਲਗਾ ਦਿੱਤਾ ਹੈ। ਇਹ ਜਾਣਕਾਰੀ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਵਿਚ ਦਿੱਤੀ ਗਈ। ਸੁਣਵਾਈ ਦੌਰਾਨ ਜਦੋਂ ਅੰਮ੍ਰਿਤਪਾਲ ਸਿੰਘ ਸਮੇਤ ਉਸ ਦੇ ਸਾਰੇ ਦਸ ਸਾਥੀਆਂ ਵੱਲੋਂ ਕੋਰਟ ਨੂੰ ਦੱਸਿਆ ਗਿਆ ਕਿ ਪਿਛਲੇ ਸਾਲ 18 ਮਾਰਚ ਨੂੰ ਇਨ੍ਹਾਂ ਸਾਰਿਆਂ ਖ਼ਿਲਾਫ਼ ਐੱਨਐੱਸਏ ਲਗਾ ਕੇ ਉਨ੍ਹਾਂ ਨੂੰ ਅਸਾਮ



ਦੀ ਡਿਬਰੂਗੜ੍ਹ ਜੇਲ੍ਹ ਭੇਜਿਆ ਗਿਆ ਸੀ, ਐੱਨਐੱਸਏ ਦੇ ਆਦੇਸ਼ ਇਕ ਸਾਲ ਤੱਕ ਹੀ ਲਾਗੂ ਹੋ ਸਕਦੇ ਹਨ। ਹੁਣ ਇਹ ਆਦੇਸ਼ ਖ਼ਤਮ ਹੋ ਚੁੱਕੇ ਹਨ, ਇਸ ’ਤੇ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਐਡੀਸ਼ਨਲ ਐਡਵੋਕੇਟ ਜਨਰਲ ਨੇ ਹਾਈ ਕੋਰਟ ਨੂੰ ਦੱਸਿਆ ਕਿ ਇਨ੍ਹਾਂ ਸਾਰਿਆਂ ਖ਼ਿਲਾਫ਼ ਨਵੇਂ ਸਿਰਿਓਂ ਐੱਨਐੱਸਏ ਲਗਾਇਆ ਗਿਆ ਹੈ। ਹਾਈ ਕੋਰਟ ਨੇ ਜਦੋਂ ਇਸ ਦੀ ਜਾਣਕਾਰੀ ਮੰਗੀ ਤਾਂ ਸਰਕਾਰ ਨੇ ਅਗਲੀ ਸੁਣਵਾਈ ’ਤੇ ਇਨ੍ਹਾਂ ਆਦੇਸ਼ਾਂ ਦੀ ਪੂਰੀ ਜਾਣਕਾਰੀ ਦੇਣ ਲਈ ਸਮੇਂ ਦੀ ਮੰਗ ਕੀਤੀ।

## ਭਾਰਤ ਵਿਸ਼ਵ ਦਾ ਤੀਜਾ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼

ਦੁਨੀਆ ਭਰ ਦੇ 50 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ 'ਚੋਂ 42 ਭਾਰਤ ਦੇ ਹਨ। ਸਵਿਸ ਕੰਪਨੀ ਕਿਊ· ਏ· ਆਈ· ਆਰ· ਦੇ ਸਰਵੇਖਣ ਮੁਤਾਬਿਕ ਬਿਹਾਰ ਦਾ ਬੇਗੂਸਰਾਏ ਦੁਨੀਆ ਭਰ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੈ, ਜਦਕਿ ਦਿੱਲੀ ਇਕ ਵਾਰ ਫਿਰ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਬਣ ਗਈ ਹੈ। ਸਰਵੇਖਣ ਮੁਤਾਬਿਕ ਸਾਲ 2023 ਵਿਚ ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਹੈ। ਸੂਚੀ ਮੁਤਾਬਿਕ ਪਾਕਿਸਤਾਨ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਹੈ, ਜਦਕਿ ਦੂਜੇ ਨੰਬਰ 'ਤੇ ਬੰਗਲਾਦੇਸ਼ ਹੈ। ਦੱਸਣਯੋਗ ਹੈ ਕਿ ਸਾਲ 2022 ਦੀ ਰਿਪੋਰਟ ਮੁਤਾਬਿਕ ਪ੍ਰਦੂਸ਼ਣ ਦੇ ਮਾਮਲੇ ਵਿਚ ਭਾਰਤ 8ਵੇਂ ਸਥਾਨ 'ਤੇ ਸੀ, ਜਦਕਿ ਇਸ ਸਾਲ ਪ੍ਰਦੂਸ਼ਣ ਦਾ ਪੱਧਰ ਹੋਰ ਵੱਧ ਕੇ ਤੀਜੇ ਸਥਾਨ 'ਤੇ ਪਹੁੰਚ ਗਿਆ ਹੈ। ਪੰਜਾਬ ਦਾ ਮੁੱਲਾਂਪੁਰ ਦੁਨੀਆ ਦਾ ਚੌਥਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਹੈ। 2023 ਦੀ ਰਿਪੋਰਟ ਵਿਚ ਦੁਨੀਆ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਬਣਨ ਵਾਲੇ ਬੇਗੂਸਰਾਏ ਦਾ ਪਿਛਲੇ ਸਾਲ ਦੀ ਸੂਚੀ ਵਿਚ ਨਾਂਅ ਵੀ ਸ਼ਾਮਿਲ ਨਹੀਂ ਸੀ। ਬੇਗੂਸਰਾਏ ਤੋਂ ਬਾਅਦ ਗੁਹਾਟੀ ਪ੍ਰਦੂਸ਼ਣ ਦੇ ਮਾਮਲੇ 'ਚ ਦੂਜੇ ਨੰਬਰ 'ਤੇ ਹੈ। ਦਿੱਲੀ ਵੈਸੇ ਤੀਜੇ ਨੰਬਰ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੈ। ਪੰਜਾਬ ਦਾ ਮੁੱਲਾਂਪੁਰ ਪ੍ਰਦੂਸ਼ਣ ਦੇ ਮਾਮਲੇ 'ਚ ਚੌਥੇ ਅਤੇ ਪਾਕਿਸਤਾਨ ਦਾ ਲਾਹੌਰ ਪੰਜਵੇਂ ਸਥਾਨ 'ਤੇ ਹੈ। ਦਿੱਲੀ-ਐੱਨ·ਸੀ·ਆਰ· ਦਾ ਗ੍ਰੇਟਰ ਨੋਇਡਾ 11ਵੇਂ ਅਤੇ ਗੁਰੂਗ੍ਰਾਮ 17ਵੇਂ ਸਥਾਨ 'ਤੇ ਹੈ।ਹੁਣ ਉਹ ਸਮਾਂ ਆ ਗਿਆ ਹੈ ਕਿ ਅਸੀ ਆਪਣੇ ਵਾਤਾਵਰਨ ਪ੍ਰਤੀ ਜ਼ਿੰਮੇਵਾਰੀ ਨੂੰ ਸਮਝੀਏ ਤੇ ਇਸਨੂੰ ਪ੍ਰਦੂਸ਼ਣ ਮੁਕਤ ਬਣਾਉਣ ਵਿਚ ਆਪਣਾ ਬਣਦਾ ਯੋਗਦਾਨ ਦੇਈਏ।ਖਾਣ ਵਾਲੀਆਂ ਵਸਤਾਂ ਵਿਚ ਮਿਲਾਵਟ ਕਰਨ ਵਾਲੇ ਮਿਲਾਵਟਖੋਰਾਂ ਦੇ ਖਿਲਾਫ ਸਿਹਤ ਅਮਲਾ ਕਾਰਵਾਈ ਕਰਦਾ ਹੈ ਤੇ ਲੋਕ ਵੀ ਰੌਲਾ ਪਾਉਦੇਂ ਹਨ, ਪਰ ਉਨ੍ਹਾਂ ਮਿਲਾਵਟਖੋਰਾਂ ਦੇ ਖਿਲਾਫ ਅਵਾਜ਼ ਨਹੀਂ ਉੱਠਦੀ ਜੋ ਆਪਣੇ ਨਿੱਜੀ ਹਿਤਾਂ ਲਈ ਸਾਡੀਆਂ ਮਾਵਾਂ ਸਮਾਨ ਨਦੀਆਂ ਅਤੇ ਵਾਤਾਵਰਨ ਵਿੱਚ ਜਹਿਰਾਂ ਘੋਲ ਰਹੇ ਹਨ।ਕੁਦਰਤ ਨਾਲ ਛੇੜਛਾੜ ਕਿੰਨੀ ਮਹਿੰਗੀ ਪੈ ਸਕਦੀ ਹੈ, ਇਹ ਕੁਦਰਤ ਨੇ ਕਿੰਨੀ ਵਾਰ ਸਾਬਿਤ ਕਰ ਦਿਤਾ ਹੈ, ਫਿਰ ਵੀ ਅਸੀ ਉਸ ਨਾਲ ਛੇੜਛਾੜ ਵਿਚ ਕਮੀ ਕਰਨ ਦੀ ਬਜਾਇ ਹੋਰ ਤੇਜ਼ ਕਰ ਦਿੱਤੀ ਹੈ, ਜਿਸਦਾ ਖਾਮਿਆਜ਼ਾ ਤਬਾਹੀ ਹੋਵੇਗਾ। ਹੁਣ ਅਸੀਂ ਲਗਭਗ ਤਬਾਹੀ ਦੀ ਮੰਜ਼ਿਲ ਦੇ ਬਿਲਕੁਲ ਨੇੜੇ ਹਾਂ।ਤਬਾਹੀ ਹਰ ਹਾਲਤ ਵਿਚ ਹੋਵੇਗੀ ਤੇ ਉਹ ਦਿਨ ਦੂਰ ਨਹੀਂ। ਸਾਨੂੰ ਕੁਦਰਤ ਤੇ ਵਾਤਾਵਰਨ ਦੀ ਮਹਤਾ ਸਮਝਣ ਦੀ ਲੋੜ ਹੈ। ਸਰਕਾਰਾਂ ਤੇ ਲੋਕ ਜ਼ਿੰਮੇਵਾਰੀ ਨਹੀਂ ਨਿਭਾ ਰਹੇ।

## ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਕੇਂਦਰ ਸਰਕਾਰ ਨੇ ਜਾਰੀ ਕੀਤੀ ਚਿੱਠੀ, ਆਈਵੀਐਫ ਟ੍ਰੀਟਮੈਂਟ ਦੀ ਮੰਗੀ ਜਾਣਕਾਰੀ



ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਮਾਤਾ ਚਰਨ ਕੌਰ ਦੇ ਘਰ ਪੁੱਤਰ ਦੇ ਜਨਮ ਤੋਂ ਬਾਅਦ ਕੇਂਦਰ ਸਰਕਾਰ ਨੇ ਚਿੱਠੀ ਜਾਰੀ ਕੀਤੀ ਹੈ। ਕੇਂਦਰ ਸਰਕਾਰ ਦੇ ਪਰਿਵਾਰ ਭਲਾਈ ਵਿਭਾਗ ਵੱਲੋਂ ਪੰਜਾਬ ਸਰਕਾਰ ਨੂੰ ਚਿੱਠੀ ਜਾਰੀ ਕੀਤੀ ਗਈ ਹੈ, ਜਿਸ ਵਿਚ ਪੰਜਾਬ ਸਰਕਾਰ ਦੇ ਪ੍ਰਿੰਸੀਪਲ ਸੈਕਟਰੀ ਅਤੇ ਪ੍ਰਸ਼ਾਸਨਿਕ ਸੈਕਟਰੀ ਨੂੰ ਲਿਖਿਆ ਗਿਆ ਹੈ ਕਿ ਸਾਨੂੰ ਮੀਡੀਆ ਰਿਪੋਰਟਾ ਤੋਂ ਪਤਾ ਲੱਗਿਆ ਹੈ ਕਿ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਆਈਵੀਐਫ ਇਲਾਜ ਤਕਨੀਕ ਰਾਹੀ ਗਰਭਵਤੀ ਹੋ ਕੇ 58 ਸਾਲ ਦੀ ਉਮਰ ਵਿੱਚ ਇੱਕ ਬੱਚੇ ਨੂੰ ਜਨਮ ਦਿਤਾ ਹੈ। ਕਨੂੰਨ ਅਨੁਸਾਰ ਸਰਵਿਸ ਲੈਣ ਲਈ ਉਮਰ ਦੀ ਸੀਮਾਂ 21 ਤੋਂ 50 ਸਾਲ ਤੱਕ ਹੈ। ਇਸ ਚਿੱਠੀ ਰਾਹੀ ਉਨ੍ਹਾਂ ਕਿਹਾ ਕਿ ਸੰਬਧਿਤ ਵਿਭਾਗ ਇਸ ਮਾਮਲੇ ਦੀ ਜਾਂਚ ਕਰਕੇ ਅਤੇ ਇਸ ਮਾਮਲੇ ਵਿੱਚ ਕੀ ਐਕਸ਼ਨ ਲਿਆ ਹੈ ਉਸਦੀ ਰਿਪੋਰਟ ਕੇਂਦਰ ਸਰਕਾਰ ਦੇ ਪਰਿਵਾਰ ਭਲਾਈ ਵਿਭਾਗ ਨੂੰ ਭੇਜੇ

## ਅੰਮ੍ਰਿਤਪਾਲ ਸਿੰਘ ਦੇ ਪਰਿਵਾਰਕ ਮੈਂਬਰਾਂ ਵੱਲੋਂ ਭੁੱਖ ਹੜਤਾਲ ਖਤਮ

ਅੰਮ੍ਰਿਤਸਰ- ਵਾਰਿਸ ਪੰਜਾਬ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ ’ਤੇ ਬੈਠੇ ਪਰਿਵਾਰਕ ਮੈਂਬਰਾਂ ਨੇ ਸ੍ਰੀ ਅਕਾਲ ਤਖ਼ਤ ਵਿਖੇ ਅਰਦਾਸ ਮਗਰੋਂ ਆਪਣੀ ਭੁੱਖ ਹੜਤਾਲ ਖ਼ਤਮ ਕਰ ਦਿੱਤੀ ਪਰ ਵਿਰਾਸਤੀ ਮਾਰਗ ਵਿਚ ਚੱਲ ਰਿਹਾ ਧਰਨਾ ਪਹਿਲਾਂ ਵਾਂਗ ਹੀ ਜਾਰੀ ਹੈ। ਵਿਰਾਸਤੀ ਮਾਰਗ ਵਿੱਚ ਇਕੱਠ ਕੀਤਾ ਗਿਆ ਸੀ ,ਜਿਸ ਵਿੱਚ ਮਤਾ ਪਾਸ ਕਰਕੇ ਅੰਮ੍ਰਿਤਪਾਲ ਅਤੇ ਹੋਰ ਸਿੱਖਾਂ ਦੇ ਪਰਿਵਾਰਕ ਮੈਂਬਰਾਂ ਨੂੰ ਆਪਣੀ



ਭੁੱਖ ਹੜਤਾਲ ਖਤਮ ਕਰਨ ਦੀ ਅਪੀਲ ਕੀਤੀ ਗਈ ਸੀ। ਇਕੱਠ ਵਿੱਚ ਖੁਫੀਆ ਵਿਭਾਗ ਦੇ ਕਰਮਚਾਰੀਆਂ ਦੀ ਮਾਰਕੁੱਟ ਕਰਨ ਦੇ ਮਾਮਲੇ ਵਿੱਚ ਪੁਲੀਸ ਨੇ 20-25 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਏਐੱਸਆਈ ਚਰਨਜੀਤ ਸਿੰਘ ਵੱਲੋਂ ਸ਼ਿਕ-ਾਇਤ ਦਰਜ ਕਰਵਾਈ ਗਈ ਹੈ ਜਿਸ ਤੋਂ ਬਾਅਦ ਪੁਲੀਸ ਵੱਲੋਂ ਕੇਸ ਦਰਜ ਕੀਤਾ ਗਿਆ ਹੈ।

# ਜੂਨ 84 ਦੇ ਢਹਿ ਢੇਰੀ ਅਕਾਲ ਤਖ਼ਤ ਸਾਹਿਬ ਦਾ ਮਾਡਲ ਸ਼ਹੀਦੀ ਗੈਲਰੀ ਵਿਚ ਲੱਗਾ

## ✪ ਆਰਟਿਸਟ ਸਾਹਿਬ ਸਿੰਘ ਵਲੋਂ ਕੀਤੀਆਂ ਪੰਥਕ ਸੇਵਾਵਾਂ ਸ਼ਲਾਘਾਯੋਗ-ਖ਼ਾਲਸਾ ✪ ਨੈਸ਼ਨਲ ਸਿੱਖ ਮਿਊਜਿਅਮ ਐਂਡ ਸਰਕਾਰ-ਏ-ਖ਼ਾਲਸਾ ਆਰਟ ਗੈਲਰੀ ਡਰਬੀ-ਯੂਕੇ ਵਿਚ ਵੀ ਸੇਵਾਵਾਂ ਨਿਭਾਈਆਂ





ਜਲੰਧਰ-ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਜਥੇਦਾਰ ਪਰਮਿੰਦਰ ਪਾਲ ਸਿੰਘ ਖ਼ਾਲਸਾ ਨੇ ਦੱਸਿਆ ਕੀ ਬੀਤੇ ਕੁੱਝ ਦਿਨਾਂ ਵਿੱਚ ਸਚਖੰਡ ਸ਼੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਸ਼ਹੀਦੀ ਗੈਲਰੀ ਦਾ ਉਦਘਾਟਨ ਕੀਤਾ ਗਿਆ ਸੀ। ਸੰਨ 1984 ਵਿੱਚ ਕਾਂਗਰਸ ਰਾਜ ਸਮੇਂ ਸਰਕਾਰ ਨੇ ਸੱਚਖੰਡ ਦਰਬਾਰ ਸਾਹਿਬ ਉਪਰ ਫੌਜੀ ਹਮਲਾ ਕਰ ਅਕਾਲ ਤਖ਼ਤ ਸਾਹਿਬ ਨੂੰ ਢਾਹ ਢੇਰੀ ਕੀਤਾ ਜੋ ਕਦੇ ਸਿੱਖ ਕੌਮ ਭੁਲਾ ਨਹੀਂ ਸਕਦੀ ਅਤੇ ਇਹ ਦੁਖਾਂਤਕ ਘਲੂਘਾਰਾ ਸਿੱਖ ਇਤਿਹਾਸ ਵਿੱਚ ਹਮੇਸ਼ਾ ਦਰਜ ਰਹੇਗਾ।

ਨੈਸ਼ਨਲ ਸਿੱਖ ਮਿਊਜਿਅਮ ਐਂਡ ਸਰਕਾਰ - ਏ - ਖ਼ਾਲਸਾ ਆਰਟ ਗੈਲਰੀ ਡਰਬੀ - ਯੂਕੇ ਦੇ ਆਰਟਿਸਟ ਸਾਹਿਬ ਸਿੰਘ ਜੋ ਕਿ ਇੰਟਰਨੈਸ਼ਨਲ ਵੈਕਸ ਸਟੈਚੂ ਐਂਡ ਹੈਂਡੀਕਰਾਫਟ ਸਕੇਲ ਰੈਪਲਿਕਾ ਆਰਟਿਸਟ ਦੇ ਨਾਮ ਨਾਲ ਜਾਣੇ ਜਾਂਦੇ ਹਨ, ਵਲੌਂ 1984 ਦੌਰਾਨ ਅਕਾਲ ਤਖ਼ਤ ਸਾਹਿਬ ਨੂੰ ਢਾਹ ਢੇਰੀ ਕੀਤੇ ਹੋਏ ਲਾਇਵ ਸਕੇਲ ਮਾਡਲ (ਰੈਪਲਿਕਾ) ਵਿੱਚ ਪੇਸ਼ ਕੀਤਾ ਗਿਆ। ਇਹ ਰੈਪਲਿਕਾ ਵਰਲਡ ਦੀ ਪਹਿਲੀ ਸਕੇਲ ਰੈਪਲਿਕਾ ਹੈ ਜੋ ਕਿ ਉਸ ਸਮੇਂ ਦਾ ਮੂੰਹੋਂ ਬੋਲਦਾ ਦ੍ਰਿਸ਼ ਹੈ ਜੋ ਕਿ ਸੱਚਖੰਡ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਬਣੀ ਸ਼ਹੀਦੀ ਗੈਲਰੀ ਵਿੱਚ ਸਥਾਪਿਤ ਕੀਤਾ ਗਿਆ ਹੈ। ਘੱਲੂਘਾਰੇ ਤੋਂ 40 ਸਾਲਾਂ ਬਾਅਦ ਇਸ ਸ਼ਹੀਦੀ ਗੈਲਰੀ ਵਿੱਚ ਉਹਨਾਂ ਸ਼ਹੀਦਾਂ ਦੇ ਪਰਿਵਾਰਾਂ ਦੇ ਨਾਮ ਅਤੇ ਤਸਵੀਰਾਂ ਲਗਾਈਆਂ ਗਈਆਂ ਹਨ ਜੋ ਪਰਿਕਰਮਾ ਵਿੱਚ ਸ਼ਹੀਦ ਕੀਤੇ ਗਏ ਸਨ।

ਰੈਪਲਿਕਾ ਬਾਰੇ ਜਾਣਕਾਰੀ ਦਿੰਦਿਆਂ ਆਰਟਿਸਟ ਸਾਹਿਬ ਸਿੰਘ ਨੇ ਦੱਸਿਆ ਕਿ ਇਹ ਰੈਪਲਿਕਾ 8 ਫੁੱਟ ਉੱਚੀ ਅਤੇ 8 ਫੁੱਟ ਚੌੜ੍ਹੀ ਹੈ। ਇਸ ਨੂੰ ਬਣਾਉਣ ਲਈ ਇੱਕ ਸਾਲ ਦਾ ਸਮਾਂ ਲੱਗਿਆ, ਇਸ ਨੂੰ ਬਣਾਉਣ ਵਿੱਚ ਵੁੱਡ ਅਤੇ ਹੋਰ ਬਹੁਤ ਸਾਰੇ ਇੰਟਰਨੈਸ਼ਨਲ ਕੈਮੀਕਲਸ, ਕਲਰ, ਹਾਰਡਨਰ, ਵਰਤੇ ਗਏ ਹਨ ਜੋ ਕਿ ਖ਼ਾਸ ਤੌਰ ਤੇ ਅਮਰੀਕਾ ਤੋਂ ਮੰਗਵਾਏ ਗਏ ਹਨ ਜਿਹਨਾਂ ਦੀ ਮਿਆ ਲਾਈਫ ਟਾਈਮ ਹੈ।




ਖ਼ਾਲਸਾ ਨੇ ਦੱਸਿਆ ਕਿ ਆਰਟਿਸਟ ਸਾਹਿਬ ਨੂੰ ਇਸ ਰੈਪਲਿਕਾ ਬਨਾਉਣ ਪਿੱਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਦਮਦਮੀ ਟਕਸਾਲ ਮਹਿਤਾ ਵੱਲੋਂ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ, ਜਿਸ ਵਿੱਚ ਸ. ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ, ਪੰਥ ਦੇ ਪ੍ਰਚਾਰਕ ਭਾਈ ਪਿੰਦਰਪਾਲ ਸਿੰਘ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਸਾਹਿਬ ਸਿੰਘ ਅਤੇ ਹੋਰ ਪੰਥ ਦੀਆਂ ਮਹਾਨ ਸ਼ਖਸੀਅਤਾਂ ਮੌਜੂਦ ਸਨ।

ਖ਼ਾਲਸਾ ਨੇ ਦੱਸਿਆ ਕੀ ਆਰਟਿਸਟ ਸਾਹਿਬ ਸਿੰਘ ਵਲੋਂ ਪਹਿਲਾਂ ਵੀ ਬਹੁਤ ਸਾਰੇ ਮਾਡਲ ਜੋ ਕਿ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ ਤੇ ਸਿੱਖੀ ਦੇ ਇਤਿਹਾਸ ਨੂੰ ਦਰਸਾਉਦੇਂ ਹਨ, ਨੈਸ਼ਨਲ ਸਿੱਖ ਮਿਊਜਿਅਮ ਐਂਡ ਸਰਕਾਰ - ਏ - ਖ਼ਾਲਸਾ ਆਰਟ ਗੈਲਰੀ ਡਰਬੀ - ਯੂਕੇ ਵਿੱਚ ਵੀ ਬਹੁਤ ਹੀ ਬਾਕਮਾਲ ਸਿੱਖ ਇਤਿਹਾਸ ਨਾਲ ਸੰਬੰਧਤ ਮਾਡਲ ਰੱਖੇ ਗਏ ਹਨ, ਜੋ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਚੰਗੀ ਸੇਧ ਦੇ ਰਹੇ ਹਨ।


ਆਰਟਿਸਟ ਸਾਹਿਬ ਸਿੰਘ ਵਲੋਂ ਪਹਿਲਾਂ ਵੀ ਇੱਕ ਖ਼ਾਸ ਰੈਪਲਿਕਾ ਜੋ ਕਿ ਜਲ੍ਹਿਆਂਵਾਲਾ ਬਾਗ 1919 ਵਿੱਚ ਹੋਏ ਦੁੱਖਾਂਤ ਨੂੰ ਬਿਆਨ ਕਰਦੀ ਹੈ ਜੋ ਡਰਬੀ ਮਿਊਜਿਅਮ ਚ ਖਿੱਚ ਦਾ ਕੇਂਦਰ ਹੈ, 100 ਸਾਲਾ ਸ਼ਤਾਬਦੀ ਮੌਕੇ ਜਿਸ ਤੇ ਬਿਟ੍ਰੇਨ ਨੇ ਖ਼ੇਦ ਪਰਗਟ ਕੀਤਾ ਸੀ। ਆਉਣ ਵਾਲੇ ਸਮੇਂ ਡਰਬੀ ਮਿਊਜੀਅਮ ਵਿੱਚ ਸਾਰਾਗੜ੍ਹੀ ਦੇ 21 ਸਿੱਖ ਫੌਜੀਆਂ ਨੂੰ ਸਮਰਪਿਤ ਰੈਪਲਿਕਾ ਤਿਆਰ ਕੀਤੀ ਜਾਵੇਗੀ ਅਤੇ ਕੌਮ ਦੇ ਮਹਾਨ ਸਿੱਖ ਗ਼ਦਰੀ ਯੋਧੇ ਜਿਹਨਾਂ ਨੂੰ ਕੈਨੇਡਾ ਦੀ ਸਰਕਾਰ ਨੇ ਫਾਂਸੀ ਦੀ ਸਜ਼ਾ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਸਿੱਖ ਗ਼ਦਰੀ ਯੋਧੇ ਜੋ ਕਿ ਕੈਨੇਡਾ ਦੀ ਧਰਤੀ ਤੇ ਸਿੱਖ ਨਸਲਵਾਦ ਅਤੇ ਬਸਤੀਵਾਦ ਖਿਲਾਫ਼ ਅਤੇ ਮਨੁੱਖੀ ਹੱਕਾਂ ਲਈ ਲੜੇ, ਉਹਨਾਂ ਦੇ 100 ਸਾਲ ਦੇ ਕਰੀਬ ਗ਼ਦਰੀ ਸ਼ਹੀਦਾਂ ਦੇ ਇਤਿਹਾਸ ਨੂੰ ਅਣਗੋਲਿਆ ਕੀਤਾ ਜਾ ਰਿਹਾ ਸੀ ਜੋ ਹੁਣ ਡਰਬੀ ਸਿੱਖ ਮਿਊਜਿਅਮ ਵਿੱਚ ਸਥਾਪਿਤ ਕੀਤਾ ਜਾਵੇਗਾ।

ਆਰਟਿਸਟ ਸਾਹਿਬ ਸਿੰਘ ਨੇ ਮਿਊਜੀਅਮ ਦੇ ਚੇਅਰਮੈਨ ਅਤੇ ਪੰਜਾਬ ਟਾਇਮਜ਼ ਯੂਕੇ ਚੀਫ ਐਡੀਟਰ ਸ. ਰਜਿੰਦਰ ਸਿੰਘ ਪੁਰੇਵਾਲ ਦੇ ਪੂਰਨ ਸਹਿਯੋਗ ਲਈ ਧੰਨਵਾਦ ਕੀਤਾ।

ਖ਼ਾਲਸਾ ਨੇ ਜਾਣਕਾਰੀ ਸਾਂਝੀ ਕਰਦੇ ਦੱਸਿਆ ਕੀ ਇਸ ਤਰਾਂ ਦੇ ਹੋਰ ਮਾਡਲ ਅਸੀ ਅਮਰੀਕਾ ਦੇ ਕੋਨਾਕਟੀਕਟ (ਨੋਰਵਿੱਚ) ਸੀ-ਟੀ ਵਿੱਚ ਸਿੱਖ ਆਰਟ ਗੈਲਰੀ ਵਿੱਚ ਸਿੱਖ ਇਤਿਹਾਸ ਨਾਲ ਸੰਬੰਧਤ ਮਾਡਲ ਅਤੇ ਵੈਕਸ ਸਟੈਚੂ ਸਥਾਪਿਤ ਕੀਤੇ ਜਾਣਗੇ।ਉਨ੍ਹਾਂ ਨੇ ਇਹ ਵੀ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਦਮਦਮੀ ਟਕਸਾਲ ਮਹਿਤਾ ਵੱਲੋਂ ਇਹ ਉਪਰਾਲਾ ਸ਼ਲਾਘਾਯੋਗ ਹੈ।

ਇਸ ਮੋਕੇ ਤੇ ਆਰਟਿਸਟ ਸਾਹਿਬ ਸਿੰਘ ਨੂੰ "ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ" ਵਲੋਂ ਸਨਮਾਨ ਚਿੰਨ ਅਤੇ ਸਿਰਪਾਓ ਦੇ ਸਨਮਾਨਿਤ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਆਰਟਿਸਟ ਸਾਹਿਬ ਸਿੰਘ "ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ" ਦੇ ਮੀਡੀਆ ਅਤੇ ਆਰਗਨਾਈਜ਼ਰ ਸਕੱਤਰ ਵਜੋਂ ਸੇਵਾਵਾਂ ਵੀ ਨਿਭਾ ਰਹੇ ਹਨ।

ਇਸ ਮੌਕੇ ਤੇ ਸੁਰਿੰਦਰ ਪਾਲ ਸਿੰਘ ਗੋਲਡੀ, ਪ੍ਰੋ. ਬਲਵਿੰਦਰ ਪਾਲ ਸਿੰਘ, ਸੰਤੋਖ ਸਿੰਘ ਦਿੱਲੀ ਪੇਂਟ, ਹਰਭਜਨ ਸਿੰਘ ਦਹੀਆ ਯੂਕੇ, ਭਾਈ ਮਲਕੀਤ ਸਿੰਘ ਯੂਕੇ, ਹਰਦੇਵ ਸਿੰਘ ਗਰਚਾ, ਹਰਭਜਨ ਸਿੰਘ ਬੱਲ, ਆਰਟਿਸਟ ਸਾਹਿਬ ਸਿੰਘ, ਸੰਦੀਪ ਸਿੰਘ ਬੰਨੀ ਚਾਵਲਾ, ਕੁਲਵਿੰਦਰ ਸਿੰਘ, ਤਜਿੰਦਰ ਸਿੰਘ, ਜਸਪਾਲ ਸਿੰਘ ਗੁਰਪ੍ਰੀਤ ਸਿੰਘ ਡੀਲਕਸ ਸੈਂਟਰੀ, ਅਰਿੰਦਰਜੀਤ ਸਿੰਘ ਚੱਡਾ, ਬਾਵਾ ਖਰਬੰਦਾ, ਬਲਜੀਤ ਸਿੰਘ (ਕੰਵਰ ਸਤਨਾਮ ਸਿੰਘ ਖ਼ਾਲਸਾ ਸਕੂਲ), ਮਨਦੀਪ ਸਿੰਘ (ਕੰਵਰ ਸਤਨਾਮ ਸਿੰਘ ਖ਼ਾਲਸਾ ਸਕੂਲ) ਮੌਜੂਦ ਸਨ।



# ਮੋਦੀ ਸਰਕਾਰ ਦੀ ਚੁਣਾਵੀ ਬਾਂਡ ਸਕੀਮ ਸ਼ੱਕੀ

**❍ ਸਭ ਤੋਂ ਜ਼ਿਆਦਾ ਚੰਦਾ ਭਾਜਪਾ ਨੂੰ ਮਿਲਿਆ, 6566 ਕਰੋੜ ਰੁਪਏ ਦੀ ਰਕਮ ਮਿਲੀ ❍ ਚੋਣ ਬਾਂਡ ਦਾ ਪੈਸਾ ਸਰਕਾਰਾਂ ਡੇਗਣ ਲਈ ਵਰਤਿਆ: ਰਾਹੁਲ**

ਸਿਆਸੀ ਪਾਰਟੀਆਂ ਵੱਲੋਂ ਚੋਣ ਬਾਂਡਾਂ ਰਾਹੀਂ ਪ੍ਰਾਪਤ ਕੀਤੇ ਚੰਦੇ ਦੇ ਵੇਰਵੇ ਜਨਤਕ ਹੋ ਗਏ ਹਨ। ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੁਆਰਾ ਸਥਾਪਿਤ ਕੀਤੇ ਗਏ ਚੋਣ ਬਾਂਡ ਰਾਹੀਂ ਦਾਨ ਦੇਣ ਦੇ ਕਾਨੂੰਨੀ ਤਰੀਕੇ ਵਿੱਚ ਪਾਰਦਰਸ਼ਤਾ ਦੀ ਕੋਈ ਗੁੰਜਾਇਸ਼ ਨਹੀਂ ਸੀ। ਦੇਸ਼ ਦੇ ਨਾਗਰਿਕਾਂ ਤੋਂ ਇਹ ਗੱਲ ਛੁਪੀ ਹੋਈ ਸੀ ਕਿ ਕੌਣ ਕਿਸ ਪਾਰਟੀ ਨੂੰ ਚੰਦਾ ਦੇ ਰਿਹਾ ਹੈ ਅਤੇ ਕਿੰਨਾ ਚੰਦਾ ਦੇ ਰਿਹਾ ਹੈ? ਪਰ ਸੁਪਰੀਮ ਕੋਰਟ ਨੇ ਇਸ ਭੇਦ ਤੋਂ ਪਰਦਾ ਹਟਾ ਦਿੱਤਾ ਹੈ। ਹੁਣ ਤੱਕ ਜੋ ਕੁਝ ਸਾਹਮਣੇ ਆਇਆ ਹੈ, ਉਸ ਦਾ ਸੰਖੇਪ ਇਹ ਹੈ ਕਿ ਭਾਵੇਂ ਇਸ ਨੂੰ ਸਿਆਸੀ ਚੰਦਾ ਕਿਹਾ ਜਾ ਰਿਹਾ ਹੈ, ਪਰ ਇਹ ਚੰਦਾ ਸਿਆਸੀ ਪਾਰਟੀਆਂ ਨੂੰ ਘੱਟ ਅਤੇ ਸਰਕਾਰਾਂ ਨੂੰ ਜ਼ਿਆਦਾ ਮਿਲਦਾ ਹੈ। ਭਾਵ ਜਿਹੜੀ ਪਾਰਟੀ ਸੱਤਾ ਵਿੱਚ ਹੁੰਦੀ ਹੈ, ਉਸ ਨੂੰ ਚੰਦਾ ਮਿਲਦਾ ਹੈ। ਵਿਰੋਧੀ ਪਾਰਟੀਆਂ ਨੂੰ ਪੰਛੀਆਂ ਦੇ ਆਲ੍ਹਣੇ ਦੇ ਬਰਾਬਰ ਚੰਦਾ ਮਿਲਦਾ ਹੈ। ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਚੁਣਾਵੀ ਬਾਂਡ ਬਾਰੇ ਚੋਣ ਕਮਿਸ਼ਨ ਵਲੋਂ ਆਪਣੀ ਵੈੱਬਸਾਈਟ 'ਤੇ ਜਾਰੀ ਕੀਤੇ ਗਏ ਸ਼ੁਰੂਆਤੀ ਅੰਕੜਿਆਂ ਤੋਂ ਪਤਾ ਲੱਗਿਆ ਹੈ ਕਿ ਸਿਆਸੀ ਪਾਰਟੀਆਂ ਨੂੰ ਚੰਦਾ ਦੇਣ ਵਾਲਿਆਂ ਵਿਚ ਕਾਰਪੋਰੇਟ ਜਗਤ ਦੀਆਂ ਕਈ ਵੱਡੀਆਂ ਕੰਪਨੀਆਂ ਸ਼ਾਮਿਲ ਹਨ ਪਰ ਜਿਸ ਗੱਲ ਨੂੰ ਲੈ ਕੇ ਹੈਰਾਨੀ ਹੋਈ ਹੈ, ਉਹ ਇਹ ਹੈ ਕਿ ਚੰਦਾ ਦੇਣ ਵਾਲੀਆਂ ਫਰਮਾਂ ਵਿਚ ਸਭ ਤੋਂ ਉੱਪਰ ਨਾਂ ਲਾਟਰੀ ਕੰਪਨੀ ਦਾ ਆਇਆ ਹੈ ਜਿਸ ਬਾਰੇ ਬਹੁਤੇ ਲੋਕਾਂ ਨੂੰ ਕੁਝ ਵੀ ਪਤਾ ਨਹੀਂ ਹੈ।

ਇਸ ਦਾ ਨਾਂ ਫਿਊਚਰ ਗੇਮਿੰਗ ਐਂਡ ਹੋਟਲ ਸਰਵਿਸਜ਼ ਹੈ। ਇਸ ਦਾ ਮੁੱਖ ਟਿਕਾਣਾ ਕੋਇੰਬਟੂਰ ਹੈ ਅਤੇ ਕੰਪਨੀ ਦਾ ਡਾਇਰੈਕਟਰ ਸਾਂਤਿਆਗੋ ਮਾਰਟਿਨ ਲਾਟਰੀ ਕਾਰੋਬਾਰੀ ਦੱਸਿਆ ਜਾਂਦਾ ਹੈ। ਇਸ ਨੇ 1368 ਕਰੋੜ ਰੁਪਏ ਦੇ ਮੁੱਲ ਬਰਾਬਰ ਚੁਣਾਵੀ ਬਾਂਡ ਖਰੀਦੇ ਸਨ। ਚੰਦਾ ਦੇਣ ਵਾਲਿਆਂ ਵਿਚ ਦੂਜੇ ਨੰਬਰ 'ਤੇ ਮੇਘਾ ਇੰਜਨੀਅਰਿੰਗ ਐਂਡ ਇਨਫਰਾਸਟ੍ਰਕਚਰ ਲਿਮਟਿਡ ਦਾ ਆਉਂਦਾ ਹੈ ਜਿਸ ਨੇ 966 ਕਰੋੜ ਰੁਪਏ ਦੇ ਮੁੱਲ ਦੇ ਚੁਣਾਵੀ ਬਾਂਡ ਖਰੀਦੇ ਸਨ। ਇਹ ਹੈਦਰਾਬਾਦ ਦੀ ਉਹੀ ਫਰਮ ਹੈ ਜੋ ਕਸ਼ਮੀਰ ਵਿਚ ਜ਼ੋਜਿਲਾ ਸੁਰੰਗ ਦੇ ਪ੍ਰਾਜੈਕਟ ਨਾਲ ਜੁੜੀ ਹੋਈ ਹੈ।

ਇਨ੍ਹਾਂ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਚੁਣਾਵੀ ਬਾਂਡ ਸਕੀਮ ਸੰਦੇਹਜਨਕ ਸੀ ਕਿਉਂਕਿ ਸਿਆਸੀ ਪਾਰਟੀਆਂ ਨੂੰ ਚੰਦਾ ਦੇਣ ਵਾਲੀਆਂ ਚੋਟੀ ਦੀਆਂ 30 ਫਰਮਾਂ ਵਿਚੋਂ ਅੱਧ ਤੋਂ ਵੱਧ ਫਰਮਾਂ ਦੀ ਜਾਂਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ), ਕੇਂਦਰੀ ਜਾਂਚ ਬਿਊਰੋ (ਸੀਬੀਆਈ) ਅਤੇ ਆਮਦਨ ਕਰ ਵਿਭਾਗ ਦੀ ਨਿਗਰਾਨੀ ਹੇਠ ਚੱਲ ਰਹੀ ਸੀ। ਮਿਸਾਲ ਦੇ ਤੌਰ 'ਤੇ ਈਡੀ ਨੇ 2022 ਵਿਚ ਫਿਊਚਰ ਗੇਮਿੰਗ ਕੰਪਨੀ ਖਿਲਾਫ਼ ਜਾਂਚ ਕੀਤੀ ਸੀ। ਇਨ੍ਹਾਂ ਖੁਲਾਸਿਆਂ ਤੋਂ ਵਿਰੋਧੀ ਧਿਰ ਦੀਆਂ ਪਾਰਟੀਆਂ ਵਲੋਂ ਲਾਏ ਜਾਂਦੇ ਇਨ੍ਹਾਂ ਦੋਸ਼ਾਂ ਨੂੰ ਬਲ ਮਿਲਿਆ ਹੈ ਕਿ ਚੰਦਾ ਦੇਣ ਵਾਲੀਆਂ ਫਰਮਾਂ ਅਤੇ ਇਸ ਦਾ ਲਾਭ ਹਾਸਿਲ ਕਰਨ ਵਾਲੀਆਂ ਸਿਆਸੀ ਪਾਰਟੀਆਂ ਵਿਚਕਾਰ ਲੈਣ-ਦੇਣ ਹੋਇਆ ਸੀ। ਇਸ ਨਾਲ ਵਿਰੋਧੀ ਧਿਰ ਦੇ ਇਨ੍ਹਾਂ ਦੋਸ਼ਾਂ ਨੂੰ ਵੀ ਹੁਣ ਦਰਕਿਨਾਰ ਨਹੀਂ ਕੀਤਾ ਜਾ ਸਕੇਗਾ ਕਿ ਵਿਭਾਗਾਂ ਤੇ ਏਜੰਸੀਆਂ ਨੂੰ ਸੱਤਾਧਾਰੀ ਧਿਰ ਆਪਣੇ ਮੁਫਾਦਾਂ ਲਈ ਵਰਤ ਰਹੀ ਹੈ।

ਚੁਣਾਵੀ ਬਾਂਡ ਸਕੀਮ ਤਹਿਤ ਮਿਲਣ ਵਾਲੇ ਚੰਦਿਆਂ ਦਾ ਸਭ ਤੋਂ ਵੱਡਾ ਹਿੱਸਾ ਭਾਰਤੀ ਜਨਤਾ ਪਾਰਟੀ ਨੂੰ ਮਿਲਿਆ ਸੀ ਅਤੇ ਕੁੱਲ ਮਿਲਾ ਕੇ ਇਹ 6566 ਕਰੋੜ ਰੁਪਏ ਦੀ ਰਕਮ ਬਣਦੀ ਹੈ ਜੋ ਪਿਛਲੇ ਸਾਲਾਂ ਦੌਰਾਨ ਮਿਲੇ ਕੁੱਲ ਚੰਦਿਆਂ ਦਾ 55 ਫ਼ੀਸਦ ਬਣ ਜਾਂਦਾ ਹੈ। ਇਸ ਤੋਂ ਬਾਅਦ ਕਾਂਗਰਸ ਅਤੇ ਤ੍ਰਿਣਮੂਲ ਕਾਂਗਰਸ ਦਾ ਸਥਾਨ ਹੈ ਜਿਨ੍ਹਾਂ ਦੋਵਾਂ ਦਾ ਹਿੱਸਾ ਨੌਂ ਫ਼ੀਸਦ ਬਣਦਾ ਹੈ।

ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਦਾਅਵਾ ਕੀਤਾ ਹੈ ਕਿ ਜਾਂਚ ਏਜੰਸੀਆਂ ਦੇ ਛਾਪਿਆਂ ਅਤੇ ਚੁਣਾਵੀ ਬਾਂਡ ਖਰੀਦਣ ਵਾਲੀਆਂ ਕੰਪਨੀਆਂ ਵਿਚਾਲੇ ਜੋੜੀਆਂ ਜਾ ਰਹੀਆਂ ਕੜੀਆਂ 'ਵੱਡੀਆਂ-ਵੱਡੀਆਂ ਧਾਰਨਾਵਾਂ' 'ਤੇ ਆਧਾਰਿਤ ਹਨ। ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਤੋਂ ਭੱਜਣਾ ਨਹੀਂ ਚਾਹੀਦਾ ਅਤੇ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬਾਂਡਾਂ ਦੇ ਸਾਰੇ ਵੇਰਵੇ ਜਨਤਕ ਕੀਤੇ ਜਾਣ। ਇਸ ਸਕੀਮ ਨੂੰ ਹਾਲ ਹੀ ਵਿਚ ਸੁਪਰੀਮ ਕੋਰਟ ਨੇ ਰੱਦ ਕੀਤਾ ਹੈ ਕਿਉਂਕਿ ਇਹ ਸਿਆਸੀ ਫੰਡਿੰਗ ਵਿਚ ਪਾਰਦਰਸ਼ਤਾ ਲਿਆਉਣ ਦੇ ਮੰਤਵਾਂ ਉੱਤੇ ਖ਼ਰੀ ਨਹੀਂ ਉਤਰਦੀ। ਭੇਤਾਂ ਤੋਂ ਪੂਰੀ ਤਰ੍ਹਾਂ ਪਰਦਾ ਚੁੱਕਣਾ ਜ਼ਰੂਰੀ ਹੈ ਤਾਂ ਕਿ ਵੱਖ-ਵੱਖ ਹਿੱਤਧਾਰਕ ਜਿਨ੍ਹਾਂ ਵਿਚ ਸਿਆਸੀ ਪਾਰਟੀਆਂ ਤੇ ਵੋਟਰ ਸ਼ਾਮਿਲ ਹਨ, ਲੋਕ ਸਭਾ ਚੋਣਾਂ ਤੋਂ ਪਹਿਲਾਂ ਸਭ ਕੁਝ ਦੇਖ-ਪਰਖ਼ ਕੇ ਫ਼ੈਸਲਾ ਕਰਨ ਦੇ ਯੋਗ ਹੋ ਸਕਣ।

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਹਮਲੇ ਤੇਜ਼ ਕਰਦਿਆਂ ਚੋਣ ਬਾਂਡ ਯੋਜਨਾ ਨੂੰ ਸਰਕਾਰਾਂ ਡੇਗਣ ਤੇ ਸਿਆਸੀ ਪਾਰਟੀਆਂ ਤੋੜਨ ਲਈ ਇਸਤੇਮਾਲ ਕੀਤਾ ਗਿਆ ਜਬਰੀ ਵਸੂਲ ਗਰੋਹ ਕਰਾਰ ਦਿੱਤਾ। ਗਾਂਧੀ ਨੇ ਦੋਸ਼ ਲਾਇਆ, "ਚੋਣ ਬਾਂਡ ਯੋਜਨਾ ਇਕ ਕੌਮਾਂਤਰੀ ਪੱਧਰ ਦਾ ਜਬਰੀ ਵਸੂਲੀ ਗਰੋਹ ਹੈ ਅਤੇ ਜਿਹੜੇ ਲੋਕ ਵਿਰੋਧ ਕਰਦੇ ਹਨ, ਐਨਫੋਰਸਮੈਂਟ ਡਾਇਰੈਕਟੋਰੇਟ, ਸੀਬੀਆਈ ਅਤੇ ਆਮਦਨ ਕਰ ਵਿਭਾਗ ਉਨ੍ਹਾਂ ਦੇ ਪਿੱਛੇ ਪੈ ਜਾਂਦੇ ਹਨ।"

ਉਨ੍ਹਾਂ ਏਕਨਾਥ ਸ਼ਿੰਦੇ ਦੀ ਅਗਵਾਈ ਵਿੱਚ ਸ਼ਿਵ ਸੈਨਾ ਵਿੱਚ ਹੋਏ ਵਿਦਰੋਹ ਅਤੇ ਅਜੀਤ ਪਵਾਰ ਦੀ ਅਗਵਾਈ ਵਿੱਚ ਰਾਸ਼ਟਰਵਾਦੀ ਕਾਂਗਰਸ ਪਾਰਟੀ ਵਿਚ ਹੋਈ ਬਗਾਵਤ ਦਾ ਜ਼ਿਕਰ ਕਰਦੇ ਹੋਏ ਕਿਹਾ, "ਕੀ ਤੁਹਾਨੂੰ ਲੱਗਦਾ ਹੈ ਕਿ ਸ਼ਿਵ ਸੈਨਾ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਵਿਧਾਇਕ ਮੁਫ਼ਤ ਵਿੱਚ ਭੱਜ ਗਏ ਹਨ।" ਉੱਧਰ, ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਚੋਣ ਬਾਂਡ ਘੁਟਾਲੇ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਆਜ਼ਾਦਾਨਾ ਤੌਰ 'ਤੇ ਜਾਂਚ ਹੋਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਪੂਰੇ ਮਾਮਲੇ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਆਜ਼ਾਦਾਨਾ ਤੌਰ 'ਤੇ ਜਾਂਚ ਹੋਣੀ ਜ਼ਰੂਰੀ ਹੈ।

ਇਹ ਦੱਸਣ ਦੀ ਲੋੜ ਨਹੀਂ ਕਿ ਚੋਣ ਕਮਿਸ਼ਨ ਵੱਲੋਂ ਜਨਤਕ ਕੀਤੇ ਗਏ ਵੇਰਵਿਆਂ ਅਨੁਸਾਰ ਭਾਜਪਾ ਨੂੰ ਸਭ ਤੋਂ ਵੱਧ ਚੰਦਾ ਮਿਲਿਆ ਹੈ। ਉਸ ਨੇ 6,060 ਕਰੋੜ ਰੁਪਏ ਦੇ ਬਾਂਡ ਕੈਸ਼ ਕੀਤੇ ਹਨ। ਸਟੇਟ ਬੈਂਕ ਦੁਆਰਾ ਦਿੱਤੇ ਗਏ ਵੇਰਵਿਆਂ ਵਿੱਚ 2019 ਤੋਂ 2024 ਤੱਕ ਦਾ ਡੇਟਾ ਸ਼ਾਮਲ ਹੈ। ਇਸ ਦੌਰਾਨ ਕੁੱਲ 12,156 ਕਰੋੜ ਰੁਪਏ ਦੇ ਬਾਂਡ ਵੇਚੇ ਗਏ। ਇਸ ਵਿੱਚੋਂ ਲਗਭਗ ਅੱਧੇ ਭਾਵ 6,060 ਕਰੋੜ ਰੁਪਏ ਇਕੱਲੇ ਭਾਜਪਾ ਨੂੰ ਮਿਲੇ ਹਨ। ਇਸ ਦੇ ਵੇਰਵੇ ਜਨਤਕ ਨਹੀਂ ਕੀਤੇ ਗਏ ਹਨ, ਪਰ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ 2019 ਵਿਚ ਭਾਜਪਾ ਦੇ ਵੱਡੇ ਬਹੁਮਤ ਨਾਲ ਕੇਂਦਰ ਸਰਕਾਰ ਵਿਚ ਵਾਪਸੀ ਤੋਂ ਬਾਅਦ, ਉਸ ਨੂੰ ਮਿਲਣ ਵਾਲੇ ਚੋਣ ਬਾਂਡ ਵਿਚ ਵਾਧਾ ਹੋਇਆ ਹੋਵੇਗਾ। ਅਗਲੇ ਕੁਝ ਦਿਨਾਂ ਵਿਚ ਜਦੋਂ ਡਾਟਾ ਡੀਕੋਡ ਕੀਤਾ ਜਾਵੇਗਾ ਜਾਂ ਇਲੈਕਟੋਰਲ ਬਾਂਡਾਂ ਦੇ ਯੂਨੀਕ ਅਲਫਾ ਸੰਖਿਆਤਮਕ ਨੰਬਰ ਜਾਰੀ ਕੀਤੇ ਜਾਣਗੇ, ਤਦ ਹੀ ਪਤਾ ਲੱਗ ਸਕੇਗਾ ਕਿ ਭਾਜਪਾ ਅਤੇ ਹੋਰ ਪਾਰਟੀਆਂ ਨੂੰ ਕਿਸ ਕਾਰੋਬਾਰੀ ਘਰਾਣੇ ਨੇ ਕਿੰਨਾ ਪੈਸਾ ਦਾਨ ਕੀਤਾ ਸੀ।

ਪੰਜਾਬ ਟਾਈਮਜ਼ ਅਨੁਸਾਰ ਇਹ ਗੱਲ ਸਾਫ਼ ਹੈ ਕਿ ਜਿਹੜੀਆਂ ਪਾਰਟੀਆਂ ਸਰਕਾਰ ਵਿੱਚ ਸਨ, ਉਨ੍ਹਾਂ ਨੂੰ ਦੂਜੀਆਂ ਪਾਰਟੀਆਂ ਨਾਲੋਂ ਵੱਧ ਚੰਦਾ ਮਿਲਿਆ ਹੈ। ਇਹ ਵੀ ਸਪੱਸ਼ਟ ਹੈ ਕਿ ਚੰਦਾ ਦੇਣ ਵਾਲੇ ਕਾਰੋਬਾਰੀਆਂ ਨੇ ਕਾਂਗਰਸ ਨੂੰ ਨਜ਼ਰਅੰਦਾਜ਼ ਕੀਤਾ ਹੈ। ਅਜਿਹਾ ਲਗਦਾ ਹੈ ਕਿ ਕਾਰਪੋਰੇਟ ਕਾਂਗਰਸ ਨੂੰ ਚੰਦਾ ਦੇਣ ਵਿੱਚ ਖ਼ਤਰਾ ਮਹਿਸੂਸ ਕਰ ਰਿਹਾ ਹੈ।

**ਮੌਜੂਦਾ ਤੇ ਸਾਬਕਾ ਵਿਧਾਇਕਾਂ, ਕੇਂਦਰ ਵਿੱਚ ਜਾਣ ਵਾਲੇ ਸੰਸਦ ਮੈਂਬਰਾਂ ਤੇ ਵੱਡੇ ਸਰਕਾਰੀ ਅਫ਼ਸਰਾਂ ਦੀਆਂ ਸਮੇਂ-ਸਮੇਂ ਤੇ ਜਾਇਦਾਦਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜੇ ਆਮਦਨ ਦੇ ਹਿਸਾਬ ਨਾਲ ਜਾਇਦਾਦ ਵਧੇਰੇ ਹੋਵੇ ਤਾਂ ਉਸ ਜ਼ਬਤ ਕਰਕੇ ਸਰਕਾਰੀ ਖਜ਼ਾਨੇ ਵਿੱਚ ਪਾਈ ਜਾਵੇ ਅਤੇ ਗੈਰ ਸਰਕਾਰੀ ਤੇ ਸਮਾਜ ਸੇਵੀ ਸੰਸਥਾਵਾਂ ਉਨ੍ਹਾਂ ਦੇ ਵਿਰੁੱਧ ਅਦਾਲਤ ਵਿੱਚ ਕਾਨੂੰਨੀ ਕਾਰਵਾਈ ਕਰਨ।**

## ਸੁਪਰੀਮ ਕੋਰਟ ਦਾ ਹੁਕਮ ਕਿ ਚੋਣ ਬਾਂਡ ਮਾਮਲੇ ਵਿਚ ਸਟੇਟ ਬੈਂਕ-21 ਤੱਕ ਮੁਕੰਮਲ ਵੇਰਵੇ ਦੇਵੇ



ਨਵੀਂ ਦਿੱਲੀ-ਚੋਣ ਬਾਂਡ ਮਾਮਲੇ 'ਤੇ ਸੁਪਰੀਮ ਕੋਰਟ ਨੇ ਇਕ ਵਾਰ ਫਿਰ ਭਾਰਤੀ ਸਟੇਟ ਬੈਂਕ ਨੂੰ ਝਾੜ ਪਾਉਂਦਿਆਂ ਬੈਂਕ ਦੇ ਚੇਅਰਮੈਨ ਨੂੰ 21 ਮਾਰਚ 5 ਵਜੇ ਤੱਕ ਚੋਣ ਬਾਂਡਾਂ ਨਾਲ ਸੰਬੰਧਿਤ ਹਰ ਜਾਣਕਾਰੀ ਮੁਹੱਈਆ ਕਰਵਾਉਣ ਨੂੰ ਕਿਹਾ, ਜਿਸ ਵਿਚ ਹਰ ਬਾਂਡ ਦਾ ਯੂਨੀਕ ਸੀਰੀਅਲ ਨੰਬਰ ਵੀ ਜ਼ਰੂਰ ਹੋਣਾ ਚਾਹੀਦਾ ਹੈ। ਸਰਬਉੱਚ ਅਦਾਲਤ ਨੇ ਇਹ ਵੀ ਕਿਹਾ ਕਿ ਬੈਂਕ ਹਲਫ਼ਨਾਮਾ ਦੇ ਕੇ ਇਹ ਵੀ ਦੱਸੇ ਕਿ ਉਸ ਨੇ ਕੋਈ ਜਾਣਕਾਰੀ ਨਹੀਂ ਲੁਕਾਈ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਚੋਣ ਕਮਿਸ਼ਨ ਸਟੇਟ ਬੈਂਕ ਤੋਂ ਜਾਣਕਾਰੀ ਹਾਸਿਲ ਕਰਨ ਤੋਂ ਫੌਰੀ ਬਾਅਦ ਆਪਣੀ ਵੈੱਬਸਾਈਟ 'ਤੇ ਜਾਣਕਾਰੀ ਸਾਂਝੀ ਕਰੇ। ਚੀਫ਼ ਜਸਟਿਸ ਡੀ.ਵਾਈ.ਚੰਦਰਚੂੜ ਦੀ ਅਗਵਾਈ ਵਾਲੀ ਪੰਜ ਮੈਂਬਰੀ ਬੈਂਚ ਨੇ ਸਟੇਟ ਬੈਂਕ ਵਲੋਂ ਦਿੱਤੇ ਅਧੂਰੇ ਡਾਟਾ ਖ਼ਿਲਾਫ਼ ਸੁਣਵਾਈ ਕਰਦਿਆਂ ਕਿਹਾ ਕਿ ਤੁਹਾਡੇ (ਬੈਂਕ) ਕੋਲ ਚੋਣ ਬਾਂਡ ਨਾਲ ਸੰਬੰਧਿਤ ਜੋ ਵੀ ਜਾਣਕਾਰੀ ਹੈ, ਅਦਾਲਤ ਉਹ ਸਾਰੀ ਜਾਣਕਾਰੀ ਚਾਹੁੰਦੀ ਹੈ। ਚੀਫ਼ ਜਸਟਿਸ ਨੇ ਕਿਹਾ ਕਿ ਅਦਾਲਤੀ ਆਦੇਸ਼ਾਂ ਦੀ ਉਡੀਕ ਨਾ ਕਰੋ। ਸਾਡੇ ਪਿਛਲੇ ਫ਼ੈਸਲੇ 'ਚ ਸਪੱਸ਼ਟ ਸੀ ਕਿ ਸਾਰੀ ਜਾਣਕਾਰੀ ਦਾ ਖੁਲਾਸਾ ਕੀਤਾ ਜਾਣਾ ਚਾਹੀਦਾ ਹੈ। ਚੀਫ਼ ਜਸਟਿਸ ਦੀ ਅਗਵਾਈ ਵਾਲੀ ਬੈਂਚ ਜਿਸ 'ਚ ਜਸਟਿਸ ਸੰਜੀਵ ਖੰਨਾ, ਬੀ.ਆਰ.ਗਵਈ, ਜੇ.ਬੀ. ਪਾਦਰੀਵਾਲਾ ਅਤੇ ਮਨੋਜ ਮਿਸ਼ਰਾ ਸ਼ਾਮਿਲ ਹਨ, ਨੇ ਕਿਹਾ ਕਿ ਅਸੀਂ ਚੋਣ ਬਾਂਡ ਰਾਹੀਂ ਰਕਮ ਹਾਸਿਲ ਕਰਨ ਵਾਲੀਆਂ ਸਿਆਸੀ ਪਾਰਟੀਆਂ ਦੀ ਜਾਣਕਾਰੀ ਮੰਗੀ ਸੀ ਅਤੇ ਬੈਂਕ ਤੋਂ ਅਜਿਹੇ ਨਕਦੀਕਰਨ ਦੀ ਤਰੀਕ ਨਾਲ ਸਾਰੀਆਂ ਜਾਣਕਾਰੀਆਂ ਸਾਂਝੀਆਂ ਕਰਨ ਨੂੰ ਕਿਹਾ ਸੀ, ਜਿਸ 'ਚ ਚੋਣ ਬਾਂਡ ਨੰਬਰਾਂ ਦੀ ਜਾਣਕਾਰੀ ਵੀ ਸ਼ਾਮਿਲ ਹੈ। ਐੱਸ.ਬੀ.ਆਈ. ਵਲੋਂ ਪੇਸ਼ ਹੋਣ ਵਾਲੇ ਵਕੀਲ ਹਰੀਸ਼ ਸਾਲਵੇ ਨੇ ਇਹ ਵੀ ਕਿਹਾ ਕਿ ਹਰ ਚੋਣ ਬਾਂਡ 'ਤੇ ਦਿੱਤਾ ਵੱਖਰਾ ਅਲਫਾਨਿਊਮੈਰਿਕ ਨੰਬਰ ਜੋ ਕਿ ਸਿਰਫ਼ ਯੂ.ਵੀ. ਰੌਸ਼ਨੀ ਹੇਠਾਂ ਹੀ ਪੜ੍ਹਿਆ ਜਾ ਸਕਦਾ ਹੈ, ਉਹ ਸਿਰਫ਼ ਸਕਿਉਰਿਟੀ ਫੀਚਰ ਹੈ। ਉਨ੍ਹਾਂ ਅੱਗੇ ਇਹ ਵੀ ਕਿਹਾ ਕਿ ਚੋਣ ਬਾਂਡਾਂ ਦੀ ਖ਼ਰੀਦ ਅਤੇ ਉਨ੍ਹਾਂ ਨੂੰ ਵਰਤੇ ਜਾਣ ਦੀ ਤਰੀਕ ਦੋ ਵੱਖ-ਵੱਖ ਫਾਈਲਾਂ 'ਚ ਰੱਖੀ ਜਾਂਦੀ ਹੈ ਤਾਂ ਹੀ ਸਟੇਟ ਬੈਂਕ ਚੰਦਾ ਦੇਣ ਵਾਲੇ ਅਤੇ ਹਾਸਿਲ ਕਰਨ ਵਾਲਿਆਂ ਦਾ ਮਿਲਾਨ ਨਹੀਂ ਹੋ ਸਕਿਆ।

# ਲੋਹਗੜ੍ਹ ਧਾਮ ਦੇ ਮੁੱਖੀ ਖ਼ਿਲਾਫ਼ ਬਲਾਤਕਾਰ ਦਾ ਕੇਸ ਦਰਜ

**✪ ਇਲਾਜ ਕਰਨ ਬਹਾਨੇ ਲੜਕੀ ਨਾਲ ਕੀਤਾ ਰੇਪ ✪ ਬਾਬੇ ਦੇ ਕਲਾਕਾਰਾਂ ਤੇ ਸਿਆਸਤਦਾਨਾਂ ਨਾਲ ਹਨ ਡੂੰਘੇ ਸੰਬੰਧ**



## ਬਾਬਾ ਬਾਲਕ ਨਾਥ ਨਾਲ ਸਿੱਧੀ ਗੱਲਬਾਤ ਕਰਵਾਉਣ ਦਾ ਕਰਦਾ ਸੀ ਦਾਅਵਾ

ਬਾਬਾ ਤੇਜਿੰਦਰ ਸਿੰਘ ਵੱਲੋਂ ਹਰ ਐਤਵਾਰ ਨੂੰ ਬਾਬਾ ਬਾਲਕਨਾਥ ਜੀ ਨਾਲ ਸਿੱਧੀ ਗੱਲਬਾਤ ਕਰਵਾਉਣ ਦਾ ਦਾਅਵਾ ਕੀਤਾ ਜਾਂਦਾ ਸੀ। ਇਸ ਸਬੰਧੀ ਬਾਬਾ ਤੇਜਿੰਦਰਪਾਲ ਸਿੰਘ ਵੱਲੋਂ ਫੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਸਾਧਨਾਂ ਰਾਹੀਂ ਪਬਲੀਸਿਟੀ ਕੀਤੀ ਜਾਂਦੀ ਸੀ ਅਤੇ ਇਸੇ ਮਕਸਦ ਨਾਲ ਖੇਤਰ ਦੇ ਲੋਕਾਂ ਦੀ ਭੀੜ ਇਕੱਠੀ ਕੀਤੀ ਜਾਂਦੀ ਸੀ। ਤੇਜਿੰਦਰਪਾਲ ਸਿੰਘ ਵੱਲੋਂ ਹਰ ਐਤਵਾਰ ਨੂੰ ਚੌਂਕੀ ਬਹਾਨੇ ਲੰਗਰ ਵੀ ਲਗਾਇਆ ਜਾਂਦਾ ਸੀ ਅਤੇ ਸਾਰਾ ਦਿਨ ਕੀਰਤਨ ਵੀ ਕਰਵਾਇਆ ਜਾਂਦਾ ਸੀ। ਲੋਕਾਂ 'ਤੇ ਪ੍ਰਭਾਵ ਪਾਉਣ ਲਈ ਉਸ ਵੱਲੋਂ ਆਪਣੇ ਮੰਦਰ ਵਿਚ ਵੱਡੀਆਂ ਫਿਲਮੀ ਹਸਤੀਆਂ ਨੂੰ ਵੀ ਬੁਲਾਇਆ ਜਾਂਦਾ ਸੀ। ਲੋਕਾਂ ਦਾ ਕਹਿਣਾ ਹੈ ਕਿ ਉਸ ਦੇ ਲੋਹਗੜ੍ਹ ਧਾਮ ਵਿਖੇ ਫਿਲਮੀ ਐਕਟਰ ਹੌਬੀ ਧਾਲੀਵਾਲ, ਮਾਸਟਰ ਸਲੀਮ, ਕਈ ਵੱਡੇ ਵਪਾਰੀਆਂ ਸਮੇਤ ਕਈ ਫਿਲਮੀ ਮਾਡਲਾਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਸੀ। ਇਸ ਤੋਂ ਇਲਾਵਾ ਕਾਂਗਰਸੀ ਆਗੂ ਦੀਪਇੰਦਰ ਸਿੰਘ ਢਿੱਲੋਂ ਸਮੇਤ ਕਈ ਸਿਆਸੀ ਆਗੂ ਵੀ ਬਾਬਾ ਤੇਜਿੰਦਰਪਾਲ ਸਿੰਘ ਦਾ ਅਸ਼ੀਰਵਾਦ ਲੈਣ ਲਈ ਜਾਂਦੇ ਸਨ ਅਤੇ ਮੌਜੂਦਾ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਜਿੱਤ ਤੋਂ ਬਾਅਦ ਬਾਬਾ ਤੇਜਿੰਦਰਪਾਲ ਸਿੰਘ ਨੇ ਦਾਅਵਾ ਕੀਤਾ ਸੀ ਕਿ ਰੰਧਾਵਾ ਉਨ੍ਹਾਂ ਦੇ ਅਸ਼ੀਰਵਾਦ ਸਦਕਾ ਹੀ ਜਿੱਤ ਪ੍ਰਾਪਤ ਕਰ ਸਕੇ।

ਜ਼ੀਰਕਪੁਰ-ਜ਼ੀਰਕਪੁਰ ਦੇ ਲੋਹਗੜ੍ਹ ਖੇਤਰ ਵਿਚ ਢੌਂਗੀ ਬਾਬੇ ਵੱਲੋਂ ਇਲਾਜ ਕਰਨ ਦੇ ਬਹਾਨੇ ਯਮੁਨਾਨਗਰ ਹਰਿਆਣਾ ਦੀ ਵਸਨੀਕ ਨਾਬਾਲਿਗ ਲੜਕੀ ਨਾਲ ਜਬਰ ਜਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ਹਾਲਾਂਕਿ ਇਸ ਮਾਮਲੇ ਵਿਚ ਪੀੜਤ ਲੜਕੀ ਵੱਲੋਂ ਯਮੁਨਾਨਗਰ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ ਪਰ ਮਾਮਲਾ ਜ਼ੀਰਕਪੁਰ ਨਾਲ ਸਬੰਧਤ ਹੋਣ ਕਾਰਨ ਯਮੁਨਾਨਗਰ ਪੁਲਿਸ ਨੇ ਬਾਬਾ ਤਜਿੰਦਰਪਾਲ ਸਿੰਘ ਖ਼ਿਲਾਫ਼ ਜਬਰ ਜਨਾਹ ਦਾ ਮਾਮਲਾ ਦਰਜ ਕਰ ਕੇ ਜ਼ੀਰੋ ਨੰਬਰ ਐੱਫਆਈਆਰ ਜ਼ੀਰਕਪੁਰ ਪੁਲਿਸ ਨੂੰ ਭੇਜੀ ਹੈ। ਪੁਲਿਸ ਵੱਲੋਂ ਮਾਮਲੇ ਸਬੰਧੀ ਕਾਨੂੰਨੀ ਮਾਹਰਾਂ ਦੀ ਰਾਏ ਲਈ ਜਾ ਰਹੀ ਹੈ ਪ੍ਰੰਤੂ ਫਿਲਹਾਲ ਢੌਂਗੀ ਬਾਬਾ ਫ਼ਰਾਰ ਹੈ।

ਜਾਣਕਾਰੀ ਅਨੁਸਾਰ ਜਿਸ ਲੜਕੀ ਵੱਲੋਂ ਪੁਲਿਸ ਨੂੰ ਸ਼ਿਕਾਇਤ ਦਿੱਤੀ ਗਈ ਹੈ, ਉਹ ਬਚਪਨ ਤੋਂ ਅਪਾਹਜ ਹੈ ਤੇ ਉਹ ਦਿਮਾਗੀ ਤੌਰ 'ਤੇ ਵੀ ਪਰੇਸ਼ਾਨ ਰਹਿੰਦੀ ਸੀ। ਢੌਂਗੀ ਬਾਬਾ ਤੇਜਿੰਦਰ ਪਾਲ ਸਿੰਘ ਵੱਲੋਂ ਜ਼ੀਰਕਪੁਰ ਦੇ ਲੋਹਗੜ੍ਹ ਖੇਤਰ ਵਿਚ ਲੋਹਗੜ੍ਹ ਧਾਮ ਦੇ ਨਾਂ 'ਤੇ ਮੰਦਰ ਬਣਾਇਆ ਹੋਇਆ ਹੈ। ਇਸ ਮੰਦਰ 'ਚ ਹਰ ਐਤਵਾਰ ਨੂੰ ਚੌਂਕੀ ਲਗਾਉਣ ਦੇ ਬਹਾਨੇ ਉਸ ਵੱਲੋਂ ਲੋਕਾਂ ਦਾ ਸ਼ਰਤੀਆ ਇਲਾਜ ਕਰਨ ਦਾ ਦਾਅਵਾ ਕੀਤਾ ਜਾਂਦਾ ਸੀ। ਯਮੁਨਾਨਗਰ ਦੀ ਵਸਨੀਕ ਪੀੜਤ ਲੜਕੀ ਦੇ ਪਰਿਵਾਰ ਨੂੰ ਵੀ ਉਨ੍ਹਾਂ ਦੇ ਕਿਸੇ ਜਾਣਕਾਰ ਵੱਲੋਂ ਬਾਬਾ ਤਜਿੰਦਰ ਸਿੰਘ ਵੱਲੋਂ ਇਲਾਜ ਕੀਤੇ ਜਾਣ ਦੀ ਜਾਣਕਾਰੀ ਮਿਲੀ ਸੀ। ਪੀੜਤ ਪਰਿਵਾਰ ਡੇਢ ਮਹੀਨੇ ਵਿਚ ਦੋ ਵਾਰ ਬਾਬੇ ਦੀ ਚੌਂਕੀ ਭਰਨ ਆਇਆ ਸੀ। ਇਸ ਸਾਲ ਉਹ ਪਹਿਲੀ ਵਾਰ ਢੌਂਗੀ ਬਾਬੇ ਨੂੰ ਮਿਲੇ ਸਨ। ਇਸ ਤੋਂ ਬਾਅਦ ਤਜਿੰਦਰ ਪਾਲ ਨੇ ਉਸ ਨੂੰ 13 ਮਾਰਚ ਨੂੰ ਮੰਦਰ ਬੁਲਾਇਆ ਅਤੇ ਉਸ ਦਾ ਇਲਾਜ ਕਰਨ ਬਹਾਨੇ ਲੜਕੀ ਨੂੰ ਕਮਰੇ ਵਿਚ ਲੈ ਗਿਆ ਤੇ ਉਸ ਦੇ ਮਾਂ-ਬਾਪ ਨੂੰ ਬਾਹਰ ਰੁਕਣ ਲਈ ਕਿਹਾ। ਕੁਝ ਦੇਰ ਬਾਅਦ ਪੀੜਤ ਪਰਿਵਾਰ ਆਪਣੀ ਬੱਚੀ ਨੂੰ ਲੈ ਕੇ ਯਮੁਨਾ ਨਗਰ ਵਾਪਸ ਚਲਾ ਗਿਆ, ਜਿੱਥੇ ਘਰ ਜਾ ਕੇ ਬੱਚੀ ਦੀ ਤਬੀਅਤ ਖਰਾਬ ਹੋ ਗਈ ਜਿਸ ਤੋਂ ਬਾਅਦ ਬੱਚੀ ਨੇ ਉਸ ਨਾਲ ਹੋਈ ਸਾਰੀ ਵਾਰਦਾਤ ਬਾਰੇ ਆਪਣੇ ਪਰਿਵਾਰ ਨੂੰ ਜਾਣਕਾਰੀ ਦਿੱਤੀ। ਲੜਕੀ ਦੇ ਪਰਿਵਾਰ ਵੱਲੋਂ ਮਾਮਲੇ ਦੀ ਸ਼ਿਕਾਇਤ ਯਮੁਨਾਨਗਰ ਪੁਲਿਸ ਨੂੰ ਦਿੱਤੀ ਜਿਨ੍ਹਾਂ ਵੱਲੋਂ ਜ਼ੀਰੋ ਨੰਬਰ ਐੱਫਆਈਆਰ ਕੱਟ ਕੇ ਜ਼ੀਰਕਪੁਰ ਥਾਣੇ ਨੂੰ ਭੇਜੀ ਗਈ ਹੈ।

ਬਾਬਾ ਤੇਜਿੰਦਰਪਾਲ ਸਿੰਘ ਦੀ ਮਨੀਮਾਜਰਾ ਵਿਖੇ ਰੈਡੀਮੇਡ ਕਪੜਿਆਂ ਦੀ ਦੁਕਾਨ ਸੀ ਜਿੱਥੇ ਉਸ ਵੱਲੋਂ ਕਮੇਟੀਆਂ ਵੀ ਪਾਈਆਂ ਜਾਂਦੀਆਂ ਸਨ। ਕਮੇਟੀਆਂ 'ਚ ਘਾਟਾ ਪੈ ਜਾਣ ਕਾਰਨ ਕਰਜ਼ਾ ਉਤਾਰਨ ਲਈ ਉਸ ਨੂੰ ਆਪਣੀ ਦੁਕਾਨ ਬੰਦ ਕਰਨ ਦੇ ਨਾਲ-ਨਾਲ ਪੰਚਕੂਲਾ ਵਿਖੇ ਆਪਣਾ ਮਕਾਨ ਵੀ ਵੇਚਣਾ ਪਿਆ ਸੀ।

ਜ਼ੀਰਕਪੁਰ ਵਿਖੇ ਵੀ ਉਸ ਵੱਲੋਂ ਕੱਪੜਿਆਂ ਦਾ ਸ਼ੋਅਰੂਮ ਖੋਲ੍ਹਿਆ ਗਿਆ ਸੀ ਪਰ ਵਪਾਰ ਵਿਚ ਕਾਮਯਾਬੀ ਨਾ ਮਿਲਣ ਕਾਰਨ ਉਸ ਨੇ ਲੋਹਗੜ੍ਹ ਵਿਖੇ ਮੰਦਰ ਖੋਲ੍ਹ ਲਿਆ ਸੀ ਜਿਸ ਤੋਂ ਬਾਅਦ ਬਾਬਾ ਤੇਜਿੰਦਰਪਾਲ ਸਿੰਘ ਇਕਦਮ ਮਸ਼ਹੂਰ ਹੋ ਗਿਆ ਸੀ ਅਤੇ ਲੋਕ ਉਸ ਨੂੰ ਬਹੁਤ ਕਰਨੀ ਵਾਲਾ ਬਾਬਾ ਸਮਝਣ ਲੱਗ ਪਏ। ਦੇਰ ਸ਼ਾਮ ਤੱਕ ਬਾਬੇ ਦੇ ਸਮਰਥਕਾਂ ਵਲੋਂ ਪੀੜਤ ਲੜਕੀ ਦੇ ਪਰਿਵਾਰ ਨਾਲ ਸਮਝੌਤੇ ਦੀ ਗੱਲਬਾਤ ਚੱਲਦੀ ਹੋਣ ਦੀ ਵੀ ਸੂਚਨਾ ਮਿਲੀ ਹੈ।

## ਬਾਬਰੀ ਮਸਜਿਦ ਬਾਅਦ ਕ੍ਰਿਸ਼ਨ ਜਨਮਭੂਮੀ ਦਾ ਮਾਮਲਾ ਭੱਖਿਆ

**✪ ਕ੍ਰਿਸ਼ਨ ਜਨਮਭੂਮੀ ਮਾਮਲੇ ਵਿਚ ਸੁਪਰੀਮ ਕੋਰਟ ਵਲੋਂ ਮਸਜਿਦ ਕਮੇਟੀ ਦੀ ਪਟੀਸ਼ਨ ਖਾਰਜ**
**✪ ਸੁਪਰੀਮ ਕੋਰਟ ਨੇ ਮੁਸਲਿਮ ਧਿਰ ਨੂੰ ਹਾਈ ਕੋਰਟ ਤਕ ਪਹੁੰਚ ਕਰਨ ਲਈ ਕਿਹਾ**

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਮਥੁਰਾ ਕ੍ਰਿਸ਼ਨ ਜਨਮ ਭੂਮੀ ਮਾਮਲੇ ਵਿਚ ਮੁਸਲਿਮ ਧਿਰ ਦੀ ਪਟੀਸ਼ਨ ਖਾਰਜ ਕਰ ਦਿੱਤੀ ਹੈ। ਨਾਲ ਹੀ, ਸੁਪਰੀਮ ਕੋਰਟ ਨੇ ਮੁਸਲਿਮ ਧਿਰ ਨੂੰ ਹਾਈ ਕੋਰਟ ਤਕ ਪਹੁੰਚ ਕਰਨ ਲਈ ਕਿਹਾ ਹੈ।

ਦਰਅਸਲ, ਮਸਜਿਦ ਕਮੇਟੀ ਨੇ ਇਲਾਹਾਬਾਦ ਹਾਈਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਸੀ, ਜਿਸ ਵਿਚ ਹਾਈਕੋਰਟ ਨੇ ਇਸ ਵਿਵਾਦ ਨਾਲ ਜੁੜੇ 15 ਮਾਮਲਿਆਂ ਨੂੰ ਇਕੱਠਾ ਜੋੜ ਕੇ ਸੁਣਨ ਦਾ ਫੈਸਲਾ ਲਿਆ ਸੀ।

ਹਾਈਕੋਰਟ ਨੇ ਕਿਹਾ ਸੀ ਕਿ ਇਹ ਸਾਰੇ ਮਾਮਲੇ ਇੱਕੋ ਕਿਸਮ ਦੇ ਹਨ ਤੇ ਇੱਕੋ ਕਿਸਮ ਦੇ ਸਬੂਤਾਂ ਦੇ ਆਧਾਰ 'ਤੇ ਫੈਸਲਾ ਲਿਆ ਜਾਣਾ ਹੈ। ਅਜਿਹੇ ਵਿਚ ਸਮਾਂ ਬਚਾਉਣ ਲਈ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਇਕੱਠੇ ਹੋਣੀ ਚਾਹੀਦੀ ਹੈ।

## ਕੇਜਰੀਵਾਲ ਤੇ ਉਸਦੇ ਸਾਥੀ ਸ਼ਰਾਬ ਨੀਤੀ ਦੇ ਮਾਮਲੇ ਵਿਚ ਈ.ਡੀ ਦੇ ਨਿਸ਼ਾਨੇ ਉਪਰ

**✪ ਈਡੀ ਵਲੋਂ ਦੋਸ਼ ਕਵਿਤਾ ਨੇ ਕੇਜਰੀਵਾਲ ਤੇ ਸਿਸੋਦੀਆ ਨਾਲ ਮਿਲ ਕੇ ਰਚੀ ਸਾਜਿਸ਼, 100 ਕਰੋੜ ਦਾ ਹੋਇਆ ਲੈਣ-ਦੇਣ**



ਨਵੀਂ ਦਿੱਲੀ-ਦਿੱਲੀ ਸ਼ਰਾਬ ਨੀਤੀ ਮਾਮਲੇ 'ਚ ਈ.ਡੀ. ਨੇ ਸੋਮਵਾਰ ਨੂੰ ਵੱਡਾ ਦਾਅਵਾ ਕੀਤਾ ਕਿ ਬੀ. ਆਰ. ਐਸ ਨੇਤਾ ਕੇ ਕਵਿਤਾ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨਾਲ ਮਿਲ ਕੇ ਸਾਜ਼ਿਸ਼ ਰਚੀ ਸੀ ਅਤੇ ਇਸ ਦੇ ਬਦਲੇ 100 ਕਰੋੜ ਰੁਪਏ ਦਾ ਲੈਣ ਦੇਣ ਵੀ ਕੀਤਾ ਗਿਆ ਸੀ।

ਕੇ. ਕਵਿਤਾ ਨੂੰ ਈ. ਡੀ ਨੇ ਪਿਛਲੇ ਹਫ਼ਤੇ ਹੈਦਰਾਬਾਦ ਤੋਂ ਗ੍ਰਿਫ਼ਤਾਰ ਕੀਤਾ ਸੀ ਅਤੇ ਉਹ 23 ਮਾਰਚ ਤੱਕ ਈ.ਡੀ. ਦੀ ਹਿਰਾਸਤ ਵਿਚ ਹੈ। ਈ.ਡੀ. ਨੇ ਬਿਆਨ ਜਾਰੀ ਕਰਕੇ ਦਾਅਵਾ ਕੀਤਾ ਕਿ ਕਵਿਤਾ ਨੇ ਦਿੱਲੀ ਆਬਕਾਰੀ ਨੀਤੀ 2020-21 ਨੂੰ ਲੈ ਕੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਸਮੇਤ 'ਆਪ' ਦੇ ਚੋਟੀ ਦੇ ਨੇਤਾਵਾਂ ਨਾਲ ਮਿਲ ਕੇ ਸਾਜ਼ਿਸ਼ ਰਚੀ ਸੀ ਅਤੇ ਉਹ 100 ਕਰੋੜ ਰੁਪਏ ਦੇ ਲੈਣ ਦੇਣ 'ਚ ਵੀ ਸ਼ਾਮਿਲ ਸੀ। ਈ. ਡੀ. ਦਾ ਦੋਸ਼ ਹੈ ਕਿ ਕਵਿਤਾ ਤੇ ਉਸ ਦੇ ਸਹਿਯੋਗੀ ਸ਼ਰਾਬ ਨੀਤੀ 'ਚ ਮਿਲੇ ਲਾਭ ਜ਼ਰੀਏ ਆਮ ਆਦਮੀ ਪਾਰਟੀ ਨੂੰ ਦਿੱਤੀ ਗਈ ਰਕਮ ਨੂੰ ਹਾਸਲ ਕਰਨਾ ਚਾਹੁੰਦੇ ਸਨ ਅਤੇ ਲਾਭ ਵੀ ਕਮਾਉਣਾ ਚਾਹੁੰਦੇ ਸਨ। ਈ.ਡੀ. ਨੇ ਦੱਸਿਆ ਕਿ ਸ਼ਰਾਬ ਘੁਟਾਲਾ ਮਾਮਲੇ 'ਚ ਹੁਣ ਤੱਕ ਦਿੱਲੀ, ਹੈਦਰਾਬਾਦ, ਚੇਨਈ, ਮੁੰਬਈ ਅਤੇ ਹੋਰਨਾਂ ਥਾਵਾਂ ਸਮੇਤ ਦੇਸ਼ ਭਰ 'ਚ 245 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਹੈ। ਸ਼ਰਾਬ ਨੀਤੀ ਮਾਮਲੇ 'ਚ ਹੁਣ ਤੱਕ ਮਨੀਸ਼ ਸਿਸੋਦੀਆ, ਸੰਜੇ ਸਿੰਘ ਅਤੇ ਵਿਜੇ ਨਾਇਰ ਸਮੇਤ 15 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਸ ਦੇ ਇਲਾਵਾ ਅਪਰਾਧ ਤੋਂ ਪ੍ਰਾਪਤ ਆਮਦਨ 'ਚੋਂ ਹੁਣ ਤੱਕ 128.79 ਕਰੋੜ ਰੁਪਏ ਦਾ ਪਤਾ ਲਗਾਇਆ ਜਾ ਚੁੱਕਾ ਹੈ।

## ਸੰਘ ਪਰਿਵਾਰ ਕਿਸਾਨ ਅੰਦੋਲਨ ਤੋਂ ਔਖਾ

**✪ ਅਖੇ ਅੰਦੋਲਨ ਬਹਾਨੇ ਅੱਤਵਾਦ ਫੈਲਾਉਣ ਦੀਆਂ ਕੋਸ਼ਿਸ਼ਾਂ**

ਨਾਗਪੁਰ-ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਨੇ ਕਿਸਾਨ ਅੰਦੋਲਨ ਤੋਂ ਔਖਾ ਹੈ। ਕਾਰਣ ਇਹ ਹੈ ਕਿ ਭਾਜਪਾ ਦੀ ਸਿਆਸਤ ਨੂੰ ਚੈਲਿੰਜ ਵਜੋਂ ਉਭਰਿਆ ਹੈ। ਸੰਘ ਨੇ ਦੋਸ਼ ਲਾਇਆ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ "ਕਿਸਾਨ ਅੰਦੋਲਨ ਦੇ ਬਹਾਨੇ ਬਦਅਮਨੀ ਫੈਲਾਉਣ ਦੀਆਂ ਕੋਸ਼ਿਸ਼ਾਂ" ਫਿਰ ਤੋਂ ਸ਼ੁਰੂ ਹੋ ਗਈਆਂ ਹਨ। ਆਰਐੱਸਐੱਸ ਨੇ ਨਾਲ ਹੀ ਕਿਹਾ ਕਿ "ਵੱਖਵਾਦੀ ਅਤਿਵਾਦ" ਨੇ ਇਸ ਅੰਦੋਲਨ ਰਾਹੀਂ ਪੰਜਾਬ ਵਿਚ ਫਿਰ ਆਪਣਾ "ਸਿਰ" ਚੁੱਕਿਆ ਹੈ।"

## ਐਨਆਈਏ ਨੇ ਗੁਰਦਾਸਪੁਰ ਵਿਚ ਗੁਰਵਿੰਦਰ ਸਿੰਘ ਉਰਫ਼ ਬਾਬਾ ਦੀ ਜਾਇਦਾਦ ਕੀਤੀ ਜ਼ਬਤ

ਗੁਰਦਾਸਪੁਰ-ਐਨਆਈਏ ਦੀ ਟੀਮ ਨੇ ਬੀਤੇ ਦਿਨੀਂ ਗੁਰਦਾਸਪੁਰ ਵਿਚ ਖਾੜਕੂ ਗੁਰਵਿੰਦਰ ਸਿੰਘ ਉਰਫ਼ ਬਾਬਾ ਦੀ ਪਿੰਡ ਪੀਰਮਬਾਗ ਸਥਿਤ ਜਾਇਦਾਦ ਕੁਰਕ ਕੀਤੀ। ਗੁਰਵਿੰਦਰ ਸਿੰਘ ਨੂੰ ਕਾਮਰੇਡ ਬਲਵਿੰਦਰ ਸਿੰਘ ਦੇ ਕਤਲ ਕੇਸ 'ਚ ਨਾਮਜ਼ਦ ਕੀਤਾ ਗਿਆ ਸੀ। ਉਹ ਗੈਂਗਸਟਰ ਸੁਖਪ੍ਰੀਤ ਸਿੰਘ ਹੈਰੀ ਚੱਠਾ ਉਰਫ਼ ਸੁੱਖ ਭਿਖਾਰੀਵਾਲ ਦਾ ਸਾਥੀ ਦੱਸਿਆ ਜਾਂਦਾ ਹੈ। ਉਸਨੇ ਸ਼ੂਟਰਾਂ ਨੂੰ ਹਥਿਆਰ ਮੁਹੱਈਆ ਕਰਵਾ ਕੇ ਕਾਮਰੇਡ ਸੰਧੂ ਦੇ ਕਤਲ ਵਿਚ ਅਹਿਮ ਭੂਮਿਕਾ ਨਿਭਾਈ ਸੀ। ਟੀਮ ਨਾਲ ਪੁੱਜੇ ਮਾਲ ਵਿਭਾਗ ਦੇ ਕਾਨੂੰਗੋ ਰੋਸ਼ਨ ਲਾਲ ਨੇ ਦੱਸਿਆ ਕਿ ਪਿੰਡ ਪੀਰਮਬਾਗ 'ਚ ਨੌਂ ਮਰਲੇ ਜ਼ਮੀਨ ਦੀ ਕੁਰਕੀ ਕੀਤੀ ਗਈ ਹੈ ਤੇ ਪਿੰਡ ਸਲੇਮਪੁਰ ਅਰਾਈਆਂ ਵਿਚ ਦੋ ਕਨਾਲਾਂ ਤੇ ਸੱਤ ਮਰਲੇ ਜ਼ਮੀਨ ਦੀ ਕੁਰਕੀ ਕੀਤੀ ਗਈ ਹੈ।

# ਡੇਰਾ ਪ੍ਰੇਮੀ ਪ੍ਰਦੀਪ ਕਲੇਰ ਅਨੁਸਾਰ ਸੌਦਾ ਸਾਧ ਤੇ ਹਨੀਪ੍ਰੀਤ ਨੇ ਬੇਅਦਬੀ ਦੇ ਦਿੱਤੇ ਹੁਕਮ

## ✪ ਚੰਡੀਗੜ੍ਹ ਦੀ ਅਦਾਲਤ ਵਿਚ ਦਰਜ ਕਰਵਾਏ ਬਿਆਨ ਨ ਕਲੇਰ ਨੇ ਕਿਹਾ ਕਿ ਬਿਟੂ ਵਾਂਗ ਮੇਰਾ ਵੀ ਕਤਲ ਕਰਵਾਇਆ ਜਾ ਸਕਦੈ



ਚੰਡੀਗੜ੍ਹ-ਪਹਿਲੀ ਵਾਰ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿਚ ਹਨੀਪ੍ਰੀਤ ਇੰਸਾਂ 'ਤੇ ਮਾਮਲੇ ਵਿੱਚ ਕਥਿਤ ਤੌਰ ਤੇ ਸ਼ਾਮਿਲ ਹੋਣ ਦੇ ਇਲਜ਼ਾਮ ਲੱਗੇ ਹਨ। ਹਨੀਪ੍ਰੀਤ ਇੰਸਾਂ ਬਲਾਤਕਾਰ ਅਤੇ ਕਤਲ ਦੇ ਦੋਸ਼ੀ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਦੀ ਗੋਦ ਲਈ ਧੀ ਹੈ। ਹਨੀਪ੍ਰੀਤ 'ਤੇ ਬੇਅਦਬੀ ਮਾਮਲੇ ਵਿੱਚ ਸ਼ਾਮਿਲ ਹੋਣ ਦੇ ਦੋਸ਼ ਬਰਗਾੜੀ ਕਾਂਡ ਦੇ ਇੱਕ ਮੁਲਜ਼ਮ ਪ੍ਰਦੀਪ ਕਲੇਰ ਨੇ ਲਾਏ ਹਨ, ਜਿਸ ਨੂੰ ਪੰਜਾਬ ਪੁਲਿਸ ਨੇ ਫਰਵਰੀ 2024 ਵਿੱਚ ਗ੍ਰਿਫ਼ਤਾਰ ਕੀਤਾ ਸੀ। ਪ੍ਰਦੀਪ ਕਲੇਰ ਨੂੰ ਸਾਲ 2021 ਵਿੱਚ ਐਲਾਨੀਆ ਅਪਰਾਧੀ ਐਲਾਨਿਆ ਗਿਆ ਸੀ। ਪ੍ਰਦੀਪ ਕਲੇਰ ਉੱਤੇ ਫ਼ਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਤੇ ਇਸ ਮਗਰੋਂ ਇਸੇ ਪਿੰਡ ਦੀਆਂ ਕੰਧਾਂ ਉੱਤੇ ਵਿਵਾਦਤ ਪੋਸਟਰ ਚਿਪਕਾਉਣ ਦੇ ਨਾਲ-ਨਾਲ ਬਰਗਾੜੀ ਵਿੱਚ ਬੇਅਦਬੀ ਦੀਆਂ ਘਟਨਾਵਾਂ ਦੀ ਸਾਜਿਸ਼ ਰਚਣ ਦੇ ਇਲਜ਼ਾਮ ਹਨ। ਪ੍ਰਦੀਪ ਨੂੰ ਭਾਜਪਾ ਦੇ ਨੇਤਾ ਦੇ ਨਾਲ ਅਯੁੱਧਿਆ ਵਿਚ ਇੱਕ ਧਾਰਮਿਕ ਸਮਾਗਮ ਵਿਚ ਸ਼ਾਮਲ ਹੋਣ ਦੀਆਂ ਤਸਵੀਰਾਂ ਵਾਇਰਲ ਹੋਣ ਤੋਂ ਬਾਅਦ ਪੁਲਿਸ ਵਲੋਂ ਗ੍ਰਿਫਤਾਰ ਕੀਤਾ ਗਿਆ ਸੀ।

ਡੇਰਾ ਸਿਰਸਾ ਦੇ ਸਿਆਸੀ ਵਿੰਗ ਦਾ ਮੁਖੀ ਪ੍ਰਦੀਪ ਕਲੇਰ, ਜਿਸ ਦੀ ਗ੍ਰਿਫ਼ਤਾਰੀ ਵਿਸ਼ੇਸ਼ ਜਾਂਚ ਟੀਮ ਅਤੇ ਫ਼ਰੀਦਕੋਟ ਪੁਲਿਸ ਦੀ ਸਾਂਝੀ ਟੀਮ ਵਲੋਂ ਕੁਝ ਸਮਾਂ ਪਹਿਲਾਂ ਗੁਰੂਗਰਾਮ (ਹਰਿਆਣਾ) ਤੋਂ ਕੀਤੀ ਗਈ ਸੀ। ਪ੍ਰਦੀਪ ਕਲੇਰ ਨੇ ਚੰਡੀਗੜ੍ਹ ਦੀ ਅਦਾਲਤ ਵਿੱਚ ਧਾਰਾ 164 ਅਧੀਨ ਜੁਡੀਸ਼ੀਅਲ ਮੈਜਿਸਟਰੇਟ ਮੋਹਿਤ ਅੱਗੇ ਆਪਣਾ ਇਕਬਾਲੀਆ ਬਿਆਨ ਫਰਵਰੀ ਦੇ ਅਖੀਰ ਵਿੱਚ ਦਰਜ ਕਰਵਾਇਆ ਸੀ ਤੇ ਬੇਅਦਬੀਆਂ ਦੇ ਕੇਸ ਵਿਚ ਡੇਰਾ ਮੁਖੀ ਤੇ ਉਸ ਦੀ ਮੂੰਹਬੋਲੀ ਧੀ ਹਨੀਪ੍ਰੀਤ ਨੂੰ ਇਨ੍ਹਾਂ ਘਟਨਾਵਾਂ ਲਈ ਮੁੱਖ ਸਾਜ਼ਿਸ਼ਕਰਤਾ ਬਣਾ ਦਿੱਤਾ। ਹਾਲਾਂਕਿ, ਇਸ ਤੋਂ ਪਹਿਲਾਂ ਡੇਰੇ ਦੀ ਪੰਜਾਬ ਲਈ 45 ਮੈਂਬਰੀ ਕਮੇਟੀ ਦੇ ਮੁਖੀ ਮਹਿੰਦਰਪਾਲ ਬਿੱਟੂ ਨੇ ਵੀ ਅਦਾਲਤ ਸਾਹਮਣੇ ਧਾਰਾ 164 ਅਧੀਨ ਦਰਜ ਕਰਵਾਏ ਬਿਆਨਾਂ ਵਿਚ ਪ੍ਰਦੀਪ ਕਲੇਰ ਦੇ ਬਿਆਨ ਦੀ ਤਰਜ਼ 'ਤੇ ਡੇਰਾ ਮੁਖੀ ਨੂੰ ਸਾਜਿਸ਼ਕਰਤਾ ਦੱਸਿਆ ਸੀ ਪਰ ਬਿੱਟੂ ਨੂੰ ਬਾਅਦ ਵਿਚ ਜੇਲ੍ਹ ਵਿਚ ਹੀ ਮਾਰ ਦਿੱਤਾ ਗਿਆ ਸੀ ਅਤੇ ਉਸ ਦੀ ਹੱਤਿਆ ਦੀ ਗੁੱਥੀ ਅਜੇ ਤੱਕ ਨਹੀਂ ਸੁਲਝ ਸਕੀ। ਪ੍ਰਦੀਪ ਕਲੇਰ, ਜੋ ਪਹਿਲਾਂ ਇਸ ਕੇਸ ਵਿਚ ਭਗੌੜਾ ਐਲਾਨਿਆ ਹੋਇਆ ਸੀ, ਨੇ ਹੁਣ ਦੱਸਿਆ ਹੈ ਕਿ ਉਹ ਕਦੀ ਵੀ ਕਿਤੇ ਦੌੜਿਆ ਨਹੀਂ ਤੇ ਹਮੇਸ਼ਾ ਡੇਰੇ ਵਿਚ ਹੀ ਮੌਜੂਦ ਰਿਹਾ ਸੀ ਪਰ ਉਸ ਦੀ ਇਸ ਕਾਂਡ ਵਿਚ ਕੋਈ ਭੂਮਿਕਾ ਨਹੀਂ ਸੀ, ਜਦੋਂਕਿ ਸਾਜ਼ਿਸ਼ ਉਸ ਦੀ ਹਾਜ਼ਰੀ ਵਿਚ ਜ਼ਰੂਰ ਹੋਈ। ਅਦਾਲਤ ਸਾਹਮਣੇ ਦਰਜ ਕਰਵਾਏ ਬਿਆਨ ਵਿਚ ਪ੍ਰਦੀਪ ਕਲੇਰ ਨੇ ਕਿਹਾ ਹੈ ਕਿ ਉਸ ਨੂੰ 2014 ਵਿਚ ਡੇਰੇ ਦੇ ਸਿਆਸੀ ਵਿੰਗ ਦਾ ਮੁਖੀ ਥਾਪਿਆ ਗਿਆ ਸੀ ਅਤੇ ਮੇਰਾ ਕੰਮ ਰਾਜਨੀਤਿਕ ਆਗੂਆਂ ਨਾਲ ਤਾਲਮੇਲ ਰੱਖਣਾ ਸੀ। ਉਸ ਅਨੁਸਾਰ ਮਾਰਚ-ਅਪ੍ਰੈਲ 2015 ਦੌਰਾਨ ਉਸ ਨੇ ਦਿੱਲੀ ਜਾਣਾ ਸੀ ਤਾਂ ਮੈਨੂੰ ਸੌਦਾ ਸਾਧ ਕੋਲ ਬੁਲਾਇਆ ਗਿਆ, ਜਦੋਂ ਮੈਂ ਪੁੱਜਾ ਤਾਂ ਉਥੇ ਹਨੀਪ੍ਰੀਤ, ਰਕੇਸ਼ ਕੁਮਾਰ ਦਿੜ੍ਹਬਾ, ਹਰਸ਼ ਧੂਰੀ, ਮਹਿੰਦਰਪਾਲ ਬਿੱਟੂ , ਗੁਲਾਬ ਉਰਫ਼ ਗੁਲਾਬੋ, ਗੁਰਲੀਨ ਉਰਫ਼ ਰਕੇਸ਼ ਕੁਮਾਰ ਹਾਜ਼ਰ ਸਨ। ਜਿਥੇ ਬੁਰਜ ਜਵਾਹਰਸਿੰਘ ਵਾਲਾ ਵਿਖੇ ਸਿੱਖ ਪ੍ਰਚਾਰਕ ਹਰਜਿੰਦਰ ਸਿੰਘ ਮਾਝੀ ਵਲੋਂ ਕੀਤੀ ਗਈ ਕਥਾ ਤੋਂ ਬਾਅਦ ਡੇਰੇ ਦੇ ਕਈ ਸੇਵਕਾਂ ਵਲੋਂ ਸੌਦਾ ਸਾਧ ਦੀ ਤਸਵੀਰ ਵਾਲੇ ਲਾਕੇਟ ਗਲਾਂ ਵਿਚੋਂ ਲਾਹ ਪੈਰਾਂ ਵਿਚ ਸੁੱਟ ਦਿੱਤੇ ਗਏ। ਪ੍ਰਦੀਪ ਕਲੇਰ ਅਨੁਸਾਰ ਇਸ 'ਤੇ ਹਨੀਪ੍ਰੀਤ ਗੁੱਸੇ ਵਿਚ ਆ ਗਈ ਅਤੇ ਉਸ ਨੇ ਪੁੱਛਿਆ ਕਿ ਜਦੋਂ ਲਾਕਿਟ ਸੁੱਟੇ ਤਾਂ ਉਸ ਤੋਂ ਬਾਅਦ ਤੁਸੀਂ ਕੁਝ ਕੀਤਾ ਕਿਉਂ ਨਹੀਂ । ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਣਾ ਚਾਹੀਦਾ ਸੀ। ਹਾਜ਼ਰ ਕੁਝ ਮੈਂਬਰਾਂ ਨੇ ਕਿਹਾ ਕਿ ਮਾਝੀ ਤਾਂ ਇਕ ਪ੍ਰਚਾਰਕ ਹੈ, ਪ੍ਰੰਤੂ ਸਿੱਖਾਂ ਦੀ ਨਿਸ਼ਾਨੀ ਤਾਂ ਗੁਰੂ ਗ੍ਰੰਥ ਸਾਹਿਬ ਹੈ। ਇਸ 'ਤੇ ਹਨੀਪ੍ਰੀਤ ਨੇ ਕਿਹਾ ਕਿ ਸਿੱਖਾਂ ਦੇ ਗੁਰੂ ਗ੍ਰੰਥ ਸਾਹਿਬ ਨੂੰ ਵੀ ਇੰਝ ਹੀ ਪੈਰਾਂ ਵਿੱਚ ਰੋਲ ਦਿਓ।

### ਹਨੀਪ੍ਰੀਤ ਨੇ ਬੇਅਦਬੀ ਕਿਉਂ ਕਰਵਾਈ

ਇਸ ਤੋਂ ਬਾਅਦ ਸੌਦਾ ਸਾਧ ਬੋਲਿਆ ਕਿ ਜੋ ਹਨੀਪ੍ਰੀਤ ਕਹਿ ਰਹੀ ਹੈ, ਉਸ 'ਤੇ ਜਲਦੀ ਤੋਂ ਜਲਦੀ ਅਮਲ ਕਰੋ। ਇਸ ਕੰਮ ਲਈ ਮਹਿੰਦਰਪਾਲ ਬਿੱਟੂ ਦੀ ਡਿਊਟੀ ਲੱਗੀ, ਜੋ ਪੰਜਾਬ ਲਈ 45 ਮੈਂਬਰੀ ਕਮੇਟੀ ਦੇ ਮੁਖੀ ਸਨ ਕਿ ਉਹ ਆਪਣੀ ਟੀਮ ਤੋਂ ਜਲਦੀ ਤੋਂ ਜਲਦੀ ਇਹ ਕੰਮ ਕਰਵਾਉਣ। ਬਾਬੇ ਨੇ ਕਿਹਾ ਸਾਡੀ ਮਦਦ ਦੀ ਜੇਕਰ ਲੋੜ ਹੈ ਤਾਂ ਦੱਸੋ, ਮੈਂ ਪਿੱਛੇ ਖੜ੍ਹਾ ਹਾਂ। ਪ੍ਰਦੀਪ ਕਲੇਰ ਅਨੁਸਾਰ ਮੈਂ ਵੀ ਪਿੱਛੇ ਖੜ੍ਹਾ ਸੀ ਅਤੇ ਮੈਨੂੰ ਬਾਬੇ ਨੇ ਪੁੱਛਿਆ ਤੇਰਾ ਕੀ ਕੰਮ ਹੈ ਤੇ ਮੈਂ ਦੱਸਿਆ ਕਿ ਮੈਂ ਦਿੱਲੀ ਜਾ ਰਿਹਾ ਹਾਂ ਤਾਂ ਮੈਨੂੰ ਬਾਬੇ ਨੇ ਦਿੱਲੀ ਵਿਖੇ ਕੁਝ ਲੋਕਾਂ ਨੂੰ ਮਿਲਣ ਲਈ ਕਿਹਾ ਅਤੇ ਮੈਂ ਉਥੋਂ ਆ ਗਿਆ। ਆਪਣੇ ਬਿਆਨ ਵਿਚ ਪ੍ਰਦੀਪ ਕਲੇਰ ਨੇ ਕਿਹਾ ਕਿ ਮੇਰੀ ਪੁੱਛਗਿੱਛ ਤੇ ਬਿਆਨ ਤੋਂ ਬਾਅਦ ਸੌਦਾ ਸਾਧ, ਹਨੀਪ੍ਰੀਤ ਤੇ ਰਕੇਸ਼ ਦਿੜ੍ਹਬਾ ਤੇ ਸਾਥੀ ਮੈਨੂੰ ਮਰਵਾ ਸਕਦੇ ਹਨ ਅਤੇ ਪਹਿਲਾਂ ਵੀ ਨਾਭਾ ਦੀ ਹਾਈ ਸੁਰੱਖਿਆ ਜੇਲ੍ਹ ਵਿਚ ਮਹਿੰਦਰਪਾਲ ਬਿੱਟੂ ਨੂੰ ਮਰਵਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਮੇਰੇ ਪਰਿਵਾਰ ਵਿਚ ਮੇਰੀ ਪਤਨੀ, ਬੇਟੀ ਅਤੇ ਮੇਰੇ ਮਾਤਾ-ਪਿਤਾ ਤੇ ਰਿਸ਼ਤੇਦਾਰ ਹਨ, ਜਿਨ੍ਹਾਂ ਨੂੰ ਮਰਵਾਇਆ ਜਾ ਸਕਦਾ ਹੈ। ਸੂਚਨਾ ਅਨੁਸਾਰ ਸਰਕਾਰ ਵਲੋਂ ਉਸ ਦੇ ਪਰਿਵਾਰ ਨੂੰ ਕੁਝ ਸੁਰੱਖਿਆ ਦਿੱਤੀ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਅਜਿਹੇ ਸਬੂਤਾਂ ਦੇ ਬਾਵਜੂਦ ਵੀ ਮੁੱਖ ਮੰਤਰੀ ਭਗਵੰਤ ਮਾਨ ਮਗਰਲੇ ਦੋ ਸਾਲਾਂ ਤੋਂ ਸੌਦਾ ਸਾਧ ਵਿਰੁੱਧ ਕੇਸ ਚਲਾਉਣ ਲਈ ਪ੍ਰਵਾਨਗੀ ਨਹੀਂ ਦੇ ਰਹੇ ਅਤੇ ਕੁਝ ਦਿਨ ਪਹਿਲਾਂ ਪੰਜਾਬ ਸਰਕਾਰ ਵਲੋਂ ਕੋਈ ਵਿਰੋਧ ਨਾ ਹੋਣ ਕਾਰਨ ਹਾਈ ਕੋਰਟ ਵਲੋਂ ਸੌਦਾ ਸਾਧ ਵਿਰੁੱਧ ਦੋਸ਼ਾਂ ਦੀ ਜਾਂਚ ਸੀ.ਬੀ.ਆਈ. ਨੂੰ ਦੇਣ ਦਾ ਮਾਮਲਾ ਵਿਚਾਰਨ ਲਈ ਕੇਸ ਵੱਡੇ ਬੈਂਚ ਨੂੰ ਭੇਜ ਦਿੱਤਾ ਗਿਆ ਅਤੇ ਹੇਠਲੀ ਅਦਾਲਤ ਵਿਚ ਸੌਦਾ ਸਾਧ ਵਿਰੁੱਧ ਸੁਣਵਾਈ 'ਤੇ ਰੋਕ ਲਗਾ ਦਿੱਤੀ ਗਈ ਹੈ।

### ਡੇਰੇ ਨੇ ਦੋਸ਼ ਨਕਾਰੇ

ਹਾਲਾਂਕਿ ਡੇਰਾ ਸੌਦਾ ਵੱਲੋਂ ਇਸ ਇਲਜ਼ਾਮ ਨੂੰ ਖਾਰਿਜ ਕੀਤਾ ਹੈ। ਡੇਰਾ ਸੌਦਾ ਦੇ ਬੁਲਾਰੇ ਜਿਤੇਂਦਰ ਖ਼ੁਰਾਨਾ ਐਡਵੋਕੇਟ ਨੇ ਕਿਹਾ ਕਿ ਜੇਕਰ ਪ੍ਰਦੀਪ ਕਲੇਰ ਨਾਲ ਦੇ ਵਿਅਕਤੀ ਨੇ ਮੀਡੀਆ ਵਿੱਚ ਨਸ਼ਰ ਕੀਤੇ ਜਾ ਰਹੇ ਬਿਆਨ ਦਿੱਤੇ ਹਨ ਤਾਂ ਉਹ ਪੂਰੀ ਤਰ੍ਹਾਂ ਝੂਠੇ ਅਤੇ ਨਿਰਾਧਾਰ ਹਨ। ਡੇਰਾ ਸਿਰਸਾ ਦੇ ਪੈਰੋਕਾਰਾਂ ਦੇ ਬਠਿੰਡਾ ਸਥਿਤ ਐਡਵੋਕੇਟ ਕੇਵਲ ਸਿੰਘ ਬਰਾੜ ਨੇ ਕਿਹਾ, "ਐਸਆਈਟੀ ਝੂਠੀਆਂ ਕਹਾਣੀਆਂ ਬਣਾ ਰਹੀ ਹੈ ਕਿਉਂਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਡੇਰਾ ਸਮਰਥਕ ਮਹਿੰਦਰਪਾਲ ਬਿੱਟੂ ਕਤਲ ਕਾਂਡ ਦੀ ਜਾਂਚ ਦੇ ਹੁਕਮ ਦਿੱਤੇ ਹਨ।" ਉਨ੍ਹਾਂ ਕਿਹਾ ਕਿ ਪ੍ਰਦੀਪ ਕਲੇਰ ਅੱਠ ਸਾਲਾਂ ਬਾਅਦ ਅਜਿਹੇ ਬਿਆਨ ਕਿਉਂ ਦੇ ਰਿਹਾ ਹੈ, ਜੇਕਰ ਉਸਨੂੰ ਅਜਿਹੀਆਂ ਗੱਲਾਂ ਦਾ ਪਤਾ ਸੀ ਤਾਂ ਉਹ ਪਹਿਲਾਂ ਕਿਉਂ ਨਹੀਂ ਅੱਗੇ ਆਇਆ।

## ਸ਼੍ਰੋਮਣੀ ਕਮੇਟੀ ਵਲੋਂ ਗ੍ਰਿਫਤਾਰੀ ਦੀ ਮੰਗ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਹੁਣ ਜਦੋਂ ਪ੍ਰਦੀਪ ਕਲੇਰ ਦੇ ਬਿਆਨਾਂ ਤੋਂ ਡੇਰਾ ਸਿਰਸਾ ਮੁਖੀ ਅਤੇ ਹਨੀਪ੍ਰੀਤ ਦਾ ਨਾਂ ਸਪੱਸ਼ਟ ਤੌਰ 'ਤੇ ਸਾਹਮਣੇ ਆਇਆ ਹੈ ਤਾਂ ਸਰਕਾਰ ਨੂੰ ਦੋਹਾਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਕੇ ਪੰਜਾਬ ਲਿਆ ਕੇ ਜਾਂਚ ਅੱਗੇ ਵਧਾਉਣੀ ਚਾਹੀਦੀ ਹੈ, ਤਾਂ ਜੋ ਸਿੱਖਾਂ ਨੂੰ ਇਨਸਾਫ਼ ਮਿਲ ਸਕੇ। ਗ੍ਰਿਫ਼ਤਾਰ ਮੁਲਜ਼ਮ ਪ੍ਰਦੀਪ ਕਲੇਰ ਪਾਸੋਂ ਸਾਲ 2017 ਵਿਚ ਹੋਏ ਮੌੜ ਬੰਬ ਧਮਾਕੇ ਦੇ ਮਾਮਲੇ ਵਿਚ ਵੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

## ਕੌਣ ਹੈ ਹਨੀਪ੍ਰੀਤ ਇੰਸਾਂ ?

ਹਨੀਪ੍ਰੀਤ ਇੰਸਾਨ, ਜਿਸ ਦਾ ਅਸਲੀ ਨਾਮ ਪ੍ਰਿਅੰਕਾ ਤਨੇਜਾ ਹੈ। ਉਸ ਦਾ ਜਨਮ 1975 ਵਿਚ ਹਰਿਆਣਾ ਦੇ ਫਤੇਹਾਬਾਦ ਵਿਚ ਹੋਇਆ ਸੀ। ਸੌਦਾ ਸਾਧ ਨੇ ਹਨੀਪ੍ਰੀਤ ਨੂੰ 2009 ਵਿਚ ਗੋਦ ਲਿਆ ਸੀ। ਵਿਸ਼ਵਾਸ ਗੁਪਤਾ ਨਾਲ ਹਨੀਪ੍ਰੀਤ ਦਾ ਵਿਆਹ ਸਾਲ 1999 ਵਿਚ ਹੋਇਆ ਸੀ। ਬਾਅਦ ਵਿਚ ਤਲਾਕ ਹੋ ਗਿਆ। ਹਨੀਪ੍ਰੀਤ ਦੇ ਤਲਾਕਸ਼ੁਦਾ ਪਤੀ ਵਿਸ਼ਵਾਸ ਗੁਪਤਾ ਨੇ ਮੀਡੀਆ ਸਾਹਮਣੇ ਕਿਹਾ ਸੀ ਕਿ ਸੌਦਾ ਸਾਧ ਹਨੀਪ੍ਰੀਤ ਨਾਲ ਧੀ ਵਾਂਗ ਨਹੀਂ ਸਗੋਂ ਪਤਨੀ ਵਾਂਗ ਪੇਸ਼ ਆਉਂਦਾ ਸੀ। ਹਾਲਾਂਕਿ, ਹਨੀਪ੍ਰੀਤ ਨੇ ਸਾਰੇ ਦਾਅਵਿਆਂ ਨੂੰ ਖ਼ਾਰਿਜ ਕਰ ਦਿੱਤਾ ਸੀ। ਹਨੀਪ੍ਰੀਤ ਕੋਈ ਬਾਲੀਵੁੱਡ ਅਦਾਕਾਰਾ ਤਾਂ ਨਹੀਂ ਹੈ, ਪਰ ਉਸ ਨੇ ਰਾਮ ਰਹੀਮ ਦੀ ਫ਼ਿਲਮ 'ਐਮਐਸਜੀ-2 ਦ ਮੈਸੇਂਜਰ' ਵਿੱਚ ਡੇਬਿਊ ਕੀਤਾ। ਫਿਰ ਉਹ 'ਐਮਐਸਜੀ-ਦਾ ਵਾਰਅੀਅਰ ਲਾਇਨ ਹਾਰਟ' ਵਿੱਚ ਵੀ ਨਜ਼ਰ ਆਈ। ਹਨੀਪ੍ਰੀਤ ਡੇਰੇ ਦੇ ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀਆਂ ਵਿੱਚੋਂ ਇੱਕ ਹੈ। ਡੇਰਾ ਮੁਖੀ ਨੂੰ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ 2017 ਵਿੱਚ ਪੰਚਕੂਲਾ ਵਿੱਚ ਹੋਈ ਹਿੰਸਾ ਦੇ ਸਬੰਧ ਵਿੱਚ ਹਨੀਪ੍ਰੀਤ ਅਪਰਾਧਿਕ ਮਾਮਲਿਆਂ ਦਾ ਵੀ ਸਾਹਮਣਾ ਕਰ ਰਹੀ ਹੈ।

## ਸਭ ਸਿਆਸੀ ਧਿਰਾਂ ਤੇ ਆਪ ਸਰਕਾਰ ਡੇਰੇ ਪਿਛੇ ?

ਦਿਲਚਸਪ ਗੱਲ ਇਹ ਹੈ ਕਿ ਭਗਵੰਤ ਮਾਨ ਸਰਕਾਰ ਅਤੇ ਦੂਜੀਆਂ ਸਿਆਸੀ ਪਾਰਟੀ ਵਲੋਂ ਇਸ ਸਾਰੇ ਮੁੱਦੇ 'ਤੇ ਸਾਜ਼ਿਸ਼ੀ ਚੁੱਪੀ ਬਣਾ ਰਹੀਆਂ ਹਨ। ਦਿਲਚਸਪ ਗੱਲ ਇਹ ਹੈ ਕਿ ਪ੍ਰਦੀਪ ਕਲੇਰ ਦੀ ਪੁੱਛਗਿੱਛ ਦੌਰਾਨ ਡੇਰੇ ਵਲੋਂ ਕਾਂਗਰਸ ਦੇ ਕੁਝ ਆਗੂਆਂ ਨੂੰ ਦਿੱਤੀਆਂ ਗਈਆਂ ਰਕਮਾਂ ਦਾ ਜ਼ਿਕਰ ਵੀ ਸਾਹਮਣੇ ਆਇਆ ਹੈ ਅਤੇ ਡੇਰੇ ਨੂੰ ਮਿਲਦੀ ਰਹੀ ਸਿਆਸੀ ਮਦਦ ਵੀ ਉਜਾਗਰ ਹੋਈ ਹੈ। ਸੂਚਨਾ ਅਨੁਸਾਰ 2014 ਤੱਕ ਡੇਰੇ ਨੂੰ ਕਾਂਗਰਸ ਅਤੇ ਉਸ ਤੋਂ ਬਾਅਦ ਭਾਜਪਾ ਤੋਂ ਲਗਾਤਾਰ ਸਹਿਯੋਗ ਮਿਲਦਾ ਰਿਹਾ ਹੈ। ਚਰਚਾ ਇਹ ਵੀ ਹੈ ਕਿ ਡੇਰੇ ਵਲੋਂ ਅਦਾਲਤੀ ਕੇਸਾਂ 'ਤੇ ਅਸਰ ਪਾਉਣ ਲਈ ਅਪਣਾਏ ਜਾਂਦੇ ਰਹੇ ਹੱਥਕੰਡਿਆਂ ਦਾ ਜ਼ਿਕਰ ਵੀ ਹੈ, ਪ੍ਰੰਤੂ ਸ਼ਾਇਦ ਇਸ ਸਭ ਕੁਝ ਨੂੰ ਰਿਕਾਰਡ 'ਤੇ ਨਹੀਂ ਲਿਆਉਂਦਾ ਜਾ ਰਿਹਾ।

**ਬੱਚਿਆਂ ਦੇ ਅਨੰਦ ਕਾਰਜ ਮੌਕੇ ਸਾਰਾ ਖਰਚਾ ਕੇਵਲ ਬੱਚੀ ਦੇ ਪਰਿਵਾਰ ਵੱਲੋਂ ਨਾ ਕਰਵਾਇਆ ਜਾਵੇ। ਵਿਆਹ ਦਾ ਖਰਚਾ ਦੋਵੇਂ ਪਰਿਵਾਰ ਰਲ ਮਿਲ ਕੇ ਕਰਨ ।**

# ਪਾਕਿ ਨੇ ਕਰਤਾਰਪੁਰ ਲਾਂਘੇ ਦੇ ਦਾਖ਼ਲੇ ਲਈ ਰੱਖੀ 5 ਡਾਲਰ ਫ਼ੀਸ ਖਤਮ ਕੀਤੀ

## ✪ ਭਾਰਤੀ ਸ਼ਰਧਾਲੂਆਂ ਪਾਸੋਂ 20 ਡਾਲਰ ਯਾਤਰਾ ਖ਼ਰਚ ਵਸੂਲਿਆ ਜਾਵੇਗਾ
## ✪ ਰਮੇਸ਼ ਸਿੰਘ ਅਰੋੜਾ ਵਲੋਂ ਕੌਮਾਂਤਰੀ ਸਲਾਹਕਾਰ ਕਮੇਟੀ ਬਣਾਉਣ ਦਾ ਐਲਾਨ





ਅੰਮ੍ਰਿਤਸਰ-ਪਾਕਿਸਤਾਨ ਸਰਕਾਰ ਵਲੋਂ ਜ਼ਿਲ੍ਹਾ ਨਾਰੋਵਾਲ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਜਾਣ ਵਾਲੇ ਵਿਦੇਸ਼ੀ ਸਿੱਖ ਯਾਤਰੂਆਂ ਪਾਸੋਂ ਹੁਣ 5 ਡਾਲਰ ਦਾ ਯਾਤਰਾ ਖ਼ਰਚ ਨਹੀਂ ਵਸੂਲਿਆ ਜਾਵੇਗਾ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸੂਬਾਈ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਇਹ ਐਲਾਨ ਕਰਦਿਆਂ ਦੱਸਿਆ ਕਿ ਵੱਖ-ਵੱਖ ਮੁਲਕਾਂ ਤੋਂ ਪਾਕਿ ਪਹੁੰਚੇ ਵਿਦੇਸ਼ੀ ਯਾਤਰੂਆਂ ਕੋਲੋਂ ਪਹਿਲਾਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਹੁੰਚਣ 'ਤੇ ਪ੍ਰਤੀ ਯਾਤਰੂ 5 ਡਾਲਰ ਜਾਂ 1500 ਪਾਕਿਸਤਾਨੀ ਰੁਪਏ ਦਾਖ਼ਲਾ ਫ਼ੀਸ ਵਸੂਲੀ ਜਾ ਰਹੀ ਸੀ। ਜਿਸ ਨੂੰ ਦੇਸ਼-ਵਿਦੇਸ਼ ਦੀ ਸਿੱਖ ਸੰਗਤ ਵਲੋਂ 'ਜਜ਼ੀਆ' ਉਗਰਾਹੁਣ ਦੇ ਬਰਾਬਰ ਦੱਸਿਆ ਜਾ ਰਿਹਾ ਸੀ। ਹਾਲਾਂਕਿ, ਕਰਤਾਰਪੁਰ ਪ੍ਰਾਜੈਕਟ ਮੈਨੇਜਮੈਂਟ ਯੂਨਿਟ (ਪੀ. ਐੱਮ. ਯੂ.) ਵਲੋਂ ਭਾਰਤੀ ਸ਼ਰਧਾਲੂਆਂ ਪਾਸੋਂ 20 ਡਾਲਰ ਯਾਤਰਾ ਖ਼ਰਚ ਪਹਿਲਾਂ ਦੀ ਤਰ੍ਹਾਂ ਹੀ ਵਸੂਲਿਆ ਜਾਵੇਗਾ।

ਅਰੋੜਾ ਨੇ ਕਿਹਾ ਕਿ ਸਿੱਖ ਸੰਗਤ ਦੀ ਮੰਗ 'ਤੇ ਇਸ ਵਾਰ ਵਿਸਾਖੀ ਮੌਕੇ ਭਾਰਤੀ ਯਾਤਰੂਆਂ ਨੂੰ ਬੱਸਾਂ ਦੀ ਬਜਾਇ ਵਿਸ਼ੇਸ਼ ਰੇਲ ਗੱਡੀ ਰਾਹੀਂ ਯਾਤਰਾ ਕਰਵਾਈ ਜਾਵੇਗੀ ਤੇ ਦੇਸ਼ ਦੀ ਵੰਡ ਦੇ ਬਾਅਦ ਪਹਿਲੀ ਯਾਤਰੂ ਰੇਲ ਗੱਡੀ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣਗੇ।

ਉਨ੍ਹਾਂ ਕਿਹਾ ਕਿ ਵਿਸਾਖੀ ਮੌਕੇ 13 ਅਪ੍ਰੈਲ ਨੂੰ ਅਟਾਰੀ ਰਾਹੀਂ ਸੜਕ ਰਸਤੇ ਪੈਦਲ ਵਾਹਗਾ ਪਹੁੰਚਣ ਵਾਲੇ ਯਾਤਰੂਆਂ ਨੂੰ ਉਥੋਂ ਭਾਰੀ ਸੁਰੱਖਿਆ ਹੇਠ ਰੇਲ ਗੱਡੀ ਰਾਹੀਂ ਸਿੱਧਾ ਹਸਨ ਅਬਦਾਲ ਪਹੁੰਚਾਇਆ ਜਾਵੇਗਾ ਤੇ ਜਥੇ ਦੀ 21 ਅਪ੍ਰੈਲ ਨੂੰ ਭਾਰਤ ਵਾਪਸੀ ਹੋਵੇਗੀ। ਉਨ੍ਹਾਂ ਕਿਹਾ ਕਿ ਨਵੇਂ ਨਿਯਮਾਂ ਮੁਤਾਬਿਕ ਵਿਸਾਖੀ ਮੌਕੇ ਪਹਿਲਾਂ ਬਾਹਰੀ ਮੁਲਕਾਂ ਤੋਂ ਆਏ ਸ਼ਰਧਾਲੂਆਂ ਨੂੰ ਕਮਰੇ ਦਿੱਤੇ ਜਾਣਗੇ ਤੇ ਬਾਕੀ ਬਚੇ ਕਮਰੇ ਪਾਕਿ ਸੰਗਤ ਨੂੰ ਮੁਹੱਈਆ ਕਰਵਾਏ ਜਾਣਗੇ।

ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਪਾਕਿ ਵਿਚ ਸਥਿਤ ਇਤਿਹਾਸਕ ਗੁਰਦੁਆਰਿਆਂ ਦੇ ਰੱਖ-ਰਖਾਅ ਅਤੇ ਸਿੱਖ ਯਾਤਰੂਆਂ ਨੂੰ ਹੋਰ ਸਹੂਲਤਾਂ ਮੁਹੱਈਆ ਕਰਨ ਲਈ ਕੌਮਾਂਤਰੀ ਸਲਾਹਕਾਰ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ।ਉਨ੍ਹਾਂ ਵਿਦੇਸ਼ੀ ਸਿੱਖ ਭਾਈਚਾਰੇ ਨੂੰ ਪਾਕਿ ਵਿਚਲੇ ਇਤਿਹਾਸਕ ਗੁਰਦੁਆਰਿਆਂ ਦੀ ਨਵ-ਉਸਾਰੀ ਕਰਵਾਉਣ ਦਾ ਵੀ ਸੱਦਾ ਦਿੱਤਾ।

# ਸਿੱਧੂ ਮੂਸੇਵਾਲਾ ਦੇ ਪਿਤਾ ਨੇ ਮੁੱਖ ਮੰਤਰੀ ਮਾਨ 'ਤੇ ਲਾਏ ਦੋਸ਼

## ○ ਕਿਹਾ-ਨਵਜੰਮੇ ਬੱਚੇ ਬਾਰੇ ਮੰਗ ਰਿਹਾ ਏ ਜਾਣਕਾਰੀ ○ ਜੇ ਤੁਹਾਨੂੰ ਵਿਸ਼ਵਾਸ ਨਹੀਂ ਤਾਂ ਪਹਿਲਾਂ ਮੇਰੇ 'ਤੇ ਕੇਸ ਦਾਇਰ ਕਰੋ-ਬਲਕੌਰ ਸਿੰਘ

ਚੰਡੀਗੜ੍ਹ-ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਇੰਟਰਨੈੱਟ ਮੀਡੀਆ 'ਤੇ ਇਕ ਵੀਡੀਓ ਸ਼ੇਅਰ ਕਰ ਕੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੀ ਸਰਕਾਰ ਉਨ੍ਹਾਂ ਨੂੰ ਲਗਾਤਾਰ ਪਰੇਸ਼ਾਨ ਕਰ ਰਹੀ ਹੈ ਕਿ ਆਪਣੇ ਨਵਜੰਮੇ ਬੱਚੇ ਦੇ ਕਾਨੂੰਨੀ ਸਬੂਤ ਪੇਸ਼ ਕਰੋ। ਇਹ ਸਵਾਲ ਉਨ੍ਹਾਂ ਨੂੰ ਬਹੁਤ ਪਰੇਸ਼ਾਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਘੱਟੋ ਘੱਟ ਇਲਾਜ ਤਾਂ ਪੂਰਾ ਹੋਣ ਲੈਣ ਦਿਓ। ਉਨ੍ਹਾਂ ਕਿਹਾ ਕਿ ਉਹ ਇੱਥੋਂ ਦੇ ਹੀ ਰਹਿਣ ਵਾਲੇ ਹਨ, ਕਿਤੇ ਨਹੀਂ ਜਾਣਗੇ। ਜਿੱਥੇ ਵੀ ਤਲਬ ਕਰੋਗੇ, ਪਹੁੰਚ ਜਾਵਾਂਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਾਬ, ਤੁਸੀਂ ਗੱਲ ਕਰ ਕੇ ਪਿੱਛੇ ਹਟ ਜਾਂਦੇ ਹੋ ਅਤੇ ਯੂ ਟਰਨ ਲੈ ਲੈਂਦੇ ਹੋ। ਤੁਹਾਡੇ ਸਲਾਹਕਾਰ ਤੁਹਾਨੂੰ ਅਜਿਹੀ ਸਲਾਹ ਦਿੰਦੇ ਹਨ ਕਿ ਤੁਹਾਡੇ ਤੋਂ ਰੁਕਿਆ ਨਹੀਂ ਜਾਂਦਾ।



ਉਨ੍ਹਾਂ ਕਿਹਾ ਕਿ ਜੇ ਤੁਸੀਂ ਮੇਰੇ 'ਤੇ ਹੱਥ ਪਾਉਣਾ ਹੈ ਤਾਂ ਪੱਕੇ ਤੌਰ 'ਤੇ ਹੋ ਕੇ ਪਾਉਣਾ। ਮੈਂ ਯੂ ਟਰਨ ਲੈਣ ਵਾਲਾ ਨਹੀਂ ਹਾਂ। ਆਪਣੀ ਜਾਨ ਦੇ ਦਿਆਂਗਾ, ਪਰ ਪਿੱਛੇ ਨਹੀਂ ਹਟਾਂਗਾ। ਮੈਂ ਫੌਜੀ ਹਾਂ, ਤੁਹਾਨੂੰ ਯਕੀਨੀ ਦਿਵਾਉਣਾ ਹਾਂ ਕਿ ਮੈਂ ਕਾਨੂੰਨ ਦਾ ਹਰ ਜਗ੍ਹਾ ਸਨਮਾਨ ਕਰਦਾ ਹਾਂ। ਜੇ ਤੁਹਾਨੂੰ ਵਿਸ਼ਵਾਸ ਨਹੀਂ ਤਾਂ ਪਹਿਲਾਂ ਮੇਰੇ 'ਤੇ ਕੇਸ ਦਾਇਰ ਕਰੋ ਅਤੇ ਅੰਦਰ ਕਰ ਦਿਓ।

# ਬੰਦੀ ਸਿੰਘਾਂ ਦੀ ਰਿਹਾਈ ਲਈ ਖਾਲਸਾ ਮਾਰਚ ਗੁਰਦੁਆਰਾ ਰਾਣਵਾਂ ਸਾਹਿਬ ਤੋਂ ਕੌਮੀ ਇਨਸਾਫ਼ ਮੋਰਚਾ 'ਚ ਪੁੱਜਿਆ



ਮਾਮਲਾ ਪਤੰਜਲੀ ਆਯੁਰਵੈਦ ਦੇ ਉਤਪਾਦਾਂ ਬਾਰੇ ਇਸ਼ਤਿਹਾਰ ਬਾਰੇ ਕਨੂੰਨੀ ਉਲੰਘਣਾ ਕਰਨ ਦਾ

# ਸੁਪਰੀਮ ਕੋਰਟ ਵੱਲੋਂ ਰਾਮਦੇਵ ਅਤੇ ਬਾਲਕ੍ਰਿਸ਼ਨ ਨੂੰ ਪੇਸ਼ ਹੋਣ ਦੇ ਹੁਕਮ



ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਪਤੰਜਲੀ ਆਯੁਰਵੈਦ ਦੇ ਉਤਪਾਦਾਂ ਤੇ ਉਨ੍ਹਾਂ ਦੇ ਮੈਡੀਕਲ ਪ੍ਰਭਾਵ ਦੇ ਇਸ਼ਤਿਹਾਰਾਂ ਨਾਲ ਸਬੰਧਤ ਹੱਤਕ ਦੀ ਕਾਰਵਾਈ ਦੇ ਮਾਮਲੇ ਵਿਚ ਯੋਗ ਗੁਰੂ ਰਾਮਦੇਵ ਅਤੇ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਅਚਾਰੀਆ ਬਾਲਕ੍ਰਿਸ਼ਨ ਨੂੰ ਨਿੱਜੀ ਤੌਰ 'ਤੇ ਅਦਾਲਤ ਸਾਹਮਣੇ ਪੇਸ਼ ਹੋਣ ਲਈ ਕਿਹਾ ਹੈ। ਜਸਟਿਸ ਹਿਮਾ ਕੋਹਲੀ ਤੇ ਜਸਟਿਸ ਅਹਿਸਾਨੁਦੀਨ ਅਮਾਨੁੱਲ੍ਹਾ ਦੇ ਬੈਂਚ ਨੇ ਕਿਹਾ ਕਿ ਰਾਮਦੇਵ ਵੱਲੋਂ ਸਹਿ-ਸਥਾਪਤ ਤੇ ਹਰਬਲ ਉਤਪਾਦਾਂ ਦਾ ਕਾਰੋਬਾਰ ਕਰਨ ਵਾਲੀ ਕੰਪਨੀ ਪਤੰਜਲੀ ਆਯੁਰਵੈਦ ਅਤੇ ਬਾਲਕ੍ਰਿਸ਼ਨ ਨੇ ਪਹਿਲਾਂ ਜਾਰੀ ਕੀਤੇ ਗਏ ਕਾਰਨ ਦੱਸੋ ਨੋਟਿਸਾਂ ਦਾ ਜਵਾਬ ਨਹੀਂ ਦਿੱਤਾ ਹੈ। ਮੁੱਢਲੀ ਨਜ਼ਰੇ ਇਹ ਅਦਾਲਤ ਨੂੰ ਦਿੱਤੇ ਗਏ ਭਰੋਸੇ ਦੀ ਉਲੰਘਣਾ ਹੈ। ਅਦਾਲਤ ਨੇ ਉਨ੍ਹਾਂ ਨੂੰ ਅਗਲੀ ਸੁਣਵਾਈ ਦੌਰਾਨ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ ਹੈ। ਬੈਂਚ ਨੇ ਨੋਟਿਸ ਜਾਰੀ ਕਰਕੇ ਪੁੱਛਿਆ ਕਿ ਅਦਾਲਤ ਨੂੰ ਦਿੱਤੇ ਗਏ ਭਰੋਸੇ ਦੀ ਉਲੰਘਣਾ ਕਰਨ ਲਈ ਉਨ੍ਹਾਂ ਖ਼ਿਲਾਫ਼ ਹੱਤਕ ਦੀ ਕਾਰਵਾਈ ਕਿਉਂ ਨਾ ਕੀਤੀ ਜਾਵੇ। ਅਦਾਲਤ ਨੇ ਇਹ ਵੀ ਪੁੱਛਿਆ ਹੈ ਕਿ ਪਤੰਜਲੀ ਤੇ ਬਾਲਕ੍ਰਿਸ਼ਨ ਨੇ ਪਹਿਲਾਂ ਜਾਰੀ ਕੀਤੇ ਨੋਟਿਸਾਂ ਦਾ ਜਵਾਬ ਕਿਉਂ ਨਹੀਂ ਦਿੱਤਾ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਆਈਐੱਮਏ ਦੀ ਇੱਕ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਆਪਣੀਆਂ ਅੱਖਾਂ ਬੰਦ ਕਰਕੇ ਬੈਠੀ ਹੈ। ਇਹ ਬਹੁਤ ਮੰਦਭਾਗਾ ਹੈ। ਅਦਾਲਤ ਨੇ ਕਿਹਾ ਸੀ ਕਿ ਸਰਕਾਰ ਨੂੰ ਤੁਰੰਤ ਕੁਝ ਕਦਮ ਚੁੱਕਣੇ ਪੈਣਗੇ।

ਸੁਪਰੀਮ ਕੋਰਟ ਨੇ ਪਤੰਜਲੀ ਆਯੁਰਵੇਦ ਦੇ ਡਾਇਰੈਕਟਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਸੀ ਅਤੇ ਪੁੱਛਿਆ ਹੈ ਕਿ ਕਿਉਂ ਨਾ ਉਸ ਵਿਰੁੱਧ ਅਦਾਲਤ ਦੀ ਮਾਣਹਾਨੀ ਦਾ ਕੇਸ ਚਲਾਇਆ ਜਾਵੇ। ਸੁਪਰੀਮ ਕੋਰਟ ਨੇ ਪਤੰਜਲੀ ਨੂੰ ਆਪਣੀਆਂ ਦਵਾਈਆਂ ਦੇ ਇਸ਼ਤਿਹਾਰ ਤੁਰੰਤ ਬੰਦ ਕਰਨ ਦਾ ਹੁਕਮ ਦਿੱਤਾ ਸੀ। ਅਦਾਲਤ ਨੇ ਪਤੰਜਲੀ ਨੂੰ ਉਸ ਦੇ ਨਿਰਮਿਤ ਅਤੇ ਮਾਰਕੀਟਿੰਗ ਉਤਪਾਦਾਂ ਦੀ ਮਸ਼ਹੂਰੀ ਕਰਨ ਤੋਂ ਰੋਕ ਦਿੱਤਾ ਸੀ, ਜੋ ਦਮਾ, ਸ਼ੂਗਰ, ਮੋਟਾਪਾ ਅਤੇ ਇਸ ਤਰ੍ਹਾਂ ਦੀਆਂ ਬਿਮਾਰੀਆਂ ਨੂੰ ਠੀਕ ਕਰਨ ਦਾ ਦਾਅਵਾ ਕਰਦੇ ਹਨ।

ਮਾਮਲਾ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਪੰਜਾਬ ਦੀਆਂ ਜੇਲ੍ਹਾ ਵਿਚ ਤਬਦੀਲ ਕਰਨ ਦਾ

# ਅੰਮ੍ਰਿਤਸਰ ਵਿਚ ਸਰਕਾਰੀ ਰੋਕਾਂ ਦੇ ਬਾਵਜੂਦ ਹੋਇਆ ਪੰਥਕ ਇਕੱਠ

## ✪ ਪੰਥਕ ਇਕੱਠ ਤੋਂ ਪਹਿਲਾਂ ਕਈ ਸਿੱਖ ਆਗੂ ਘਰਾਂ ਵਿਚ ਨਜ਼ਰਬੰਦ

ਅੰਮ੍ਰਿਤਸਰ-ਆਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ 'ਵਾਰਿਸ ਪੰਜਾਬ ਦੇ' ਮੁਖੀ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੀ ਪੰਜਾਬ ਵਿਚ ਜੇਲ੍ਹ ਤਬਦੀਲੀ ਲਈ ਅੰਮ੍ਰਿਤਸਰ ਵਿਖੇ ਸੱਦੇ ਗਏ ਪੰਥਕ ਇਕੱਠ ਵਿਚ ਵੱਡੀ ਗਿਣਤੀ ਵਿਚ ਸਿੱਖ ਆਗੂ ਸ਼ਾਮਿਲ ਹੋਏ। ਇਸ ਮੌਕੇ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਜਾਰੀ ਕੀਤਾ ਗਿਆ ਸੰਦੇਸ਼ ਸਿੱਖ ਇਤਿਹਾਸਕਾਰ ਸੁਖਪ੍ਰੀਤ ਸਿੰਘ ਉਦੋਕੇ ਨੇ ਪੜ੍ਹਕੇ ਸੁਣਾਇਆ, ਜਿਸ ਵਿਚ ਕਿਹਾ ਗਿਆ ਕਿ ਪਿਛਲੇ ਸਮੇਂ ਦੌਰਾਨ ਵਾਪਰੀਆਂ ਘਟਨਾਵਾਂ ਤੋਂ ਭਾਰਤ ਦੇ ਹਾਕਮਾਂ ਦਾ ਸਿੱਖ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਸਰਕਾਰਾਂ ਵਲੋਂ ਨਜ਼ਰਬੰਦ ਸਿੰਘਾਂ ਦੀਆਂ ਹੱਕੀ ਮੰਗਾਂ ਪ੍ਰਤੀ ਪ੍ਰਗਟਾਈ ਜਾ ਰਹੀ ਬੇਰੁਖ਼ੀ ਤੇ ਕਠੋਰਤਾ ਜੱਗ ਜ਼ਾਹਿਰ ਹੋ ਗਈ ਹੈ। ਸਰਕਾਰਾਂ ਵਲੋਂ ਧਾਰਨ ਕੀਤੇ ਗਏ ਇਸ ਸਿੱਖ ਵਿਰੋਧੀ ਤੇ ਗੈਰ-ਮਾਨਵੀ ਵਤੀਰੇ ਨੂੰ ਦੇਖਦੇ ਹੋਏ ਸਾਨੂੰ ਆਪਸੀ ਵਿਰੋਧਾਂ ਤੇ ਵਖਰੇਵਿਆਂ ਤੋਂ ਉਪਰ ਉਠ ਕੇ ਇਕਜੁੱਟ ਹੋਣ ਦੀ ਲੋੜ ਤੇ ਅਹਿਮੀਅਤ ਨੂੰ ਪਛਾਣਨ ਦੀ ਲੋੜ ਹੈ। ਉਨ੍ਹਾਂ ਪੰਥਕ ਜਥੇਬੰਦੀਆਂ ਤੇ ਸੰਸਥਾਵਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਸਟੇਜ ਤੋਂ ਕਿਸੇ ਵੀ ਸਿੱਖ ਜਥੇਬੰਦੀ, ਸੰਸਥਾ ਤੇ ਸ਼ਖ਼ਸੀਅਤ ਖ਼ਿਲਾਫ਼ ਬੋਲਣ ਤੋਂ ਪੂਰੀ ਤਰ੍ਹਾਂ ਗੁਰੇਜ ਕੀਤਾ ਜਾਵੇ। ਸਰਕਾਰਾਂ ਆਪਣੇ ਭੜਕਾਊ ਏਜੰਟਾਂ ਜਰੀਏ ਸਾਡੇ ਸੰਘਰਸ਼ ਨੂੰ ਗਲਤ ਦਿਸ਼ਾ ਤੇ ਰੰਗਤ ਦੇਣ ਦੇ ਯਤਨ ਕਰ ਸਕਦੀਆਂ ਹਨ।

### ਅੱਠ ਮਤੇ ਪ੍ਰਵਾਨ

ਪਹਿਲੇ ਮਤੇ ਵਿਚ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਐਨ.ਐਸ.ਏ. ਲਗਾ ਕੇ ਪੰਜਾਬ ਤੋਂ 3000 ਕਿਲੋਮੀਟਰ ਦੂਰ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਕਰਨ ਤੇ ਭਾਈ ਗੁਰਪ੍ਰੀਤ ਸਿੰਘ ਸਮੇਤ ਹੋਰ ਸਾਥੀਆਂ ਨੂੰ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ 'ਚ ਝੂਠੇ ਕੇਸ ਪਾ ਕੇ ਡੱਕਣ ਦੀ ਨਿੰਦਾ ਕੀਤੀ ਗਈ। ਦੂਸਰੇ ਮਤੇ 'ਚ ਡਿਬਰੂਗੜ੍ਹ ਜੇਲ੍ਹ 'ਚ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਮੁਲਾਕਾਤ ਸਮੇਂ ਡਿਉੜੀ ਵਿਚ ਆਉਣ ਤੋਂ ਬਾਅਦ ਉਨ੍ਹਾਂ ਦੀ ਬੈਰਕ ਤੇ ਬਾਥਰੂਮ ਵਗੈਰਾ 'ਚ ਕੈਮਰੇ ਲਗਾਉਣ ਨੂੰ ਮੌਲਿਕ ਅਧਿਕਾਰਾਂ ਦੀ ਉਲੰਘਣਾ ਦੱਸਿਆ ਗਿਆ ਤੇ ਮੰਗ ਕੀਤੀ ਗਈ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕੀਤਾ ਤੇ ਉਨ੍ਹਾਂ 'ਤੇ ਲਗਾਈ ਗਈ ਐਨ.ਐਸ.ਏ. ਵਧਾਉਣ ਦੀ ਸਖ਼ਤ ਨਿਖੇਧੀ ਕਰਦੇ ਹੋਏ ਐਨ. ਐਸ. ਏ. ਖਤਮ ਕਰਨ ਦੀ ਮੰਗ ਕੀਤੀ ਗਈ। ਤੀਸਰੇ ਮਤੇ ਵਿਚ ਸ਼੍ਰੋਮਣੀ ਕਮੇਟੀ ਸਮੇਤ ਸਮੁੱਚੇ ਪੰਥਕ ਤੇ ਪੰਜਾਬ ਹਿਤੈਸ਼ੀ ਜਥੇਬੰਦੀਆਂ ਨੂੰ ਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਤੱਕ ਤੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀ ਸਿੰਘਾਂ ਦੀ ਪੰਜਾਬ ਵਾਪਸੀ ਤੇ ਰਿਹਾਈ ਵਾਸਤੇ, ਧੜੇਬੰਦੀਆਂ ਤੋਂ ਉੱਪਰ ਉੱਠ ਕੇ ਸੰਘਰਸ਼ ਕੀਤਾ ਜਾਵੇ । ਚੌਥੇ ਮਤੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਵਲੋਂ ਵਾਰ-ਵਾਰ ਮੰਗ ਕਰਨ ਤੇ ਦਿੱਤੇ ਅਲਟੀਮੇਟਮ ਅਨੁਸਾਰ ਵੀ ਭਾਰਤੀ ਸਰਕਾਰ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੇ ਵਤੀਰੇ ਦੀ ਨਿੰਦਾ ਕੀਤੀ ਗਈ । 5ਵੇਂ ਮਤੇ ਵਿਚ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਅਪ੍ਰੈਲ ਵਿਚ ਦਮਦਮਾ ਸਾਹਿਬ, ਅਨੰਦਪੁਰ ਸਾਹਿਬ ਤੇ ਫ਼ਤਹਿਗੜ੍ਹ ਸਾਹਿਬ ਤੋਂ ਆਰੰਭੇ ਜਾ ਰਹੇ 'ਬੰਦੀ ਛੋੜ ਅਰਦਾਸ ਮਾਰਚ' ਬੰਦੀ ਸਿੰਘਾਂ ਦੇ ਪਰਿਵਾਰ ਤੇ ਸਿੱਖ ਸੰਗਤਾਂ ਵੱਧ ਚੜ੍ਹਕੇ ਹਿੱਸਾ ਲੈਣ ਦੀ ਅਪੀਲ ਕੀਤੀ ਤੇ ਇਸ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਨੂੰ ਤੁਰੰਤ ਫ਼ੈਸਲਾ ਲੈਣ ਦੀ ਅਪੀਲ ਕੀਤੀ ਕੀਤੀ ਗਈ। 6ਵੇਂ ਮਤੇ ਵਿਚ ਸਰਕਾਰ ਵਲੋਂ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਰੱਖੀਆਂ ਮੰਗਾਂ ਨੂੰ ਅਣਗੌਲਿਆਂ ਕਰਨ ਕਰਕੇ ਜੋ ਡਿਬਰੂਗੜ੍ਹ ਜੇਲ੍ਹ ਵਿਚ ਭੁੱਖ ਹੜਤਾਲ ਚੱਲ ਰਹੀ ਹੈ, ਸੰਬੰਧੀ ਪੰਜ ਗੁਰਸਿੱਖਾਂ ਨੂੰ ਡਿਬਰੂਗੜ੍ਹ ਭੇਜ ਕੇ ਭੁੱਖ ਹੜਤਾਲ ਸਮਾਪਤ ਕਰਵਾਈ ਜਾਵੇ ਤੇ ਇਸੇ ਤਰ੍ਹਾਂ ਪੰਜਾਬ ਦੀਆਂ ਜੇਲ੍ਹਾਂ ਵਿਚ ਭਾਈ ਗੁਰਪ੍ਰੀਤ ਸਿੰਘ ਸਮੇਤ ਬਾਕੀ ਬੰਦੀ ਸਿੰਘਾਂ ਵਲੋਂ ਚੱਲ ਰਹੀ ਭੁੱਖ ਹੜਤਾਲ ਨੂੰ ਖਤਮ ਕਰਨ ਦੀ ਅਪੀਲ ਕੀਤੀ ਗਈ। 7ਵੇਂ ਮਤੇ 'ਚ ਪੰਜਾਬ ਤੇ ਭਾਰਤ ਸਰਕਾਰ ਵਲੋਂ ਪੁਲਿਸ ਮੁਲਾਜਮਾਂ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਨੂੰ ਡਿਬਰੂਗੜ੍ਹ ਭੇਜਣਾ ਤੇ ਉਥੇ ਕੈਦ ਸਿੰਘਾ ਵਿਚੋਂ ਚਾਰ ਨੂੰ ਭੁਲੇਖੇ ਵਿਚ ਰੱਖ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਂਅ 'ਤੇ ਉਨ੍ਹਾਂ ਦੀ ਭੁੱਖ ਹੜਤਾਲ ਖਤਮ ਕਰਵਾਉਣ ਨੂੰ ਗੁਰਮਤਿ ਮਰਿਆਦਾ ਦੀ ਉਲੰਘਣਾ ਦੱਸਦੇ ਹੋਏ ਇਸ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਖ਼ਤ ਨੋਟਿਸ ਲੈਣ ਦੀ ਅਪੀਲ ਕੀਤੀ ਗਈ। 8ਵੇਂ ਮਤੇ ਵਿਚ ਇਕੱਠ ਦੌਰਾਨ ਪਹੁੰਚ ਰਹੇ ਪੰਥਕ ਆਗੂਆਂ ਨੂੰ ਘਰਾਂ ਵਿਚ ਕੈਦ ਕਰਨਾ, ਰਾਹਾਂ ਵਿਚ ਰੋਕ ਉਨ੍ਹਾਂ ਨਾਲ ਧੱਕੇਸ਼ਾਹੀ ਕਰਨ, ਸਰਕਾਰੀ ਜ਼ਬਰ ਤੇ ਸਿੱਖ ਹੱਕਾਂ ਦੀ ਗੱਲ ਕਰਨ ਵਾਲੇ ਸਿੱਖਾਂ ਦੇ ਸੋਸ਼ਲ ਮੀਡੀਆ ਅਕਾਊਂਟ ਬੰਦ ਕਰਨ ਦੀ ਨਿੰਦਾ ਕੀਤੀ ਗਈ ਤੇ ਇਸ ਧੱਕੇਸ਼ਾਹੀ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਭਗਵੰਤ ਮਾਨ ਨੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਕੇਂਦਰ ਦੇ ਹਵਾਲੇ ਕੀਤਾ ਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਕੇਂਦਰ ਸਾਡਾ ਸਮਰਥਨ ਚਾਹੁੰਦਾ ਹੈ ਤੇ ਅਸੀਂ ਉਹ ਸਮਰਥਨ ਦਿੱਤਾ ਹੈ ਤੇ ਜਦੋਂ ਉਹ ਇਹ ਸਮਰਥਨ ਚਾਹੁਣਗੇ ਉਹ ਦੇਣਗੇ। ਖਹਿਰਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵਲੋਂ ਮੇਰੇ ਖ਼ਿਲਾਫ਼ ਵੀ ਐਨ.ਡੀ.ਪੀ.ਐਸ. ਐਕਟ ਤਹਿਤ ਕਥਿਤ ਝੂਠਾ ਮਾਮਲਾ ਦਰਜ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਉਹ ਅੱਜ ਦੇ ਇਕੱਠ 'ਚ ਪ੍ਰਵਾਨ ਕੀਤੇ ਗਏ ਮਤਿਆਂ ਦਾ ਸਮਰਥਨ ਕਰਦੇ ਹਨ। ਇਸ ਦੌਰਾਨ ਐਡਵੋਕੇਟ ਇਮਾਨ ਸਿੰਘ ਖਾਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਅੱਜ ਲੱਖਾ ਸਿਧਾਣਾ ਤੇ ਭਾਨਾ ਸਿੱਧੂ ਨੂੰ ਵੀ ਰੋਕਿਆ ਸੀ ਤੇ ਲੱਖਾ ਸਿਧਾਣਾ ਦੀ ਕਥਿਤ ਤੌਰ 'ਤੇ ਪੱਗ ਲਾਹੁਣ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਪੰਜਾਬ ਸਰਕਾਰ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਇਸ ਇਕੱਠ ਤੋਂ ਡਰਦੀ ਹੈ। ਇਸ ਦੌਰਾਨ ਉਨ੍ਹਾਂ ਪੁਲਿਸ ਅਧਿਕਾਰੀਆਂ ਤੇ ਸਿੰਘਾਂ ਦਰਮਿਆਨ ਹੋਏ ਤਕਰਾਰ ਦੀ ਨਿੰਦਾ ਕੀਤੀ। ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਇਸ ਪੰਥਕ ਇਕੱਠ ਕਾਰਨ ਪੰਜਾਬ ਪੁਲਿਸ ਵਲੋਂ ਬੱਸਾਂ ਰੋਕੀਆਂ ਗਈਆਂ ਕਈ ਤੇ ਆਮ ਸੰਗਤ ਨੂੰ ਵੀ ਪ੍ਰੇਸ਼ਾਨ ਕੀਤਾ ਗਿਆ ਹੈ, ਪਰ ਇਸ ਦੇ ਬਾਵਜੂਦ ਵੱਡੀ ਗਿਣਤੀ ਵਿਚ ਸੰਗਤਾਂ ਇਕੱਠ ਵਿਚ ਸ਼ਾਮਿਲ ਹੋਈਆਂ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਗਿਆ ਭਾਈ ਅੰਮ੍ਰਿਤਪਾਲ ਸਿੰਘ ਨਾਲ ਜੇਲ੍ਹ ਵਿਚ ਰਾਬਤਾ ਨਹੀਂ ਹੋ ਰਿਹਾ ਤੇ ਭਾਈ ਅੰਮ੍ਰਿਤਪਾਲ ਦੀ ਹਾਲਤ ਖ਼ਰਾਬ ਹੈ ਤੇ ਉਨ੍ਹਾਂ ਨੂੰ ਖੂਨ ਦੀਆਂ ਉਲਟੀਆਂ ਆ ਰਹੀਆਂ ਹਨ, ਪਰ ਡਿਬਰੂਗੜ੍ਹ ਜੇਲ੍ਹ ਦਾ ਅਮਲਾ ਉਸ ਦੀ ਸਾਰ ਨਹੀਂ ਲੈ ਰਿਹਾ । ਉਧਰ ਪੰਥਕ ਇਕੱਠ ਨੂੰ ਲੈ ਕੇ ਅਕਾਲੀ ਦਲ ਅੰਮ੍ਰਿਤਸਰ ਦੇ ਜਨ: ਸਕੱਤਰ ਉਪਕਾਰ ਸਿੰਘ ਸੰਧੂ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭੁਪਿੰਦਰ ਸਿੰਘ ਛੇ ਜੂਨ, ਦਿਲਬਾਗ ਸਿੰਘ ਸੁਲਤਾਨਵਿੰਡ ਨੂੰ ਉਨ੍ਹਾਂ ਦੇ ਘਰਾਂ ਵਿਚ ਹੀ ਨਜ਼ਰਬੰਦ ਕੀਤਾ ਗਿਆ ਜਦਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਆਗੂ ਭਾਈ ਮਨਜੀਤ ਸਿੰਘ ਭੋਮਾ, ਸਿੱਖ ਚਿੰਤਕ ਸੁਖਪ੍ਰੀਤ ਸਿੰਘ ਉਦੋਕੇ, ਭਾਈ ਬਲਵੰਤ ਸਿੰਘ ਗੋਪਾਲਾ, ਭਾਈ ਹਰਪਾਲ ਸਿੰਘ ਬਲੇਰ ਦੇ ਘਰਾਂ ਵਿਚ ਪੰਜਾਬ ਪੁਲਿਸ ਵਲੋਂ ਛਾਪੇ ਮਾਰੇ ਗਏ। ਇਸ ਮੌਕੇ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਗਵੰਤ ਸਿੰਘ ਸਿਆਲਕਾ, ਫੈਡਰੇਸ਼ਨ ਆਗੂ ਭਾਈ ਕੰਵਰ ਚੜ੍ਹਤ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



## ਮਾਨ ਵਲੋਂ ਅਪੀਲ ਕਿ ਬੰਦੀ ਸਿੰਘਾਂ ਬਾਰੇ ਆਸਾਮ ਤੇ ਪੰਜਾਬ ਸਰਕਾਰ ਸਹੀ ਜਾਣਕਾਰੀ ਦੇਵੇ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਡਿਬਰੂਗੜ੍ਹ ਅਤੇ ਅੰਮ੍ਰਿਤਸਰ ਜੇਲ੍ਹ 'ਚ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਸਿੰਘਾਂ ਦੀ ਭੁੱਖ-ਹੜਤਾਲ ਸੰਬੰਧੀ, ਆਸਾਮ ਤੇ ਪੰਜਾਬ ਸਰਕਾਰ ਲੋਕਾਂ ਨੂੰ ਸਹੀ ਜਾਣਕਾਰੀ ਦੇਵੇ, ਕਿਉਂਕਿ ਜੇਲ੍ਹ 'ਚ ਇਨ੍ਹਾਂ ਨਾਲ ਜੇਲ੍ਹ ਨਿਯਮਾਂ ਅਤੇ ਵਿਧਾਨ ਅਨੁਸਾਰ ਵਿਵਹਾਰ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਉਸ ਨੂੰ ਮੁੱਖ ਰੱਖ ਕੇ ਦੋਵੇਂ ਜੇਲ੍ਹਾਂ ਵਿਚ ਬੰਦੀ ਸਿੰਘਾਂ ਵਲੋਂ ਭੁੱਖ ਹੜਤਾਲ ਰੱਖਿਆਂ ਕਈ ਦਿਨ ਹੋ ਗਏ ਹਨ। ਪਰ ਪੰਜਾਬ ਤੇ ਆਸਾਮ ਸਰਕਾਰ ਵਲੋਂ ਇਸ ਗੰਭੀਰ ਵਿਸ਼ੇ 'ਤੇ ਸਾਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਕਿ ਉਨ੍ਹਾਂ ਨੂੰ ਸਹੀ ਢੰਗ ਨਾਲ ਡਾਕਟਰੀ ਸਹੂਲਤਾਂ ਅਤੇ ਹੋਰ ਜੇਲ੍ਹ ਨਿਯਮਾਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਜਾਂ ਨਹੀਂ। ਅਜਿਹੀ ਜਾਣਕਾਰੀ ਨਾ ਦੇਣਾ ਵਿਧਾਨਿਕ ਅਤੇ ਜੇਲ੍ਹ ਨਿਯਮਾਂ ਦੀ ਘੋਰ ਉਲੰਘਣਾ ਹੈ।

## ਡਿਬਰੂਗੜ੍ਹ ਜੇਲ੍ਹ ਵਿਚ ਭਾਈ ਅੰਮ੍ਰਿਤਪਾਲ ਸਿੰਘ ਦੀ ਹਾਲਤ ਨਾਜ਼ੁਕ-ਐਡਵੋਕੇਟ ਖ਼ਾਲਸਾ

ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਦੇ ਵਕੀਲ ਐਡਵੋਕੇਟ ਰਾਜਦੇਵ ਸਿੰਘ ਖ਼ਾਲਸਾ ਸਾਬਕਾ ਸੰਸਦ ਮੈਂਬਰ, ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣਾ ਮੁੱਖ ਬੁਲਾਰਾ ਵੀ ਨਿਯੁਕਤ ਕੀਤਾ ਹੈ, ਵਲੋਂ ਖ਼ੁਲਾਸਾ ਕੀਤਾ ਗਿਆ ਹੈ ਕਿ ਡਿਬਰੂਗੜ੍ਹ ਜੇਲ੍ਹ 'ਚ ਭਾਈ ਅੰਮ੍ਰਿਤਪਾਲ ਸਿੰਘ ਦੀ ਹਾਲਤ ਕਾਫ਼ੀ ਨਾਜ਼ੁਕ ਹੈ ਅਤੇ ਕਿਸੇ ਸਮੇਂ ਵੀ ਉਨ੍ਹਾਂ ਦੀ ਮੌਤ ਹੋ ਸਕਦੀ ਹੈ। ਐਡਵੋਕੇਟ ਖ਼ਾਲਸਾ ਨੇ ਦੱਸਿਆ ਕਿ ਮਿਤੀ 13 ਮਾਰਚ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੀ ਪਤਨੀ ਬੀਬੀ ਕਿਰਨਦੀਪ ਕੌਰ ਵਲੋਂ ਜੇਲ੍ਹ ਵਿਚ ਉਨ੍ਹਾਂ ਨਾਲ ਮੁਲਾਕਾਤ ਕੀਤੀ ਗਈ ਸੀ। ਮੁਲਾਕਾਤ ਉਪਰੰਤ ਉਨ੍ਹਾਂ ਫ਼ੋਨ ਉੱਪਰ ਮੈਨੂੰ ਦੱਸਿਆ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਨੂੰ ਖ਼ੂਨ ਦੀ ਉਲਟੀ ਆਈ ਹੈ ਅਤੇ ਉਨ੍ਹਾਂ ਦੀ ਹਾਲਤ ਕਾਫ਼ੀ ਨਾਜ਼ੁਕ ਹੈ। ਐਡਵੋਕੇਟ ਖ਼ਾਲਸਾ ਨੇ ਦੱਸਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਭੁੱਖ ਹੜਤਾਲ 'ਚ ਸਿਰਫ਼ ਪਾਣੀ ਹੀ ਪੀਤਾ ਜਾ ਰਿਹਾ ਹੈ। ਇਸ ਲਈ ਜੇਕਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਕੁੱਝ ਵੀ ਹੁੰਦਾ ਹੈ ਤਾਂ ਇਸ ਦੀ ਸਿੱਧੇ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਜ਼ਿੰਮੇਵਾਰੀ ਹੋਵੇਗੀ। ਖ਼ਾਲਸਾ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਾਹੀਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਧਮਕਾਇਆ ਜਾ ਰਿਹਾ ਹੈ ਕਿ ਜੇਕਰ ਉਨ੍ਹਾਂ ਨੇ ਭੁੱਖ ਹੜਤਾਲ ਖ਼ਤਮ ਨਾ ਕੀਤੀ ਤਾਂ ਉਨ੍ਹਾਂ ਉੱਪਰ ਆਤਮਹੱਤਿਆ ਦੀ ਕੋਸ਼ਿਸ਼ ਦਾ ਕੇਸ ਦਰਜ ਕਰ ਦਿੱਤਾ ਜਾਵੇਗਾ।


ਰਜਿੰਦਰ ਸਿੰਘ ਪੁਰੇਵਾਲ

**ਵਿਚਾਰ :–** ਪੈਸਾ : ਜਿਸ ਨਾਲ ਅਕਲਮੰਦ ਇਨਸਾਨ ਬੇਵਕੂਫ ਤੇ ਬੇਵਕੂਫ ਇਨਸਾਨ ਅਕਲਮੰਦ ਬਣ ਜਾਂਦਾ ਹੈ ।

# ਭਾਈ ਅੰਮ੍ਰਿਤਪਾਲ ਸਿੰਘ ਤੇ ਉਸਦੇ ਸਾਥੀਆਂ ’ਤੇ ਐਨ. ਐਸ. ਏ. 1 ਸਾਲ ਲਈ ਵਧਾਉਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ

ਪੰਜਾਬ ਸਰਕਾਰ ਵਲੋਂ ‘ਵਾਰਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ 10 ਸਾਥੀਆਂ ’ਤੇ ਕੌਮੀ ਸੁਰੱਖਿਆ ਐਕਟ (ਐਨ.ਐਸ.ਏ.) ਤਹਿਤ ਨਜ਼ਰਬੰਦੀ ਦਾ ਇਕ ਸਾਲ ਪੂਰਾ ਹੋਣ ਤੋਂ ਬਾਅਦ ਨਵੇਂ ਸਿਰੇ ਤੋਂ ਦੁਬਾਰਾ ਉਨ੍ਹਾਂ ਸਾਰਿਆਂ ’ਤੇ ਕੌਮੀ ਸੁਰੱਖਿਆ ਐਕਟ (ਐਨ.ਐਸ.ਏ.) ਇਕ ਸਾਲ ਲਈ ਹੋਰ ਵਧਾਉਣ ਦੇ ਹੁਕਮ ਜਾਰੀ ਕਰਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ। ਰਾਜ ਸਰਕਾਰ ਵਲੋਂ 18 ਮਾਰਚ 2023 ਨੂੰ ਇਨ੍ਹਾਂ ਸਾਰਿਆਂ ਵਿਰੁੱਧ ਐਨ.ਐਸ.ਏ. ਲਗਾਉਣ ਦੇ ਹੁਕਮਾਂ ਨਾਲ ਉਨ੍ਹਾਂ ਨੂੰ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਸੀ ਜਿੱਥੇ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਕੁਝ ਸਾਥੀ 17 ਫਰਵਰੀ ਤੋਂ ਭੁੱਖ ਹੜਤਾਲ ’ਤੇ ਚੱਲ ਰਹੇ ਹਨ ਤੇ ਇਕ ਸਾਥੀ ਜੇਲ੍ਹ ਦੇ ਹਸਪਤਾਲ ਵਿਚ ਵੀ ਦਾਖਲ ਹੈ। ਦਿਲਚਸਪ ਗੱਲ ਇਹ ਹੈ ਕਿ ਹੁਣ ਜਦੋਂ ਹਾਈਕੋਰਟ ਵਿਚ ਪੰਜਾਬ ਸਰਕਾਰ ਵਲੋਂ ਪੇਸ਼ ਐਡੀਸ਼ਨਲ ਐਡਵੋਕੇਟ ਜਨਰਲ ਵਲੋਂ ਐਨ.ਐਸ.ਏ. ਦੁਬਾਰਾ ਲਗਾਏ ਜਾਣ ਸਬੰਧੀ ਜਾਣਕਾਰੀ ਦਿੱਤੀ ਗਈ ਤਾਂ ਅਦਾਲਤ ਵਲੋਂ ਹੁਕਮਾਂ ਸਬੰਧੀ ਜਾਣਕਾਰੀ ਮੰਗੇ ਜਾਣ ’ਤੇ ਸਰਕਾਰੀ ਵਕੀਲ ਨੇ ਇਸ ਲਈ ਸਮਾਂ ਮੰਗਿਆ ਤੇ ਹੁਕਮਾਂ ਸਬੰਧੀ ਦਸਤਾਵੇਜ਼ ਪੇਸ਼ ਨਾ ਕਰ ਸਕਿਆ। ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਪੇਸ਼ ਵਕੀਲ ਵਲੋਂ ਅਦਾਲਤ ਨੂੰ ਦੱਸਿਆ ਗਿਆ ਕਿ ਐਨ.ਐਸ.ਏ. ਕੇਵਲ ਇਕ ਸਾਲ ਲਈ ਲੱਗ ਸਕਦਾ ਹੈ, ਇਸੇ ਲਈ ਸਰਕਾਰ ਵਲੋਂ ਉਸ ਵਿਚ ਵਾਧਾ ਕਰਨ ਦੀ ਥਾਂ ’ਤੇ ਐਨ.ਐਸ.ਏ. ਦੇ ਨਵੇਂ ਹੁਕਮ ਕੀਤੇ ਹਨ ਅੰਮਿਬਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਉਨ੍ਹਾਂ ਨੂੰ ਪੰਜਾਬ ਦੀ ਜੇਲ੍ਹ ’ਚ ਤਬਦੀਲ ਕਰਨ ਸਬੰਧੀ ਜੋ ਕੇਸ ਕੀਤਾ ਗਿਆ ਸੀ ਉਹ ਵੀ ਅਜੇ ਸੁਣਵਾਈ ਅਧੀਨ ਹੈ।

ਵਰਨਣਯੋਗ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਤੋਂ ਇਲਾਵਾ ਪਪਲਪ੍ਰੀਤ ਸਿੰਘ, ਭਗਵੰਤ ਸਿੰਘ ਉਰਫ ਬਾਜੇਕੇ, ਗੁਰਮੀਤ ਸਿੰਘ ਬੁਕਣਵਾਲਾ, ਕੁਲਵੰਤ ਸਿੰਘ ਕਾਧੋਕੇ, ਸਰਬਜੀਤ ਸਿੰਘ ਕਲਸੀ, ਗੁਰਿੰਦਰ ਸਿੰਘ ਔਜਲਾ ਤੇ ਬਸੰਤ ਸਿੰਘ ਡਿਬਰੂਗੜ੍ਹ ਵਿਖੇ ਹੀ ਨਜ਼ਰਬੰਦ ਹਨ ਤੇ ਇਨ੍ਹਾਂ ਸਾਰਿਆਂ ’ਤੇ ਐਨ.ਐਸ.ਏ. ਦੁਬਾਰਾ ਲਗਾ ਦਿੱਤਾ ਗਿਆ ਹੈ। ਹਾਈਕੋਰਟ ਵਲੋਂ ਇਸ ਕੇਸ ’ਤੇ ਅਗਲੀ ਸੁਣਵਾਈ ਅਪ੍ਰੈਲ ਦੇ ਪਹਿਲੇ ਹਫ਼ਤੇ ਵਿਚ ਹੋਵੇਗੀ, ਜਿਸ ਵਿਚ ਪੰਜਾਬ ਸਰਕਾਰ ਵਲੋਂ ਨਜ਼ਰਬੰਦੀ ਸਬੰਧੀ ਨਵੇਂ ਹੁਕਮਾਂ ਸਬੰਧੀ ਜਾਣਕਾਰੀ ਪੇਸ਼ ਕੀਤੀ ਜਾਵੇਗੀ। ਸੂਚਨਾ ਅਨੁਸਾਰ ਪੰਜਾਬ ਸਰਕਾਰ ਵਲੋਂ ਐਨ.ਐਸ.ਏ. ਵਿਚ ਦੁਬਾਰਾ ਨਜ਼ਰਬੰਦੀ ਸਬੰਧੀ ਕੀ ਨਵਾਂ ਆਧਾਰ ਬਣਾਇਆ ਗਿਆ ਹੈ ਇਹ ਵੀ ਸਪੱਸ਼ਟ ਨਹੀਂ ਹੈ। ਭਾਈ ਅੰਮ੍ਰਿਤਪਾਲ ਸਿੰਘ, ਜਿਨ੍ਹਾਂ ਨੂੰ ਅਪ੍ਰੈਲ 2023 ਦੌਰਾਨ ਗ੍ਰਿਫ਼ਤਾਰ ਕੀਤਾ ਗਿਆ ਸੀ, ਦੇ ਬਹੁਤੇ ਸਾਥੀ ਮਾਰਚ 2023 ’ਚ ਹੀ ਗ੍ਰਿਫ਼ਤਾਰ ਕਰ ਲਏ ਗਏ ਸਨ। ਵਰਨਣਯੋਗ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਦੇ ਸੈਲ ’ਚੋਂ ਇਕ ਸਪਾਈ ਕੈਮਰਾ ਤੇ ਮੋਬਾਈਲ ਫੜੇ ਜਾਣ ਦੇ ਦਾਅਵੇ ਤੋਂ ਬਾਅਦ ਸਰਕਾਰ ਵਲੋਂ ਡਿਬਰੂਗੜ੍ਹ ਜੇਲ੍ਹ ਦੇ ਸੁਪਰਡੈਂਟ ਨੂੰ ਮੁਅੱਤਲ ਕਰਨ ਤੋਂ ਬਾਅਦ ਉਸ ਨੂੰ 8 ਮਾਰਚ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਹਾਲਾਂਕਿ ਅੰਮ੍ਰਿਤਪਾਲ ਸਿੰਘ ਦਾ ਦੋਸ਼ ਹੈ ਕਿ ਇਹ ਸਪਾਈ ਕੈਮਰਾ ਉਨ੍ਹਾਂ ਦੀ ਜਾਸੂਸੀ ਕਰਨ ਲਈ ਲਗਾਇਆ ਹੋਇਆ ਸੀ। ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਤੇ ਦੂਜੇ ਪਰਿਵਾਰਕ ਮੈਂਬਰ ਵੀ ਮਗਰਲੇ ਕੁਝ ਸਮੇਂ ਤੋਂ ਅੰਮ੍ਰਿਤਸਰ ਹੈਰੀਟੇਜ ਸਟਰੀਟ ’ਤੇ ਧਰਨਾ ਲਗਾ ਰਹੇ ਹਨ ਤੇ ਉਨ੍ਹਾਂ ਵਲੋਂ ਭਾਈ ਅੰਮਿਬਪਾਲ ਸਿੰਘ ਤੇ ਸਾਥੀਆਂ ਦੀ ਰਿਹਾਈ ਲਈ ਤੇ ਉਨ੍ਹਾਂ ਦੀ ਪੰਜਾਬ ਦੀਆਂ ਜੇਲ੍ਹਾਂ ਵਿਚ ਤਬਦੀਲੀ ਦੀ ਵੀ ਮੰਗ ਕੀਤੀ ਜਾ ਰਹੀ ਹੈ।

ਭਗਵੰਤ ਮਾਨ ਵਾਲੀ ਪੰਜਾਬ ਸਰਕਾਰ ਸਿਖਾਂ ਨਾਲ ਅਨਿਆਂ ਕਰ ਰਹੀ ਹੈ। ਸਿੱਖ ਧਾਰਮਿਕ ਮਾਮਲਿਆਂ ਵਿੱਚ ਸਿੱਧੀ ਤੇ ਬੇਸ਼ਰਮੀ ਨਾਲ ਸਰਕਾਰੀ ਦਖ਼ਲਅੰਦਾਜ਼ੀ, ਰਾਜਸੀ ਕੈਦੀਆਂ ਦੀ ਰਿਹਾਈ ਵਿੱਚ ਨਿਆਇਕ ਸਿਸਟਮ ਦਾ ਦੋਹਰਾ ਚੇਹਰਾ, ਐਨ. ਐਸ. ਏ. ਦੀ ਘੋਰ ਦੁਰਵਰਤੋਂ, ਐਨ. ਆਈ. ਏ. ਰਾਹੀਂ ਦਮਨ-ਚੱਕਰ ਨੂੰ ਪੰਜਾਬ ਸਰਕਾਰ ਵਲੋਂ ਛੋਟ ਦੇਣੀ ਸੰਵਿਧਾਨ ਤੇ ਕਨੂੰਨ ਵਿਰੋਧੀ ਹਨ। ਭਾਈ ਅੰਮ੍ਰਿਤ ਪਾਲ ਸਿੰਘ ਤੇ ਉਸਦੇ ਸਾਥੀਆਂ ਨਾਲ ਜ਼ਾਲਮਾਨਾ ਸਲੂਕ ਘਟੀਆ ਤੇ ਜ਼ਾਲਮਾਨਾ ਵਰਤਾਰਾ ਹੈ। ਪੰਜਾਬ ਸਰਕਾਰ ਬੇਅੰਤ ਸਿੰਘ ਦੇ ਰਾਹਾਂ ਨੂੰ ਨਾ ਅਪਨਾਵੇ ਜਿਸ ਕਰਕੇ ਪੰਜਾਬ ਸਰਕਾਰ ਨੇ ਸੰਕਟ ਭੋਗਿਆ ਹੈ।

-ਰਜਿੰਦਰ ਸਿੰਘ ਪੁਰੇਵਾਲ


## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**
**ਜਾਣਕਾਰੀ ਲਈ ਸੰਪਰਕ: 01332 372 851 M: 07966 388 388**


# NEWS & VIEWS

## NEW DEFINITION OF *EXTREMISM* BY UK GOVERNMENT VERSUS FOUNDING PRINCIPLES OF DEMOCRACY


Gurmukh Singh O B E

When RSS General Secretary, Dattatreya Hosabale, asserts that all citizens of India are *Hindu through nationality* (report by Ishita Mishra), one wonders how such ridiculous suggestions affect and even provoke Indian minorities in India and the diaspora. One fails to see the connection between a religious group and citizenship of a country. If one has to be a ***Hindu*** to be a ***citizen*** of India, then independent religions like *Sikhi* would react by pointing to the political alternative towards which they would be forced if they disagree. One wonders if RSS and Hindutva nationalist affiliated groups in the diaspora, preaching such extreme ideology, are risking a ban under the revised definition of *extremism* in the UK discussed later.

At the G20 Summit in September 2023, PM Rishi Sunak said in response to a question by ANI (quote): *we are working very closely with the Indian government to particularly tackle PKE Pro-Khalistan Extremism…… We have working groups together to share intelligence and information so that we can root out this kind of violent extremism.*

Indeed, *violent extremism* will always be unlawful. However, in view of the context of the media question, the PM response seemed to make association with a *particular* movement sound *extremist* when legally that is not the case in a democracy like the UK. Reporters heard what they wished to hear and rushed out to make headlines about sharing intelligence between countries etc about that *particular* movement.

And then, as recently mis-reported, on to *bank account closures* of a particular Sikh movement in the UK when, in fact, the UK government intention is *to cut ties or funding to any groups deemed to have crossed the* (extremist) *line.*

Clearly, PM Sunak, received warmly while publicising his own proud Hindu identity, could have shown more neutral political maturity when responding to such leading questions, bearing in mind that public accountability will be sought by British Sikhs.

Next, about the revised definition of extremism in the UK. According to BBC News, *the new extremism definition will apply to groups which promote an ideology based on violence, hatred or intolerance. Such groups will be blocked from government funding and meeting officials.*

In the novel 1984 by George Orwell, *Thought Police, had the powers to arrest people based on supposed and suspected thoughts they may or may not have ever expressed.* I was reminded about such thought policing in the UK after reading some comments against the new definition of extremism. For example, Jonathan Hall, independent reviewer of terrorism legislation of the government, told the BBC recently: (quote) *Every attempt to update the definition of extremism has failed because it is never clear what you are trying to prevent by defining extremism…What we see… is a move away from people who are doing bad things, towards people who think bad things or have a bad ideology*. (underlining is mine)

A new unit, the *Counter-Extremism Centre of Excellence*, has been set up *to gather intelligence and identify extremist groups.* This is quite a remarkable step for a government in trouble before a general election.

Not surprisingly, Civil liberties and community groups, and MPs have criticised the definition and process. While Archbishops have urged caution on extremism redefinition, ex-Home Secretaries have warned against politicising extremism. Quite rightly, Jonathan Hall, quoted above, has warned that *the new policy could undermine UK reputation as a democracy.*

**Gurmukh Singh OBE,** Ret'd Principal Civil Servant (UK) sewauk2005@yahoo.co.uk

# ਭਾਰਤੀ ਚੋਣਾਂ ਦੇ ਐਲਾਨ ਤੋਂ ਬਾਅਦ ਚੋਣ ਸਰਗਰਮੀਆਂ ਦਾ ਅਸਰ ਵਿਦੇਸ਼ਾਂ 'ਚ ਵੀ ਪਿਆ ਇੰਗਲੈਂਡ ਤੋਂ ਗਏ ਦਲਬੀਰ ਸਿੰਘ ਗਿੱਲ ਨੂੰ ਪਟਿਆਲਾ ਤੋਂ ਟਿਕਟ ਨਾ ਦੇਣ ਤੇ ਆਪ ਦੇ ਵਲੈਤੀ ਹਮਾਇਤੀ ਨਾਰਾਜ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਚੋਣਾਂ ਦੇ ਐਲਾਨ ਤੋਂ ਬਾਅਦ ਚੋਣ ਸਰਗਰਮੀਆਂ ਦਾ ਅਸਰ ਵਿਦੇਸ਼ੀਂ ਬੈਠੇ ਭਾਰਤੀ ਤੇ ਵੀ ਪਿਆ ਹੈ। ਭਾਰਤ ਦਾ ਅਗਲੇ 5 ਸਾਲਾਂ ਲਈ ਸਿਆਸੀ ਭਵਿੱਖ ਕੀ ਹੋਵੇਗਾ, ਇਸ ਨੂੰ ਵੇਖਣ ਲਈ ਹਰ ਕੋਈ ਉਤਸੁੱਕ ਹੈ। ਪੰਜਾਬ ਵਿੱਚ ਇਸ ਵਾਰ 13 ਸੀਟਾਂ ਤੇ ਕੌਣ ਕਿੰਨੇ ਪਾਣੀ ਵਿੱਚ ਹੋਵੇਗਾ, ਇਹ ਵੀ ਵੇਖਣਾ ਦਿਲਚਸਪ ਰਹੇਗਾ। ਆਮ ਆਦਮੀ ਵੱਲੋਂ ਐਲਾਨੇ ਗਏ 8 ਉਮੀਦਵਾਰਾਂ ਤੋਂ ਬਾਅਦ ਲੰਡਨ ਵਿੱਚ ਚੰਗਾ ਅਸਰ ਰਸੂਖ ਰੱਖਣ ਵਾਲੇ ਦਲਬੀਰ ਸਿੰਘ ਗਿੱਲ ਨੂੰ ਪਟਿਆਲਾ ਤੋਂ ਟਿਕਟ ਨਾ ਦਿੱਤੇ ਜਾਣ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਬਹੁਤ ਸਾਰੇ ਕਾਰਕੁੰਨਾਂ ਨੇ ਹੈਰਾਨੀ ਅਤੇ ਨਰਾਜ਼ਗੀ ਪ੍ਰਗਟ ਕੀਤੀ ਹੈ। ਕਿਉਂਕਿ ਦਲਬੀਰ ਸਿੰਘ ਗਿੱਲ ਦੀਆਂ ਬੀਤੇ ਸਮੇਂ ਵਿੱਚ ਸਰਗਰਮੀਆਂ ਤੋਂ ਹਰ ਕੋਈ ਉਸ ਨੂੰ ਟਿਕਟ ਦਾ ਦਾਅਵੇਦਾਰ ਮੰਨ ਰਿਹਾ ਸੀ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹਮਾਇਤੀ ਵੀ ਇੰਗਲੈਂਡ ਵਿੱਚ ਸਰਗਰਮ ਹੋ ਚੁੱਕੇ ਹਨ, ਕਿਹਾ ਜਾ ਰਿਹਾ ਹੈ ਕਿ ਜਲੰਧਰ ਜਾਂ ਹੁਸ਼ਿਆਰਪੁਰ ਤੋਂ ਚੰਨੀ ਨੂੰ ਉਮੀਦਵਾਰ ਬਣਾਇਆ ਜਾ ਸਕਦਾ ਹੈ। ਬੀਤੇ ਸਮੇਂ ਵਿੱਚ ਜਦੋਂ ਵੀ ਸ: ਚੰਨੀ ਦੀ ਲੰਡਨ ਫੇਰੀ ਰਹੀ ਹੈ, ਉਹਨਾਂ ਦੇ ਹਮਾਇਤੀਆਂ ਦਾ ਘੇਰਾ ਕਾਫੀ ਵਿਸ਼ਾਲ ਰਿਹਾ ਹੈ। ਇਥੋਂ ਤੱਕ ਕਿ ਇਹਨਾਂ ਹਲਕਿਆਂ ਦੇ ਇੰਗਲੈਂਡ ਵਿੱਚ ਰਹਿੰਦੇ ਪ੍ਰਵਾਸੀਆਂ ਦੇ ਨਾਵਾਂ ਦੀ ਲਿਸਟ ਵੀ ਤਿਆਰ ਹੋ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਵਿੱਚ ਸ: ਸੁਖਦੇਵ ਸਿੰਘ ਢੀਂਡਸਾ, ਬੀਬੀ ਜਗੀਰ ਕੌਰ ਅਤੇ ਸਾਥੀਆਂ ਦੀ ਹੋਈ ਵਾਪਸੀ ਨੇ ਵਿਦੇਸ਼ਾਂ ਵਿੱਚ ਬੈਠੇ ਅਕਾਲੀ ਦਲ ਦੇ ਹਮਾਇਤੀਆਂ ਨੂੰ ਕੁਝ ਰਾਹਤ ਦਿੱਤੀ ਹੈ। ਲੰਡਨ ਦੇ ਕੁਝ ਹਮਾਇਤੀ ਮੰਨ ਰਹੇ ਹਨ ਕਿ ਸੰਗਰੂਰ ਤੋਂ ਪ੍ਰਮਿੰਦਰ ਸਿੰਘ ਢੀਂਡਸਾ ਅਤੇ ਬੀਬੀ ਜਗੀਰ ਕੌਰ ਨੂੰ ਅਕਾਲੀ ਦਲ ਵੱਲੋਂ ਉਮੀਦਵਾਰ ਬਣਾਇਆ ਜਾ ਸਕਦਾ ਹੈ, ਜੇ ਅਜੇਹਾ ਹੁੰਦਾ ਹੈ ਤਾਂ ਬਹੁਤ ਸਾਰੇ ਹਮਾਇਤੀ ਚੋਣ ਪ੍ਰਚਾਰ ਲਈ ਬਿਸਤਰੇ ਬੰਨੀ ਬੈਠੇ ਹਨ। ਲੰਡਨ ਦੇ ਹਲਕਾ ਹੰਸਲੋ ਵਿੱਚ ਜਿੰਦਗੀ ਦਾ ਵੱਡਾ ਹਿੱਸਾ ਬਿਤਾਉਣ ਵਾਲੇ ਜੱਸੀ ਖੰਗੂੜਾ ਦਾ ਨਾਮ ਵੀ ਅੱਜ ਕੱਲ ਚਰਚਾ ਦਾ ਵਿਸ਼ਾ ਬਣਿਆ ਹੋਇਆ। ਲੰਡਨ ਵੱਸਦੇ ਖੰਗੂੜਾ ਪ੍ਰੀਵਾਰ ਦੇ ਹਮਾਇਤੀ ਅਤੇ ਸੁਭਚਿੰਤਕ ਉਹਨਾਂ ਨੂੰ ਲੁਧਿਆਣਾ ਤੋਂ ਉਮੀਦਵਾਰ ਵੇਖਣਾ ਚਾਹੁੰਦੇ ਹਨ, ਲੇਕਨ ਹੁਣ ਸਮਾਂ ਹੀ ਦੱਸੇਗਾ ਕਿ ਦਾਅਵੇਦਾਰੀ ਦੇ ਘੋਲ ਦੀ ਝੰਡੀ ਕਿਸ ਹੱਥ ਆਉਂਦੀ ਹੈ। ਪਰ ਇਹ ਜਰੂਰ ਕਿਹਾ ਜਾ ਸਕਦਾ ਹੈ ਕਿ ਭਾਵੇਂ 2 ਮਈ ਨੂੰ ਇੰਗਲੈਂਡ ਵਿੱਚ ਸਥਾਨਿਕ ਕੌਂਸਲਾਂ, ਲੰਡਨ ਅਸੈਂਬਲੀ ਅਤੇ ਲੰਡਨ ਮੇਅਰ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ, ਪਰ ਭਾਰਤੀ ਭਾਈਚਾਰੇ ਦੀ ਜ਼ਿਆਦਾ ਰੁਚੀ ਭਾਰਤ ਦੀਆਂ ਚੋਣਾਂ ਵੱਲ ਹੈ।


ਚਰਨਜੀਤ ਸਿੰਘ ਚੰਨੀ, ਪ੍ਰਮਿੰਦਰ ਸਿੰਘ ਢੀਂਡਸਾ, ਦਲਬੀਰ ਸਿੰਘ ਗਿੱਲ, ਜੱਸੀ ਖੰਗੂੜਾ

# ਪੁਤਿਨ ਨੇ ਰੂਸ ਦੀਆਂ ਚੋਣਾਂ ਵਿੱਚ ਰਿਕਾਰਡ ਤੋੜ ਪ੍ਰਾਪਤ ਕੀਤੀ ਜਿੱਤ

## ✪ ਅਮਰੀਕਾ ਨੇ ਕਿਹਾ ਕਿ ਵੋਟਿੰਗ ਨਾ ਤਾਂ ਆਜ਼ਾਦ ਅਤੇ ਨਾ ਹੀ ਨਿਰਪੱਖ

ਮਾਸਕੋ-ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਰੂਸ ਦੀਆਂ ਚੋਣਾਂ ਵਿੱਚ ਰਿਕਾਰਡ ਜਿੱਤ ਪ੍ਰਾਪਤ ਕਰਕੇ ਇੱਕ ਵਾਰ ਫਿਰ ਸੱਤਾ 'ਤੇ ਆਪਣੀ ਪਕੜ ਮਜ਼ਬੂਤ ਕੀਤੀ ਹੈ। ਇੱਥੋਂ ਤੱਕ ਕਿ ਹਜ਼ਾਰਾਂ ਵਿਰੋਧੀਆਂ ਨੇ ਰੂਸ ਵਿੱਚ ਚੋਣਾਂ ਨੂੰ ਲੈ ਕੇ ਪੋਲਿੰਗ ਸਟੇਸ਼ਨਾਂ ਦੇ ਬਾਹਰ ਪ੍ਰਦਰਸ਼ਨ ਵੀ ਕੀਤਾ। ਇਸ ਦੌਰਾਨ ਰੂਸ ਦੇ ਨਤੀਜਿਆਂ 'ਤੇ ਅਮਰੀਕਾ ਨੇ ਕਿਹਾ ਕਿ ਵੋਟਿੰਗ ਨਾ ਤਾਂ ਆਜ਼ਾਦ ਅਤੇ ਨਾ ਹੀ ਨਿਰਪੱਖ ਸੀ। ਰੂਸ ਦੇ ਕੇਂਦਰੀ ਚੋਣ ਕਮਿਸ਼ਨ ਮੁਤਾਬਕ ਪੁਤਿਨ ਨੇ ਲਗਭਗ 60 ਫੀਸਦੀ ਖੇਤਰਾਂ 'ਚ ਗਿਣਤੀ ਤੋਂ ਬਾਅਦ 87.98 ਫੀਸਦੀ ਵੋਟਾਂ ਹਾਸਲ ਕੀਤੀਆਂ। ਇਸ ਤੋਂ ਪਹਿਲਾਂ ਐਗਜ਼ਿਟ ਪੋਲ 'ਚ ਵੀ ਅਜਿਹੇ ਅੰਦਾਜ਼ੇ ਲਗਾਏ ਗਏ ਸਨ। ਪੋਲਸਟਰ ਪਬਲਿਕ ਓਪੀਨੀਅਨ ਫਾਊਂਡੇਸ਼ਨ (ਐਫਓਐਮ) ਦੁਆਰਾ ਇੱਕ ਐਗਜ਼ਿਟ ਪੋਲ ਦੇ ਅਨੁਸਾਰ, ਪੁਤਿਨ ਨੂੰ 87.8% ਵੋਟਾਂ ਜਿੱਤਣ ਦੀ ਉਮੀਦ ਹੈ, ਜੋ ਕਿ ਸੋਵੀਅਤ ਤੋਂ ਬਾਅਦ ਦੇ ਇਤਿਹਾਸ ਵਿੱਚ ਰੂਸ ਵਿੱਚ ਕਿਸੇ ਨੇਤਾ ਲਈ ਸਭ ਤੋਂ ਵੱਧ ਨਤੀਜਾ ਹੈ।

ਰਸ਼ੀਅਨ ਪਬਲਿਕ ਓਪੀਨੀਅਨ ਰਿਸਰਚ ਸੈਂਟਰ ਪੁਤਿਨ ਨੂੰ 87% 'ਤੇ ਰੱਖਦਾ ਹੈ। ਪਹਿਲੇ ਅਧਿਕਾਰਤ ਨਤੀਜਿਆਂ ਨੇ ਐਗਜ਼ਿਟ



ਪੋਲ ਨੂੰ ਸਹੀ ਸਾਬਤ ਕਰ ਦਿੱਤਾ ਹੈ। ਚੋਣ ਅਧਿਕਾਰੀਆਂ ਮੁਤਾਬਕ 74.22 ਫੀਸਦੀ ਵੋਟਾਂ ਪਈਆਂ, ਜੋ ਕਿ 2018 ਦੇ 67.5 ਫੀਸਦੀ ਤੋਂ ਅੱਗੇ ਹਨ।

ਸ਼ੁਰੂਆਤੀ ਨਤੀਜੇ ਦਿਖਾਉਂਦੇ ਹਨ ਕਿ ਪੁਤਿਨ ਨੇ ਆਸਾਨੀ ਨਾਲ ਇੱਕ ਹੋਰ ਛੇ ਸਾਲ ਦਾ ਕਾਰਜਕਾਲ ਹਾਸਲ ਕਰ ਲਿਆ ਹੈ, ਜੋਸੇਫ ਸਟਾਲਿਨ ਨੂੰ ਪਛਾੜ ਦਿੱਤਾ ਹੈ ਅਤੇ ਰੂਸ ਦੇ 200 ਸਾਲਾਂ ਤੋਂ ਵੱਧ ਦੇ ਇਤਿਹਾਸ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਨੇਤਾ ਬਣ ਗਏ ਹਨ। ਸ਼ੁਰੂਆਤੀ ਨਤੀਜੇ ਦੱਸਦੇ ਹਨ ਕਿ ਦੂਜੇ ਸਥਾਨ 'ਤੇ ਆਏ ਕਮਿਊਨਿਸਟ ਉਮੀਦਵਾਰ ਨਿਕੋਲਾਈ ਖਾਰੀਤੋਨੋਵ 4 ਫੀਸਦੀ ਤੋਂ ਘੱਟ ਵੋਟਾਂ ਨਾਲ ਦੂਜੇ ਸਥਾਨ 'ਤੇ ਰਹੇ। ਵਲਾਦਿਸਲਾਵ ਦਾਵਾਨਕੋਵ ਤੀਜੇ ਅਤੇ ਲਿਓਨਿਡ ਸਲੂਟਸਕੀ ਚੌਥੇ ਸਥਾਨ 'ਤੇ ਰਹੇ।


# ਜ਼ਖਮੀ ਕਿਸਾਨ ਪ੍ਰੀਤਪਾਲ ਸਿੰਘ ਦੇ ਪਿਤਾ ਦੀ ਪਟੀਸ਼ਨ 'ਤੇ ਹਾਈਕੋਰਟ ਨੇ ਕੀਤੀ ਸੁਣਵਾਈ

## ✪ ਹਰਿਆਣਾ ਸਰਕਾਰ ਦੇ ਤਰਕ ਨੂੰ ਨਾ ਮੰਨਿਆ

ਚੰਡੀਗੜ੍ਹ-ਹਾਈ ਕੋਰਟ ਨੇ ਕਿਸਾਨ ਅੰਦੋਲਨ ਦੌਰਾਨ ਜ਼ਖ਼ਮੀ ਹੋਏ ਪ੍ਰੀਤਪਾਲ ਸਿੰਘ ਦੇ ਪਿਤਾ ਵੱਲੋਂ ਦਾਇਰ ਹੈਬੀਅਸ ਕਾਰਪਸ ਪਟੀਸ਼ਨ ਨੂੰ ਰੱਦ ਕਰਨ ਲਈ ਹਰਿਆਣਾ ਦੀ ਪਟੀਸ਼ਨ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਪੰਜਾਬ ਹਰਿਆਣਾ ਹਾਈ ਕੋਰਟ ਨੇ ਸੂਬੇ ਦਾ ਪੱਖ ਸਮਝਣ ਤੋ ਅਸਮਰੱਥਾ ਪ੍ਰਗਟਾਈ ਹੈ। ਜਿਸ ਵਿੱਚ ਹਰਿਆਣਾ ਨੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ 15 ਪੁਲੀਸ ਮੁਲਾਜ਼ਮਾਂ ਨੂੰ ਜ਼ਖ਼ਮੀ ਕਰਨ ਤੋਂ ਬਾਅਦ ਦਰਜ ਹੋਏ ਕਤਲ ਦੀ ਕੋਸ਼ਿਸ਼ ਦੇ ਕੇਸ ਵਿੱਚ ਪ੍ਰੀਤਪਾਲ ਸਿੰਘ ਮੁੱਖ ਸਰਗਨਾ ਸੀ। ਜਸਟਿਸ ਹਰਕੇਸ਼ ਮਨੂਜਾ ਬੈਂਚ ਨੇ ਪਟੀਸ਼ਨ ਖਾਰਜ ਕਰਨ ਤੋਂ ਪਹਿਲਾਂ ਪ੍ਰੀਤਪਾਲ ਸਿੰਘ ਦੇ ਬਿਆਨ ਦਾ ਵੀ ਨੋਟਿਸ ਲਿਆ। ਜਿਸ ਵਿੱਚ ਪ੍ਰੀਤਪਾਲ ਨੇ ਦੋਸ਼ ਲਾਇਆ ਸੀ ਕਿ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕਰਨ ਤੋਂ ਪਹਿਲਾਂ ਹਰਿਆਣਾ ਪੁਲੀਸ ਉਸ ਨੂੰ ਪੰਜਾਬ ਖੇਤਰ ਦੇ ਸੰਗਰੂਰ ਜ਼ਿਲ੍ਹੇ ਤੋਂ ਜ਼ਬਰਦਸਤੀ ਚੁੱਕ ਕੇ ਲੈ ਗਈ ਸੀ। ਉਸ

ਬੈਂਚ ਨੇ ਪ੍ਰੀਤਪਾਲ ਅਤੇ ਉਸ ਦੇ ਪਿਤਾ ਦੀ ਉਸ ਪਟੀਸ਼ਨ ਨੂੰ ਵੀ ਨੋਟ ਕੀਤਾ ਕਿ ਪੰਜਾਬ ਦੇ ਡੀਜੀਪੀ ਨੂੰ ਅਗਵਾ ਅਤੇ ਕੁੱਟਮਾਰ ਸਬੰਧੀ ਸ਼ਿਕਾਇਤ ਦਰਜ ਕਰਵਾਈ ਗਈ ਸੀ। ਪਰ ਹੁਣ ਤੱਕ ਇਸ 'ਤੇ ਕੋਈ ਕਾਰਵਾਈ ਨਹੀਂ ਹੋਈ।

ਜਸਟਿਸ ਮਨੂਜਾ ਨੇ ਕਿਹਾ ਕਿ ਹਲਫਨਾਮਾ ਪਿਛਲੇ ਸਟੈਂਡ ਤੋਂ ਪੂਰੀ ਤਰ੍ਹਾਂ ਉਲਟ ਹੈ। ਜਿੱਥੇ ਹਰਿਆਣਾ ਨੇ ਕਿਹਾ ਸੀ ਕਿ ਪ੍ਰੀਤਪਾਲ ਸਿੰਘ ਆੜ੍ਹਤੀਆਂ ਦੇ ਨਾਲ ਲੱਗਦੇ ਖੇਤਾਂ ਵਿਚ ਗੰਭੀਰ ਜ਼ਖ਼ਮੀ ਹਾਲਤ 'ਚ ਮਿਲਿਆ ਹੈ। ਉਸ



ਦੀ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਹਸਪਤਾਲ ਭੇਜ ਦਿੱਤਾ ਗਿਆ।

ਹਲਫ਼ਨਾਮੇ ਵਿੱਚ ਕਿਤੇ ਵੀ ਹਰਿਆਣਾ ਰਾਜ ਨੇ ਪ੍ਰੀਤਪਾਲ ਸਿੰਘ ਨੂੰ ਭੜਕਾਉਣ ਵਾਲੇ ਵਜੋਂ ਜ਼ਿਕਰ ਨਹੀਂ ਕੀਤਾ ਅਤੇ ਨਾ ਹੀ ਕਿਸੇ ਪੁਲਿਸ ਮੁਲਾਜ਼ਮ ਦੇ ਬਿਆਨ ਦਾ ਕੋਈ ਜ਼ਿਕਰ ਹੈ। ਜਦੋਂ ਕਿ ਇਹ ਹਲਫਨਾਮਾ ਘਟਨਾ ਤੋਂ ਪੰਜ ਦਿਨ ਬਾਅਦ ਦਾਇਰ ਕੀਤਾ ਗਿਆ ਸੀ। ਇਹ ਘਟਨਾ 21 ਫਰਵਰੀ ਦੀ ਹੈ ਅਤੇ ਉਨ੍ਹਾਂ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਅਦਾਲਤ ਨੇ ਮਾਮਲੇ ਦੀ ਸੁਣਵਾਈ 2 ਅਪ੍ਰੈਲ ਤੱਕ ਮੁਲਤਵੀ ਕਰ ਦਿੱਤੀ ਹੈ।

# ਗੈਂਗਸਟਰ ਨੂੰ ਫੜਨ ਗਈ ਸੀਆਈਏ ਦੀ ਟੀਮ 'ਤੇ ਚਲਾਈਆਂ ਗੋਲ਼ੀਆਂ, ਇਕ ਮੁਲਾਜ਼ਮ ਦੀ ਮੌਤ

ਮੁਕੇਰੀਆਂ-ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਮੁਕੇਰੀਆਂ ਵਿਖੇ ਰੇਡ ਕਰਨ ਗਈ ਹੁਸ਼ਿਆਰਪੁਰ ਦੀ ਸੀ. ਆਈ. ਏ. ਸਟਾਫ਼ ਦੀ ਟੀਮ ਦਾ ਗੈਂਗਸਟਰਾਂ ਨਾਲ ਮੁਕਾਬਲਾ ਹੋਇਆ, ਜਿਸ ਨਾਲ ਸੀ. ਆਈ. ਏ. ਸਟਾਫ਼ ਦੇ ਇਕ ਮੁਲਾਜ਼ਮ ਅੰਮ੍ਰਿਤਪਾਲ ਦੀ ਛਾਤੀ ਵਿਚ ਗੋਲ਼ੀ ਲੱਗਣ ਕਰਕੇ ਮੌਤ ਹੋ ਗਈ। ਜਾਣਕਾਰੀ ਮੁਤਾਬਕ ਥਾਣਾ ਮੁਕੇਰੀਆਂ ਅਧੀਨ ਪੈਂਦੇ ਪਿੰਡ ਮਹਿਤਪੁਰ ਵਿਖੇ ਸੀ. ਆਈ. ਏ. ਸਟਾਫ਼ ਹੁਸ਼ਿਆਰਪੁਰ ਪੁਲਸ ਵੱਲੋਂ ਇਕ ਗੈਂਗਸਟਰ ਸੁਖਵਿੰਦਰ ਸਿੰਘ ਰਾਣਾ ਸਿੰਘ ਮਨਸੂਰਪੁਰ ਨੂੰ ਫੜਨ ਲਈ ਛਾਪੇਮਾਰੀ ਕੀਤੀ ਗਈ ਸੀ। ਇਸ ਦੌਰਾਨ ਸੁਖਵਿੰਦਰ ਸਿੰਘ ਨੇ ਫਾਇਰਿੰਗ ਕਰ ਦਿੱਤੀ, ਜਿਸ ਨਾਲ ਪੁਲਸ ਮੁਲਾਜ਼ਮ ਅੰਮ੍ਰਿਤਪਾਲ ਸਿੰਘ ਨਿਵਾਸੀ ਜੰਡੋਲ ਦੀ ਛਾਤੀ ਵਿੱਚ ਗੋਲ਼ੀ ਲੱਗੀ, ਜੋ ਗੰਭੀਰ ਜ਼ਖ਼ਮੀ ਹੋ ਗਿਆ । ਉਸ ਨੂੰ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਅਤੇ ਉਸ ਤੋਂ ਬਾਅਦ ਉਸ ਦੀ ਇਕ ਪ੍ਰਾਈਵੇਟ ਹਸਪਤਾਲ ਵਿੱਚ ਮੌਤ ਹੋ ਗਈ।

# ਦੋ ਵਿਦੇਸ਼ੀ ਯਾਤਰੀਆਂ ਦੇ ਕਬਜ਼ੇ ਵਿਚੋਂ 100 ਕਰੋੜ ਰੁਪਏ ਮੁੱਲ ਦੀ ਕੀਤੀ ਕੋਕੀਨ ਜ਼ਬਤ

ਮੁੰਬਈ-ਮਾਲੀਆ ਖ਼ੁਫ਼ੀਆ ਡਾਇਰੈਕਟੋਰੇਟ ਦੀ ਮੁੰਬਈ ਜ਼ੋਨਲ ਇਕਾਈ ਨੇ ਦੋ ਵਿਦੇਸ਼ੀ ਯਾਤਰੀਆਂ ਦੇ ਕਬਜ਼ੇ ਵਿਚੋਂ 100 ਕਰੋੜ ਰੁਪਏ ਮੁੱਲ ਦੀ 9.8 ਕਿਲੋਗ੍ਰਾਮ ਕੋਕੀਨ ਜ਼ਬਤ ਕਰ ਕੇ ਕੌਮਾਂਤਰੀ ਡਰੱਗ ਸਿੰਡੀਕੇਟ ਦਾ ਪਰਦਾਫ਼ਾਸ਼ ਕੀਤਾ ਹੈ। ਡੀਆਰਆਈ ਨੇ ਉਨ੍ਹਾਂ ਤੋਂ ਪੁੱਛਗਿੱਛ ਪਿੱਛੋਂ ਗ੍ਰੇਟਰ ਨੋਇਡਾ ਤੋਂ ਇਕ ਨਾਈਜੀਰੀਆਈ ਨਾਗਰਿਕ ਤੇ ਉਸ ਦੇ ਸਹਿਯੋਗੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਔਰਤ ਨੇ ਦੱਸਿਆ ਕਿ ਡਰੱਗ ਨੂੰ ਦਿੱਲੀ ਤੇ ਆਲੇ-ਦੁਆਲੇ ਦੇ ਇਲਾਕਿਆਂ 'ਚ ਸੰਚਾਲਿਤ ਇਕ ਸਿੰਡੀਕੇਟ ਤੱਕ ਪਹੁੰਚਾਇਆ ਜਾਣਾ ਸੀ।

# ਤਰਕਸ਼ੀਲਾਂ ਨੇ ਕਿਹਾ ਕਿ ਪੰਜਾਬ ਸਰਕਾਰ ਪਖੰਡੀ ਬਾਬਿਆਂ ਵਿਰੁੱਧ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਲਾਗੂ ਕਰੇ

## ✪ ਸਾਰੇ ਮੰਤਰੀਆਂ ਤੇ ਸਮੂਹ ਵਿਧਾਇਕਾਂ ਨੂੰ ਦਿੱਤੇ ਮੰਗ ਪੱਤਰ



ਚੰਡੀਗੜ੍ਹ-ਤਰਕਸ਼ੀਲ ਸੁਸਾਇਟੀ ਪੰਜਾਬ ਨੇ ਸਰਕਾਰ ਤੋਂ ਲੋਕਾਂ ਵਿਚ ਅੰਧ ਵਿਸ਼ਵਾਸ਼ ਫੈਲਾਉਣ, ਆਰਥਿਕ, ਮਾਨਸਿਕ ਤੇ ਸਰੀਰਕ ਸ਼ੋਸ਼ਣ ਕਰਨ ਵਾਲੇ ਪਖੰਡੀ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ ਅਤੇ ਪੁੱਛਾਂ ਦੇਣ ਵਾਲਿਆਂ ਸਿਆਣਿਆਂ ਦੀਆਂ ਗੈਰ ਕਾਨੂੰਨੀ ਕਾਰਵਾਈਆਂ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ। ਤਰਕਸ਼ੀਲ ਸੁਸਾਇਟੀ ਦੇ ਆਗੂਆਂ ਨੇ ਕਿਹਾ ਕਿ ਮਹਾਰਾਸ਼ਟਰ, ਛੱਤੀਸਗੜ੍ਹ ਅਤੇ ਕਰਨਾਟਕ ਵਿਚ ਅੰਧਵਿਸ਼ਵਾਸ ਰੋਕੂ ਕਾਨੂੰਨ ਲਾਗੂ ਹੈ।

ਸੁਸਾਇਟੀ ਦੇ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ, ਕਾਨੂੰਨ ਵਿਭਾਗ ਦੇ ਮੁਖੀ ਜਸਵਿੰਦਰ ਫਗਵਾੜਾ ਅਤੇ ਮੀਡੀਆ ਮੁਖੀ ਸੁਮੀਤ ਅੰਮ੍ਰਿਤਸਰ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਆਮ ਲੋਕਾਂ ਦੀ ਅੰਧਵਿਸ਼ਵਾਸੀ ਮਾਨਸਿਕਤਾ ਦਾ ਫਾਇਦਾ ਉਠਾ ਕੇ ਪਖੰਡੀ ਬਾਬੇ ਤੇ ਤਾਂਤਰਿਕ ਲੋਕਾਂ ਨੂੰ ਦੁੱਖਾਂ, ਬਿਮਾਰੀਆਂ, ਖਾਹਿਸ਼ਾਂ ਦਾ ਆਪਣੀ ਅਖੌਤੀ ਦੈਵੀ ਸ਼ਕਤੀ ਨਾਲ ਨਿਵਾਰਨ ਕਰਨ ਦੇ ਬਹਾਨੇ ਉਨ੍ਹਾਂ ਨੂੰ ਭੂਤ-ਪ੍ਰੇਤਾਂ, ਬੁਰੀਆਂ ਆਤਮਾਵਾਂ, ਜਾਦੂ ਟੂਣਿਆਂ, ਧਾਗੇ ਤਵੀਤਾਂ, ਗ੍ਰਹਿ ਚੱਕਰਾਂ, ਰਾਸ਼ੀਫਲ, ਜਨਮ ਟੇਵਿਆਂ, ਵਸ਼ੀਕਰਨ, ਕੀਤੇ-ਕਰਾਏ, ਵਾਸਤੂ ਸ਼ਾਸਤਰ, ਜੰਤਰ-ਮੰਤਰ, ਕਾਲੇ ਇਲਮ ਦੇ ਅੰਧਵਿਸ਼ਵਾਸਾਂ ਵਿਚ ਫਸਾ ਕੇ ਉਨ੍ਹਾਂ ਦਾ ਸ਼ਰੇਆਮ ਆਰਥਿਕ, ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰ ਰਹੇ ਹਨ।

ਆਗੂਆਂ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਇਹਨਾਂ ਪਖੰਡੀਆਂ ਵਲੋਂ ਕਥਿਤ ਬੁਰੀ ਆਤਮਾ, ਓਪਰੀ ਸ਼ੈਅ ਜਾਂ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਔਰਤਾਂ ਨਾਲ ਬਲਾਤਕਾਰ, ਗਰਮ ਚਿਮਟਿਆਂ ਨਾਲ ਤਸੀਹੇ ਦੇਣ ਅਤੇ ਮਾਸੂਮ ਬੱਚਿਆਂ ਦੀ ਬਲੀ ਦੇਣ ਦੀਆਂ ਛੇ ਦਿਲ ਕੰਬਾਊ ਅਪਰਾਧਕ ਘਟਨਾਵਾਂ ਪਿੰਡ ਕੋਟ ਫੱਤਾ (ਬਠਿੰਡਾ), ਮੁਧਲ (ਅੰਮ੍ਰਿਤਸਰ), ਅਲੌੜ (ਖੰਨਾ) ਅਤੇ ਭਿੰਡਰ (ਮੋਗਾ), ਅੰਮ੍ਰਿਤਸਰ ਅਤੇ ਪਠਾਨਕੋਟ ਵਿਖੇ ਵਾਪਰ ਚੁੱਕੀਆਂ ਹਨ ਪਰ ਕਿਸੇ ਵੀ ਸਰਕਾਰ ਨੇ ਪੰਜਾਬ ਵਿਚ ਅਜਿਹੇ ਬਾਬਿਆਂ, ਤਾਂਤਰਿਕਾਂ, ਸਾਧਾਂ-ਸਿਆਣਿਆਂ ਦੀਆਂ ਗ਼ੈਰ ਕਾਨੂੰਨੀ ਕਾਰਵਾਈਆਂ 'ਤੇ ਪਾਬੰਦੀ ਲਾਉਣ ਅਤੇ ਕੋਈ ਠੋਸ ਅੰਧਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਰਾਜਸੀ ਇੱਛਾ ਸ਼ਕਤੀ ਨਹੀਂ ਵਿਖਾਈ।

ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਪਿਛਲੇ ਤੇ ਮੌਜੂਦਾ ਬਜਟ ਸੈਸ਼ਨ ਤੋਂ ਪਹਿਲਾਂ ਤਰਕਸ਼ੀਲ ਸੁਸਾਇਟੀ ਵੱਲੋਂ ਪੰਜਾਬ ਸਰਕਾਰ ਦੇ ਸਮੂਹ ਮੰਤਰੀਆਂ, ਵਿਧਾਇਕਾਂ ਸਮੇਤ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਵਿਧਾਇਕਾਂ ਨੂੰ ਪੰਜਾਬ ਕਾਲਾ ਜਾਦੂ ਮੰਤਰ ਅਤੇ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਦਾ ਖਰੜਾ ਅਤੇ ਮੰਗ ਪੱਤਰ ਦਿੱਤੇ ਗਏ ਸਨ ਅਤੇ ਇਸਦੇ ਇਲਾਵਾ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਸਿੰਘ ਰੋੜੀ ਅਤੇ ਵਿਧਾਨ ਸਭਾ ਦੇ ਸਕੱਤਰ ਆਰ ਐਲ ਖਟਾਨਾ ਨੂੰ ਵੀ ਮੰਗ ਪੱਤਰ ਦਿੱਤੇ ਗਏ ਹਨ ਪਰ ਮੌਜੂਦਾ ਪੰਜਾਬ ਸਰਕਾਰ ਵੱਲੋਂ ਵੀ ਪਹਿਲੀਆਂ ਸਰਕਾਰਾਂ ਵਾਂਗ ਇਸ ਅਹਿਮ ਲੋਕ ਮਸਲੇ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ ਅਤੇ ਕਿਸੇ ਵੀ ਵਿਧਾਇਕ ਜਾਂ ਮੰਤਰੀ ਵੱਲੋਂ ਮੌਜੂਦਾ ਸੈਸ਼ਨ ਵਿਚ ਇਸ ਸਬੰਧੀ ਕੋਈ ਵਿਚਾਰ-ਵਟਾਂਦਰਾ ਨਹੀਂ ਕੀਤਾ ਗਿਆ ਅਤੇ ਬਜਟ ਸੈਸ਼ਨ ਨੂੰ ਤਿੰਨ ਦਿਨ ਪਹਿਲਾਂ ਹੀ ਖਤਮ ਕਰ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਸੁਸਾਇਟੀ ਵੱਲੋਂ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਦੇ ਮੰਤਰੀਆਂ ਅਤੇ ਸਮੂਹ ਵਿਧਾਇਕਾਂ ਨੂੰ ਮੰਗ ਪੱਤਰ ਦਿੱਤੇ ਗਏ ਸਨ।

ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਪਾਖੰਡੀ ਤਾਂਤਰਿਕਾਂ ਅਤੇ ਬਾਬਿਆਂ ਦੀ ਝੂਠੀ ਤੇ ਗੈਰ ਕਾਨੂੰਨੀ ਇਸ਼ਤਿਹਾਰਬਾਜ਼ੀ ਡਰੱਗਜ਼ ਤੇ ਮੈਜਿਕ ਰੈਮਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਐਕਟ 1954 ਅਤੇ ਕੇਬਲ ਟੈਲੀਵਿਜ਼ਨ ਰੈਗੂਲੇਸ਼ਨ ਐਕਟ 1994 ਸਮੇਤ ਮੈਡੀਕਲ ਰਜਿਸਟ੍ਰੇਸ਼ਨ ਐਕਟ ਦੀ ਵੀ ਸਖ਼ਤ ਉਲੰਘਣਾ ਹੈ ਪਰ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਇਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

ਤਰਕਸ਼ੀਲ ਸੁਸਾਇਟੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀਆਂ ਅਤੇ ਸਾਰੇ ਵਿਧਾਇਕਾਂ ਸਮੇਤ ਸਮੂਹ ਸਿਆਸੀ ਪਾਰਟੀਆਂ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਅੰਧਵਿਸ਼ਵਾਸ ਫੈਲਾਉਣ ਅਤੇ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਅਜਿਹੇ ਪਾਖੰਡੀਆਂ ਦੀਆਂ ਲੁੱਟ-ਖਸੁੱਟ ਦੀਆਂ ਕਾਰਵਾਈਆਂ 'ਤੇ ਸਖਤ ਪਾਬੰਦੀ ਲਾਉਣ ਲਈ ਪੰਜਾਬ ਵਿਚ ਪੰਜਾਬ ਕਾਲਾ ਜਾਦੂ ਮੰਤਰ ਅਤੇ ਅੰਧਵਿਸ਼ਵਾਸ ਰੋਕੂ ਕਾਨੂੰਨ ਲਾਗੂ ਕੀਤਾ ਜਾਵੇ।

# ਹਾਈਕੋਰਟ ਵਲੋਂ ਸ਼ੁਭਕਰਨ ਦੀ ਜਾਂਚ ਲਈ 3 ਮੈਂਬਰੀ ਕਮੇਟੀ ਬਣਾਈ

## ✪ ਹਾਈਕੋਰਟ ਦੇ ਫੈਸਲੇ ਵਿਰੁਧ ਹਰਿਆਣਾ ਸਰਕਾਰ ਸੁਪਰੀਮ ਕੋਰਟ ਪਹੁੰਚੀ





ਚੰਡੀਗੜ੍ਹ-ਪੰਜਾਬ ਹਰਿਆਣਾ ਹਾਈਕੋਰਟ ਨੇ ਸ਼ੁਭਕਰਨ ਸਿੰਘ ਦੀ ਮੌਤ ਦੀ ਜਾਂਚ ਲਈ ਰਿਟਾਇਡ ਜੱਜ ਜੈਸ਼੍ਰੀ ਠਾਕੁਰ ਦੀ ਪ੍ਰਧਾਨਗੀ ਵਿੱਚ ਕਮੇਟੀ ਦਾ ਗਠਨ ਕਰ ਦਿੱਤਾ ਹੈ। ਪਰ ਇਸ ਦੇ ਨਾਲ ਹੀ ਹਰਿਆਣਾ ਸਰਕਾਰ ਸੁਪਰੀਮ ਕੋਰਟ ਪਹੁੰਚ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਹਰਿਆਣਾ ਸਰਕਾਰ ਪੰਜਾਬ ਹਰਿਆਣਾ ਹਾਈਕੋਰਟ ਦੇ ਫੈਸਲੇ ਦੇ ਖਿਲਾਫ ਅਪੀਲ ਦਾਇਰ ਕੀਤੀ ਸੀ ਪਰ ਹੁਣ ਤੱਕ ਇਸ ਨੂੰ ਲਿਸਟ ਕਰਨ ਦੀ ਮਨਜ਼ੂਰੀ ਨਹੀਂ ਦਿੱਤੀ ਗਈ ਹੈ ਦਰਅਸਲ ਐਕਟਿੰਗ ਚੀਫ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਅਤੇ ਜਸਟਿਸ ਲਪੀਤਾ ਬੈਨਰਜੀ ਨੇ 7 ਫਰਵਰੀ ਨੂੰ ਕਿਸਾਨ ਸ਼ੁਭਕਰਨ ਦੀ ਮੌਤ ਦੀ ਜਾਂਚ ਲਈ ਇੱਕ ਰਿਟਾਇਡ ਜੱਜ ਅਤੇ 2 ਏਡੀਜੀਪੀ ਨੂੰ ਕਮੇਟੀ ਵਿੱਚ ਸ਼ਾਮਲ ਕਰਨ ਦਾ ਹੁਕਮ ਦਿੱਤਾ ਸੀ। ਜਿਸ ਦੇ ਬਾਅਦ ਰਿਟਾਇਡ ਜੱਜ ਜੈਸ਼੍ਰੀ ਠਾਕੁਰ ਦੀ ਪ੍ਰਧਾਨਗੀ ਵਿੱਚ ਕਮੇਟੀ ਦਾ ਗਠਨ ਹੋਇਆ।

ਪੰਜਾਬ ਦੇ ਏਡੀਜੀਪੀ ਪ੍ਰਮੋਦ ਬਾਨ ਅਤੇ ਹਰਿਆਣਾ ਦੇ ਏਡੀਜੀਪੀ ਅਭਿਤਾਭ ਸਿੰਘ ਢਿੱਲੋਂ ਨੂੰ ਇਸ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ। ਹਾਈਕੋਰਟ ਵੱਲੋਂ ਕਮੇਟੀ ਨੂੰ 1 ਮਹੀਨੇ ਦੇ ਅੰਦਰ ਜਾਂਚ ਰਿਪੋਰਟ ਦਾਖਲ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਜਾਂਚ ਵਿੱਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਪੰਜਾਬ ਜਾਂ ਹਰਿਆਣਾ ਪੁਲਿਸ ਨੂੰ ਪੀੜਤ ਦੀ ਮੌਤ ਦੀ ਜਾਂਚ ਦਾ ਅਧਿਕਾਰ ਹੋਵੇਗਾ? ਸ਼ੁਭਕਰਨ ਦੀ ਮੌਤ ਦਾ ਕਾਰਨ ਕੀ ਸੀ? ਕਿਸ ਤਰ੍ਹਾਂ ਦੇ ਹਥਿਆਰ ਵਿੱਚ ਗੋਲੀ ਜਾਂ ਪੈਲੇਟ ਦੀ ਵਰਤੋਂ ਕੀਤੀ ਗਈ? ਕਿਸਾਨਾਂ ਨੂੰ ਰੋਕਣ ਦੇ ਲਈ ਜਿਹੜਾ ਤਰੀਕਾ ਵਰਤਿਆ ਗਿਆ ਹੈ ਉਹ ਠੀਕ ਹੈ? ਪੀੜਤ ਪਰਿਵਾਰ ਦਾ ਮੁਆਵਜ਼ਾ ਕਿੰਨਾ ਮਿਲੇ?

ਪੰਜਾਬ ਹਰਿਆਣਾ ਹਾਈਕੋਰਟ ਦੀ ਕਮੇਟੀ 1 ਮਹੀਨੇ ਅੰਦਰ ਆਪਣੀ ਰਿਪੋਰਟ ਸੌਂਪੇਗੀ। ਇਸ ਦੇ ਨਾਲ ਹੀ ਕਮੇਟੀ ਨੂੰ ਤੈਅ ਕੀਤੇ ਗਏ ਪੁਆਇੰਟਸ ਦਾ ਪਤਾ ਲਗਾਉਣ ਅਤੇ ਬੈਠਕ ਕਰਨ ਅਤੇ ਸਾਈਟ ਦਾ ਦੌਰਾ ਕਰਨ ਦਾ ਅਧਿਕਾਰ ਵੀ ਦਿੱਤਾ ਗਿਆ ਹੈ। ਪੰਜਾਬ ਪੁਲਿਸ ਨੇ ਸ਼ੁਰੂਆਤ ਵਿੱਚ ਜ਼ੀਰੋ ਐਫਆਈਆਰ ਦਰਜ ਕਰਕੇ ਮਾਮਲੇ ਦੀ ਜਾਂਚ ਹਰਿਆਣਾ ਪੁਲਿਸ ਨੂੰ ਟਰਾਂਸਫਰ ਕਰ ਦਿੱਤੀ ਸੀ। ਇਸ ਸਬੰਧ ਵਿੱਚ ਹਾਈਕੋਰਟ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਜਾਂਚ ਤੋਂ ਹੱਥ ਹਟਾ ਰਹੀ ਹੈ। ਉਧਰ ਹਾਈਕੋਰਟ ਨੇ ਇਸ ਦਾਅਵੇ 'ਤੇ ਵੀ ਸਵਾਲ ਚੁੱਕੇ ਸਨ ਕਿ ਹਰਿਆਣਾ ਦੇ ਵੱਲੋਂ ਪੁਲਿਸ ਮੁਲਾਜ਼ਮਾਂ ਨੇ ਕਿਸਾਨਾਂ ਖਿਲਾਫ ਕਾਰਵਾਈ ਵਿੱਚ ਸਿਰਫ਼ ਰਬੜ ਦੀਆਂ ਗੋਲੀਆਂ ਵਰਤੀਆਂ ਸਨ।

ਬਠਿੰਡਾ ਦੇ ਕਿਸਾਨ ਸ਼ੁਭਕਰਨ ਸਿੰਘ ਦੀ 21 ਫਰਵਰੀ ਖਨੌਰੀ ਸਰਹੱਦ 'ਤੇ ਹਰਿਆਣਾ ਪੁਲਿਸ ਵੱਲੋਂ ਚੱਲੀ ਗਈ ਗੋਲੀ ਨਾਲ ਮੌਤ ਹੋ ਗਈ ਸੀ। ਪੋਸਟਮਾਰਟਮ ਰਿਪੋਰਟ ਵਿੱਚ ਇਸ ਦੀ ਪੁਸ਼ਟੀ ਕੀਤੀ ਗਈ ਹੈ। ਜਿਸ ਤੋਂ ਬਾਅਦ ਹੀ ਪੰਜਾਬ ਹਰਿਆਣਾ ਹਾਈਕੋਰਟ ਨੇ ਜੁ ਜਾਂਚ ਦੇ ਨਿਰਦੇਸ਼ ਦਿੱਤੇ ਸਨ।

# 12 ਮਈ ਤੋਂ ਇੰਗਲੈਂਡ 'ਚ ਸ਼ੁਰੂ ਹੋਣ ਵਾਲੇ ਟੂਰਨਾਮੈਂਟਾਂ 'ਚ ਹਿੱਸਾ ਲੈਣ ਵਾਲੇ ਖਿਡਾਰੀ ਹੋਲਾ ਮਹੱਲਾ ਟੂਰਨਾਮੈਂਟ ਖੇਡਣਗੇ - ਫੈਡਰੇਸ਼ਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦਾ ਕਬੱਡੀ ਸੀਜ਼ਨ 12 ਮਈ ਤੋਂ ਬ੍ਰੈਡਫੋਰਡ ਤੋਂ ਸ਼ੁਰੂ ਹੋਣ ਜਾ ਰਿਹਾ ਹੈ ਜੋ 4 ਅਗਸਤ ਤੱਕ ਡਰਬੀ ਟੂਰਨਾਮੈਂਟ ਤੱਕ ਚੱਲਣ-ਗੇ। ਜਿਸ ਵਿੱਚ ਚੋਟੀ ਦੇ ਕਬੱਡੀ ਖਿਡਾਰੀ ਇਸ ਵਾਰ ਹਿੱਸਾ ਲੈ ਰਹੇ ਹਨ।



ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ, ਕੇਵਲ ਸਿੰਘ ਰਣਦੇਵਾ, ਸੁਰਿੰਦਰ ਸਿੰਘ ਮਾਣਕ ਅਤੇ ਕੁਲਵੰਤ ਸਿੰਘ ਸੰਘਾ

ਇੰਗਲੈਂਡ ਕਬੱਡੀ ਫੈਡਰੇਸ਼ਨ ਯ ਕੇ ਦੇ ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ, ਚੇਅਰਮੈਨ ਕੇਵਲ ਸਿੰਘ ਰਣਦੇਵਾ, ਜਨਰਲ ਸਕੱਤਰ ਸੁਰਿੰਦਰ ਸਿੰਘ ਮਾਣਕ ਅਤੇ ਜਨਰਲ ਸਕੱਤਰ ਕੁਲਵੰਤ ਸਿੰਘ ਸੰਘਾ ਨੇ ਕਿਹਾ ਕਿ 2024 ਦਾ ਕਬੱਡੀ ਸੀਜ਼ਨ ਕਬੱਡੀ ਪ੍ਰੇਮੀਆਂ ਲਈ ਪੂਰੀ ਖਿਚ ਦਾ ਕੇਂਦਰ ਰਹੇਗਾ। ਇਸ ਵਾਰ ਟੂਰਨਾਮੈਂਟ ਤਾਰੀਖਾਂ ਦਾ ਪਹਿਲਾਂ ਐਲਾਨ ਹੋਣ ਕਰਕੇ ਪ੍ਰਬੰਧਾਂ ਲਈ ਢੁਕਵਾਂ ਸਮਾਂ ਹੈ। ਪ੍ਰਧਾਨ ਰਸ਼ਪਾਲ ਸਿੰਘ ਨੇ ਕਿਹਾ ਕਿ ਇੰਗਲੈਂਡ ਖੇਡਣ ਆਉਣ ਵਾਲੇ ਖਿਡਾਰੀਆਂ ਦਾ ਸ੍ਰੀ ਅਨੰਦਪੁਰ ਸਾਹਿਬ ਵਿਖੇ 25-26 ਮਾਰਚ ਨੂੰ ਹੋਣ ਵਾਲੀ ਹੋਲਾ ਮਹੱਲਾ ਕਬੱਡੀ ਚੈਂਪੀਅਨਸ਼ਿਪ ਵਿੱਚ ਭਾਗ ਲੈਣਾ ਜਰੂਰੀ ਹੈ।

## ਜੇ ਸੁਖਬੀਰ ਬਾਦਲ ਨੇ ਕਿਸਾਨਾਂ- ਬੰਦੀ ਸਿੰਘਾਂ ਦੀਆਂ ਛਾਤੀਆਂ ਟੱਪਕੇ ਭਾਜਪਾ ਨਾਲ਼ ਸਮਝੌਤਾ ਕੀਤਾ ਤਾਂ ਵਿਰੋਧ ਹੋਵੇਗਾ : ਭਾਈ ਮੋਹਕਮ ਸਿੰਘ

ਚੰਡੀਗੜ੍ਹ - ਸਰਬੱਤ ਖਾਲਸਾ ਦੇ ਮੁੱਖ ਪ੍ਰਬੰਧਕਾਂ 'ਚ ਸ਼ਾਮਲ ਯੂਨਾਈਟਿਡ ਅਕਾਲੀ ਦਲ ਦੇ ਆਗੂ ਭਾਈ ਮੋਹਕਮ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ 'ਤੇ ਨਿਸ਼ਾਨਾ

**ਖਾਲਸਾ ਪੰਥ ਤੇ ਪੰਜਾਬੀ ਬਾਦਲ ਨੂੰ ਕਦੇ ਮੁਆਫ਼ ਨਹੀਂ ਕਰਨਗੇ**

ਸਾਧਿਆ। ਉਹਨਾਂ ਨੇ ਕਿਹਾ ਕਿ ਜੇਕਰ ਸੁਖਬੀਰ ਨੇ ਕਿਸਾਨਾਂ ਤੇ ਬੰਦੀ ਸਿੰਘਾਂ ਦੀਆਂ ਛਾਤੀਆਂ ਟੱਪਕੇ ਭਾਜਪਾ ਨਾਲ਼ ਸਮਝੌਤਾ ਕੀਤਾ



ਤਾਂ ਇਹ ਅੱਗ ਨਾਲ਼ ਖੇਡਣ ਵਾਲੀ ਗੱਲ਼ ਹੋਵੇਗੀ। ਮੋਹਕਮ ਸਿੰਘ ਨੇ ਕਿਹਾ ਕਿ ਜੇ ਅਜਿਹਾ ਹੁੰਦਾ ਹੈ ਤਾਂ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ ਜਾਵੇਗਾ। ਉਹਨਾਂ ਕਿਹਾ ਜਿਸ ਤਰ੍ਹਾਂ ਪਹਿਲਾਂ ਬਾਦਲ ਪ੍ਰਵਾਰ ਨੇ ਨਰਿੰਦਰ ਮੋਦੀ ਵਲੋਂ ਲਿਆਂਦੇ ਤਿੰਨ ਕਿਸਾਨ ਮਾਰੂ ਬਿੱਲਾਂ ਦੀ ਹਮਾਇਤ ਕੀਤੀ ਸੀ ਹੁਣ ਫਿਰ ਇੱਕ ਵਾਰ ਕੇਂਦਰ ਵਿਰੁੱਧ ਚੱਲ ਰਹੇ ਕਿਸਾਨੀ ਸੰਘਰਸ਼ ਵਿਰੁੱਧ ਭੁਗਤ ਕੇ ਸੁਖਬੀਰ ਕਿਸਾਨਾਂ ਤੇ ਬੰਦੀ ਸਿੰਘਾਂ ਦੀਆਂ ਛਾਤੀਆਂ ਉਪਰੋਂ ਟੱਪਕੇ ਭਾਜਪ ਨਾਲ਼ ਸਮਝੌਤਾ ਕਰਨ ਜਾ ਰਿਹਾ ਹੈ ਜੇ ਇਹ ਸਮਝੌਤਾ ਅਮਲ ਵਿਚ ਆਉਂਦਾ ਹੈ ਤਾਂ ਅੱਗ ਨਾਲ਼ ਖੇਡਣ ਵਾਲੀ ਗੱਲ਼ ਹੋਵੇਗੀ।

**ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥**

## ਸਿੱਖ ਪੰਥ ਦੇ ਮਹਾਨ ਰਾਗੀ ਤੇ ਢਾਡੀ ਗਿਆਨੀ ਇੰਦਰ ਸਿੰਘ ਜੀ ਬ੍ਰਮਿੰਘਮ ਵਾਲੇ ਅਕਾਲ ਚਲਾਣਾ ਕਰ ਗਏ

## ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 28 ਮਾਰਚ 2024 ਨੂੰ



ਸਵਰਗੀ ਢਾਡੀ ਇੰਦਰ ਸਿੰਘ

ਗਿਆਨੀ ਇੰਦਰ ਸਿੰਘ ਢਾਡੀ ਪੰਜਾਬ ਤੋਂ 1963 ਵਿੱਚ ਯੂ ਕੇ ਆਏ ਸਨ ਅਤੇ 1965 ਵਿੱਚ ਉਨ੍ਹਾਂ ਦਾ ਪਰਿਵਾਰ ਵੀ ਇਥੇ ਆ ਗਿਆ ਸੀ। ਉਹਨਾਂ ਨੇ ਆਪਣਾ ਢਾਡੀ ਜੱਥਾ 1965 ਵਿੱਚ ਸ਼ੁਰੂ ਕੀਤਾ। ਉਸ ਵਕਤ ਸਮੈਦਿਕ ਗੁਰੂ ਘਰ ਦੀ ਸਟੇਜ ਤੇ ਉਹਨਾਂ ਦਾ ਇਹ ਪਹਿਲਾ ਜਥਾ ਸੀ, ਜਿਹੜਾ ਹਫ਼ਤੇ ਵਿੱਚ 2/3 ਵਾਰੀ ਹਾਜ਼ਰੀ ਭਰਦਾ ਸੀ। ਇਸ ਪਿੱਛੋਂ ਉਹਨਾਂ ਨੇ ਹੋਰ ਵੀ ਕਈ ਜਥਿਆਂ ਦੇ ਨਾਲ ਸੇਵਾ ਨਿਭਾਈ। ਪੰਜਾਬ ਤੋਂ ਜਦੋਂ ਵੀ ਕੋਈ ਢਾਡੀ ਜੱਥਾ ਆਉਂਦਾ ਤਾਂ ਉਨ੍ਹਾਂ ਨੂੰ ਆਪਣੇ ਘਰ ਲਿਆ ਕੇ ਉਹਨਾਂ ਦਾ ਆਦਰ ਸਤਿਕਾਰ ਕਰਦੇ ਸਨ ਅਤੇ ਨਾਲ ਸਮੈਦਿਕ ਗੁਰੂ ਘਰ ਦੀ ਸਟੇਜ ਤੋਂ ਉਹਨਾਂ ਦੇ ਨਾਲ ਸੇਵਾ ਵੀ ਨਿਭਾਉਂਦੇ। ਉਹਨਾਂ ਨੇ ਢਾਡੀ ਦਇਆ ਸਿੰਘ ਦਿਲਬਰ ਜੀ ਅਤੇ ਢਾਡੀ ਮੋਹਨ ਸਿੰਘ ਬੀ ਏ ਅਤੇ ਹੋਰ ਬਹੁਤ ਸਾਰੇ ਮਸ਼ਹੂਰ ਜਥਿਆਂ ਦੇ ਨਾਲ ਸਾਰੰਗੀ ਦੀ ਸੇਵਾ ਕੀਤੀ । ਉਹ ਆਪਣੇ ਪਿੱਛੇ ਦੋ ਪੁੱਤਰ ਅਤੇ ਤਿੰਨ ਧੀਆਂ ਛੱਡ ਗਏ ਸਨ । ਉਨ੍ਹਾਂ ਦੀ ਪਤਨੀ ਬੀਬੀ ਆਤਮਾ ਕੌਰ ਦਾ ਦੇਹਾਂਤ ਹੋ ਚੁੱਕਾ ਹੈ ।



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਟੱਲ ਫ਼ੁਰਮਾਨ ਹੈ "ਰਾਣਾ ਰਾਉ ਨ ਕੋ ਰਹੈ ਰੰਗ ਨ ਤੁੰਗੁ ਫਕੀਰੁ।। ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ।।" "ਰੇ ਨਰ ਇਹ ਸਾਚੀ ਜੀਅ ਧਾਰਿ।। ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨਾ ਬਾਰ।।" ਅਕਾਲ ਪੁਰਖ ਦਾ ਸੱਦਾ ਆਉਣ 'ਤੇ ਸਭ ਨੂੰ ਇਥੋਂ ਕੂਚ ਕਰਨਾ ਹੀ ਪੈਂਦਾ ਹੈ। ਇੱਕ ਉਰਦੂ ਦਾ ਸ਼ਾਇਰ ਵੀ ਲਿਖਦਾ ਹੈ, 'ਯੇ ਸ਼ੋਹਰਤ ਇਕ ਹਵਾ ਹੈ, ਜੋ ਬਹੁਤ ਸੇ ਰੁਖ ਬਦਲਤੀ ਹੈ। ਬੋਹਤ ਮਨਜ਼ੂਰੇ ਆਲਿਮ ਭੀ ਨਜ਼ਰ ਸੇ ਹੋ ਗਏ ਓਝਲ ।' ਗਿਆਨੀ ਜੀ ਦੇ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ, ਉਥੇ ਪੰਥ ਤੇ ਢਾਡੀਆਂ ਲਈ ਵੀ ਵੱਡੀ ਥਾਂ ਖਾਲੀ ਹੋ ਗਈ ਹੈ। ਅਸੀਂ ਸਾਰੇ ਰਲ ਕੇ ਸੰਗਤ ਰੂਪ ਵਿੱਚ ਅਰਦਾਸ ਕਰਦੇ ਹਾਂ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਗਿਆਨੀ ਜੀ ਦੀ ਆਤਮਾ ਨੂੰ ਸ਼ਾਂਤੀ ਬਖਸ਼ਿਸ਼ ਕਰਨ ਤੇ ਸਮੁੱਚੇ ਪਰਿਵਾਰ ਨੂੰ ਅਸਹਿ ਸਦਮਾ ਝੱਲਣ ਦੀ ਸ਼ਕਤੀ ਬਖ਼ਸ਼ਣ।

ਵੱਲੋਂ: - ਰਾਗੀ ਗੁਰਮੀਤ ਸਿੰਘ ਸੰਧੂ ਲੈਸਟਰ, ਗਿ: ਬਲਵੰਤ ਸਿੰਘ ਲਿੱਤਰਾਂ, ਗਿ: ਸੁਖਦੇਵ ਸਿੰਘ, ਗਿਆਨੀ ਬਹਾਦਰ ਸਿੰਘ ਰਾਕਟ, ਸ: ਰਾਜਿੰਦਰ ਸਿੰਘ ਪੁਰੇਵਾਲ, ਰਾਗੀ ਹਰਕੇਵਲ ਸਿੰਘ ਮੋਰੋਂਵਾਲੀ ਤੇ ਸਾਰਾ ਪਰਿਵਾਰ

ਗਿਆਨੀ ਇੰਦਰ ਸਿੰਘ ਢਾਡੀ ਦੇ ਪੰਜ ਭੂਤਕ ਸਰੀਰ ਦਾ ਅੰਤਿਮ ਸੰਸਕਾਰ 28 ਮਾਰਚ ਵੀਰਵਾਰ ਨੂੰ ਹੋਵੇਗਾ। ਇਸ ਦਿਨ ਉਨ੍ਹਾਂ ਦੀ ਮ੍ਰਿਤਕ ਦੇਹ ਅੰਤਿਮ ਦਰਸ਼ਨਾਂ ਲਈ ਸਿੰਘ ਸਭਾ ਗੁਰਦੁਆਰਾ, ਸਮਰਸੈਟ ਰੋਡ, ਹੈਂਡਜ਼ਵਰਥ, ਬ੍ਰਮਿੰਘਮ ਵਿਖੇ ਸਵੇਰੇ 10 ਵਜੇ ਲਿਆਂਦੀ ਜਾਵੇਗੀ। ਉਪਰੰਤ ਰਾਉਲੀ ਰੈਗਿਜ਼ ਸ਼ਮਸ਼ਾਨਘਾਟ ਵਿਖੇ 11:30 ਵਜੇ ਅੰਤਿਮ ਸੰਸਕਾਰ ਹੋਵੇਗਾ। ਬਾਅਦ ਵਿੱਚ ਸਿੰਘ ਸਭਾ ਗੁਰਦੁਆਰਾ ਹੈਂਡਜ਼ਵਰਥ ਵਿਖੇ 12:30 ਵਜੇ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਹੋਵੇਗੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

| ਸ਼ਮਸ਼ਾਨਘਾਟ ਦਾ ਪਤਾ: | ਸਿੰਘ ਸਭਾ ਗੁਰਦੁਆਰਾ ਹੈਂਡਜ਼ਵਰਥ, ਬ੍ਰਮਿੰਘਮ ਦਾ ਪਤਾ: |
|---|---|
| ROWLEY REGIS CREMATORIUM, POWKE LANE, ROWLEY REGIS, WEST MIDLANDS, B65 0AD | Singh Sabha Gurudwara Temple, 80 Somerset Road, Handsworth, Birmingham, West Midlands, B20 2JB |

# ਗੁਰਪੁਰਬਾਂ ਦੀਆਂ ਤਰੀਕਾਂ ਪੱਕੀਆਂ ਕਰਨ ਸੰਬੰਧੀ ਡਰਬੀ ਵਿਚ ਸਮਾਗਮ ਕਰਵਾਇਆ ਗਿਆ

**ਡਰਬੀ-ਬੀਤੇ ਦਿਨੀਂ 17 ਮਾਰਚ 2024 ਦਿਨ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਡਰਬੀ ਵਿਖੇ ਗੁਰਪੁਰਬਾਂ ਦੀਆਂ ਤਰੀਕਾਂ ਪੱਕੀਆਂ ਕਰਨ ਸੰਬੰਧੀ ਵੱਡੇ ਪੱਧਰ 'ਤੇ ਸਮਾਗਮ ਕੀਤਾ ਗਿਆ। ਇਹ ਸਮਾਗਮ 'ਫਿਕਸ ਡੇਟ ਗੁਰਪੁਰਬ ਸਭਾ' ਵੱਲੋਂ ਗੁਰਦੁਆਰਾ ਸਾਹਿਬ ਦੀ ਸਮੂਹ ਪ੍ਰੰਬਧਕ ਕਮੇਟੀ ਦੇ ਸਹਿਯੋਗ ਨਾਲ ਸਫਲਤਾ-ਪੂਰਵਕ ਨੇਪਰੇ ਚਾੜਿਆ, ਜਿਸ ਵਿਚ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਹੁੰਮ-ਹੁਮਾਂ ਕੇ ਹਾਜ਼ਰੀਆਂ ਭਰੀਆਂ।**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਗੁਰਬਾਣੀ ਪਾਠ ਅਤੇ ਰਸਭਿੰਨਾ ਕੀਰਤਨ ਕੀਤਾ ਗਿਆ। ਉਪਰੰਤ 'ਫਿਕਸ ਡੇਟ ਗੁਰਪੁਰਬ ਸਭਾ' ਦੇ ਪ੍ਰਧਾਨ ਸ: ਰਜਿੰਦਰ ਸਿੰਘ ਰਾਏ, ਚੇਅਰਪਰਸਨ ਬੀਬੀ ਹਰਿੰਦਰ ਕੌਰ (ਕੈਂਬਰਲੇਅ), ਮੀਤ ਪ੍ਰਧਾਨ ਸ: ਜੁਝਾਰ ਸਿੰਘ ਅਤੇ ਜਨਰਲ ਸਕੱਤਰ ਸ: ਜਸਮਿੰਦਰ ਸਿੰਘ ਗਰੇਵਾਲ ਦੀ ਅਗਵਾਈ ਵਾਲੇ ਇਸ ਸਮਾਗਮ ਦੀ ਅਰੰਭਤਾ ਸ: ਰਜਿੰਦਰ ਸਿੰਘ ਪੁਰੇਵਾਲ (ਸੰਪਾਦਕ, ਪੰਜਾਬ ਟਾਈਮਜ਼) ਵੱਲੋਂ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਪੰਥਕ ਬੁਲਾਰਿਆਂ ਵੱਲੋਂ ਗੁਰਪੁਰਬਾਂ ਦੀਆਂ ਤਰੀਕਾਂ ਸੰਬੰਧੀ ਆਈਆਂ ਮੁਸ਼ਕਲਾਂ ਬਾਰੇ ਵੀਚਾਰਾਂ ਕੀਤੀਆਂ ਗਈਆਂ। ਉਹਨਾਂ ਕਿਹਾ ਕਿ ਕੁੱਝ ਗੁਰਪੁਰਬਾਂ ਦੀਆਂ ਤਰੀਕਾਂ ਨਿਸ਼ਚਿਤ ਨਾ ਹੋਣ ਕਾਰਨ ਵਿਦੇਸ਼ਾਂ ਵਿਚ ਅਸੀਂ ਹਾਸੇ ਦੇ ਪਾਤਰ ਬਣ ਰਹੇ ਹਾਂ। ਇਸ ਸੰਬੰਧੀ ਸਾਡੇ ਬੱਚੇ ਵੀ ਹੈਰਾਨੀ ਪ੍ਰਗਟ ਕਰਦੇ ਹਨ ਕਿ ਉਹਨਾਂ ਦਾ ਜਨਮ ਦਿਨ ਤਾਂ ਸਾਲ ਵਿਚ ਇਕ ਵਾਰ ਆਉਂਦਾ ਹੈ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਾਵਨ ਪ੍ਰਕਾਸ਼ ਪੁਰਬ ਕਦੀ ਸਾਲ ਵਿਚ ਦੋ ਵਾਰ ਆ ਜਾਂਦਾ ਹੈ ਅਤੇ ਕਦੀ ਇਕ ਸਾਲ ਵਿਚ ਇਕ ਵਾਰ ਵੀ ਨਹੀਂ ਆਉਂਦਾ। ਕਈ ਵਾਰ ਪ੍ਰਕਾਸ਼ ਪੁਰਬ ਅਤੇ ਸ਼ਹੀਦੀ ਪੁਰਬ ਇਕੱਠੇ ਵੀ ਆ ਜਾਂਦੇ ਹਨ। ਗੁਰਪੁਰਬਾਂ ਨੂੰ ਮਨਾਉਣ ਸਮੇਂ ਵੱਖਵੱਖ ਕੈਲੰਡਰਾਂ ਦੀਆਂ ਤਰੀਕਾਂ ਹੋਣ ਕਾਰਨ ਗੁਰਦੁਆਰੇ ਸਾਹਿਬਾਨਾਂ ਦੇ ਪ੍ਰਬੰਧਕਾਂ ਵਿਚ ਵੀ ਧੜੇਬੰਦੀਆਂ ਵੱਧ ਰਹੀਆਂ ਹਨ, ਜੋ ਕਿ ਸਿੱਖ ਕੌਮ ਲਈ ਘਾਤਕ ਸਾਬਤ ਹੋ ਰਹੀਆਂ ਹਨ। ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਹਿਜਰੀ ਅਤੇ ਬਿਕਰਮੀ ਦੋਵੇਂ ਕੈਲੰਡਰਾਂ ਦੀਆਂ ਤਰੀਕਾਂ ਵਰਤਣ ਨਾਲ ਸਾਡੇ ਇਤਿਹਾਸਕ ਪੁਰਬਾਂ ਦਾ ਇਤਿਹਾਸ ਅੱਗੇ-ਪਿਛੇ ਹੋ ਰਿਹਾ ਹੈ, ਜਿਸ ਨਾਲ ਸਾਡੇ ਅਸਲ ਇਤਿਹ-ਾਸ ਵਿਚ ਦੁਬਿਧਾ ਪੈਦਾ ਹੋ ਰਹੀ ਹੈ। ਇਸ ਤੋਂ ਇਲਾਵਾ ਸੰਨ 2003 ਤੋਂ ਪਹਿਲਾਂ ਵਾਲਾ ਕੈਲੰਡਰ 72 ਸਾਲਾਂ ਵਿਚ 1 ਦਿਨ ਅੱਗੇ ਚਲਾ ਜਾਂਦਾ ਹੈ, ਜਿਸ ਕਾਰਨ ਸਾਡੇ ਮੌਸਮੀ ਪੁਰਬ ਅਸਲ ਸਮੇਂ ਦੇ ਮੌਸਮ ਤੋਂ ਬਹੁਤ ਦੂਰ ਹੁੰਦੇ ਜਾ ਰਹੇ ਹਨ। ਇਸ ਦਾ ਹੱਲ ਸੰਨ 2003 ਵਿਚ ਲਾਗੂ ਕੀਤਾ ਗਿਆ ਕੈਲੰਡਰ ਹੈ, ਜਿਸ ਵਿਚ 3300 ਸਾਲਾਂ ਬਾਅਦ 1 ਦਿਨ ਅੱਗੇ ਜਾਂਦਾ ਹੈ, ਜੋ ਸਮੁੱਚੇ ਸੰਸਾਰ ਦੀ ਸਮੱਸਿਆ ਹੈ। ਸੰਨ 2009 ਵਿਚ ਉਸ ਕੈਲੰਡਰ ਨੂੰ ਰੱਦ ਕਰਨਾ ਕੋਈ ਠੋਸ ਹੱਲ ਨਹੀਂ ਹੈ, ਉਸ ਵਿਚ ਲੋੜੀਦੀਆਂ ਸੋਧਾਂ ਕੀਤੀਆਂ ਜਾ ਸਕਦੀਆਂ ਹਨ। ਮੂਲ ਨਾਨਕਸ਼ਾਹੀ ਕੈਲੰਡਰ ਸਾਡੀ ਰਾਜਸੀ ਹਸਤੀ ਅਤੇ ਕੌਮੀ ਅਜ਼ਾਦੀ ਦਾ ਵੀ ਪ੍ਰਤੀਕ ਹੈ। ਸਮਾਗਮ ਦੌਰਾਨ ਪ੍ਰਧਾਨ ਸ: ਰਜਿੰਦਰ ਸਿੰਘ ਰਾਏ ਨੇ ਆਪਣੇ ਵੀਚਾਰ ਪ੍ਰਗਟ ਕਰਦਿਆਂ ਸੰਗਤਾਂ ਨੂੰ ਦੱਸਿਆ ਕਿ ਅਸੀਂ ਪਿਛਲੇ ਸਾਲ ਉਚੇਚੇ ਤੌਰ 'ਤੇ ਇਹ ਕੌਮੀ ਦਰਦ ਲੈ ਕੇ ਇੰਗਲੈਂਡ ਦੀ ਧਰਤੀ ਤੋਂ ਚੱਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,



ਅੰਮ੍ਰਿਤਸਰ ਦੇ ਮੌਜੂਦਾ ਪ੍ਰਧਾਨ ਸ: ਹਰਜਿੰਦਰ ਸਿੰਘ ਧਾਮੀ ਤੱਕ ਪਹੁੰਚ ਕੀਤੀ ਸੀ। ਅਸੀਂ ਉਹਨਾਂ ਨੂੰ ਯਕੀਨ ਦਿਵਾਇਆ ਕਿ ਅਸੀਂ ਇੰਗਲੈਂਡ ਦੀ ਨਿਰੋਲ ਸਾਧਸੰਗਤ ਅਤੇ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧ ਚਲਾਉਣ ਵਾਲੇ ਆਮ ਗੁਰਸਿੱਖ ਹਾਂ। ਸਾਡਾ ਕਿਸੇ ਵੀ ਵਿਸ਼ੇਸ਼ ਸੰਸਥਾ ਜਾਂ ਜਥੇਬੰਦੀ ਨਾਲ ਕੋਈ ਸੰਬੰਧ ਨਹੀਂ ਹੈ। ਸਾਰੀ ਸਿੱਖ ਕੌਮ ਹੀ ਸਾਡੀ ਧਾਰਮਿਕ ਸੰਸਥਾ ਹੈ। ਸਾਡਾ ਕੌਮੀ ਦਰਦ ਇਹ ਹੈ ਕਿ ਅਸੀਂ ਇਥੇ ਕਿਸੇ ਵੀ ਕੈਲੰਡਰ ਦੀ ਪ੍ਰੋੜਤਾ ਜਾਂ ਵਿਰੋਧ ਕਰਨ ਨਹੀਂ ਆਏ। ਅਸੀਂ ਸਿਰਫ ਗੁਰਪੁਰਬਾਂ ਦੀਆਂ ਪੱਕੀਆਂ ਤਰੀਕਾਂ ਨਿਸ਼ਚਿਤ ਕਰਨ ਲਈ ਬੇਨਤੀ ਕਰਨ ਆਏ ਹਾਂ। ਪੱਕੀਆਂ ਤਰੀਕਾਂ ਦਾ ਇਕ ਹੋਰ ਵੱਡਾ ਲਾਭ ਕੌਮ ਨੂੰ ਇਹ ਹੋਵੇਗਾ ਕਿ ਬਾਕੀ ਕੌਮਾਂ ਵਾਂਙ ਅਸੀਂ ਵਿਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਸਰਕਾਰੀ ਛੁੱਟੀਆਂ ਲੈ ਸਕਦੇ ਹਾਂ ਅਤੇ ਉਸ ਦਿਨ ਦੀ ਮਹਾਨਤਾ ਦੱਸ ਕੇ ਆਪਣੇ ਬੱਚਿਆਂ ਤੇ ਵਿਦੇਸ਼ੀ ਲੋਕਾਂ ਨੂੰ ਵੀ ਸਿੱਖ ਕੌਮ ਦੇ ਲਾਸਾਨੀ ਇਤਿਹਾਸ ਬਾਰੇ ਵੱਡੇ ਪੱਧਰ 'ਤੇ ਜਾਣਕਾਰੀ ਮੁਹੱਈਆ ਕਰਵਾ ਸਕਦੇ ਹਾਂ। ਉਨਾਂ ਦਸਿਆ ਕਿ ਇਸ ਵਾਰ ਫਿਰ ਸੰਗਤ ਦੀ ਬੇਨਤੀ 'ਤੇ ਪ੍ਰਧਾਨ (ਸ਼੍ਰੋ: ਗੁ: ਕਮੇਟੀ) ਨੂੰ ਚਿੱਠੀ ਭੇਜ ਕੇ ਗੁਰਪੁਰਬਾਂ ਦੀਆਂ ਤਰੀਕਾਂ ਪੱਕੀਆਂ ਕਰਨ ਦੀ ਮੰਗ ਯਾਦ ਕਰਾਈ ਜਾਵੇਗੀ।

ਇਸ ਮੌਕੇ ਪ੍ਰਧਾਨ ਸ: ਰਜਿੰਦਰ ਸਿੰਘ ਰਾਏ ਤੋਂ ਇਲਾਵਾ ਸ: ਰਜਿੰਦਰ ਸਿੰਘ ਪੁਰੇਵਾਲ, ਡਾ: ਦਲਜੀਤ ਸਿੰਘ ਵਿਰਕ, ਚੰਦਰ ਸ਼ੇਖਰ ਗੁਰੂ (ਸੁਪਰੀਮ ਸਿੱਖ ਕੌਂਸਲ), ਜਨਰਲ ਸਕੱਤਰ ਸ: ਜਸਮਿੰਦਰ ਸਿੰਘ ਗਰੇਵਾਲ, ਸ: ਮਨਜੀਤ ਸਿੰਘ ਬਰਾੜ (ਮੀਤ ਪ੍ਰਧਾਨ ਗੁ: ਸਾਹਿਬ ਹੰਸਲੋਅ), ਗਿਆਨੀ ਅੰਮ੍ਰਿਤਪਾਲ ਸਿੰਘ, ਬੀਬੀ ਪਰਮਜੀਤ ਕੌਰ (ਆਈਜ਼ਲਵਰਥ), ਬੀਬੀ ਭਿੰਦਰ ਕੌਰ, ਸ: ਬਲਰਾਜ ਸਿੰਘ ਚੀਮਾ, ਸ: ਨਿਰਪਾਲ ਸਿੰਘ ਆਦਿ ਅਨੇਕਾਂ ਪੰਥਕ ਬੁਲਾਰਿਆਂ ਨੇ ਕੌਮੀ ਅਜ਼ਾਦ ਹਸਤੀ ਅਤੇ ਰਾਜਸੀ ਤਾਕਤ ਦਾ ਪ੍ਰਤੀਕ ਮੂਲ ਨਾਨਕਸ਼ਾਹੀ ਕੈਲੰਡਰ ਦੇ ਹੱਕ ਵਿਚ ਦਲੀਲ-ਭਰਪੂਰ ਵੀਚਾਰ ਸਾਂਝੇ ਕੀਤੇ। ਇਸ ਸਮੇਂ ਇੰਗਲੈਂਡ ਦੇ ਜੰਮੇ-ਪਲੇ ਬੱਚਿਆਂ ਨੇ ਵੀ ਇਸ ਮੁੱਦੇ ਦੀ ਗੰਭੀਰਤਾ ਨੂੰ ਮੁੱਖ ਰੱਖਦਿਆਂ ਆਪਣੇ ਵੀਚਾਰ ਰੱਖੇ, ਜਿਹਨਾਂ ਵਿਚ ਬੱਚਾ ਪ੍ਰਭਨੂਰ ਸਿੰਘ, ਬੱਚੀ ਇਸ਼ਪ੍ਰੀਤ ਕੌਰ ਤੇ ਬੱਚਾ ਅਮਨਵੀਰ ਸਿੰਘ ਪ੍ਰਮੁੱਖ ਹਨ। ਸਾਰੇ ਬੁਲਾਰੇ ਅਤੇ ਸੰਗਤਾਂ ਵੱਲੋਂ ਇਹ ਆਮ ਸਹਿਮਤੀ ਦਿੱਤੀ ਗਈ ਕਿ ਸਿੱਖ ਕੌਮ ਇਕ ਨਿਆਰੀ ਕੌਮ ਹੈ, ਜਿਸ ਦੀ ਆਪਣੀ ਨਿਵੇਕਲੀ ਹਸਤੀ ਹੈ। ਇਸ ਦੀ ਵਿਲੱਖਣਤਾ ਨੂੰ ਕਾਇਮ ਰੱਖਣ ਲਈ ਇਕ ਨਿਸ਼ਚਿਤ ਤਰੀਕਾਂ ਵਾਲੇ ਕੈਲੰਡਰ ਦੀ ਬਹੁਤ ਜ਼ਰੂਰਤ ਹੈ। ਨਿਸ਼ਚਿਤ ਤਰੀਕਾਂ ਨਾਲ ਜਿੱਥੇ ਸੰਗਤਾਂ ਇਕ-ਜੁੱਟ ਹੋ ਕੇ ਇਕੋ ਦਿਨ ਆਪਣੇ ਪਾਵਨ ਪੁਰਬ ਮਨਾਉਣਗੀਆਂ, ਉਥੇ ਕੈਲੰਡਰ ਦੇ ਮਸਲੇ 'ਤੇ ਪਈਆਂ ਧੜੇਬੰਦੀਆਂ ਵੀ ਖਤਮ ਹੋਣਗੀਆਂ। ਸਾਨੂੰ ਹਰ ਸਾਲ ਸਰਕਾਰੀ ਛੁੱਟੀਆਂ ਦਾ ਲਾਭ ਵੀ ਮਿਲੇਗਾ, ਜਿਸ ਨਾਲ ਹੋਰ ਮੱਤਾਂ ਦੇ ਲੋਕ ਵੀ ਸਾਡੀ ਲਾਸਾਨੀ ਕੌਮ ਦੇ ਇਤਿਹਾਸ ਅਤੇ ਮਨੁੱਖਤਾ ਦੇ ਭਲੇ ਵਾਲੀ ਸਰਬਸਾਂਝੀ ਵੀਚਾਰਧਾਰਾ ਗੁਰਬਾਣੀ ਬਾਰੇ ਜਾਨਣ ਲਈ ਉਤਸੁੱਕ ਹੋਣਗੇ। ਅਖੀਰ ਵਿਚ 'ਸੁੱਚਾ ਸਿੰਘ ਕਰਤਾਰ ਕੌਰ ਗੁਰ-ਮਤਿ ਸਿੱਖਿਆ ਕੇਂਦਰ' (ਮਿੱਠਾਪੁਰ, ਜਲੰਧਰ) ਦੇ ਸੰਚਾਲਕ ਸ: ਜਸਵਿੰਦਰ ਸਿੰਘ, ਬੀਬੀ ਹਰਿੰਦਰ ਕੌਰ (ਕੈਂਬਰਲੇਅ) ਅਤੇ ਸਮੁੱਚੀਆਂ ਸੰਗਤਾਂ ਵੱਲੋਂ ਸੰਮਤ 556 ਦਾ ਮੂਲ ਨਾਨਕਸ਼ਾਹੀ ਕੈਲੰਡਰ ਵੀ ਰਿਲੀਜ਼ ਕੀਤਾ ਗਿਆ। ਉਹਨਾਂ ਸੰਗਤਾਂ ਨੂੰ ਦੱਸਿਆ ਕਿ ਆਪਣੇ ਬਜ਼ੁਰਗਾਂ ਦੀ ਯਾਦ ਵਿਚ ਅਰੰਭ ਕੀਤੇ 'ਸੁੱਚਾ ਸਿੰਘ ਕਰਤਾਰ ਕੌਰ ਗੁਰ-ਮਤਿ ਸਿੱਖਿਆ ਕੇਂਦਰ' (ਮਿੱਠਾਪੁਰ, ਜਲੰਧਰ) ਵਿਖੇ ਹਰ ਰੋਜ਼ ਬੱਚਿਆਂ ਤੇ ਆਮ ਸੰਗਤਾਂ ਲਈ ਗੁਰਬਾਣੀ ਸੰਥਿਆ, ਗੁਰਬਾਣੀ ਵੀਚਾਰ, ਸਿੱਖ-ਇਤਿਹਾਸ ਤੇ ਗੁਰਮਤਿ ਵੀਚਾਰਧਾਰਾ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇੱਥੇ ਗੁਰਬਾਣੀ ਕੀਰਤਨ ਤੇ ਤਬਲਾ ਵੀ ਸਿਖਾਇਆ ਜਾਂਦਾ ਹੈ। ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਪੰਜਾਬੀ, ਇੰਗਲਿਸ਼, ਸਾਇੰਸ, ਹਿਸਾਬ ਤੇ ਹੋਰ ਅਨੇਕਾਂ ਵਿਸ਼ੇ ਪੜ੍ਹਾਏ ਜਾਂਦੇ ਹਨ। ਨੈਤਿਕ ਕਦਰਾਂ-ਕੀਮਤਾਂ ਤੇ ਸ਼ਖ਼ਸੀਅਤ ਉਸਾਰੀ ਦੀਆਂ ਵਿਸ਼ੇਸ਼ ਕਲਾਸਾਂ ਲਗਦੀਆਂ ਹਨ।

ਗਤਕਾ ਤੇ ਦਸਤਾਰ ਸਜਾਉਣ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ। ਰੋਜ਼ਾਨਾ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੜੀਵਾਰ ਕਥਾ, ਹਰ ਵੀਰਵਾਰ ਇਸਤਰੀ ਸਤਿਸੰਗ ਸਮਾਗਮ ਤੇ ਕੁੱਝ ਕਲਾਸਾਂ ਦਾ ਲਾਈਵ ਪ੍ਰਸਾਰਨ ਸੰਸਥਾ ਦੇ ਯੂ-ਟਿਊਬ ਚੈਨਲ ਅਤੇ ਫੇਸਬੁੱਕ ਉਪਰ ਕੀਤਾ ਜਾਂਦਾ ਹੈ। ਜਲਦੀ ਹੀ ਕੰਪਿਊਟਰ ਤੇ ਸਿਲਾਈ ਕਲਾਸਾਂ ਵੀ ਅਰੰਭ ਕੀਤੀਆਂ ਜਾ ਰਹੀਆਂ ਹਨ। ਸਾਰੀਆਂ ਨਿਸ਼ਕਾਮ ਕਲਾਸਾਂ ਸੰਗਤਾਂ ਦੇ ਸਹਿਯੋਗ ਨਾਲ ਲਗਦੀਆਂ ਹਨ। ਆਪ ਜੀ ਆਪਣੇ ਪੰਜਾਬ ਦੇਸ ਦੇ ਭਵਿੱਖ ਨੂੰ ਬਚਾਉਣ ਲਈ ਇਸ ਵਿਚ ਤਨ-ਮਨ-ਧਨ ਰਾਹੀਂ ਜ਼ਰੂਰ ਹਿੱਸਾ ਪਾਉ ਜੀ।

ਸਮਾਗਮ ਉਪਰੰਤ ਸ: ਰਜਿੰਦਰ ਸਿੰਘ ਰਾਏ ਵੱਲੋਂ ਆਈਆਂ ਸੰਗਤਾਂ ਦਾ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਹੰਸਲੋਅ ਤੋਂ ਆਈਆਂ ਸੰਗਤਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਸਮਾਗਮ ਦੀ ਵੀਡੀਓ ਕਵਰੇਜ ਯੂਕੇ ਦੇ ਟੀਵੀ ਚੈਨਲ ਪੀ. ਬੀ. ਸੀ. (ਪੰਜਾਬ ਬ੍ਰਾਡਕਾਸਟਿੰਗ ਕਾਰਪੋਰੇਸ਼ਨ) ਦੇ ਸੰਚਾਲਕ ਸ: ਸੰਦੀਪ ਸਿੰਘ ਅਤੇ ਬੀਬੀ ਇੰਦਰਜੀਤ ਕੌਰ ਵੱਲੋਂ ਕੀਤੀ ਗਈ। ਸਾਰੇ ਸਮਾਗਮ ਦੌਰਾਨ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ।

ਲੇਖਕਾਂ ਨੂੰ ਬੇਨਤੀ ਹੈ ਕਿ ਅਜਿਹੇ ਲੇਖ ਲਿਖੋ, ਤੇ ਸਾਹਿਤ ਰਚੋ, ਜਿਹਨਾਂ ਦੇ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਆਂ ਦੀ ਸਰਬ-ਪੱਖੀ ਉਨਤੀ, ਤਰੱਕੀ ਹੋਵੇ ਅਤੇ ਲੋਕਾਂ ਦਾ ਬੌਧਿਕ ਵਿਕਾਸ ਹੋਵੇ । ਕੇਵਲ ਨਿੰਦਿਆ ਕਰਨ ਵਾਲੀ ਨੀਤੀ ਤੋਂ ਗੁਰੇਜ਼ ਕੀਤਾ ਜਾਵੇ । ਜੇ ਕਿਸੇ ਵਿਅਕਤੀ ਵਿਸ਼ੇਸ਼ ਦੇ ਗਲਤ ਜਾਂ ਸਮਾਜ ਵਿਰੋਧੀ ਕੰਮਾਂ ਦੀ ਵਿਆਖਿਆ ਕਰਨੀ ਬਹੁਤ ਜ਼ਰੂਰੀ ਹੋਵੇ ਤਾਂ ਉਹ ਤੱਥਾਂ ਅਤੇ ਸਬੂਤਾਂ 'ਤੇ ਅਧਾਰਿਤ ਹੋਵੇ।

## ਚੌਪਹਿਰਾ ਸਾਹਿਬ ਦੇ ਬਹਾਨੇ ਅਨੰਦ ਕਾਰਜ ਅਤੇ ਸ਼ਹੀਦੀ ਸਮਾਗਮ ਰੋਕਣਾ ਨਿਖੇਧੀਜਨਕ - ਯੂਨਾਈਟਿਡ ਖਾਲਸਾ ਦਲ

## ਸਿਧਾਂਤਹੀਨ ਵਰਤਾਰੇ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਕੀਤਾ ਗਿਆ ਸੂਚਿਤ



ਲੰਡਨ - ਗੁਰਬਾਣੀ ਪੜਨੀ,ਗੁਰਬਾਣੀ ਸੁਣਨੀ ਹਰ ਸਿੱਖ ਲਈ ਬਹੁਤ ਜਰੂਰੀ ਹੈ। ਸੰਗਤੀ ਰੂਪ ਵਿੱਚ ਗੁਰਬਾਣੀ ਪੜਨ ਸੁਣਨ ਵਾਸਤੇ ਵੱਖ ਵੱਖ ਗੁਰਦੁਵਾਰਾ ਸਾਹਿਬ ਵਿੱਚ ਚੌਪਹਿਰੇ ਸ਼ੁਰੂ ਕੀਤੇ ਹੋਏ ਹਨ ਜੋ ਕਿ ਨਿਰਸੰਦੇਹ ਬਹੁਤ ਚੰਗੀ ਗੱਲ ਹੈ।ਕਿਉਂ ਕਿ ਗੁਰਬਾਣੀ ਦਾ ਜਾਪ ਜਿੰਨਾ ਹੋਵੇ ਚੰਗੇ ਭਾਗਾਂ ਦੀ ਨਿਸ਼ਾਨੀ ਅਤੇ ਅਕਾਲ ਪੁਰਖ ਵਾਹਿਗੁਰੂ ਜੀ ਦੀ ਬਖਸ਼ਿਸ਼ ਹੈ ।ਪਰ ਇੱਕ ਅਜਿਹੀ ਹਿਰਦਵੇਦਕ ਘਟਨਾ ਗੁਰਦ-ਵਾਰਾ ਗੁਰੂਆਣਾ ਸਾਹਿਬ, ਵੈਰੋਨੰਗਲ ਤੋਂ ਸਾਹਮਣੇ ਆਈ ਹੈ ਜੋ ਕਿ ਕਿਸੇ ਵੀ ਅਜਾਦੀ ਪਸੰਦ ਸਿੱਖ ਦੇ ਬਰਦਾਸ਼ਤ ਕਰਨ ਯੋਗ ਨਹੀਂ ਹੈ। ਇਸ ਗੁਰਦਵਾਰਾ ਸਾਹਿਬ ਵਿੱਚ ਇੱਕ ਬੱਚੀ ਦਾ ਅਨੰਦ ਕਾਰਜ ਕਰਨ ਤੋਂ ਜਵਾਬ ਦੇ ਦਿੱਤਾ ਗਿਆ। ਬਹੁਤ ਗਰੀਬ ਅਤੇ ਸਖਤ ਮਿਹਨਤ ਕਰਨ ਵਾਲੇ ਮਜ਼ਬੀ ਸਿੰਘ ਦਾ ਪੰਜ ਧੀਆਂ ਵਾਲਾ ਪਰਿਵਾਰ ਹੈ। ਜਿਸਨੂੰ ਆਪਣੀ ਧੀ ਦੇ ਅਨੰਦ ਕਾਰਜ ਕਰਨ ਤੋਂ ਇਸ ਕਰਕੇ ਜਵਾਬ ਦੇ ਦਿੱਤਾ ਕਿ ਇਸ ਗੁਰਦਵਾਰਾ ਸਾਹਿਬ ਵਿੱਚ ਚੌਪਹਿਰਾ ਹੋਣਾ ਹੈ। ਜੋ ਕਿ ਬਹੁਤ ਸ਼ਰਮਨਾਕ ਗੱਲ ਹੈ। ਇਸੇ ਤਰਾਂ ਇੱਕ ਸ਼ਹੀਦ ਪਰਿਵਾਰ ਨੇ ਖਾਲਿਸਤਾਨ ਦੀ ਜੰਗੇ ਆਜਾਦੀ ਦੇ ਸ਼ਹੀਦ ਦਾ ਸਾਲਾਨਾ ਸ਼ਹੀਦੀ ਸਮਾਗਮ ਕਰਵਾਉਣ ਲਈ ਆਖਿਆ ਤਾਂ ਉਸਨੂੰ ਵੀ ਜਵਾਬ ਦੇ ਦਿੱਤਾ ਗਿਆ ਕਿ ਇੱਥੇ ਚੌਪਹਿਰਾ ਹੋਣਾ ਹੈ ਇਸ ਕਰਕੇ ਤੁਸੀਂ ਸ਼ਹੀਦੀ ਸਮਾਗਮ ਅਸਲ ਤਰੀਕ ਤੋਂ ਅੱਗੇ ਪਿੱਛੇ ਕਰ ਲਵੋ। ਸ੍ਰੀ ਅਖੰਡ ਪਾਠ ਸਾਹਿਬ ਮੇਨ ਦਰਬਾਰ ਹਾਲ ਵਿੱਚ ਕਰਨ ਤੋਂ ਜਵਾਬ ਦੇ ਦਿੱਤਾ ਗਿਆ। ਇਸ ਸਮੁੱਚੇ ਘਟਨਾਕ੍ਰਮ ਦੀ ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਸਖਤ ਨਿਖੇਧੀ ਕੀਤੀ ਗਈ ਹੈ। ਯੂਨਾਈਟਿਡ ਖਾਲਸਾ ਦਲ ਯੂ,ਕੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇਸ ਸੰਵੇਦਨਸ਼ੀਲ ਮੁੱਦੇ ਸਬੰਧੀ ਜਾਣੂ ਕਰਵਾਇਆ ਗਿਆ ਅਤੇ ਇਸ ਸਬੰਧੀ ਅਦੇਸ਼ ਜਾਰੀ ਕਰਨ ਦੀ ਅਪੀਲ ਕੀਤੀ ਗਈ ਹੈ। ਉਕਤ ਗੁਰਦਵਾਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਧੀਨ ਹੈ ਇਸ ਕਰਕੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਨੂੰ ਵੀ ਸੂਚਿਤ ਕੀਤਾ ਗਿਆ ਹੈ।

# ਪ੍ਰਧਾਨ ਮੰਤਰੀ ਨੋਰਿੰਦਰ ਮੋਦੀ ਅਤੇ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੀ ਮੁਕਤ ਵਪਾਰ ਸਮਝੌਤੇ ਬਾਰੇ ਹੋਈ ਅਹਿਮ ਗੱਲਬਾਤ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਅਤੇ ਭਾਰਤ ਦੇ ਵਪਾਰਕ ਸਮਝੌਤਿਆਂ ਨੂੰ ਲੈ ਕੇ ਬੀਤੇ ਕੁਝ ਸਾਲਾਂ ਤੋਂ ਸਰਮਗਰਮੀਆਂ ਤੇਜ਼ ਹੋ ਰਹੀਆਂ ਹਨ। ਦੋਵਾਂ ਦੇਸ਼ਾਂ ਵਿੱਚਕਾਰ ਰੋਡ ਮੈਪ 2030 ਵਪਾਰ ਸਮਝੌਤੇ ਨੂੰ ਲੈ ਕੇ ਚਰਚਾ ਚੱਲ ਰਹੀ ਹੈ। ਜਿਸ ਵਿੱਚ ਜਲਵਾਯੂ ਪਰਿਵਰਤਨ, ਸਿਹਤ, ਸਿੱਖਿਆ, ਵਿਗਿਆਨ, ਤਕਨਾਲੋਜੀ ਅਤੇ ਰੱਖਿਆ ਮਾਮਲਿਆਂ 'ਚ ਇੱਕ ਦੂਜੇ ਨੂੰ ਸਹਿਯੋਗ ਦੇਣਾ ਸ਼ਾਮਿਲ ਹੈ।**



ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ

ਬ੍ਰੈਗਜ਼ਿਟ ਤੋਂ ਬਾਅਦ ਬਰਤਾਨੀਆਂ ਆਪਣੇ ਲਈ ਵੱਡੀ ਵਪਾਰ ਮੰਡੀ ਕਾਇਮ ਕਰਨ ਲਈ ਵੱਖ ਵੱਖ ਦੇਸ਼ਾਂ ਨਾਲ ਮੁਕਤ ਵਪਾਰ (ਐਫ ਟੀ ਏ) ਸਮਝੌਤੇ ਕਰ ਰਿਹਾ ਹੈ। ਭਾਰਤ ਨਾਲ ਚੱਲ ਰਹੀ ਇਸ ਗੱਲਬਾਤ ਵਿੱਚ ਭਾਰਤ ਵੱਲੋਂ ਵਧੇਰੇ ਵੀਜ਼ਾ ਸੁਵਿਧਾਵਾਂ, ਭਾਰਤੀ ਕਾਮਿਆਂ ਦੀ ਸਿਹਤ ਸੰਭਾਲ ਦੀ ਗ੍ਰਾਂਟੀ ਸਮੇਤ ਕੁਝ ਅਜੇਹੇ ਮਾਮਲੇ ਸ਼ਾਮਿਲ ਹਨ ਜਿਹਨਾਂ ਤੇ ਦੋਵਾਂ ਸਰਕਾਰਾਂ ਦੀ ਸਹਿਮਤੀ ਨਹੀਂ ਬਣ ਰਹੀ। ਲੇਕਨ ਇਹਨਾਂ ਮਾਮਲਿਆਂ ਨੂੰ ਨਜਿੱਠਣ ਲਈ ਬੀਤੇ ਕੱਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨਾਲ ਗੱਲਬਾਤ ਹੋਈ ਹੈ। ਦੋਵਾਂ ਸਰਕਾਰਾਂ ਨੇ ਵਪਾਰ ਸਮਝੌਤੇ ਨੂੰ ਜਲਦੀ ਨੇਪਰੇ ਚਾੜ੍ਹਨ ਲਈ ਹਾਂ ਪੱਖੀ ਹੁੰਗਾਰਾ ਦਿੱਤਾ ਹੈ। ਦੱਸਣਯੋਗ ਹੈ ਕਿ ਯੂ ਕੇ ਸਰਕਾਰ ਦੇ ਨੁਮਾਇੰਦੇ ਵਪਾਰ ਸਮਝੌਤੇ ਨੂੰ ਲੈ ਕੇ ਭਾਰਤ ਵਿਚ ਕੋਸ਼ਿਸ਼ਾਂ ਕਰਨ ਲਈ ਗਏ ਸਨ। ਜਦ ਕਿ ਇਸ ਤੋਂ ਪਹਿਲਾਂ ਲੇਬਰ ਪਾਰਟੀ ਦੇ ਕੁਝ ਸ਼ੈਡੋ ਮੰਤਰੀ ਅਤੇ ਹੋਰ ਨੇਤਾ ਵੀ ਭਾਰਤ ਦੀ ਫੇਰੀ ਲਾ ਕੇ ਆਏ ਹਨ। ਭਾਵੇਂ ਕਿ ਲੇਬਰ ਪਾਰਟੀ ਨੇ ਇਸ ਫੇਰੀ ਦੌਰਾਨ ਕਿਸੇ ਤਰ੍ਹਾਂ ਦੀ ਵਪਾਰਕ ਗੱਲਬਾਤ ਤੋਂ ਨਾਂਹ ਕੀਤੀ ਹੈ। ਪਰ ਦੱਸਿਆ ਜਾ ਰਿਹਾ ਹੈ ਕਿ ਦੋਵੇਂ ਦੇਸ਼ਾਂ ਵਿੱਚ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਵਪਾਰ ਸਮਝੌਤੇ ਨੂੰ ਨੇਪਰੇ ਚਾੜ੍ਹ ਕੇ ਆਪਣੇ ਸਿਰ ਸਿਹਰਾ ਬੰਨਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੇ ਦਫਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਯੂ ਕੇ ਅਤੇ ਭਾਰਤ ਵਿੱਚਕਾਰ ਮੁਕਤ ਵਪਾਰ ਸਮਝੌਤੇ ਨੂੰ ਲੈ ਕੇ ਚੱਲ ਰਹੀ ਗੱਲਬਾਤ ਦਾ ਸਵਾਗਤ ਕੀਤਾ ਹੈ। ਦੋਵੇਂ ਨੇਤਾਵਾਂ ਨੇ ਇਤਿਹਾ-ਸਕਤ ਅਤੇ ਦੋਵੇਂ ਦੇਸ਼ਾਂ ਲਈ ਲਾਹੇਵੰਦ ਸਮਝੌਤੇ ਦੀ ਮਹੱਤਤਾ ਤੇ ਸਹਿਮਤੀ ਪ੍ਰਗਟ ਕੀਤੀ ਹੈ।

## ਕੈਲੀਫੋਰਨੀਆ ਦੇ ਲਾਸ ਏਂਜਲਸ ਸ਼ਹਿਰ ਦੀ ਮੌਜੂਦਾ ਭਾਰਤੀ ਕੌਂਸਲਰ ਨਿਤਿਆ ਰਮਨ ਨੇ ਮੁੜ ਚੋਣ ਜਿੱਤੀ



**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਭਾਰਤੀ ਮੂਲ ਦੀ ਅਮਰੀਕੀ ਨਿਤਿਆ ਰਮਨ ਦੁਬਾਰਾ ਫਿਰ ਲਾਸ ਏਂਜਲਸ ਦੀ ਕੌਂਸਲ ਮੈਂਬਰ ਚੁਣੀ ਗਈ ਹੈ। ਉਸ ਨੇ ਜਿੱਤ ਲਈ ਲੋੜੀਂਦੀਆਂ 50% ਤੋਂ ਵਧ ਵੋਟਾਂ ਪ੍ਰਾਪਤ ਕਰ ਲਈਆਂ ਹਨ। ਲਾਸ ਏਂਜਲਸ ਦੀ ਚੌਥੇ ਡਿਸਟ੍ਰਿਕਟ ਸੀਟ ਤੋਂ ਦੂਸਰੀ ਵਾਰ ਚੋਣ ਮੈਦਾਨ ਵਿਚ ਉੱਤਰੀ ਰਮਨ ਨੂੰ 2 ਉਮੀਦਵਾਰਾਂ ਵੱਲੋਂ ਚੁਣੌਤੀ ਦਿੱਤੀ ਗਈ ਸੀ । ਇਨਾਂ ਵਿਰੋਧੀ ਉਮੀਦਵਾਰਾਂ ਨੇ ਬੇਘਰੇ ਲੋਕਾਂ ਦੀ ਸਮੱਸਿਆ ਤੇ ਅਪਰਾਧ ਨਾਲ ਨਜਿੱਠਣ ਦੀ ਰਮਨ ਦੀ ਸਮਰੱਥਾ ਉਪਰ ਸਵਾਲ ਉਠਾਏ ਸਨ ਪਰੰਤੂ ਵੋਟਰਾਂ ਨੇ ਉਨਾਂ ਵੱਲੋਂ ਉਠਾਏ ਸਵਾਲਾਂ ਨੂੰ ਨਕਾਰ ਦਿੱਤਾ ਤੇ ਮੁੜ ਉਸ ਦੀ ਕਾਬਲੀਅਤ 'ਤੇ ਮੋਹਰ ਲਾ ਦਿੱਤੀ। ਰਮਨ ਨੂੰ ਕੁਲ 32430 (50.64%) ਵੋਟਾਂ ਮਿਲੀਆਂ ਜਦ ਕਿ ਦੂਸਰੇ ਸਥਾਨ 'ਤੇ ਰਹੇ ਉਸ ਦੇ ਵਿਰੋਧੀ ਡਿਪਟੀ ਸਿਟੀ ਅਟਾਰਨੀ ਏਥਾਨ ਵੀਵਰ ਨੂੰ 24730 (38.62%) ਵੋਟਾਂ ਮਿਲੀਆਂ। ਏਥਾਨ ਰਮਨ ਨੇ ਆਪਣੀ ਹਾਰ ਸਵਿਕਾਰ ਕਰਦਿਆਂ ਰਮਨ ਨੂੰ ਜਿੱਤ ਲਈ ਵਧਾਈ ਦਿੱਤੀ ਹੈ। ਉਨਾਂ ਕਿਹਾ ਕਿ ''ਅਸੀਂ ਸਾਡੇ ਸ਼ਹਿਰ ਦੇ ਅਹਿਮ ਮੁੱਦਿਆਂ ਬਾਰੇ ਸਹਿਮਤ ਰਹੇ ਹਾਂ ਪਰੰਤੂ ਇਨਾਂ ਮੁੱਦਿਆਂ ਦੇ ਹਲ ਨੂੰ ਲੈ ਕੇ ਵੱਖਰੇ ਵਿਚਾਰ ਰਖਦੇ ਹਾਂ ਪਰੰਤੂ ਅਸੀਂ ਕੱਟੜ ਵਿਰੋਧੀ ਕਦੇ ਵੀ ਨਹੀਂ ਰਹੇ। ਮੈਂ ਇਸ ਕਮਾਲ ਦੀ ਜਿੱਤ ਲਈ ਰਮਨ ਨੂੰ ਵਧਾਈ ਦਿੰਦਾ ਹਾਂ।'' ਰਮਨ ਨੇ ਜਿੱਤ ਉਪਰੰਤ ਕਿਹਾ ਹੈ ਕਿ ਉਹ ਆਪਣੇ ਸਾਰੇ ਵਾਲੰਟੀਅਰਾਂ,ਹਮਾਇਤੀਆਂ ਤੇ ਸਾਡੇ ਜਿਲੇ ਦੇ ਵਾਸੀਆਂ ਦਾ ਧੰਨਵਾਦ ਕਰਦੀ ਹਾਂ ਜਿਨਾਂ ਨੇ ਮੈਨੂੰ ਦੁਬਾਰਾ ਕੌਂਸਲ ਮੈਂਬਰ ਵਜੋਂ ਕੰਮ ਕਰਨ ਦਾ ਮੌਕਾ ਦਿੱਤਾ ਹੈ।**


## ਜ਼ਾਇਦਾਦ ਸਬੰਧੀ ਜ਼ਰੂਰੀ ਸੂਚਨਾ

### ਹਲਫੀਆ ਬਿਆਨ

ਮੈਂ ਬਖ਼ਸ਼ੀਸ਼ ਕੌਰ ਜਨਮ ਤਰੀਕ 15 ਜੂਨ 1950, ਪਤਾ ਚਾਹਿਲਪੁਰ, ਹੁਸ਼ਿਆਰਪੁਰ, ਪੰਜਾਬ, ਭਾਰਤ ਵਿੱਚ ਪੈਦਾ ਹੋਈ ਸੀ। ਮੇਰਾ ਸਵਰਗੀ ਪਤੀ ਅਜੀਤ ਸਿੰਘ ਸਕਰੌਲੀ, ਹੁਸ਼ਿਆਰਪੁਰ ਵਿਖੇ ਪੰਜਾਬ ਵਿੱਚ 15 ਜੁਲਾਈ 1945 ਨੂੰ ਪੈਦਾ ਹੋਇਆ ਸੀ। ਮੈਂ ਆਪਣੇ ਪੋਤਰੇ ਪੋਤਰੀ ਨੂੰ ਲੱਭਣ ਲਈ ਇੰਗਲੈਂਡ (ਯੂ ਕੇ) ਆਈ ਹੋਈ ਹੈ। ਮੇਰਾ ਸਵਰਗੀ ਪੁੱਤਰ ਨਿਰਮਲ ਸਿੰਘ, ਉਸ ਦੀ ਪਤਨੀ ਕਮਲਜੀਤ ਕੌਰ ਤੇ ਉਹਨਾਂ ਦੇ ਬੱਚੇ ਪੁੱਤਰ ਸੰਦੀਪ ਸਿੰਘ ਅਤੇ ਐਂਜਲਾ ਕੌਰ ਜਰਮਨੀ ਵਿੱਚ ਸਟੁੱਟਗਾਰਟ ਵਿਖੇ ਰਹਿੰਦੇ ਸਨ। ਮੇਰੇ ਪੁੱਤਰ ਦੀ 25 ਅਪ੍ਰੈਲ 2003 ਵਿੱਚ ਮੌਤ ਹੋ ਗਈ ਸੀ, ਉਸ ਪਿੱਛੋਂ ਮੇਰੀ ਨੂੰਹ ਕਮਲਜੀਤ ਕੌਰ ਤੇ ਉਸ ਦੇ ਬੱਚੇ ਇੰਗਲੈਂਡ ਆ ਗਏ। ਮੇਰੇ ਪੁੱਤਰ ਦੀ ਮੌਤ ਪਿੱਛੋਂ ਉਹਨਾਂ ਦਾ ਮੇਰੇ ਨਾਲ ਕੋਈ ਸੰਪਰਕ ਨਹੀਂ ਰਿਹਾ। ਮੈਂ ਉਹਨਾਂ ਨੂੰ ਮਿਲਣ ਲਈ ਯੂ ਕੇ ਆਈ ਹੋਈ ਹਾਂ। ਮੇਰਾ ਸਵਰਗੀ ਪਤੀ ਅਜੀਤ ਸਿੰਘ ਆਪਣੀ ਜਾਇਦਾਦ ਸਾਡੇ ਪੁੱਤਰ ਨਿਰਮਲ ਸਿੰਘ ਦੇ ਨਾਂ ਤਬਦੀਲ ਕਰਾ ਗਿਆ ਸੀ ਅਤੇ ਮੇਰੇ ਪੁੱਤਰ ਦੀ ਮੌਤ ਤੋਂ ਬਾਅਦ ਮੇਰੀ ਨੂੰਹ ਨੇ ਮੈਨੂੰ ਕਿਹਾ ਸੀ ਕਿ ਉਸ ਨੂੰ ਭਾਰਤ ਵਿੱਚਲੀ ਜਾਇਦਾਦ ਵਿੱਚੋਂ ਕੁੱਝ ਨਹੀਂ ਚਾਹੀਦਾ ਪਰ ਜਾਇਦਾਦ ਦਾ ਸਰਟੀਫਿਕੇਟ ਬਣਾ ਕੇ ਉਨ੍ਹਾਂ ਨੂੰ ਦੇ ਦੇਵਾਂ ਜੋ ਉਸ ਨੂੰ ਜ਼ਰੂਰੀ ਚਾਹੀਦਾ ਹੈ ਅਤੇ ਉਸ ਵਿੱਚ ਲਿਖਾਂ । ਨਿਰਮਲ ਸਿੰਘ ਪੰਜਾਬ ਤੋਂ ਜਦੋਂ ਜਰਮਨੀ ਗਿਆ, ਉਸ ਦੇ ਨਾਂ ਸਕਰੌਲੀ ਵਿੱਚ ਕੋਈ ਜਾਇਦਾਦ ਨਹੀਂ ਸੀ, ਜਿਹੜੀ ਕਿ ਉਸ ਦੀ ਵਿਧਵਾ ਕਮਲਜੀਤ ਨੂੰ ਦਿੱਤੀ ਜਾ ਸਕੇ। ਮੈਂ ਆਪਣੇ ਪਿੰਡ ਦੇ ਸਰਪੰਚ ਹਰਭਜਨ ਸਿੰਘ ਪਾਸੋਂ ਇਸ ਬਾਰੇ 2003 ਵਿੱਚ ਇੱਕ ਸਰਟੀਫਿਕੇਟ ਬਣਵਾਇਆ ਸੀ ਤੇ ਉਸ ਦੀ ਇੱਕ ਕਾਪੀ ਮੇਰੇ ਕੋਲ ਹੈ ਸ਼ਾਇਦ ਉਸ ਨੂੰ ਫਿਰ ਕਦੇ ਚਹੀਦੀ ਹੋਵੇ। ਪਰ ਉਸ ਤੋਂ ਲੈ ਕੇ ਹੁਣ ਤੱਕ ਉਸ ਦਾ ਮੇਰੇ ਨਾਲ ਕੋਈ ਸੰਪਰਕ ਨਹੀਂ ਹੈ। ਉਸ ਤੋਂ ਬਾਅਦ ਨਾ ਹੀ ਉਹ ਕਦੇ ਮੈਨੂੰ ਇੰਡੀਆ ਆ ਕੇ ਮਿਲੀ ਹੈ। ਮੈਂ ਜਾਨਣਾ ਚਾਹੁੰਦੀ ਹਾਂ ਕਿ ਕੀ ਉਨ੍ਹਾਂ ਨੂੰ ਜਾਇਦਾਦ ਚੋਂ ਕੁੱਝ ਚਾਹੀਦਾ ਹੈ ਜਾਂ ਨਹੀ। ਮੈਂ ਬਜ਼ੁਰਗ ਹੋ ਰਹੀ ਹਾਂ, ਜੇ ਉਹਨਾਂ ਨੇ ਮੈਨੂੰ ਨਹੀਂ ਸਾਂਭਣਾ ਮੈਂ ਇਸ ਜਾਇਦਾਦ ਨੂੰ ਆਪਣੇ ਦਵਾ-ਦਾਰੂ ਅਤੇ ਦੇਖ ਭਾਲ ਲਈ ਵਰਤ ਲਵਾਂਗੀ। ਮੇਰਾ ਪਤੀ 2000 ਵਿੱਚ ਗੁਜਰ ਗਿਆ ਸੀ, ਤੇ ਛੋਟਾ ਪੁੱਤਰ ਗੁਰਪਾਲ ਸਿੰਘ ਵੀ 6 ਜਨਵਰੀ 2020 ਨੂੰ ਗੁਜਰ ਗਿਆ ਸੀ, ਇਸ ਲਈ ਮੇਰੀ ਦੇਖਭਾਲ ਕਰਨ ਲਈ ਹੁਣ ਕੋਈ ਨਹੀਂ ਹੈ। ਮੇਰੇ ਪੁੱਤਰ ਦੀ ਮੌਤ ਤੋਂ ਬਾਅਦ ਮੈਂ ਤਿੰਨ ਵਾਰ ਯੂ ਕੇ ਆ ਚੁੱਕੀ ਹਾਂ, ਪਰ ਉਹ ਮੈਨੂੰ ਨਹੀਂ ਲੱਭੇ। ਇਹ ਸੂਚਨਾ ਛਪਣ ਤੋਂ 50 ਦਿਨਾਂ ਦੇ ਅੰਦਰ ਜੇ ਉਹ ਮੇਰੇ ਨਾਲ ਸੰਪਰਕ ਨਹੀਂ ਕਰਦੇ ਤਾਂ ਇਸ ਪਿੱਛੋਂ ਮੈਂ ਜਾਇਦਾਦ ਵਿੱਚੋਂ ਨਿਰਮਲ ਸਿੰਘ ਅਤੇ ਉਸ ਦੇ ਪਰਿਵਾਰ ਦਾ ਨਾਂ ਕੱਢ ਦਿਆਂਗੀ। ਮੇਰੇ ਨਾਲ ਹੇਠਾਂ ਦਿੱਤੇ ਫੋਨ ਤੇ ਸੰਪਰਕ ਕਰ ਸਕਦੇ ਹੋ ।

**Please contact me on : 00 91 99140 55120**

14 January 2024

To whom it may concern,

I am Bakhshish Kaur born on 15/06/1950 in Chahilpur, Hoshiarpur, Punjab, India wife of Late Ajit Singh born on 15/07/1945 in Sakruli, Hoshiarpur Punjab, India. I am in the United Kingdom trying to find my grandchildren. Sandeep Singh born on 12/10/1991 in Stuttgart, Germany alongside Anna Klinik and Angela Kaur born on 18/04/1996 who are the children of my son, Late Nirmal Singh and daughter in law Kamaljit Kaur, born on 06/09/1969. They have moved to the UK from Germany since 2004 and they are no longer in touch with me since the death of my son, Nirmal Singh, on 25/04/2003 in Germany. The last time I saw with them was in February 2001 when they came to visit me in India and then a few years later my son passed away in Germany.

I am now in the UK and wish to see them. My deceased husband Ajit Singh transferred all our property to my son Nirmal Singh but my daughter in law Kamaljit Kaur asked me to make a certificate ready for her as she needed this urgently and she said she doesnt want anything from the property in India and requested for me to put it in the certificate. (Mr Nirmal Singh born on 30/05/1969 in Sakruli, Punjab, India does not have any property or material possessions in Sakruli, Punjab where he resided before leaving for Germanh, which his widow Mrs Kamaljit Kaur born on 06/09/1969 in UK could inherit.) I made that certificate ready in 2003 by Harbhajan Singh, Sarpanch, Gram Panchayat, Sakruli, Hoshiarpur how she wanted, and I kept a copy for myself incase she needed it again. Since then, she has not been in contact with me or come to visit me in India and I have been waiting for them for so many years to see them again. I want to know whether they want the properties as if they don't, I will then look to use this as my health care and I am growing old and need to pay for my care and daily spending on medication as I am living alone.

I lost my husband in 2000 alongside my youngest son Gurpal Singh who passed away 06/01/2020 and I have nobody else to care for me. Please contact me on 00919914055120. This is working whilst I am here on my visit in the UK and will also be available on WhatsApp.

I will be waiting for them to call me after reading these statements within 50 days, after I will look to cancel the property from my son Nirmal Singh's name and alongside his family's name. Please get in touch with me soon as possible.

Kind regards,
Bakhshish Kaur w/o Late Ajit Singh,



V.P.O Sakruli,
Tehsil Garhshankar,
Distt Hoshiarpur, Punjab, India.

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਬਹੁਗਿਣਤੀ ਦੇ ਧਰੁਵੀਕਰਨ ਲਈ ਚੋਣਾਂ ਦੇ ਨੇੜੇ ਭਾਜਪਾ ਨੇ ਨਾਗਰਿਕਤਾ ਸੋਧ ਕਾਨੂੰਨ ਲਾਗੂ ਕੀਤਾ

## ✪ ਲੋਕ ਸਭਾ ਚੋਣਾਂ ਦੌਰਾਨ ਮੁਸਲਿਮ ਆਗੂਆਂ ਵਲੋਂ ਵਿਰੋਧ ਕਾਰਣ ਭਾਜਪਾ ਨੂੰ ਹੋਵੇਗਾ ਫਾਇਦਾ ✪ ਅਮਰੀਕਾ ਤੇ ਪਾਕਿਸਤਾਨ ਵਲੋਂ ਸੀਏਏ ਨੂੰ ਵਿਤਕਰਾ ਕਰਨ ਵਾਲਾ ਕਾਨੂੰਨ ਦਸਿਆ




ਭਾਜਪਾ ਨੇ ਇਸ ਵੇਲੇ ਜਾਣ ਬੁੱਝ ਕੇ ਸੀ.ਏ.ਏ. ਨੂੰ ਵਿਵਾਦ ਦਾ ਮੁੱਦਾ ਬਣਾਉਣ ਲਈ ਲਾਗੂ ਕੀਤਾ ਹੈ, ਕਿਉਂਕਿ ਇਸ ਦੇ ਉਸ ਨੂੰ ਦੋ ਸਪੱਸ਼ਟ ਫਾਇਦੇ ਨਜ਼ਰ ਆ ਰਹੇ ਹਨ। ਪਹਿਲਾ ਇਹ ਕਿ ਸੁਪਰੀਮ ਕੋਰਟ ਵਿਚ ਚੋਣ ਬਾਂਡ ਦਾ ਮੁੱਦਾ ਜਿਸ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਸਕਦਾ ਹੈ ਤੇ ਉਸ ਦਾ ਜੋ ਪ੍ਰਭਾਵ ਪੈਣ ਦੇ ਅਸਾਰ ਹਨ, ਉਹ ਹੁਣ ਇਸ ਸੀ.ਏ.ਏ. ਦੇ ਰੌਲੇ-ਰੱਪੇ ਵਿਚ ਦਬ ਜਾਣਗੇ। ਦੂਸਰਾ ਇਸ ਵਾਰ ਬਹੁਗਿਣਤੀ ਦਾ ਧਰੁਵੀਕਰਨ ਕਰਨ ਲਈ ਵੀ ਭਾਜਪਾ ਨੂੰ ਕਿਸੇ ਮੁੱਦੇ ਦੀ ਲੋੜ ਹੈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ 2019 ਵਿਚ ਪਾਸ ਕਰਵਾਏ ਗਏ ਕਾਨੂੰਨ ਨੂੰ 5 ਸਾਲ ਤੱਕ ਠੰਢੇ ਬਸਤੇ ਵਿਚ ਕਿਉਂ ਰੱਖਿਆ ਗਿਆ ਤੇ ਐਨ ਚੋਣਾਂ ਦੇ ਨੇੜੇ ਲਿਆ ਕੇ ਹੀ ਕਿਉਂ ਲਾਗੂ ਕੀਤਾ ਗਿਆ? ਇਹ ਸਾਫ਼ ਇਸ਼ਾਰਾ ਹੈ ਕਿ ਇਸ ਨੂੰ ਚੋਣ ਰਾਜਨੀਤੀ ਦੇ ਇਕ ਅਚੁਕ ਮਿਜਾਈਲ ਵਾਂਗ ਵਰਤਿਆ ਜਾਵੇਗਾ। ਉਂਜ ਵੀ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ ਤਾਂ ਇਸ ਵਿਚ ਧਰਮ ਆਧਾਰਿਤ ਫ਼ੈਸਲੇ ਕਿਵੇਂ ਕੀਤੇ ਜਾ ਸਕਦੇ ਹਨ? ਭਾਵੇਂ ਕਿ ਅਜਿਹਾ ਪਹਿਲੀ ਵਾਰ ਨਹੀਂ ਹੋਇਆ, ਪਹਿਲਾਂ ਵੀ ਅਜਿਹਾ ਹੁੰਦਾ ਰਿਹਾ ਹੈ। ਉਂਜ ਸਚਾਈ ਇਹ ਹੈ ਕਿ ਇਸ ਕਾਨੂੰਨ ਨਾਲ ਮੁਸਲਮਾਨਾਂ ਨੂੰ ਇਕ ਹੱਕ ਤੋਂ ਵਾਂਝੇ ਜ਼ਰੂਰ ਕੀਤਾ ਗਿਆ ਹੈ।

ਸਰਕਾਰ ਦੀ ਦਲੀਲ ਹੈ ਕਿ 3 ਦੇਸ਼ਾਂ, ਅਫ਼ਗਾਨਿਸਤਾਨ, ਬੰਗਲਾਦੇਸ਼ ਤੇ ਪਾਕਿਸਤਾਨ ਤੋਂ ਆਉਣ ਵਾਲੇ 6 ਧਰਮਾਂ ਹਿੰਦੂ, ਸਿੱਖ, ਇਸਾਈ, ਪਾਰਸੀ, ਬੋਧੀ ਤੇ ਜੈਨੀਆਂ ਨੂੰ ਉਨ੍ਹਾਂ ਦੇਸ਼ਾਂ ਵਿਚ ਇਸ ਲਈ ਖ਼ਤਰਾ ਹੈ, ਕਿਉਂਕਿ ਉਹ ਉਨ੍ਹਾਂ ਦੇਸ਼ਾਂ ਵਿਚ ਘੱਟ-ਗਿਣਤੀ ਵਿਚ ਹਨ। ਮੁਸਲਮਾਨਾਂ ਦੀ ਤਾਂ ਉਥੇ ਹਕੂਮਤ ਹੈ। ਮੁਸਲਿਮ ਨੇਤਾਵਾਂ ਨੂੰ ਇਹ ਗੱਲ ਸਮਝਣ ਦੀ ਲੋੜ ਹੈ ਕਿ ਭਾਜਪਾ ਤਾਂ ਚਾਹੁੰਦੀ ਹੈ ਕਿ ਮੁਸਲਮਾਨ ਸੀ.ਏ.ਏ. ਦਾ ਵੱਧ ਤੋਂ ਵੱਧ ਵਿਰੋਧ ਕਰਨ ਤਾਂ ਜੋ ਉਹ ਹਿੰਦੂ ਬਹੁਗਿਣਤੀ ਦਾ ਲੋਕ ਸਭਾ ਚੋਣਾਂ ਵਿਚ ਇਕ ਵਾਰ ਫਿਰ ਧਰੁਵੀਕਰਨ ਕਰ ਸਕੇ। ਸੋ, ਜਿੰਨਾ ਮੁਸਲਿਮ ਆਗੂ ਲੋਕ ਸਭਾ ਚੋਣਾਂ ਦਰਮਿਆਨ ਇਸ ਦਾ ਵਿਰੋਧ ਕਰਨਗੇ, ਓਨਾ ਹੀ ਭਾਜਪਾ ਨੂੰ ਇਸ ਦਾ ਫਾਇਦਾ ਹੋਵੇਗਾ। ਇਹ ਵੀ ਸਮਝਣਯੋਗ ਹੈ ਕਿ 2014 ਦੀਆਂ ਚੋਣਾਂ ਵਿਚ ਵੀ ਭਾਜਪਾ ਬਹੁਗਿਣਤੀ ਨੂੰ ਮੁਸਲਮਾਨਾਂ ਦਾ ਡਰ ਦਿਖਾ ਕੇ ਅਤੇ ਰਾਮ ਮੰਦਰ ਨੂੰ ਮੁੱਦਾ ਬਣਾ ਕੇ ਸੱਤਾ ਵਿਚ ਆਈ ਸੀ। ਫਿਰ 2019 ਵਿਚ ਬਾਲਾਕੋਟ 'ਤੇ ਸਰਜੀਕਲ ਸਟ੍ਰਾਈਕ ਨੇ ਵੀ ਬਹੁਗਿਣਤੀ ਦਾ ਧਰੁਵੀਕਰਨ ਕੀਤਾ ਸੀ। ਹੁਣ ਪਹਿਲਾਂ ਇਹ ਸਮਝਿਆ ਜਾ ਰਿਹਾ ਸੀ ਕਿ ਸ੍ਰੀ ਰਾਮ ਮੰਦਰ ਦੀ ਸਥਾਪਨਾ ਹਿੰਦੂ ਬਹੁਗਿਣਤੀ ਦਾ ਧਰੁਵੀਕਰਨ ਕਰੇਗੀ। ਪਰ ਅਸਲ ਵਿਚ ਹੋਇਆ ਇਹ ਹੈ ਕਿ ਰਾਮ ਮੰਦਰ ਦੇ ਮੁੱਦੇ 'ਤੇ ਮੁਸਲਿਮ ਵਿਰੋਧ ਨਾ ਹੋਣ ਕਾਰਨ ਹਿੰਦੂ ਬਹੁਗਿਣਤੀ ਦੇ ਮਨ ਵਿਚ ਬਿਠਾਇਆ ਗਿਆ ਮੁਸਲਿਮ 'ਡਰ' ਖ਼ਤਮ ਹੋਣ ਲੱਗਾ ਹੈ ਤੇ ਡਰ ਕਾਰਨ ਹੋਇਆ ਧਰੁਵੀਕਰਨ ਵੀ ਕਮਜ਼ੋਰ ਪੈਂਦਾ ਦਿਖ ਰਿਹਾ ਹੈ। ਹੁਣ ਹਿੰਦੂ ਆਪਣੇ-ਆਪ ਨੂੰ ਮੁਸਲਮਾਨਾਂ ਤੋਂ ਕਮਜ਼ੋਰ ਨਹੀਂ ਮਜ਼ਬੂਤ ਸਥਿਤੀ ਵਿਚ ਦੇਖ ਰਿਹਾ ਹੈ। ਇਸ ਲਈ ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੀ.ਏ.ਏ. ਐਨ ਚੋਣਾਂ ਤੋਂ ਪਹਿਲਾਂ ਲਿਆਂਦਾ ਹੀ ਇਸ ਲਈ ਗਿਆ ਹੈ ਕਿ ਮੁਸਲਿਮ ਇਸ ਦਾ ਵਿਰੋਧ ਕਰਨਗੇ। ਵਿਰੋਧੀ ਪਾਰਟੀਆਂ ਵੀ ਵਿਰੋਧ ਕਰਨਗੀਆਂ ਤੇ ਭਾਜਪਾ ਦੇ ਜਾਲ ਵਿਚ ਫਸ ਕੇ ਉਸ ਨੂੰ ਬਹੁਗਿਣਤੀ ਦਾ ਧਰੁਵੀਕਰਨ ਕਰਨ ਦਾ ਇਕ ਹੋਰ ਮੌਕਾ ਦੇ ਦੇਣਗੀਆਂ।

### ਅਫ਼ਗਾਨੀ ਸਿੱਖਾਂ, ਹਿੰਦੂਆਂ ਨੂੰ ਮਿਲੇ ਵਿਸ਼ੇਸ਼ ਰਿਆਇਤ

ਹਾਲਾਂਕਿ ਅਗਸਤ 2021 ਵਿਚ ਅਮਰੀਕਾ ਵਲੋਂ ਅਫ਼ਗਾਨਿਸਤਾਨ ਤੋਂ ਆਪਣੀਆਂ ਫ਼ੌਜਾਂ ਵਾਪਸ ਬੁਲਾ ਲੈਣ ਤੋਂ ਬਾਅਦ ਤਾਲਿਬਾਨ ਦੀ ਹਕੂਮਤ ਬਣਨ ਦੇ ਦੌਰ ਵਿਚ ਅਫ਼ਗਾਨੀ ਸਿੱਖਾਂ ਤੇ ਹਿੰਦੂਆਂ 'ਤੇ ਜ਼ੁਲਮ ਦੀ ਇਕ ਹਨੇਰੀ ਹੀ ਝੁੱਲ ਪਈ ਸੀ। ਕਈ ਗੁਰਦੁਆਰਿਆਂ ਵਿਚ ਹਮਲੇ ਕੀਤੇ ਗਏ, ਕਈ ਸਿੱਖ ਕਤਲ ਹੋਏ ਤੇ ਕਈਆਂ ਹਿੰਦੂਆਂ-ਸਿੱਖਾਂ ਦੀਆਂ ਜਾਇਦਾਦਾਂ ਖੋਹ ਲਈਆਂ ਗਈਆਂ। ਇਸ ਵੇਲੇ ਅਫ਼ਗਾਨਿਸਤਾਨ ਵਿਚ ਸਿਰਫ਼ 40 ਜਾਂ 50 ਹਿੰਦੂ ਸਿੱਖ ਹੀ ਬਾਕੀ ਰਹਿੰਦੇ ਹਨ। ਇਸ ਦਰਮਿਆਨ ਤਾਲਿਬਾਨ ਰਾਜ ਦੌਰਾਨ ਹਿੰਦੂ, ਸਿੱਖਾਂ ਨੂੰ ਭਾਰਤ ਲਿਆਂਦਾ ਗਿਆ। ਇਸ ਦੇ ਨਾਲ-ਨਾਲ ਇਹ ਪ੍ਰਚਾਰ ਭਾਜਪਾ ਨੇ ਬੜੇ ਜ਼ੋਰ-ਸ਼ੋਰ ਨਾਲ ਕੀਤਾ ਕਿ ਸੀ.ਏ.ਏ. ਇਨ੍ਹਾਂ ਪੀੜਤਾਂ ਨੂੰ ਭਾਰਤੀ ਨਾਗਰਿਕ ਬਣਾਉਣ ਵਿਚ ਸਹਾਈ ਹੋਵੇਗਾ। ਪਰ ਅਜਿਹਾ ਬਿਲਕੁਲ ਵੀ ਨਹੀਂ ਹੈ। ਕਿਉਂਕਿ ਇਸ ਕਾਨੂੰਨ ਤਹਿਤ ਉਹ ਹਿੰਦੂ, ਸਿੱਖ, ਪਾਰਸੀ, ਜੈਨੀ, ਬੋਧੀ ਤੇ ਇਸਾਈ ਹੀ ਆਉਂਦੇ ਹਨ, ਜੋ 31 ਦਸੰਬਰ, 2014 ਤੋਂ ਪਹਿਲਾਂ ਭਾਰਤ ਵਿਚ ਆਏ ਸਨ। ਪ੍ਰਧਾਨ ਮੰਤਰੀ ਮੋਦੀ ਨੂੰ ਚਾਹੀਦਾ ਹੈ ਕਿ ਉਹ ਇਸ ਕਾਨੂੰਨ ਵਿਚ ਇਕ ਸੋਧ ਹੋਰ ਕਰਨ ਜੋ 2021 ਵਿਚ ਅਫ਼ਗਾਨਿਸਤਾਨ ਜਾਂ ਪਾਕਿਸਤਾਨ ਤੋਂ ਆਏ ਸਿੱਖਾਂ ਤੇ ਹਿੰਦੂਆਂ ਨੂੰ ਵੀ ਇਸ ਦੇ ਘੇਰੇ ਵਿਚ ਲਿਆਵੇ। ਉਨ੍ਹਾਂ ਨੂੰ 6 ਸਾਲ ਇਥੇ ਰਹਿਣ ਦੀ ਸ਼ਰਤ ਵਿਚ ਵੀ ਵਿਸ਼ੇਸ਼ ਰਿਆਇਤ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਭਾਰਤ ਦੀ ਨਾਗਰਿਕਤਾ ਦਿੱਤੀ ਜਾਵੇ। ਨਹੀਂ ਤਾਂ ਸਥਿਤੀ ਸਾਫ਼ ਹੈ ਕਿ ਇਥੇ ਆਏ ਸਿੱਖਾਂ ਤੇ ਹਿੰਦੂਆਂ ਨੂੰ ਫਿਰ ਵਾਪਸ ਅਫ਼ਗਾਨਿਸਤਾਨ ਜਾਣ ਲਈ ਮਜਬੂਰ ਹੋਣਾ ਪਵੇਗਾ।

ਅਮਰੀਕਾ ਨੇ ਭਾਰਤ ਵੱਲੋਂ ਹਾਲ ਹੀ ਵਿੱਚ ਲਾਗੂ ਕੀਤੇ ਨਾਗਰਿਕਤਾ ਸੋਧ ਕਾਨੂੰਨ 'ਤੇ ਚਿੰਤਾ ਜ਼ਾਹਰ ਕਰਦਿਆਂ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਕਿਹਾ ਕਿ "ਅਸੀਂ 11 ਮਾਰਚ ਦੀ ਨਾਗਰਿਕਤਾ ਸੋਧ ਕਾਨੂੰਨ ਨੋਟੀਫਿਕੇਸ਼ਨ ਨੂੰ ਲੈ ਕੇ ਬਹੁਤ ਚਿੰਤਤ ਹਾਂ। ਅਸੀਂ ਇਸ ਕਾਨੂੰਨ ਦੇ ਲਾਗੂ ਹੋਣ 'ਤੇ ਨਜ਼ਰ ਰੱਖ ਰਹੇ ਹਾਂ। ਦੂਜੇ ਪਾਸੇ ਪਾਕਿਸਤਾਨ ਸੀ ਪਾਕਿਸਤਾਨ ਵਿਦੇਸ਼ ਦਫ਼ਤਰ ਦੀ ਬੁਲਾਰਨ ਮੁਮਤਾਜ਼ ਜ਼ਹਰਾ ਬਲੋਚ ਨੇ ਕਿਹਾ ਕਿ ਭਾਰਤ ਦੇ ਸੀ.ਏ.ਏ. ਕਾਨੂੰਨ ਅਤੇ ਉਸਦੇ ਦੇ ਨਿਯਮ ਸਪੱਸ਼ਟ ਤੌਰ 'ਤੇ ਆਸਥਾ ਦੇ ਆਧਾਰ 'ਤੇ ਵਿਤਕਰਾ ਕਰਨ ਵਾਲੇ ਹਨ।

ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਇਹ ਖਦਸ਼ਾ ਵੀ ਬਣਿਆ ਹੋਇਆ ਹੈ ਕਿ ਭਾਰਤ ਵਿਚ ਮੁਸਲਿਮ ਸ਼ਰਨਾਰਥੀਆਂ ਨੂੰ ਇਸ ਕਾਨੂੰਨ ਦੀ ਆੜ ਹੇਠ ਨਿਸ਼ਾਨਾ ਬਣਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਆਵਾਸੀ ਕਰਾਰ ਦੇ ਦਿੱਤਾ ਜਾਵੇਗਾ। ਕੇਂਦਰ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਾਰੀਆਂ ਸਬੰਧਿਤ ਧਿਰਾਂ ਖ਼ਾਸ ਕਰ ਕੇ ਬੰਗਲਾਦੇਸ਼ ਦੀ ਸਰਹੱਦ ਨਾਲ ਲੱਗਦੇ ਪੱਛਮੀ ਬੰਗਾਲ ਅਤੇ ਅਸਾਮ ਜਿਹੇ ਸੂਬਿਆਂ ਨੂੰ ਇਹ ਯਕੀਨ ਕਰਾਵੇ ਕਿ ਇਸ ਕਾਨੂੰਨ ਪਿੱਛੇ ਕੋਈ ਰਾਜਨੀਤਕ ਜਾਂ ਚੁਣਾਵੀ ਮਨੋਰਥ ਨਹੀਂ ਸਗੋਂ ਇਸ ਦਾ ਮੰਤਵ ਘੁਸਪੈਠ ਨੂੰ ਖਤਮ ਕਰਨਾ ਅਤੇ ਨਾਗਰਿਕਤਾ ਦੇਣ ਦੇ ਅਮਲ ਨੂੰ ਪੱਧਰਾ ਕਰਨਾ ਹੈ।

# ਟਰੰਪ ਦੀ ਚਿਤਾਵਨੀ ਕਿ ਜੇਕਰ ਉਹ ਨਵੰਬਰ ਦੀਆਂ ਚੋਣਾਂ ਨਹੀਂ ਜਿੱਤਦੇ ਤਾਂ ਖ਼ੂਨ-ਖਰਾਬਾ ਹੋਵੇਗਾ

## ✪ ਰਾਸ਼ਟਰਪਤੀ ਚੋਣਾਂ ਲਈ ਟਰੰਪ ਤੇ ਬਾਇਡਨ ਵਿਚਾਲੇ ਸਖਤ ਮੁਕਾਬਲਾ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੁਣੇ ਜਿਹੇ ਚਿਤਾਵਨੀ ਦਿੱਤੀ ਕਿ ਜੇਕਰ ਉਹ ਨਵੰਬਰ ਦੀਆਂ ਚੋਣਾਂ ਨਹੀਂ ਜਿੱਤਦੇ ਤਾਂ ਦੇਸ਼ ਵਿਚ ਖ਼ੂਨ-ਖਰਾਬਾ ਹੋਵੇਗਾ। ਡੇਟਨ, ਓਹੀਓ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਕਿਹਾ ਕਿ ਜੇਕਰ ਇਹ ਚੋਣ ਨਹੀਂ ਜਿੱਤੀ ਗਈ ਤਾਂ ਮੈਨੂੰ ਯਕੀਨ ਨਹੀਂ ਹੈ ਕਿ ਤੁਸੀਂ ਭਵਿੱਖ ਵਿੱਚ ਕੋਈ ਹੋਰ ਚੋਣ ਵੇਖੋਗੇ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਟਰੰਪ ਦੇ ਖ਼ੂਨੀ ਬਿਆਨ ਦਾ ਕੀ ਅਰਥ ਹੈ ?

ਹਾਲਾਂਕਿ, ਟਰੰਪ ਦੇ ਇਸ ਬਿਆਨ ਨੂੰ ਲੈ ਕੇ ਵੀ ਕਿਆਸ ਲਗਾਏ ਜਾ ਰਹੇ ਹਨ ਕਿ ਕੀ ਉਹ ਇਕ ਵਾਰ ਫਿਰ ਇਹ ਸੰਕੇਤ ਦੇ ਰਹੇ ਸਨ ਕਿ 6 ਜਨਵਰੀ 2021 ਵਰਗਾ ਹੀ ਕੁਝ ਹੋਵੇਗਾ। 2020 ਦੀਆਂ ਚੋਣਾਂ ਵਿਚ ਹਾਰ ਤੋਂ ਬਾਅਦ ਟਰੰਪ ਦੇ ਸਮਰਥਕ 6 ਜਨਵਰੀ 2021 ਨੂੰ ਵਾਸ਼ਿੰਗਟਨ ਦੀ ਕੈਪੀਟਲ ਬਿਲਡਿੰਗ ਵਿਚ ਦਾਖਲ ਹੋਏ ਸਨ ਅਤੇ ਇਸ 'ਤੇ ਕਬਜ਼ਾ ਕਰ ਲਿਆ ਸੀ। ਇਸ ਦੌਰਾਨ ਟਰੰਪ ਦੇ ਸਮਰਥਕਾਂ ਨੇ ਹੰਗਾਮਾ ਕੀਤਾ ਸੀ।

ਇਸ ਸਾਲ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਰਿਪਬਲਿਕਨ ਉਮੀਦਵਾਰ ਨੇ ਚੋਣਾਂ ਦੀਆਂ ਤਰੀਕਾਂ ਨੂੰ ਟਰੰਪ ਇਤਿਹਾਸਕ ਤਾਰੀਖਾਂ ਕਰਾਰ ਦਿੱਤਾ ਹੈ। ਟਰੰਪ ਨੇ ਕਿਹਾ, 5 ਨਵੰਬਰ ਦੀ ਤਾਰੀਖ ਯਾਦ ਰੱਖ ਲਵੋ। ਮੈਨੂੰ ਭਰੋਸਾ ਹੈ ਕਿ ਇਹ ਸਾਡੇ ਦੇਸ਼ ਦੇ ਇਤਿਹਾਸ ਦੀ ਸਭ ਤੋਂ ਮਹੱਤਵਪੂਰਨ ਤਾਰੀਖ ਹੋਣ ਜਾ ਰਹੀ ਹੈ। ਇਸ ਦੌਰਾਨ ਉਨ੍ਹਾਂ ਨੇ ਜੋ ਬਿਡੇਨ ਦੀ ਆਲੋਚਨਾ ਕੀਤੀ ਅਤੇ ਉਨ੍ਹਾਂ ਨੂੰ ਸਭ ਤੋਂ ਖਰਾਬ ਰਾਸ਼ਟਰਪਤੀ ਕਿਹਾ।

ਖ਼ੂਨੀ ਇਸ਼ਨਾਨ ਬਾਰੇ ਟਰੰਪ ਦਾ ਬਿਆਨ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ, ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਦੀ ਮੁਹਿੰਮ ਟੀਮ ਨੇ ਇਕ ਬਿਆਨ ਜਾਰੀ ਕਰਕੇ ਟਰੰਪ ਦੀ ਆਲੋਚਨਾ ਕੀਤੀ। ਇਸ ਵਿੱਚ ਉਸ ਨੂੰ 2020 ਦਾ ਹਾਰਿਆ ਹੋਇਆ ਸਿਆਸਤਦਾਨ ਦੱਸਿਆ ਗਿਆ ਹੈ ਜਿਸ ਨੇ ਆਪਣੀਆਂ ਧਮਕੀਆਂ ਨੂੰ ਦੁੱਗਣਾ ਕਰ ਦਿੱਤਾ ਹੈ। ਬਿਆਨ ਵਿੱਚ ਕੈਪੀਟਲ ਹਿੰਸਾ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ, 'ਉਹ (ਟਰੰਪ) ਇੱਕ ਹੋਰ '6 ਜਨਵਰੀ' ਚਾਹੁੰਦੇ ਹਨ ਪਰ ਅਮਰੀਕੀ ਲੋਕ ਇਸ ਨਵੰਬਰ ਵਿੱਚ ਉਸ ਨੂੰ ਇੱਕ ਹੋਰ ਚੋਣ ਵਿਚ ਹਾਰ ਦੇਣ ਜਾ ਰਹੇ ਹਨ।

ਯਾਦ ਰਹੇ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਬੀਤੇ ਹਫ਼ਤੇ ਆਪੋ-ਆਪਣੀਆਂ ਪ੍ਰਾਇਮਰੀ (ਪਾਰਟੀ ਡੈਲੀਗੇਟ) ਚੋਣਾਂ ਜਿੱਤ ਕੇ ਨਾਮਜ਼ਦਗੀ ਪੱਕੀ ਕਰ ਲਈ ਸੀ ਅਤੇ ਹੁਣ ਦੋਵੇਂ ਇਸ ਸਾਲ ਨਵੰਬਰ ਮਹੀਨੇ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਵਿਚ ਇਕ ਵਾਰ ਫਿਰ ਆਹਮੋ-ਸਾਹਮਣੇ ਹੋਣਗੇ। ਬਾਇਡਨ ਨੂੰ ਅਗਸਤ ਮਹੀਨੇ ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ ਵਿਚ ਪਾਰਟੀ ਦਾ ਬਾਕਾਇਦਾ ਉਮੀਦਵਾਰ ਐਲਾਨਿਆ ਜਾਵੇਗਾ, ਟਰੰਪ ਦੀ ਅਧਿਕਾਰਤ ਨਾਮਜ਼ਦਗੀ ਜੁਲਾਈ ਵਿਚ ਮਿਲਵਾਕੀ ਵਿੱਚ ਹੋਣ ਵਾਲੀ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਵਿਚ ਕੀਤੀ ਜਾਵੇਗੀ।

2024 ਦਾ ਇਹ ਜਮਹੂਰੀ ਮੁਕਾਬਲਾ 2020 ਦੇ ਮੁਕਾਬਲੇ ਨਾਲੋਂ ਬਹੁਤ ਵੱਖਰਾ ਹੋਵੇਗਾ ਕਿਉਂਕਿ ਇਸ ਸਮੇਂ ਟਰੰਪ ਨੂੰ 90 ਤੋਂ ਵੱਧ ਅਪਰਾਧਿਕ ਕੇਸਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮਹੀਨੇ ਦੇ ਅੰਤ ਵਿਚ ਉਹ ਪਹਿਲੇ ਅਮਰੀਕੀ ਸਾਬਕਾ ਰਾਸ਼ਟਰਪਤੀ ਬਣ ਜਾਣਗੇ ਜਿਨ੍ਹਾਂ ਖਿਲਾਫ਼ ਕਿਸੇ ਫ਼ੌਜਦਾਰੀ ਕੇਸ ਦਾ ਮੁਕੱਦਮਾ ਚਲਾਇਆ ਜਾਵੇਗਾ। ਟਰੰਪ 'ਤੇ ਦੋਸ਼ ਹੈ ਕਿ ਉਨ੍ਹਾਂ ਇਕ ਪੋਰਨ ਸਟਾਰ ਨੂੰ ਨਾਜਾਇਜ਼ ਪੈਸੇ ਦੀ ਅਦਾਇਗੀ ਕਰਨ ਲਈ ਝੂਠੇ ਕਾਰੋਬਾਰੀ ਕਾਗਜ਼ਾਤ ਤਿਆਰ ਕਰਵਾਏ ਸਨ। ਜ਼ਾਹਿਰ ਹੈ ਕਿ ਇਕ ਪਾਸੇ ਟਰੰਪ ਦੀਆਂ ਕਾਨੂੰਨੀ ਲੜਾਈਆਂ ਚੱਲਣਗੀਆਂ ਤੇ ਦੂਜੇ ਪਾਸੇ ਚੁਣਾਵੀ ਮੁਹਿੰਮ। ਇਸ ਲਈ ਉਹ ਵੋਟਾਂ ਹਾਸਲ ਕਰਨ ਲਈ ਆਪਣੇ ਆਪ ਨੂੰ ਪੀੜਤ ਵਜੋਂ ਪੇਸ਼ ਕਰਨ ਵਿਚ ਕੋਈ ਕਸਰ ਨਹੀਂ ਰਹਿਣ ਦੇਣਗੇ।

ਪੰਜਾਬ ਟਾਈਮਜ਼ ਅਨੁਸਾਰ ਇਹ ਕਹਿਣਾ ਮੁਸ਼ਕਲ ਹੋਵੇਗਾ ਕਿ ਅਮਰੀਕੀ ਵੋਟਰ ਉਮੀਦਵਾਰ ਦੀ ਚੋਣ ਕਰਨਗੇ । ਸੱਜਰੇ ਚੋਣ ਸਰਵੇਖਣ ਤੋਂ ਦੇਸ਼ ਦੇ ਸਿਆਸੀ ਮਿਜ਼ਾਜ ਦੀ ਝਲਕ ਮਿਲਦੀ ਹੈ। ਇਸ ਸਰਵੇਖਣ ਵਿਚ ਸ਼ਾਮਲ 36 ਫ਼ੀਸਦ ਲੋਕਾਂ ਨੇ ਕਿਹਾ ਹੈ ਕਿ ਉਹ ਟਰੰਪ 'ਤੇ ਭਰੋਸਾ ਕਰਦੇ ਹਨ ਤੇ 33 ਫ਼ੀਸਦ ਲੋਕਾਂ ਨੇ ਬਾਇਡਨ 'ਤੇ ਭਰੋਸਾ ਦਰਸਾਇਆ ਹੈ। ਉਂਝ, ਹਰ ਪੰਜਾਂ ਵਿਚੋਂ ਇਕ ਸ਼ਖ਼ਸ ਜਾਂ ਕਹੋ ਕਿ 20 ਫ਼ੀਸਦ ਲੋਕਾਂ ਨੇ ਬਾਇਡਨ ਅਤੇ ਟਰੰਪ, ਦੋਵਾਂ ਨੂੰ ਰੱਦ ਕੀਤਾ ਹੈ। ਆਸਾਰ ਹਨ ਕਿ 2024 ਦੀ ਰਾਸ਼ਟਰਪਤੀ ਦੀ ਚੋਣ ਦਾ ਫ਼ੈਸਲਾ ਕਰਨ ਵਿਚ ਇਨ੍ਹਾਂ ਵੋਟਰਾਂ ਦਾ ਰੁਖ਼ ਅਹਿਮ ਭੂਮਿਕਾ ਨਿਭਾਅ ਸਕਦਾ ਹੈ।

# ਬਰਤਾਨੀਆ ਨੇ ਸੱਜੇ-ਪੱਖੀ, ਇਸਲਾਮੀ ਕੱਟੜਪੰਥੀਆਂ ਨਾਲ ਨਜਿੱਠਣ ਲਈ ਕੱਟੜਪੰਥੀ ਦੀ ਪਰਿਭਾਸ਼ਾ ਸਪੱਸ਼ਟ ਕੀਤੀ

## 300 ਖਾਲਿਸਤਾਨੀਆਂ ਦੇ ਖਾਤੇ ਬੰਦ ਕਰਨ ਦੇ ਚਰਚੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਸਰਕਾਰ ਨੇ ਵੀਰਵਾਰ ਨੂੰ ਇਜ਼ਰਾਈਲ ਵਿਚ ਹਮਾਸ ਦੇ ਅੱਤਵਾਦੀ ਹਮਲਿਆਂ ਤੋਂ ਬਾਅਦ ਵਧੇ ਹੋਏ ਖਤਰਿਆਂ ਦੇ ਮੱਦੇਨਜ਼ਰ ਅੱਤਵਾਦ ਦੀ "ਨਵੀਂ ਅਤੇ ਸਪੱਸ਼ਟ" ਪਰਿਭਾਸ਼ਾ ਜਾਰੀ ਕੀਤੀ ਹੈ।

ਇਸ ਦਾ ਮਕਸਦ ਸੱਜੇ-ਪੱਖੀ ਅਤੇ ਇਸਲਾਮੀ ਕੱਟੜਪੰਥੀਆਂ ਵਿਰੁੱਧ ਉਦਾਰ ਜਮਹੂਰੀ ਸਿਧਾਂਤਾਂ ਨੂੰ ਸੁਰੱਖਿਅਤ ਰੱਖਣਾ ਹੈ। ਯੂ ਕੇ ਵਿੱਚ ਅੱਤਵਾਦ ਨੂੰ ਹੁਣ ਹਿੰਸਾ, ਨਫ਼ਰਤ ਜਾਂ ਅਸਹਿਣਸ਼ੀਲਤਾ 'ਤੇ ਅਧਾਰਤ ਇੱਕ ਵਿਚਾਰਧਾਰਾ ਦੇ ਪ੍ਰਚਾਰ ਜਾਂ ਪ੍ਰੋਤਸਾਹਨ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ, ਜਿਸਦਾ ਉਦੇਸ਼ ਹੈ ਕਿ ਦੂਜਿਆਂ ਦੇ ਬੁਨਿਆਦੀ ਅਧਿਕਾਰਾਂ ਅਤੇ ਆਜ਼ਾਦੀਆਂ ਨੂੰ ਨਿਕਾਰਨਾ ਜਾਂ ਯੂ ਕੇ ਦੀ ਉਦਾਰਵਾਦੀ ਸੰਸਦੀ ਜਮਹੂਰੀਅਤ ਅਤੇ ਜਮਹੂਰੀ ਅਧਿਕਾਰਾਂ ਦੀ ਪ੍ਰਣਾਲੀ ਨੂੰ ਕਮਜ਼ੋਰ ਕਰਨਾ, ਉਲਟਾਉਣ ਜਾਂ ਉਲੰਘਣਾ ਕਰਨਾ ਹੈ। ਬਰਤਾਨੀਆਂ ਦੇ ਭਾਈਚਾਰਕ ਮਾਮਲਿਆਂ ਬਾਰੇ ਮੰਤਰੀ ਮਾਈਕਲ ਗੋਵ ਨੇ ਕਿਹਾ ਕਿ ਬਰਤਾਨੀਆਂ ਨੂੰ ਬਹੁ-ਰਾਸ਼ਟਰੀ, ਬਹੁ-ਨਸਲੀ, ਬਹੁ-ਵਿਸ਼ਵਾਸੀ ਲੋਕਤੰਤਰ ਦੀ "ਸਫਲਤਾ ਕਹਾਣੀ" ਵਜੋਂ ਸੁਰੱਖਿਅਤ ਕਰਨ ਲਈ ਪਰਿਭਾਸ਼ਾ ਨੂੰ ਅਪਡੇਟ ਕਰਨ ਦੀ ਲੋੜ ਸੀ। ਗੋਵ ਨੇ ਕਿਹਾ, "ਸਾਡਾ ਲੋਕਤੰਤਰ ਅਤੇ ਸਾਡੀਆਂ ਸਹਿਣਸ਼ੀਲਤਾ ਦੀਆਂ ਕਦਰਾਂ-ਕੀਮਤਾਂ ਕੱਟੜਵਾਦ ਤੋਂ ਖਤਰੇ ਵਿੱਚ ਹਨ। "ਸਾਡੀਆਂ ਜਮਹੂਰੀ ਕਦਰਾਂ-ਕੀਮਤਾਂ ਦੀ ਰੱਖਿਆ ਕਰਨ ਲਈ, ਇਹ ਜ਼ਰੂਰੀ ਹੈ ਕਿ ਅਸੀਂ ਜੋ ਕੁਝ ਸਾਂਝਾ ਕਰਦੇ ਹਾਂ ਉਸ ਨੂੰ ਮਜ਼ਬੂਤ ਕਰਨਾ ਅਤੇ ਕੱਟੜਪੰਥ ਦੁਆਰਾ ਪੈਦਾ ਹੋਣ ਵਾਲੇ ਖਤਰਿਆਂ ਦੀ ਪਛਾਣ ਕਰਨ ਲਈ ਸਪੱਸ਼ਟ ਹੋਣਾ ਚਾਹੀਦਾ ਹੈ।" ਵੇਖਣਾ ਇਹ ਹੋਵੇਗਾ ਕਿ ਇਸ ਨਵੀਂ ਪ੍ਰੀਭਾਸ਼ਾ ਅਧੀਨ ਕਿਹੜੇ ਗਰੁੱਪਾਂ ਜਾਂ ਸੰਗਠਨਾਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ।

ਇਥੇ ਹੀ ਬੱਸ ਨਹੀਂ ਬੀਤੇ ਕੁਝ ਦਿਨਾਂ ਤੋਂ ਕੁਝ ਮੀਡੀਆ ਖ਼ਬਰਾਂ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਯੂ ਕੇ ਸਰਕਾਰ ਨੇ 300 ਖਾਲਿਸਤਾਨੀ ਸਮਰਥਕਾਂ ਵਾਲੇ ਖਾਤੇ ਬੰਦ ਕਰ ਦਿੱਤੇ ਹਨ। ਭਾਵੇਂ ਕਿ ਇਸ ਖ਼ਬਰ ਦੀ ਯੂ ਕੇ ਦੀ ਕਿਸੇ ਸਰਕਾਰੀ ਜਾਂ ਗੈਰਸਰਕਾਰੀ ਸੰਸਥਾ ਨੇ ਅਜੇ ਤੱਕ ਪੁਸ਼ਟੀ ਨਹੀਂ ਕੀਤੀ। ਪਰ ਕੁਝ ਭਾਰਤੀ ਮੀਡੀਆ ਵਿੱਚ ਪ੍ਰਕਾਸ਼ਿਤ ਇਸ ਖ਼ਬਰ ਨੂੰ ਯੂ ਕੇ ਦੀ ਸੱਤਾਧਾਰੀ ਪਾਰਟੀ ਦੇ ਇੱਕ ਲਾਰਡ ਵੱਲੋਂ ਸ਼ੋਸ਼ਲ ਮੀਡੀਆ ਰਾਹੀਂ ਪ੍ਰਚਾਰਿਆ ਜਾ ਰਿਹਾ ਹੈ। ਸਿੱਖ ਫੈਡਰੇਸ਼ਨ ਯੂ ਕੇ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਸਰਕਾਰ ਵੱਲੋਂ ਕੱਟੜਵਾਦ ਦੀ ਪ੍ਰੀਭਾਸ਼ਾ ਤੋਂ ਜਾਰੀ ਹੋਣ ਵਾਲੀ ਸੂਚੀ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ, ਜੇ ਇਸ ਵਿੱਚ ਕਿਸੇ ਵੀ ਸਿੱਖ ਸੰਸਥਾ ਦਾ ਨਾਮ ਹੋਇਆ ਤਾਂ ਡਟ ਕੇ ਵਿਰੋਧ ਕੀਤਾ ਜਾਵੇਗਾ।

ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਅਤੇ ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਹੈ ਕਿ ਅਜ਼ਾਦੀ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਵਾਲਿਆਂ ਨੂੰ ਕੱਟੜਵਾਦਤਾ ਦਾ ਨਾਮ ਦੇਣਾ ਗਲਤ ਹੋਵੇਗਾ।

## ਬ੍ਰਿਟੇਨ ਦੀ ਦਿੱਗਜ਼ ਕੰਪਨੀ ਯੂਨੀਲਿਵਰ ਵਿੱਚ 7500 ਕਰਮਚਾਰੀਆਂ ਦੀ ਹੋਵੇਗੀ ਛਾਂਟੀ




ਬ੍ਰਿਟੇਨ ਦੀ ਦਿੱਗਜ਼ ਕੰਪਨੀ ਯੂਨੀਲਿਵਰ PLC ਪੀ ਨੇ Ben & Jerry's ਵਰਗੇ ਬਰਾਂਡ ਵਾਲੇ ਆਪਣੇ ice cream ਕਾਰੋਬਾਰ ਨੂੰ ਵੱਖ ਕਰਨ ਦੀ ਯੋਜਨਾ ਬਣਾਈ ਹੈ। ਕੰਪਨੀ ਨੇ ਕਿਹਾ ਕਿ ਇਸ ਦੇ ਲਈ ਵਿਕਲਪਾਂ ਤੇ ਵਿਚਾਰ ਕੀਤਾ ਜਾਵੇਗਾ। ਅਜਿਹਾ ਮੰਨਿਆ ਜਾ ਰਿਹਾ ਹੈ ਕੰਪਨੀ ਡੀਮਜੋਰ ਦੇ ਜਰੀਏ ਨਵੇਂ ਕਾਰੋਬਾਰ ਦੀ ਲਿਸਟਿੰਗ ਯੋਜਨਾ ਤੇ ਵਿਚਾਰ ਕਰ ਸਕਦੀ ਹੈ। ਦੱਸ ਦਈਏ ਕਿ ਯੂਨੀਲਿਵਰ PLC ਨੂੰ ice cream ਡਿਵੀਜਨ ਦੀ ਸਾਲ 2023 ਵਿੱਚ ($7.9 ਵਿਲੀਅਨ ($8.6 ਵਿਲੀਅਨ) ਦੀ ਵਿਕਰੀ ਹੋਈ ਸੀ। ਯੂਨੀਲਿਵਰ PLC ਦੇ ਰੀ-ਸਟ੍ਰਕਚਰਿੰਗ ਪਲਾਨ ਦੀ ਵਜ੍ਹਾ ਨਾਲ 7500 ਕਰਮਚਾਰੀਆਂ ਦੀ ਛਾਂਟੀ ਹੋਣ ਵਾਲੀ ਹੈ। ਕੰਪਨੀ ਨੇ ਕਿਹਾ ਕਿ ਇਹ ਕਦਮ ਵਿਆਪਕ ਰੀ-ਸਟ੍ਰਕਚਰਿੰਗ ਦਾ ਹਿੱਸਾ ਹੈ। ਨੌਕਰੀ ਵਿੱਚ ਕਟੌਤੀ ਨਾਲ ਵੱਖ ਵੱਖ ਤਿੰਨ ਸਾਲਾਂ ਵਿੱਚ 800 ਮਿਲੀਅਨ ਤਕ ਦੇ ਫਾਇਦੇ ਦੀ ਉਮੀਦ ਕੀਤੀ ਜਾ ਰਹੀ ਹੈ। ਰੀ-ਸਟ੍ਰਕਚਰਿੰਗ ਨਾਲ ਯੂਨੀਲਿਵਰ PLC ਦਾ ਧਿਆਨ ਚਾਰ ਕਾਰੋਬਾਰ ਤੇ ਕੇਂਦਰਿਤ ਹੋ ਜਾਵੇਗਾ। ਇਹ ਚਾਰ ਕਾਰੋਬਾਰ ਬਿਊਟੀ ਐਂਡ ਵੇਲਬੀਇੰਗ, ਪਰਸਨਲ ਕੇਅਰ, ਹੋਮ ਕੇਅਰ ਅਤੇ ਨਿਊਟ੍ਰਿਸ਼ਨ। ਇਸ ਦੇ ਪਹਿਲੇ ਨੇਸਲੇ ਐਸਏ ਨੇ ਪਹਿਲੇ ਨਿਜੀ ਏਕਿਵਟੀ ਫਰਮ PAI ਪਾਰਟ ਨਰਸ ਦੇ ਨਾਲ ਇੱਕ ਜੁਆਇਟ ਬੈਂਚਰ ਸਥਾਪਿਤ ਕਰਕੇ ਆਪਣੇ ice cream ਕਾਰੋਬਾਰ ਨੂੰ ਵੱਖ ਵੱਖ ਕਰ ਦਿੱਤਾ ਸੀ। ਕੰਪਨੀ ਵਲੋਂ ice cream ਇਕਾਈ ਨੂੰ ਵੱਖ ਕਰਨੇ ਨਾਲ ਯੂਨੀਲਿਵਰ ਦੀ ਵੱਡੀ ਟੈਂਸ਼ਨ ਖ਼ਤਮ ਹੋ ਜਾਵੇਗੀ।

## ਬਰਤਾਨੀਆ ਦੀ ਸੱਤਾਧਾਰੀ ਪਾਰਟੀ ਵਿੱਚ ਵਧਿਆ ਕਲੇਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੂੰ ਬਦਲਣ ਲਈ ਉੱਠੀ ਮੰਗ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਵਿਚ ਆਮ ਚੋਣਾਂ ਤੋਂ ਪਹਿਲਾਂ ਦੇਸ਼ ਦੀ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਵਿਚ ਅੰਦਰੂਨੀ ਕਲੇਸ਼ ਅਤੇ ਲੀਡਰਸ਼ਿਪ ਬਦਲਣ ਦੀ ਮੰਗ ਵਧੀ ਹੈ। ਪਰ ਇਸ ਦੌਰਾਨ ਹੀ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੂੰ ਐਤਵਾਰ ਨੂੰ ਟਰਾਂਸਪੋਰਟ ਮੰਤਰੀ ਮਾਰਕ ਹਾਰਪਰ ਦਾ ਸਮਰਥਨ ਮਿਲਿਆ ਹੈ। ਭਾਰਤੀ ਮੂਲ ਦੇ ਰਿਸ਼ੀ ਸੁਨਕ ਨੇ ਦੇਸ਼ ਵਿੱਚ ਸਮੇਂ ਤੋਂ ਪਹਿਲਾਂ ਮਈ ਵਿੱਚ ਚੋਣਾਂ ਹੋਣ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਹੈ। ਜਦ ਕਿ ਨਿਯਮਾਂ ਅਨੁਸਾਰ ਆਮ ਚੋਣਾਂ ਵਿਚ ਕੁਝ ਮਹੀਨੇ ਹੀ ਬਚੇ ਹਨ, ਕੰਜ਼ਰਵੇਟਿਵ ਪਾਰਟੀ ਦੇ ਅਧਿਕਾਰੀਆਂ ਵਿਚ ਬਗਾਵਤੀ ਸੁਰ ਵੱਧ ਰਹੇ ਹਨ। ਟਰਾਂਸਪੋਰਟ ਮੰਤਰੀ ਮਾਰਕ ਹਾਰਪਰ ਨੇ ਇੱਕ ਟੈਲੀਵਿਜ਼ਨ ਮੁਲਾਕਾਤ ਦੌਰਾਨ ਸਕਾਈ ਨਿਊਜ਼ ਨੂੰ ਕਿਹਾ ਕਿ ਰਿਸ਼ੀ ਸੁਨਕ ਹੀ ਪਾਰਟੀ ਦੀ ਅਗਵਾਈ ਕਰਨਗੇ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਹੀ ਕੰਜ਼ਰਵੇਟਿਵ ਸੰਸਦੀ ਉਮੀਦਵਾਰ ਚੋਣ ਲੜਣਗੇ।" ਉਨ੍ਹਾਂ ਕਿਹਾ ਕਿ ਅਸੀਂ ਯੋਜਨਾਵਾਂ ਅਨੁਸਾਰ ਕੰਮ ਕਰ ਰਹੇ ਹਾਂ, ਮਹਿੰਗਾਈ ਘਟਾਉਣ ਅਤੇ ਟੈਕਸ ਘਟਾਉਣ ਲਈ ਲੋੜੀਂਦੇ ਕਦਮ ਉਠਾ ਰਹੇ ਹਾਂ। ਕੰਜ਼ਰਵੇਟਿਵ ਇਕੱਲੀ ਅਜਿਹੀ ਪਾਰਟੀ ਹੈ ਜਿਸ ਕੋਲ ਦੇਸ਼ ਦੀਆਂ ਤਰਜੀਹਾਂ ਨਾਲ ਨਜਿੱਠਣ ਦੀਆਂ ਯੋਜਨਾਵਾਂ ਹਨ ਜਿਹਨਾਂ ਸਦਕਾ ਸਾਨੂੰ ਚੋਣਾਂ ਵਿਚ ਸਫ਼ਲਤਾ ਮਿਲੇਗੀ। ਦੂਜੇ ਪਾਸੇ ਪਾਰਟੀ ਦੇ ਸੰਸਦ ਮੈਂਬਰਾਂ ਦਾ ਇੱਕ ਸਮੂਹ ਰਿਸ਼ੀ ਸੁਨਕ ਦੀ ਥਾਂ ਹਾਊਸ ਆਫ ਕਾਮਨਜ਼ ਦੀ ਨੇਤਾ ਪੈਨੀ ਮੋਰਡੌਂਟ ਨੂੰ ਲਿਆਉਣਾ ਚਾਹੁੰਦਾ ਹੈ। ਹਾਰਪਰ ਨੇ ਕਿਹਾ, ਮੈਂ ਟਰਾਂਸਪੋਰਟ ਮੰਤਰੀ ਵਜੋਂ ਆਪਣਾ ਧਿਆਨ ਉਸ ਚੀਜ਼ ਉੱਤੇ ਕੇਂਦਰਿਤ ਕਰਦਾ ਹਾਂ, ਜੋ ਦੇਸ਼ ਲਈ ਸਹੀ ਹਨ। ਉਹਨਾ ਕਿਹਾ ਕਿ ਪ੍ਰਧਾਨ ਮੰਤਰੀ ਵੀ ਸਹੀ ਫੈਸਲੇ ਲੈਣ 'ਤੇ ਧਿਆਨ ਕੇਂਦ੍ਰਿਤ ਕਰਦੇ ਹਨ। ਸੱਤਾਧਾਰੀ ਪਾਰਟੀ ਅੰਦਰ ਦਿੱਥੇ ਕਾਟੋ ਕਲੇਸ਼ ਵੱਧਦਾ ਨਜ਼ਰ ਆ ਰਿਹਾ ਹੈ, ਉੱਥੇ ਹੀ ਸਰਵੇਖਣਾਂ ਵਿੱਚ ਲੇਬਰ ਨੇ ਕੰਜ਼ਰਵੇਟਿਵ ਪਾਰਟੀ ਦੀ ਹਾਲਤ ਪਤਲੀ ਕੀਤੀ ਹੋਈ ਹੈ ।

VACANCIES
JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

CONSTRUCTION BUILDERS REQUIRED ON VARIOUS SITES IN UK

Job Type: 5319 Construction & building trades not elsewhere classified

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਬਰਤਾਨੀਆ ਵਿੱਚ ਆਮ ਚੋਣਾਂ 2 ਮਈ ਨੂੰ ਨਹੀਂ ਹੋਣਗੀਆਂ – ਰਿਸ਼ੀ ਸੁਨਕ

## ਸਿਆਸੀ ਹਲਕਿਆਂ 'ਚ ਅੰਦਰ ਖਾਤੇ ਤਿਆਰੀਆਂ ਨੇ ਜ਼ੋਰਾਂ 'ਤੇ


ਪ੍ਰਧਾਨ ਮੰਤਰੀ ਰਿਸ਼ੀ ਸੁਨਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਸਪੱਸ਼ਟ ਕੀਤਾ ਹੈ ਕਿ ਆਮ ਚੋਣਾਂ 2 ਮਈ ਨੂੰ ਨਹੀਂ ਹੋਣਗੀਆਂ। ਇਸ ਨਾਲ ਦੇਸ਼ 'ਚ ਜਲਦੀ ਚੋਣਾਂ ਹੋਣ ਦੀਆਂ ਅਟਕਲਾਂ 'ਤੇ ਭਾਵੇਂ ਰੋਕ ਲੱਗ ਗਈ ਹੈ, ਪਰ ਸਿਆਸੀ ਗਲਿਆਰਿਆਂ ਵਿੱਚ ਚੋਣਾਂ ਲਈ ਅੰਦਰ ਖਾਤੇ ਤਿਆਰੀਆਂ ਹੋ ਰਹੀਆਂ ਹਨ। ਸੁਨਕ ਨੇ ਵੀਰਵਾਰ ਨੂੰ ਯੂ ਕੇ ਦੇ ਆਈ.ਟੀ.ਵੀ ਨਿਊਜ਼ ਨਾਲ ਗੱਲਬਾਤ ਕਰਦਿਆਂ ਇਹ ਗੱਲ ਕਹੀ ਹੈ ਕਿ 2 ਮਈ ਨੂੰ ਜਦੋਂ ਲੰਡਨ ਮੇਅਰ, ਕੌਂਸਲਾਂ ਅਤੇ ਲੰਡਨ ਅਸੈਂਬਲੀ ਦੀਆਂ ਚੋਣਾਂ ਹੋ ਰਹੀਆਂ ਹਨ, ਉਹਨਾ ਨਾਲ ਹੀ ਆਮ ਚੋਣਾਂ ਕਰਵਾਉਣ ਦੀ ਕੋਈ ਯੋਜਨਾ ਨਹੀਂ ਹੈ। ਜਦ ਕਿ ਇਸ ਤੋਂ ਪਹਿਲਾਂ ਸੁਨਕ ਨੇ ਕਿਹਾ ਸੀ ਕਿ ਚੋਣਾਂ ਇਸ ਸਾਲ ਦੇ ਦੂਜੇ ਅੱਧ 'ਚ ਹੋਣਗੀਆਂ, ਪਰ ਮਈ 'ਚ ਹੋਣ ਵਾਲੀਆਂ ਚੋਣਾਂ ਤੋਂ ਇਨਕਾਰ ਨਹੀਂ ਕੀਤਾ ਸੀ।

ਮੌਜੂਦਾ ਸਰਕਾਰ ਦਾ ਕਾਰਜਕਾਲ ਅਗਲੇ ਸਾਲ ਜਨਵਰੀ ਤੱਕ ਹੈ। ਵਰਣਨਯੋਗ ਹੈ ਕਿ ਸਰਵੇਖਣ ਮੁਤਾਬਕ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਚੋਣਾਂ ਵਿਚ ਮੁੱਖ ਵਿਰੋਧੀ ਲੇਬਰ ਪਾਰਟੀ ਤੋਂ ਪਛੜ ਰਹੀ ਹੈ। ਇਸ 'ਤੇ ਪਾਰਟੀ ਦੇ ਕੁਝ ਸੰਸਦ ਮੈਂਬਰ ਸਥਿਤੀ ਨੂੰ ਵਿਗੜਨ ਤੋਂ ਰੋਕਣ ਲਈ ਜਲਦੀ ਚੋਣਾਂ ਕਰਵਾਉਣ ਦੀ ਵਕਾਲਤ ਕਰ ਰਹੇ ਹਨ।

ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ 20 ਮਾਰਚ ਨੂੰ ਸੰਸਦ ਵਿੱਚ ਪ੍ਰਸ਼ਨਕਾਲ ਦੌਰਾਨ ਪ੍ਰਧਾਨ ਮੰਤਰੀ ਰਿਸ਼ੀ ਚੋਣਾਂ ਦਾ ਐਲਾਨ ਕਰ ਸਕਦੇ ਹਨ। ਸੂਤਰਾਂ ਅਨੁਸਾਰ ਸਿਆਸੀ ਪਾਰਟੀਆਂ ਨੇ ਆਪੋ ਆਪਣੇ ਉਮੀਦਵਾਰਾਂ ਨੂੰ ਚੋਣਾਂ ਲਈ ਤਿਆਰ ਰਹਿਣ ਲਈ ਅਗਾਹ ਕੀਤਾ ਹੈ।

# ਐਸ ਪੀ ਸਿੰਘ ਓਬਰਾਏ ਦਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸਨਮਾਨ


ਸ: ਐਸ ਪੀ ਸਿੰਘ ਓਬਰਾਏ ਦਾ ਸਨਮਾਨ ਕਰਦੇ ਹੋਏ ਗਿਆਨੀ ਰਣਜੀਤ ਸਿੰਘ ਮਲੋਟ, ਸੁਖਦੇਵ ਸਿੰਘ ਔਜਲਾ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸ: ਐਸ ਪੀ ਸਿੰਘ ਓਬਰਾਏ ਦਾ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਗਿਆਨੀ ਰਣਜੀਤ ਸਿੰਘ ਮਲੋਟ ਅਤੇ ਮੁੱਖ ਪ੍ਰਬੰਧਕ ਸੁਖਦੇਵ ਸਿੰਘ ਔਜਲਾ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਸ: ਔਜਲਾ ਨੇ ਕਿਹਾ ਕਿ ਸ: ਓਬਰਾਏ ਲੰਮੇਂ ਸਮੇਂ ਤੋਂ ਮਨੁੱਖਤਾ ਦੀ ਸੇਵਾ ਕਰ ਰਹੇ ਹਨ। ਉਹਨਾਂ ਜਿੱਥੇ ਵੱਡੀ ਗਿਣਤੀ ਵਿੱਚ ਮੁਸੀਬਤ ਵਿੱਚ ਘਿਰੇ ਨੌਜਵਾਨਾਂ ਨੂੰ ਮੌਤ ਦੇ ਮੂੰਹੋ ਬਚਾਇਆ, ਉੱਥੇ ਹੀ ਉਹਨਾਂ ਪੰਜਾਬ ਵਿੱਚ ਚੰਗੀ ਸਿਹਤ ਦੇਣ ਲਈ ਅਤੇ ਚੰਗੀ ਸਿੱਖਿਆ ਦੇਣ ਲਈ ਲੋੜਵੰਦ ਲੋਕਾਂ ਦੀ ਬਾਂਹ ਫੜ੍ਹੀ ਹੈ।

ਸ: ਓਬਰਾਏ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਸਰਬੱਤ ਦੇ ਭਲੇ ਲਈ ਦਰਸਾਏ ਮਾਰਗ ਤੇ ਚੱਲਣ ਦੀ ਕੋਸ਼ਿਸ਼ ਕਰ ਰਹੇ ਹਾਂ। ਉਹਨਾਂ ਨੇ ਇਹ ਵੀ ਕਿਹਾ ਕਿ ਹੋਰ ਸੇਵਾਵਾਂ ਦੇ ਨਾਲ ਨਾਲ ਸਿੱਖ ਇਤਿਹਾਸ ਦੀ ਸਾਂਭ ਸੰਭਾਲ ਲਈ ਵੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਵੇਂ ਪ੍ਰਾਜੈਕਟ ਸ਼ੁਰੂ ਕੀਤੇ ਹਨ। ਸ੍ਰੀ ਪਾਉਂਟਾ ਸਾਹਿਬ ਤੋਂ ਬਾਅਦ ਵੱਡੀ ਪੱਧਰ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਵੀ ਦਰਬਾਰ ਕਰਵਾਉਣ ਦੀ ਇਸ ਸਾਲ ਆਰੰਭਤਾ ਕੀਤੀ ਜਾ ਰਹੀ ਹੈ।

ਇਸ ਮੌਕੇ ਬਿੱਲੀ ਜੁਟਲਾ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਬਲਜਿੰਦਰ ਸਿੰਘ ਢਿਲੋਂ, ਕੁਲਵੰਤ ਸਿੰਘ ਭਿੰਡਰ, ਗੁਲਜ਼ਾਰ ਸਿੰਘ, ਹਰਬੰਸ ਸਿੰਘ ਕਲਸੀ ਆਦਿ ਹਾਜ਼ਰ ਸਨ।


GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved



ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)

UK's FIRST ASIAN MARRIAGE BUREAU

Guaranteed introduction service - Since 1972
CURRENTLY SEEKING MATCHES FOR THE FOLLOWING
JAT SIKH GIRLS (F) & BOYS (M) - (*with turban/beard):

| | | | | |
|---|---|---|---|---|
| 26 | 5'04" | BSc Optometry | Optometrist | Single (F) |
| 27 | 5'03" | B.A. History | Product Manager | Single (F) |
| 27 | 5'07" | M.D. | Doctor | Single (F) |
| 29 | 5'09" | LLB (Hons) | Lawyer (Solicitor) | Single (F) |
| 29 | 5'08" | DDA | Dentist | Single (F) |
| 29 | 5'04" | LLB (Hons) , LPC | Trainee Solicitor | Single (F) |
| 29 | 5'07" | ACCA | Accountant | Single (F) |
| 27 | 6'02" | Graduate | Financial Sector | Single (M) |
| 29 | 5'10"+ | MBChB | Doctor-GP Training | Single (M) |
| 29* | 6'00" | M.Pharms | Pharmacy Area Man. | Single (M) |
| 29 | 6'04" | Graduation | Business Owner | Single (M) |
| 30 | 5'11" | Graduation | Business Owner | Single (M) |

OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

## -ਮਾਮਲਾ ਝੂਠੇ ਤੇ ਬੇਬੁਨਿਆਦ ਦੋਸ਼ ਲਗਾਉਣ ਦਾ-

# ਸੁਖਬੀਰ ਸਿੰਘ ਬਾਦਲ ਵਲੋਂ ਭਗਵੰਤ ਮਾਨ ਨੂੰ ਕਾਨੂੰਨੀ ਨੋਟਿਸ

### ✪ 7 ਦਿਨਾਂ ਵਿਚ ਲਿਖਤੀ ਮੁਆਫ਼ੀ ਮੰਗੋ ਜਾਂ ਫਿਰ ਮਾਣਹਾਨੀ ਦਾ ਮੁਕੱਦਮੇ ਦਾ ਸਾਹਮਣਾ ਕਰੋ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਇਕ ਕਾਨੂੰਨੀ ਨੋਟਿਸ ਭੇਜਿਆ ਹੈ। ਸ. ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਵਲੋਂ ਉਨ੍ਹਾਂ ਦੇ ਪ੍ਰਾਈਵੇਟ ਰਿਜ਼ੋਰਟ ਦੀ ਉਸਾਰੀ ਕਰਨ 'ਤੇ ਨਿਯਮਾਂ ਵਿਚ ਤਬਦੀਲੀ ਕਰਕੇ 108 ਕਰੋੜ ਰੁਪਏ ਦੀ ਛੋਟ ਦਿੱਤੇ ਜਾਣ ਦੇ ਮਾਮਲੇ ਵਿਚ ਝੂਠੇ ਤੇ ਬੇਬੁਨਿਆਦ ਦੋਸ਼ ਲਗਾਉਣ ਲਈ ਮੁੱਖ ਮੰਤਰੀ ਨੂੰ ਤੁਰੰਤ ਮੁਆਫ਼ੀ ਮੰਗਣ ਜਾਂ ਫਿਰ ਮਾਣਹਾਨੀ ਦਾ ਮੁਕੱਦਮੇ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਚੁਣੌਤੀ ਦਿੱਤੀ ਹੈ। ਸ. ਸੁਖਬੀਰ ਸਿੰਘ ਬਾਦਲ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੂੰ ਲਗਾਏ ਹਰ ਦੋਸ਼ਾਂ ਲਈ ਸਬੂਤ ਪੇਸ਼ ਕਰਨੇ ਪੈਣਗੇ ਜਾਂ ਫਿਰ ਉਹ ਝੂਠ ਬੋਲਣ ਲਈ ਜੇਲ੍ਹ ਜਾਣ ਲਈ ਤਿਆਰ ਰਹਿਣ। ਸ. ਸੁਖਬੀਰ ਸਿੰਘ ਬਾਦਲ ਨੇ ਸਪੱਸ਼ਟ ਕੀਤਾ ਕਿ ਜੇਕਰ ਮੁੱਖ ਮੰਤਰੀ ਨੇ 7 ਦਿਨਾਂ ਦੇ ਅੰਦਰ-ਅੰਦਰ ਸੁਖਵਿਲਾਸ ਰਿਜ਼ੋਰਟ ਦੇ ਮਾਮਲੇ 'ਚ ਮੁਆਫ਼ੀ ਨਾ ਮੰਗੀ ਤਾਂ ਫਿਰ ਉਹ ਮੁੱਖ ਮੰਤਰੀ ਦੇ ਖ਼ਿਲਾਫ਼ ਮਾਣਹਾਨੀ ਦਾ ਮੁਕੱਦਮਾ ਦਰਜ ਕਰਵਾਉਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪਹਿਲਾਂ ਹੀ ਉਨ੍ਹਾਂ ਵਲੋਂ ਦਾਇਰ ਮਾਣਹਾਨੀ ਦੇ ਮੁਕੱਦਮੇ ਵਿਚ ਸ੍ਰੀ ਮੁਕਤਸਰ ਸਾਹਿਬ ਦੀ ਅਦਾਲਤ ਵਿਚ ਪੇਸ਼ੀ ਭੁਗਤਣ ਤੋਂ ਭੱਜ ਰਹੇ ਹਨ ਤੇ ਜਦਕਿ ਅਕਾਲੀ ਦਲ ਨੇ ਇਹ ਕੇਸ ਲੁਧਿਆਣਾ ਵਿਚ ਪ੍ਰੋਗਰਾਮ ਦੌਰਾਨ ਕੀਤੇ ਦਾਅਵਿਆਂ ਦੇ ਮਾਮਲੇ ਵਿਚ ਉਨ੍ਹਾਂ ਖਿਲਾਫ਼ ਦਾਇਰ ਕੀਤਾ ਸੀ।

ਜ਼ਿਕਰਯੋਗ ਹੈ ਕਿ ਇਹ ਕਾਨੂੰਨੀ ਨੋਟਿਸ ਸੀਨੀਅਰ ਐਡਵੋਕੇਟ ਹਿਮਾਂਸ਼ੂ ਰਾਜ ਰਾਹੀਂ ਭੇਜਿਆ ਗਿਆ ਹੈ, ਜਿਸ ਵਿਚ ਕਿਹਾ ਗਿਆ



ਹੈ ਕਿ ਮੁੱਖ ਮੰਤਰੀ ਪੰਜਾਬ ਨੇ ਅਕਾਲੀ ਦਲ ਦੇ ਪ੍ਰਧਾਨ 'ਤੇ ਝੂਠੇ ਦੋਸ਼ ਲਗਾਏ ਹਨ ਕਿ ਉਨ੍ਹਾਂ ਨੇ ਅਕਾਲੀ ਦਲ-ਭਾਜਪਾ ਸਰਕਾਰ ਦੌਰਾਨ ਨਿਯਮਾਂ ਨੂੰ ਤੋੜ ਮਰੋੜ ਕੇ ਪ੍ਰਾਈਵੇਟ ਰਿਜ਼ੋਰਟ ਦੀ ਉਸਾਰੀ ਵਾਸਤੇ ਛੋਟਾਂ ਹਾਸਲ ਕੀਤੀਆਂ। ਨੋਟਿਸ ਵਿਚ ਇਹ ਵੀ ਕਿਹਾ ਗਿਆ ਕਿ ਸੱਚਾਈ ਇਹ ਹੈ ਕਿ ਸੀ. ਐਲ. ਯੂ. ਜਾਰੀ ਕਰਨ ਦੀ ਸ਼ਕਤੀ ਸਿਰਫ ਪੀ. ਐਲ. ਪੀ. ਏ. ਤਹਿਤ ਹੀ ਆਉਂਦੀ ਹੈ ਜੋ ਕਿ ਕੇਂਦਰ ਸਰਕਾਰ ਦੇ ਅਧੀਨ ਹੈ ਅਤੇ ਪੰਜਾਬ ਸਰਕਾਰ ਦਾ ਇਸ ਨਾਲ ਕੋਈ ਸਰੋਕਾਰ ਨਹੀਂ ਹੈ ਨੋਟਿਸ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਮੈਟਰੋ ਈਕੋ ਗ੍ਰੀਨ ਰਿਜ਼ੋਰਟ ਲਿਮਟਿਡ ਨੇ 20.80 ਏਕੜ ਜ਼ਮੀਨ ਖਰੀਦੀ ਤੇ ਇਹ ਸੁਪਰੀਮ ਕੋਰਟ ਵਲੋਂ ਤੈਅ ਨਿਯਮਾਂ ਮੁਤਾਬਿਕ ਲੋੜੀਂਦੇ ਮੁਆਵਜ਼ੇ ਸਮੇਤ ਪੰਜਾਬ ਜੰਗਲਾਤ ਵਿਭਾਗ ਨੂੰ ਤਬਦੀਲ ਕੀਤੀ। ਇਸ ਵਿਚ ਇਹ ਵੀ ਦੱਸਿਆ ਗਿਆ ਕਿ ਇਸ ਮਾਮਲੇ ਵਿਚ ਪ੍ਰਾਜੈਕਟ ਸਥਾਪਿਤ ਕਰਨ ਵਾਸਤੇ ਤਾਮੀਲ ਰਿਪੋਰਟ ਪੇਸ਼ ਕਰਨ ਤੋਂ ਬਾਅਦ ਹੀ ਕੇਂਦਰ ਸਰਕਾਰ ਨੇ ਪ੍ਰਾਜੈਕਟ ਵਾਸਤੇ ਮਨਜ਼ੂਰੀ ਦਿੱਤੀ ਹੈ। ਨੋਟਿਸ ਵਿਚ ਮੁੱਖ ਮੰਤਰੀ ਦੇ ਇਹ ਝੂਠੇ ਦਾਅਵੇ ਵੀ ਲੀਰੋ-ਲੀਰ ਕੀਤੇ ਗਏ ਕਿ ਪਿਛਲੀ ਅਕਾਲੀ ਦਲ-ਭਾਜਪਾ ਸਰਕਾਰ ਨੇ ਸੁੱਖ ਵਿਲਾਸ ਦੀ ਉਸਾਰੀ ਵਾਸਤੇ ਟੈਕਸ ਛੋਟਾਂ ਸਮੇਤ ਈਕੋ ਟੂਰਿਜ਼ਮ ਨੀਤੀ ਲਿਆਂਦੀ ਅਤੇ ਰਿਜ਼ੋਰਟ ਮੁਕੰਮਲ ਹੋਣ ਮਗਰੋਂ ਨੀਤੀ ਖ਼ਾਰਜ ਕਰ ਦਿੱਤੀ ਗਈ।

ਨੋਟਿਸ ਵਿਚ ਕਿਹਾ ਗਿਆ ਕਿ ਈਕੋ ਟੂਰਿਜ਼ਮ ਤੋਂ ਇਲਾਵਾ ਪੰਜਾਬ ਸਰਕਾਰ ਦਾ ਸਿਸਵਾਂ ਪ੍ਰਾਜੈਕਟ, ਦਾ ਗੱਜ ਰੀਟ੍ਰੀਟ ਅਤੇ ਕਿੰਗ ਨਿਰਵਾਣਾ ਰਿਜ਼ੋਰਟ ਹੁਸ਼ਿਆਰਪੁਰ ਨੇ ਇਸ ਨੀਤੀ ਦਾ ਲਾਹਾ ਲਿਆ ਹੈ। ਇਹ ਵੀ ਕਿਹਾ ਕਿ 2009 ਦੀ ਈਕੋ ਟੂਰਿਜ਼ਮ ਨੀਤੀ ਹਾਲੇ ਤੱਕ ਹੋਂਦ ਵਿਚ ਹੈ ਅਤੇ ਸੂਬਾ ਸਰਕਾਰ ਦੀ ਅਧਿਕਾਰਤ ਵੈਬਸਾਈਟ ਮੁਤਾਬਿਕ 8 ਹੋਟਲ ਤੇ 56 ਇੰਡਸਟਰੀਆਂ ਨੇ ਮੁਹਾਲੀ ਵਿਚ ਨੀਤੀ ਦਾ ਲਾਭ ਲਿਆ ਤੇ ਹੁਣ ਤੱਕ 600 ਹੋਰ ਪ੍ਰਾਜੈਕਟਾਂ ਨੂੰ ਸੂਬੇ ਦੀ ਇਸ ਨੀਤੀ ਤੋਂ ਲਾਭ ਮਿਲਿਆ। ਨੋਟਿਸ ਵਿਚ ਕਿਹਾ ਗਿਆ ਕਿ 2022 ਦੌਰਾਨ ਆਮ ਆਦਮੀ ਪਾਰਟੀ ਦੇ ਰਾਜ ਵਿਚ ਨਵੀਂ ਇੰਡਸਟਰੀ ਤੇ ਬਿਜ਼ਨਸ ਡਵੈਲਪਮੈਂਟ ਪਾਲਿਸੀ ਤਹਿਤ ਈਕੋ ਟੂਰੋਜ਼ਿਮ ਅਤੇ ਹੋਰ ਪ੍ਰਾਜੈਕਟਾਂ ਲਈ ਇਨਸੈਂਟਿਵ ਵਧਾ ਦਿੱਤੇ ਗਏ ਹਨ ਅਤੇ ਐਸ. ਜੀ. ਐਸ. ਟੀ. ਛੋਟ 10 ਸਾਲਾਂ ਲਈ 75 ਫ਼ੀਸਦੀ ਤੋਂ ਵੱਧ ਕੇ 15 ਸਾਲਾਂ ਲਈ 100 ਫ਼ੀਸਦੀ ਕਰ ਦਿੱਤੀ ਗਈ।

ਇਸ ਤੋਂ ਇਲਾਵਾ ਇਸ ਨੋਟਿਸ 'ਚ ਕਿਹਾ ਗਿਆ ਕਿ ਇਸੇ ਤਰੀਕੇ ਬਿਜਲੀ ਡਿਊਟੀ ਤੋਂ ਛੋਟ 10 ਸਾਲਾਂ ਲਈ 100 ਫੀਸਦੀ ਤੋਂ ਵਧਾ ਕੇ 15 ਸਾਲਾਂ ਲਈ 100 ਫ਼ੀਸਦੀ ਕਰ ਦਿੱਤੀ ਗਈ ।ਲੀਗਲ ਨੋਟਿਸ ਨੇ ਮੁੱਖ ਮੰਤਰੀ ਦੇ ਇਨ੍ਹਾਂ ਦਾਅਵਿਆਂ ਨੂੰ ਵੀ ਲੀਰੋ ਲੀਰ ਕੀਤਾ ਕਿ ਮੁੱਖ ਹੋਟਲ ਤੋਂ ਟੈਂਟਾਂ ਤੱਕ ਜਾਂਦੀ ਸੜਕ ਸੂਬਾ ਸਰਕਾਰ ਦੇ ਫੰਡਾਂ ਨਾਲ ਬਣਾਈ ਗਈ ਤੇ ਇਸ ਵਿਚ ਪੰਜਾਬ ਮੰਡੀ ਬੋਰਡ ਨੂੰ ਮੈਟਰੋ ਈਕੋ ਗ੍ਰੀਨਜ਼ ਵਲੋਂ 66.5 ਲੱਖ ਰੁਪਏ ਦਾ ਚੈੱਕ ਦੇਣ ਦਾ ਹਵਾਲਾ ਵੀ ਦਿੱਤਾ ਗਿਆ।

ਮੁੱਖ ਮੰਤਰੀ ਪੰਜਾਬ ਵਲੋਂ ਸੁੱਖ ਵਿਲਾਸ ਲਈ ਐਸ.ਜੀ.ਐਸ.ਟੀ., ਬਿਜਲੀ ਡਿਊਟੀ, ਲਗਜ਼ਰੀ ਟੈਕਸ ਤੇ ਸਾਲਾਨਾ ਲਾਇੰਸ ਫੀਸ ਵਿਚ 108 ਕਰੋੜ ਰੁਪਏ ਤੱਕ ਦੀ ਦਿੱਤੀ ਛੋਟ ਦੀ ਗੱਲ ਕਰਦਿਆਂ ਨੋਟਿਸ ਵਿਚ ਦੱਸਿਆ ਗਿਆ ਕਿ ਰਿਜ਼ੋਰਟ ਵਾਸਤੇ ਈਕੋ ਟੂਰਿਜ਼ਮ ਪਾਲਿਸੀ ਤਹਿਤ ਹੁਣ ਤੱਕ ਸਿਰਫ 4.29 ਕਰੋੜ ਰੁਪਏ ਦੀ ਛੋਟ ਦਿੱਤੀ ਗਈ ਹੈ। ਇਹ ਵੀ ਦੱਸਿਆ ਗਿਆ ਕਿ ਬਿਜਲੀ ਡਿਊਟੀ ਵਿਚ ਕੁੱਲ ਛੋਟ 2.19 ਕਰੋੜ ਰੁਪਏ ਦੀ ਦਿੱਤੀ ਗਈ ਹੈ ਜਦੋਂ ਕਿ ਲਗਜ਼ਰੀ ਟੈਕਸ ਅਤੇ ਲਾਇਸੰਸ ਫੀਸ ਲਈ 73.90 ਲੱਖ ਰੁਪਏ ਦੀ ਛੋਟ ਦਿੱਤੀ ਗਈ ਹੈ।

# ਲੋਕ ਸਭਾ ਹਲਕਾ ਬਠਿੰਡਾ ਤੋਂ ਨਹੀਂ ਲੱਭ ਰਿਹਾ 'ਆਪ' ਨੂੰ ਹਰਸਿਮਰਤ ਕੌਰ ਬਾਦਲ ਦਾ ਤੋੜ

ਬਠਿੰਡਾ-ਪੰਜਾਬ ਦੀ ਸਭ ਤੋਂ ਵੱਧ ਵਕਾਰੀ ਮੰਨੀ ਜਾਂਦੀ ਸੀਟ ਲੋਕ ਸਭਾ ਹਲਕਾ ਬਠਿੰਡਾ ਦੀ ਗੱਲ ਕੀਤੀ ਜਾਵੇ ਤਾਂ ਇਥੋਂ ਸੱਤਾਧਾਰੀ ਧਿਰ 'ਆਪ' ਨੂੰ ਬਠਿੰਡਾ ਦੇ ਮੌਜੂਦਾ ਅਕਾਲੀ ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਦਾ ਕੋਈ ਤੋੜ ਨਹੀਂ ਲੱਭ ਰਿਹਾ ਹੈ। ਬੇਸ਼ੱਕ ਉਨ੍ਹਾਂ ਦਾ ਮੁਕਾਬਲਾ ਕਰਨ ਲਈ 'ਆਪ' ਵਲੋਂ ਸੂਬੇ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁਡੀਆਂ, 'ਆਪ' ਦੀ ਐਂਨ.ਆਰ.ਆਈ. ਵਲੰਟੀਅਰ ਜਸਕੀਰਤ ਕੌਰ ਮਾਨ ਤੇ ਚੀਫ਼ ਵਿੱਪ ਪ੍ਰੋ. ਬਲਜਿੰਦਰ ਕੌਰ ਵਿਚੋਂ ਕਿਸੇ ਇਕ ਨੂੰ ਚੋਣ ਮੈਦਾਨ ਵਿਚ ਉਤਾਰਨ ਦੀ ਚਰਚਾ ਨੇ ਜ਼ੋਰ ਫੜਿਆ ਹੋਇਆ ਹੈ ਪਰ ਟਿਕਟ ਦੇ ਦਾਅਵੇਦਾਰਾਂ ਵਜੋਂ ਬਠਿੰਡਾ ਦੇ ਉਘੇ ਕਾਰੋਬਾਰੀ ਤੇ ਪੰਜਾਬ ਕਿ,ਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ ਤੇ ਪੰਜਾਬ ਸ਼ੂਗਰਫੈੱਡ ਦੇ ਚੇਅਰਮੈਨ ਐਡਵੋਕੇਟ ਨਵਦੀਪ ਸਿੰਘ ਜੀਦਾ ਦਾ ਨਾਂ ਵੀ ਉੱਭਰਕੇ ਸਾਹਮਣੇ ਆ ਰਿਹਾ। ਇਸ ਤੋਂ ਸਾਫ਼ ਝਲਕ ਰਿਹਾ ਹੈ ਕਿ ਅਜੇ ਤੱਕ 'ਆਪ' ਨੂੰ ਹਰਸਿਮਰਤ ਕੌਰ ਬਾਦਲ ਦਾ ਮੁਕਾਬਲਾ ਕਰਨ ਲਈ ਕੋਈ ਮਜ਼ਬੂਤ ਤੋੜ ਨਹੀਂ ਲੱਭ ਰਿਹਾ ਜਦਕਿ ਸੱਤਾਧਾਰੀ ਧਿਰ ਦੀ ਨਜ਼ਰਾਂ ਅਕਾਲੀ-ਭਾਜਪਾ ਦੇ ਸੰਭਾਵੀ ਗੱਠਜੋੜ 'ਤੇ ਵੀ ਟਿਕੀਆਂ ਹੋਈਆਂ ਹਨ।



ਬੀਬਾ ਬਾਦਲ ਨੇ ਸਾਲ 2009 ਵਿਚ ਪਹਿਲੀ ਵਾਰ ਬਠਿੰਡਾ ਤੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਫ਼ਰਜ਼ੰਦ ਕਾਂਗਰਸੀ ਉਮੀਦਵਾਰ ਰਣਇੰਦਰ ਸਿੰਘ ਨੂੰ ਕਰੀਬ ਸਵਾ ਲੱਖ ਵੋਟਾਂ ਦੇ ਫ਼ਰਕ ਨਾਲ ਹਰਾਇਆ ਤੇ ਦੂਸਰੀ ਵਾਰ 2014 ਵਿਚ ਆਪਣੇ ਦਿਉਰ ਤੇ ਸੂਬੇ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਫਿਰ ਲਗਾਤਾਰ ਤੀਸਰੀ ਵਾਰ 2019 'ਚ ਪੰਜਾਬ ਕਾਂਗਰਸ ਦੇ ਮੌਜੂਦਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਮਾਤ ਦਿੱਤੀ ਸੀ ਉਹ ਲਗਾਤਾਰ ਤੀਸਰੀ ਵਾਰ ਬਠਿੰਡਾ ਤੋਂ ਜਿੱਤ ਦਾ ਪ੍ਰਚਮ ਲਹਿਰਾ ਚੁੱਕੇ ਹਨ ਤੇ ਹੁਣ ਉਨ੍ਹਾਂ ਦੀਆਂ ਤੇਜ਼ ਕੀਤੀਆਂ ਸਿਆਸੀ ਸਰਗਰਮੀਆਂ ਤੋਂ ਇਹੀ ਮੰਨਿਆ ਜਾ ਰਿਹਾ ਹੈ ਕਿ ਉਹੀ ਮੁੜ ਬਠਿੰਡਾ ਤੋਂ ਅਕਾਲੀ ਦਲ ਦੇ ਉਮੀਦਵਾਰ ਹੋਣਗੇ, ਜਦਕਿ ਕਿਆਸ-ਆਰਾਈਆਂ ਉਨ੍ਹਾਂ ਦੇ ਫ਼ਿਰੋਜ਼ਪੁਰ ਜਾਂ ਖਡੂਰ ਸਾਹਿਬ ਤੋਂ ਵੀ ਚੋਣ ਲੜਨ ਦੀਆਂ ਲਗਾਈਆਂ ਜਾ ਰਹੀਆਂ ਹਨ।

ਬਠਿੰਡਾ ਤੋਂ ਕਾਂਗਰਸ ਪਾਰਟੀ ਦੀ ਟਿਕਟ ਪ੍ਰਾਪਤੀ ਲਈ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਬੀਬਾ ਅੰਮ੍ਰਿਤਾ ਵੜਿੰਗ, ਤਲਵੰਡੀ ਸਾਬੋ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਤੇ ਸਰਦੂਲਗੜ੍ਹ ਦੇ ਸਾਬਕਾ ਵਿਧਾਇਕ ਅਜੀਤਇੰਦਰ ਸਿੰਘ ਮੋਫਰ ਸਮੇਤ ਕਈ ਹੋਰ ਨਾਂਵਾਂ ਦੀ ਚਰਚਾ ਨੇ ਜ਼ੋਰ ਫੜਿਆ ਹੋਇਆ। ਜਦਕਿ ਅਕਾਲੀ ਦਲ ਨਾਲ ਮੁੜ ਗੱਠਜੋੜ ਦੀਆਂ ਸੰਭਾਵਨਾਵਾਂ ਦੇ ਮੱਦੇਨਜ਼ਰ ਅਜੇ ਤੱਕ ਬਠਿੰਡਾ ਤੋਂ ਚੋਣ ਮੈਦਾਨ ਵਿਚ ਉੱਤਰਨ ਲਈ ਭਾਜਪਾ ਦਾ ਕੋਈ ਦਾਅਵੇਦਾਰ ਉੱਭਰਕੇ ਸਾਹਮਣੇ ਨਹੀਂ ਆਇਆ ਹੈ, ਪਰ ਕਿਸੇ ਕਾਰਨ ਗੱਠਜੋੜ ਸਿਰੇ ਨਹੀਂ ਚੜ੍ਹਦਾ ਹੈ ਤਾਂ ਇੱਥੋਂ ਸਾਬਕਾ ਵਿਧਾਇਕ ਤੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ ਜਾਂ ਸਾਬਕਾ ਸੰਸਦੀ ਸਕੱਤਰ ਜਗਦੀਪ ਸਿੰਘ ਨਕੱਈ 'ਤੇ ਗੁਣਾਂ ਪਾਇਆ ਜਾ ਸਕਦਾ।

# ਕੇਂਦਰੀ ਜੇਲ੍ਹ ਵਿਚ ਗੈਂਗਸਟਰਾਂ ਵਿਚਾਲੇ ਖ਼ੂਨੀ ਜੰਗ

**○ ਇਕ ਐੱਸ. ਐੱਚ. ਓ, ਪੁਲਸ ਵਿਭਾਗ ਦਾ ਫੋਟੋਗ੍ਰਾਫਰ ਸਮੇਤ ਇਕ ਪੈਸਕੋ ਕਰਮਚਾਰੀ ਜ਼ਖ਼ਮੀ ○ ਡਿਪਟੀ ਸੁਪਰਡੈਂਟ ਹਰਭਜਨ ਸਿੰਘ ਨੂੰ ਛੁੱਟੀ 'ਤੇ ਭੇਜਿਆ**

ਗੁਰਦਾਸਪੁਰ-ਕੇਂਦਰੀ ਜੇਲ੍ਹ ਗੁਰਦਾਸਪੁਰ ਦੇ ਗੈਂਗਸਟਰਾਂ ਦੇ ਗੁਟ ਆਪਸ ਵਿਚ ਭਿੜ ਗਏ। ਇਸ ਦੌਰਾਨ ਚੱਲੇ ਇੱਟ ਰੋੜੇ ਵੱਜਣ ਦੇ ਕਾਰਨ ਇਕ ਐੱਸ. ਐੱਚ. ਓ, ਪੁਲਸ ਵਿਭਾਗ ਦਾ ਫੋਟੋਗ੍ਰਾਫਰ ਸਮੇਤ ਇਕ ਪੈਸਕੋ ਕਰਮਚਾਰੀ ਜ਼ਖ਼ਮੀ ਹੋ ਗਿਆ ਹੈ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਵਿਚ ਦਾਖ਼ਲ ਕਰਵਾਇਆ ਗਿਆ। ਸੂਤਰਾਂ ਅਨੁਸਾਰ ਕੈਦੀਆਂ ਨੂੰ ਕੰਟਰੋਲ ਕਰਨ ਲਈ ਪੁਲਸ ਵੱਲੋਂ ਹਵਾਈ ਫਾਇਰਿੰਗ ਦੇ ਇਲਾਵਾ ਹੰਝੂ ਗੈਸ ਦੇ ਗੋਲੇ ਵੀ ਛੱਡੇ ਗਏ। ਪੁਲਸ ਪਾਰਟੀ ਦੇ ਚਾਰ ਮੁਲਾਜ਼ਮ ਜ਼ਖ਼ਮੀ ਹੋਏ ਹਨ। ਕੈਦੀਆਂ ਵੱਲੋਂ ਜੇਲ੍ਹ ਦੀ ਛੱਤ 'ਤੇ ਚੜ੍ਹ ਕੇ ਹੰਗਾਮਾ ਕੀਤਾ ਗਿਆ ਜ਼ੇਲ੍ਹ ਦੇ ਅੰਦਰ ਰਜਾਈਆਂ ਨੂੰ ਕੈਦੀਆਂ ਵੱਲੋਂ ਅੱਗ ਲਗਾ ਦਿੱਤੀ ਗਈ।



ਦੂਜੇ ਪਾਸੇ ਇਸ ਮਾਮਲੇ ਦੀ ਸੂਚਨਾ ਮਿਲਦੇ ਹੀ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਐੱਸ. ਐੱਸ. ਪੀ. ਦਯਾਮਾ ਹਰੀਸ਼ ਕੁਮਾਰ, ਏ. ਡੀ. ਸੀ. ਸੁਭਾਸ਼ ਚੰਦਰ ਸਮੇਤ ਵੱਡੀ ਗਿਣਤੀ ਵਿਚ ਪਠਾਨਕੋਟ, ਬਟਾਲਾ, ਗੁਰਦਾਸਪੁਰ ਸਮੇਤ ਸਾਰੇ ਥਾਣਿਆਂ ਦੀ ਪੁਲਸ ਫੋਰਸ ਸਮੇਤ ਸੀ. ਆਰ. ਪੀ. ਐੱਫ. ਦੇ ਜਵਾਨ ਕੇਂਦਰੀ ਜੇਲ੍ਹ ਗੁਰਦਾਸਪੁਰ ਵਿਚ ਪਹੁੰਚੇ ਤੇ ਸਥਿਤੀ ਨੂੰ ਕੰਟਰੋਲ ਕਰ ਲਿਆ।

### ਜੇਲ੍ਹ ਵਿਭਾਗ ਵਲੋਂ ਕਾਰਵਾਈ

ਜੇਲ੍ਹ ਵਿਭਾਗ ਨੇ ਇਸ ਮਾਮਲੇ 'ਵਿਚ ਕਾਰਵਾਈ ਕਰਦਿਆਂ ਡਿਪਟੀ ਸੁਪਰਡੈਂਟ ਹਰਭਜਨ ਸਿੰਘ ਨੂੰ ਛੁੱਟੀ 'ਤੇ ਭੇਜ ਦਿੱਤਾ ਹੈ ਉਨ੍ਹਾਂ ਦੀ ਥਾਂ 'ਤੇ ਕਪੂਰਥਲਾ ਵਿਚ ਤਾਇਨਾਤ ਡਿਪਟੀ ਸੁਪਰਡੈਂਟ ਨਵਦੀਪ ਸਿੰਘ ਬੇਹਨੀਵਾਲ ਨੂੰ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਐੱਸਡੀਐੱਮ ਗੁਰਦਾਸਪੁਰ ਨੇ ਮਾਮਲੇ ਦੀ ਮੈਜਿਸਟ੍ਰੇਟੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਭੰਨਤੋੜ ਦੌਰਾਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਟੀਮ ਵੀ ਗਠਿਤ ਕਰ ਦਿੱਤੀ ਗਈ ਹੈ।

## ਜਿਹਾਦੀ ਗ਼ੌਰੀ ਵਲੋਂ ਭਾਰਤ ਖ਼ਿਲਾਫ਼ ਜੰਗ ਛੇੜਨ ਦਾ ਐਲਾਨ

ਅੰਮ੍ਰਿਤਸਰ-ਸਾਲ 2002 ਵਿਚ ਗੁਜਰਾਤ ਦੇ ਅਕਸ਼ਰਧਾਮ ਮੰਦਰ 'ਤੇ ਹੋਏ ਅੱਤਵਾਦੀ ਹਮਲੇ ਦੇ ਸਾਜਿਸ਼ਕਾਰ ਫ਼ਰਹਤਉੱਲਾ ਗ਼ੌਰੀ ਨੇ ਇਕ ਵੀਡੀਓ ਜਾਰੀ ਕਰਕੇ ਭਾਰਤ ਖ਼ਿਲਾਫ਼ ਜੰਗ ਦਾ ਐਲਾਨ ਕੀਤਾ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਵੀਡੀਓ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ. ਐੱਸ. ਆਈ. ਨੇ ਸੋਸ਼ਲ ਮੀਡੀਆ 'ਤੇ ਜਨਤਕ ਕੀਤੀ ਹੈ। ਗ਼ੌਰੀ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਵਰਗੇ ਜਿਹਾਦੀ ਸੰਗਠਨਾਂ ਨਾਲ ਜੁੜਿਆ ਹੋਇਆ ਹੈ। ਉਹ ਦਿੱਲੀ, ਗੁਜਰਾਤ ਅਤੇ ਹੈਦਰਾਬਾਦ ਪੁਲਿਸ ਦੀ ਲੋੜੀਂਦੇ ਅੱਤਵਾਦੀਆਂ ਦੀ ਸੂਚੀ ਵਿਚ ਸ਼ਾਮਿਲ ਹੈ। ਭਾਰਤੀ ਗ੍ਰਹਿ ਮੰਤਰਾਲੇ ਨੇ ਸਾਲ 2020 ਵਿਚ ਗ਼ੌਰੀ ਨੂੰ ਜਿਹਾਦੀ ਐਲਾਨਿਆ ਸੀ। ਦੱਸਣਯੋਗ ਹੈ ਕਿ 24 ਸਤੰਬਰ 2002 ਨੂੰ ਗੁਜਰਾਤ ਦੇ ਗਾਂਧੀ ਨਗਰ ਸਥਿਤ ਅਕਸ਼ਰਧਾਮ ਮੰਦਰ 'ਤੇ ਅੱਤਵਾਦੀਆਂ ਵਲੋਂ ਆਟੋਮੈਟਿਕ ਹਥਿਆਰਾਂ ਅਤੇ ਹੈਂਡ ਗ੍ਰਨੇਡਾਂ ਦੀ ਵਰਤੋਂ ਦੇ ਨਾਲ-ਨਾਲ ਆਤਮਘਾਤੀ ਹਮਲਾ ਕੀਤਾ ਗਿਆ ਸੀ। ਜਿਸ ਵਿਚ 32 ਲੋਕ ਮਾਰੇ ਗਏ ਸਨ, ਜਦਕਿ 79 ਜ਼ਖ਼ਮੀ ਹੋਏ ਸਨ। ਹੈਦਰਾਬਾਦ 'ਚ ਐੱਸ. ਟੀ. ਐੱਫ. ਦਫ਼ਤਰ 'ਤੇ ਆਤਮਘਾਤੀ ਹਮਲੇ ਤੋਂ ਇਲਾਵਾ ਗ਼ੌਰੀ ਨੇ ਹੈਦਰਾਬਾਦ ਵਿਚ ਆਰ. ਐੱਸ. ਐੱਸ. ਦਫ਼ਤਰ ਸਮੇਤ ਕਈ ਨੇਤਾਵਾਂ 'ਤੇ ਹਿੰਸਕ ਹਮਲੇ ਕੀਤੇ ਹਨ। ਦੱਸਿਆ ਜਾ ਰਿਹਾ ਹੈ ਕਿ ਮੌਜੂਦਾ ਸਮੇਂ ਉਹ ਪਾਕਿਸਤਾਨ ਦੇ ਲਾਹੌਰ ਸ਼ਹਿਰ ਤੋਂ ਆਪਣਾ ਨੈੱਟਵਰਕ ਚਲਾ ਰਿਹਾ ਹੈ।

## ਤਿੰਨ ਗੈਂਗਸਟਰ ਗ੍ਰਿਫ਼ਤਾਰ, ਅਮਰੀਕਾ ਵਿਚ ਬੈਠਾ ਗੁਰਵਿੰਦਰ ਸਿੰਘ ਸਿੱਧੂ ਚਲਾਉਂਦਾ ਸੀ ਗਿਰੋਹ

ਪਟਿਆਲਾ-ਪੁਲਿਸ ਨੇ ਅੰਤਰਰਾਸ਼ਟਰੀ ਗੈਂਗ ਨਾਲ ਸਬੰਧਤ ਤਿੰਨ ਪੇਸ਼ੇਵਰ ਮੁਲਜ਼ਮਾਂ ਸ਼ਮਸ਼ੇਰ ਸਿੰਘ ਸ਼ੇਰਾ , ਰੋਹਿਤ ਕੁਮਾਰ ਤੇ ਗੁਲਸ਼ਨ ਕੁਮਾਰ ਗੁੱਲੂ ਨੂੰ ਨਾਜਾਇਜ਼ ਅਸਲੇ ਸਮੇਤ ਕਾਬੂ ਕੀਤਾ ਹੈ। ਇਨ੍ਹਾਂ ਕੋਲੋਂ ਤਿੰਨ ਨਾਜਾਇਜ਼ ਪਿਸਟਲ 32 ਬੋਰ ਤੇ 8 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਐੱਸਐੱਸਪੀ ਵਰੁਣ ਸ਼ਰਮਾ ਨੇ ਦੱਸਿਆ ਫੜੇ ਗਏ ਤਿੰਨੇ ਮੁਲਜ਼ਮਾਂ ਨੂੰ ਯੂਐੱਸਏ ਵਿਚ ਬੈਠਾ ਗੁਰਵਿੰਦਰ ਸਿੰਘ ਸਿੱਧੂ ਹੈਂਡਲ ਕਰਦਾ ਸੀ, ਜੋ ਕਿ ਗੈਂਗਸਟਰ ਲੱਕੀ ਪਟਿਆਲ ਦਾ ਸਾਥੀ ਹੈ। ਪੁਲਿਸ ਅਨੁਸਾਰ ਇਹ ਪੰਜਾਬ ਵਿੱਚ ਟਾਰਗੇਟ ਕਿੱਲਿੰਗ ਅਤੇ ਫਿਰੌਤੀ ਦੀਆ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਐੱਸਐੱਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਗੈਂਗਸਟਰ ਗੋਲਡੀ ਢਿੱਲੋਂ ਵਿਦੇਸ਼ ਤੋਂ ਆਪਣਾ ਗੈਂਗ ਚਲਾਉਂਦਾ ਹੈ ਅਤੇ ਗੋਲਡੀ ਬਰਾੜ ਦਾ ਕਰੀਬੀ ਸਾਥੀ ਹੈ ਅਤੇ ਪਿਛਲੇ ਦਿਨੀਂ ਚੰਡੀਗੜ੍ਹ ਦੇ ਸੈਕਟਰ 5 ਵਿਖੇ ਹੋਈ ਫਾਇਰਿੰਗ ਦਾ ਮਾਸਟਰ ਮਾਇੰਡ ਹੈ। ਫੜੇ ਗਏ ਮੁਲਜ਼ਮ ਰੋਹਿਤ ਕੁਮਾਰ ਵੱਲੋਂ ਪਹਿਲਾਂ ਵੀ ਗੁਰਵਿੰਦਰ ਸਿੰਘ ਸਿੱਧੂ ਦੇ ਕਹਿਣ 'ਤੇ ਰਾਜਪੁਰਾ ਦੇ ਇੱਕ ਕਾਰੋਬਾਰੀ ਉਪਰ ਫਾਇਰਿੰਗ ਕੀਤੀ ਗਈ ਸੀ। ਜਿਸ ਸਬੰਧੀ ਗੁਰਵਿੰਦਰ ਸਿੰਘ ਅਤੇ ਰੋਹਿਤ ਕੁਮਾਰ ਖਿਲਾਫ ਮਾਮਲਾ ਦਰਜ ਹੈ। ਇਸ ਮਾਮਲੇ ਵਿਚ ਰੋਹਿਤ ਨੂੰ ਪਹਿਲਾਂ ਵੀ ਗ੍ਰਿਫਤਾਰ ਕੀਤਾ ਗਿਆ ਸੀ ਤੇ ਹੁਣ ਜ਼ਮਾਨਤ 'ਤੇ ਆਇਆ ਹੋਇਆ ਸੀ।


## ਤਜ਼ਰਬੇਕਾਰ ਪੰਜਾਬੀ ਗਾਇਕਾਂ, ਗਿੱਧੇ ਭੰਗੜੇ ਵਾਲੇ ਮੁੰਡੇ ਕੁੜੀਆਂ ਅਤੇ ਸਾਜ਼ੀਆਂ ਦੀ ਤੁਰੰਤ ਲੋੜ

**PUNJABI FOLK SINGERS, DANCERS AND MUSICIANS**

# URGENTLY REQUIRED

Eurowood is one of the leading European and Asian events company. Our main objective is to develop and enhance the European and Asian arts & cultural industry and promote new talent in movies (Bollywood and International), documentaries, TV live shows, concerts and live studio recordings distributed worldwide.

We require Punjabi folk singers to provide live rendition of Punjabi Sufi, folk, qawwali, ghazals, Boliyan and Tappe,and popular and classical Bollywood songs, as well as own compositions.

Also required are Punjabi folk dancers familiar with Bhangra and Gidda, and musicians to play a variety of Indian / Punjabi folk musical instruments (e.g., Dhol and Sarangi) and Western musical instruments (e.g., Banjo and Keyboard).

Artists must be fluent in Punjabi and Hindi and be well versed with Punjabi folklore and culture. Artists with international experience and performing in front of large live audiences, or prior experience of working in film and television would be given preference.

Artists will be required to perform throughout the UK on selected weekdays and most weekends. Typical performances last 3-4 hours duration, with breaks provided in between. The rates of pay are as follows:

Singers: £15.95 - £18.00 per hour
Dancers: £11.44 - £17.00 per hour
Musicians: £16.00 - £18.00 per hour

Overtime (for performances over 4 hours) shall be paid at pro-rata basis. Overnight accommodation provided during performances. Applicants to apply with Resume and evidence of previous performances (e.g showreel or demo-tape) awards, citations, media coverage, etc, to the following address:

**FAO: R Sharma, Eurowood Entertainment Ltd, 23 Saxon Street, Leicester LE3 0BL Email: info@eurowood.tv**

**Closing date for applications: 21 Mar 2024**


## 60 ਸਾਲਾ ਔਰਤ ਨੇ ਸੰਬੰਧ ਬਨਾਉਣ ਤੋਂ ਇਨਕਾਰੀ ਹੋਈ ਤਾਂ ਕਰ ਦਿਤਾ ਕਤਲ

**✪ ਨਹਿਰ ਵਿਚ ਲਾਸ਼ ਸੁਟੀ, 2 ਕਥਿਤ ਦੋਸ਼ੀ ਗ੍ਰਿਫ਼ਤਾਰ**



ਸ੍ਰੀ ਮੁਕਤਸਰ ਸਾਹਿਬ-ਕੁੱਝ ਦਿਨ ਪਹਿਲਾਂ ਹੋਏ 60 ਸਾਲਾ ਬਜ਼ੁਰਗ ਔਰਤ ਦੇ ਕਤਲ ਨੂੰ ਲੈ ਕੇ ਵੱਡਾ ਖੁਲਾਸਾ ਹੋਇਆ ਹੈ। ਥਾਣਾ ਕਬਰਵਾਲਾ ਪੁਲਸ ਨੇ ਅੰਨ੍ਹੇ ਕਤਲ ਦੀ ਗੁੱਥੀ ਨੂੰ ਸਲਝਾਉਂਦਿਆਂ 2 ਕਥਿਤ ਦੋਸ਼ੀਆਂ ਨੂੰ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਅਨੁਸਾਰ 25 ਜਨਵਰੀ 2024 ਨੂੰ ਥਾਣਾ ਕਬਰਵਾਲਾ ਪੁਲਸ ਨੂੰ ਇਤਲਾਹ ਮਿਲੀ ਸੀ ਕਿ ਪਿੰਡ ਕੱਟਿਆਂਵਾਲੀ ਦੇ ਨਜ਼ਦੀਕ ਇਕ ਸੁੱਕੀ ਹੋਈ ਨਹਿਰ ਵਿਚ ਔਰਤ ਦੀ ਲਾਸ਼ ਪਈ ਹੈ, ਜਿਸ 'ਤੇ ਪੁਲਸ ਵੱਲੋਂ ਲਾਸ਼ ਨੂੰ ਕਬਜ਼ੇ ਵਿਚ ਲਿਆ ਗਿਆ, ਜਿਸ ਦੇ ਸਿਰ ਵਿਚ ਸੱਟਾਂ ਲੱਗੀਆਂ ਹੋਈਆਂ ਸਨ। ਮ੍ਰਿਤਕ ਦੀ ਸ਼ਨਾਖਤ ਕਰਵਾਈ ਤਾਂ ਇਹ ਲਾਸ਼ ਵਿੱਦਿਆ ਦੇਵੀ (ਉਮਰ ਕਰੀਬ 60 ਸਾਲ) ਪਤਨੀ ਚਾਨਣ ਸਿੰਘ ਦੀ ਸੀ।

ਇਸ 'ਤੇ ਪੁਲਸ ਵੱਲੋਂ ਮ੍ਰਿਤਕ ਵਿੱਦਿਆ ਦੇਵੀ ਦੇ ਪੁੱਤਰ ਲਵਪ੍ਰੀਤ ਸਿੰਘ ਉਰਫ ਲੱਭੀ ਵਾਸੀ ਕੱਟਿਆਂਵਾਲੀ ਦੇ ਬਿਆਨਾਂ 'ਤੇ ਅਣਪਛਾਤਿਆਂ ਖ਼ਿਲਾਫ ਮਾਮਲਾ ਦਰਜ ਕਰਕੇ ਤਫਤੀਸ਼ ਸ਼ੁਰੂ ਕਰ ਦਿੱਤੀ। ਪੁਲਸ ਵੱਲੋਂ ਆਧੁਨਿਕ ਢੰਗ ਤਰੀਕਿਆਂ ਦੀ ਵਰਤੋਂ ਕਰਦੇ ਹੋਏ ਇਸ ਅੰਨ੍ਹੇ ਕਤਲ ਨੂੰ ਟਰੇਸ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਪੁਲਸ ਵੱਲੋਂ ਇਸ ਕਤਲ ਕਾਂਡ 'ਚ ਦੋਸ਼ੀ ਮਨਫਕੀਰ ਸਿੰਘ ਮਨੀ , ਗੁਰਲਾਲ ਸਿੰਘ ਲਾਲੀ ਨੂੰ ਕਾਬੂ ਕੀਤਾ ਹੈ ਜਦਕਿ ਤੀਸਰੇ ਦੋਸ਼ੀ ਗੁਰਕੀਰਤ ਸਿੰਘ ਫਾਜ਼ਿਲਕਾ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਮੁੱਢਲੀ ਪੁੱਛਗਿਛ 'ਚ ਦੋਸ਼ੀਆਂ ਨੇ ਕਬੂਲ ਕੀਤਾ ਕਿ ਇਹ ਕਤਲ ਉਨ੍ਹਾਂ ਨੇ ਕੀਤਾ ਹੈ ਅਤੇ ਵਜ੍ਹਾ ਰੰਜਿਸ਼ ਵਿਚ ਉਨ੍ਹਾਂ ਦੱਸਿਆ ਕਿ ਉਹ ਮ੍ਰਿਤਕ ਔਰਤ ਵਿਦਿਆ ਦੇਵੀ ਤੇ ਗੰਦੀ ਨਿਗ੍ਹਾ ਰੱਖਦੇ ਸਨ ਅਤੇ ਉਸ ਨਾਲ ਸੰਬੰਧ ਬਣਾਉਣਾ ਚਾਹੁੰਦੇ ਸਨ। ਮ੍ਰਿਤਕ ਵਿਦਿਆ ਦੇਵੀ ਇਸ ਤਰ੍ਹਾਂ ਕਰਨ ਤੋਂ ਉਨ੍ਹਾਂ ਨੂੰ ਰੋਕਦੀ ਸੀ। ਜਿਸ 'ਤੇ ਗੁਸੇ ਵਿੱਚ ਆ ਕੇ ਉਸ ਦਾ ਕਤਲ ਕਰ ਦਿੱਤਾ।

# ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਕਿਸਾਨਾਂ ਦੀਆਂ ਵੋਟਾਂ ਨਿਭਾਉਣਗੀਆਂ ਨਿਰਣਾਇਕ ਭੂਮਿਕਾ

## ✪ ਭਾਜਪਾ ਨੂੰ ਹੋਵੇਗਾ ਵੱਡਾ ਸਿਆਸੀ ਨੁਕਸਾਨ ✪ ਬਾਦਲ ਦਲ, ਕਾਂਗਰਸ ਤੇ ਆਪ ਕਿਸਾਨਾਂ ਦੀਆਂ ਵੋਟਾਂ ਵਲ ਕੇਂਦਰਿਤ



ਪੰਜਾਬ ਵਿੱਚ ਵੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਾਰੀਆਂ ਸਿਆਸੀ ਪਾਰਟੀਆਂ ਨੇ ਆਪਣੀਆਂ ਸਰਗਰਮੀਆਂ ਅਤੇ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਸਿਆਸਤਦਾਨਾਂ ਦੀਆਂ ਨਜ਼ਰਾਂ ਸੂਬੇ ਦੇ ਅੰਦੋਲਨਕਾਰੀ ਕਿਸਾਨਾਂ ਅਤੇ ਕਿਸਾਨ ਵੋਟ ਬੈਂਕ 'ਤੇ ਟਿਕੀਆਂ ਹੋਈਆਂ ਹਨ। ਪੰਜਾਬ ਦੇ ਮਾਲਵਾ, ਮਾਝਾ ਅਤੇ ਦੁਆਬੇ ਵਿੱਚ ਬਹੁਤ ਸਾਰੇ ਵਿਧਾਨ ਸਭਾ ਅਤੇ ਸੰਸਦੀ ਹਲਕੇ ਹਨ ਜਿੱਥੇ ਕਿਸਾਨਾਂ ਦੀਆਂ ਵੋਟਾਂ ਨਿਰਣਾਇਕ ਭੂਮਿਕਾ ਨਿਭਾਉਂਦੀਆਂ ਹਨ। ਕਿਸਾਨ 13 ਫਰਵਰੀ ਤੋਂ ਅੰਦੋਲਨ ਦੇ ਰਾਹ 'ਤੇ ਹਨ। ਦੋ ਪ੍ਰਮੁੱਖ ਕਿਸਾਨ ਜਥੇਬੰਦੀਆਂ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਮਜ਼ਦੂਰ ਕਿਸਾਨ ਮੋਰਚਾ ਦੀ ਅਗਵਾਈ ਹੇਠ ਹਜ਼ਾਰਾਂ ਕਿਸਾਨਾਂ ਨੇ ਕੇਂਦਰ ਸਰਕਾਰ ਤੋਂ ਆਪਣੀਆਂ ਮੰਗਾਂ ਮਨਵਾਉਣ ਲਈ 'ਪੱਕੇ ਮੋਰਚੇ' ਬਣਾ ਕੇ ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਡੇਰੇ ਲਾਏ ਹੋਏ ਹਨ। ਕਿਸਾਨ ਜਥੇਬੰਦੀਆਂ ਨੇ ਕਿਹਾ ਹੈ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਅੰਦੋਲਨ ਅਣਮਿੱਥੇ ਸਮੇਂ ਲਈ ਜਾਰੀ ਰਹੇਗਾ।

ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਪਹਿਲੇ ਦਿਨ ਤੋਂ ਹੀ ਅੰਦੋਲਨ ਕਰ ਰਹੇ ਕਿਸਾਨਾਂ ਦੀ ਖੁੱਲ੍ਹ ਕੇ ਹਮਾਇਤ ਕਰ ਰਹੀ ਹੈ। ਹਰਿਆਣਾ ਸਰਕਾਰ ਵਲੋਂ ਕਿਸਾਨਾਂ ਨੂੰ ਹਰ ਤਰ੍ਹਾਂ ਨਾਲ ਖੱਜਲ-ਖੁਆਰ ਕੀਤਾ ਜਾ ਰਿਹਾ ਹੈ। ਸ਼ੰਭੂ ਅਤੇ ਖਨੌਰੀ ਸਰਹੱਦ 'ਤੇ ਕਿਸਾਨਾਂ ਉਪਰ ਹਰਿਆਣਾ ਸਰਕਾਰ ਨੇ ਭਾਰੀ ਤਸ਼ੱਦਦ ਢਾਹਿਆ। ਸੂਬਾ ਸਰਕਾਰ ਨੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ, ਜਿਸ ਨੂੰ 23 ਫਰਵਰੀ ਨੂੰ ਹਰਿਆਣਾ ਪੁਲਿਸ ਨੇ ਗੋਲੀ ਮਾਰ ਦਿੱਤੀ ਸੀ, ਦੇ ਪਰਿਵਾਰ ਨੂੰ 1 ਕਰੋੜ ਰੁਪਏ ਦੀ ਨਕਦ ਵਿੱਤੀ ਸਹਾਇਤਾ ਦਿੱਤੀ ਅਤੇ ਸ਼ੁਭਕਰਨ ਦੀ ਭੈਣ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਸੀ। ਕਿਸਾਨਾਂ ਦੀ ਮੰਗ ਨੂੰ ਮੰਨਦੇ ਹੋਏ ਸਰਕਾਰ ਨੇ ਸ਼ੁਭਕਰਨ ਮਾਮਲੇ ਵਿਚ ਐੱਫ.ਆਈ.ਆਰ.ਦਰਜ ਕੀਤੀ। ਜ਼ਖ਼ਮੀ ਕਿਸਾਨਾਂ ਦਾ ਮੁਫਤ ਇਲਾਜ ਸਰਕਾਰੀ ਖਰਚੇ 'ਤੇ ਕੀਤਾ ਜਾ ਰਿਹਾ ਹੈ।

'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਵੀ ਹਰ ਦੌਰੇ ਵਿਚ ਅੰਦੋਲਨਕਾਰੀ ਕਿਸਾਨਾਂ ਦੇ ਹੱਕ ਵਿਚ ਬੋਲਦੇ ਰਹੇ ਹਨ। ਜ਼ਾਹਿਰ ਹੈ ਕਿ 'ਆਪ' ਪਾਰਟੀ ਲੋਕ ਸਭਾ ਚੋਣਾਂ ਵਿਚ ਕਿਸਾਨਾਂ ਦੀਆਂ ਵੋਟਾਂ ਹਾਸਲ ਕਰਨਾ ਚਾਹੁੰਦੀ ਹੈ। ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਵਿੱਚ ਕਿਸਾਨਾਂ ਦਾ ਚੰਗਾ ਸਮਰਥਨ ਮਿਲਿਆ ਸੀ। ਬੇਸ਼ੱਕ ਹੁਣ ਕਿਸਾਨਾਂ ਦਾ ਇੱਕ ਵੱਡਾ ਵਰਗ ਵੀ ਪੰਜਾਬ ਦੀ ਆਪ ਪਾਰਟੀ ਸਰਕਾਰ ਤੋਂ ਕਾਫੀ ਨਾਰਾਜ਼ ਹੈ। ਕਿਸਾਨਾਂ ਨੇ 'ਆਪ' ਸਰਕਾਰ ਖਿਲਾਫ ਕਈ ਵਾਰ ਪ੍ਰਦਰਸ਼ਨ ਕੀਤਾ ਹੈ। ਗੰਨੇ ਲਈ ਕਿਸਾਨਾਂ ਨੇ ਮਾਨ ਸਰਕਾਰ ਖਿਲਾਫ ਅੰਦੋਲਨ ਵੀ ਕੀਤਾ ਸੀ ਅਤੇ ਆਖ਼ਰਕਾਰ ਉਨ੍ਹਾਂ ਦੀਆਂ ਜ਼ਿਆਦਾਤਰ ਮੰਗਾਂ ਮੰਨ ਲਈਆਂ ਗਈਆਂ ਸਨ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਨੇ ਸ਼ੁਭਕਰਨ ਮਾਮਲੇ 'ਤੇ ਸਿਆਸਤ ਕੀਤੀ ਅਤੇ ਕਈ ਦਿਨਾਂ ਤੱਕ ਐਫਆਈਆਰ ਦਰਜ ਨਹੀਂ ਕੀਤੀ। ਇਸ ਲਈ ਕਿਸਾਨਾਂ ਨੂੰ ਸੰਘਰਸ਼ ਕਰਨਾ ਪਿਆ।ਉਨ੍ਹਾਂ ਦਾ ਕਹਿਣਾ ਹੈ ਕਿ ਕਿਸਾਨਾਂ ਨੇ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਨੂੰ ਇਸ ਕੇਸ ਵਿਚ ਨਾਮਜ਼ਦ ਕਰਨ ਦੀ ਮੰਗ ਕੀਤੀ ਸੀ ਪਰ ਪੰਜਾਬ ਸਰਕਾਰ ਨੇ ਅਜਿਹਾ ਨਹੀਂ ਕੀਤਾ। ਅਜਿਹੇ ਵਿਚ ਲੱਗਦਾ ਹੈ ਕਿ ਲੋਕ ਸਭਾ ਚੋਣਾਂ ਤੱਕ 'ਆਪ' ਨੂੰ ਪੂਰਾ ਜ਼ੋਰ ਲਾ ਕੇ ਕਿਸਾਨਾਂ ਦੇ ਹਿੱਤ ਵਿਚ ਕੁਝ ਠੋਸ ਕਰਨਾ ਪਵੇਗਾ ਤਾਂ ਹੀ ਕਿਸਾਨਾਂ ਦੀਆਂ ਵੋਟਾਂ ਹਾਸਲ ਕੀਤੀਆਂ ਜਾ ਸਕਣਗੀਆਂ।

'ਆਪ' ਦੇ ਸੂਬਾ ਕਾਰਜਕਾਰੀ ਪ੍ਰਧਾਨ ਵਿਧਾਇਕ ਬੁੱਧਰਾਮ ਦੇ ਅਨੁਸਾਰ, "ਕਿਸਾਨ ਸਾਡੇ ਨਾਲ ਹਨ। ਆਮ ਆਦਮੀ ਪਾਰਟੀ ਉਨ੍ਹਾਂ ਦੀ ਸ਼ੁਭਚਿੰਤਕ ਹੈ। ਕਿਸਾਨਾਂ ਲਈ ਲਾਹੇਵੰਦ ਸਰਕਾਰੀ ਨੀਤੀਆਂ ਲਗਾਤਾਰ ਬਣਾਈਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਨੂੰ ਤੁਰੰਤ ਲਾਗੂ ਵੀ ਕੀਤਾ ਜਾ ਰਿਹਾ ਹੈ। ਪਿਛਲੀਆਂ ਸਾਰੀਆਂ ਸਰਕਾਰਾਂ ਨੇ ਕਿਸਾਨਾਂ ਨਾਲ ਧੋਖਾ ਕੀਤਾ ਹੈ।

ਪਿਛਲੀ ਵਾਰ ਕਿਸਾਨ ਅੰਦੋਲਨ ਤੋਂ ਦੂਰ ਰਹੀ ਕਾਂਗਰਸ ਇਸ ਵਾਰ ਅੰਦੋਲਨ ਕਰ ਰਹੇ ਕਿਸਾਨਾਂ ਦੀ ਖੁੱਲ੍ਹ ਕੇ ਹਮਾਇਤ ਕਰ ਰਹੀ ਹੈ। ਸੂਬਾ ਕਾਂਗਰਸ ਨੇ ਸਾਰੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਕਿਸਾਨ ਅੰਦੋਲਨ ਦੇ ਸਮਰਥਨ ਵਿਚ ਇਕ ਰੋਜ਼ਾ ਟਰੈਕਟਰ-ਟਰਾਲੀ ਮਾਰਚ ਕੱਢਿਆ। ਇਸ ਦੀ ਅਗਵਾਈ ਸੂਬਾ ਪ੍ਰਧਾਨ ਰਾਜਾ ਵੜਿੰਗ ਅਮਰਿੰਦਰ ਸਿੰਘ ਨੇ ਕੀਤੀ। ਪਾਰਟੀ ਨੇ ਸ਼ੁਭਕਰਨ ਸਿੰਘ ਦੀ ਮੌਤ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ। ਕਿਸਾਨਾਂ ਦੇ ਮੁੱਦੇ 'ਤੇ ਵਿਧਾਨ ਸਭਾ ਤੋਂ ਵਾਕਆਊਟ ਵੀ ਕੀਤਾ। ਵੜਿੰਗ ਦਾ ਕਹਿਣਾ ਹੈ, "ਕਾਂਗਰਸ ਪੂਰੀ ਤਰ੍ਹਾਂ ਕਿਸਾਨਾਂ ਦੇ ਨਾਲ ਹੈ। ਅਸੀਂ ਕਿਸਾਨ ਅੰਦੋਲਨ ਦਾ ਸਮਰਥਨ ਕਰਦੇ ਹਾਂ। ਕੇਂਦਰ ਅਤੇ ਸੂਬੇ ਦੀ ਭਾਜਪਾ ਸਰਕਾਰ ਨੇ ਕਿਸਾਨਾਂ 'ਤੇ ਜਬਰ ਕੀਤਾ। ਪਾਰਟੀ ਹਰ ਪੱਖ ਤੋਂ ਕਿਸਾਨਾਂ ਦੇ ਨਾਲ ਖੜ੍ਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨ ਪੱਖੀ ਹੋਣ ਦਾ ਦਿਖਾਵਾ ਕਰ ਰਹੀ ਹੈ। ਮੈਂ ਵਿਧਾਨ ਸਭਾ ਦੇ ਬਜਟ ਸੈਸ਼ਨ ਦਾ ਇੱਕ ਦਿਨ ਕਿਸਾਨਾਂ ਨੂੰ ਸਮਰਪਿਤ ਕਰਨ ਦੀ ਮੰਗ ਕੀਤੀ ਸੀ ਪਰ ਅਜਿਹਾ ਨਹੀਂ ਹੋਇਆ।"

ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਨੇ ਵੀ ਸੂਬੇ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਦੀ ਖੁੱਲ੍ਹ ਕੇ ਹਮਾਇਤ ਕੀਤੀ ਹੈ। ਅਕਾਲੀ ਦਲ ਆਪਣੇ ਆਪ ਨੂੰ ਕਿਸਾਨਾਂ ਦੇ ਹਿੱਤਾਂ ਦਾ ਬੁਲਾਰਾ ਅਤੇ ਪਹਿਰੇਦਾਰ ਸਮਝਦਾ ਹੈ। ਭਾਵੇਂ ਜ਼ਿਆਦਾਤਰ ਕਿਸਾਨ ਜਥੇਬੰਦੀਆਂ; ਪਿਛਲੇ ਅੰਦੋਲਨ ਵਿੱਚ ਬਾਦਲ ਦਲ ਦੀ ਭੂਮਿਕਾ ਨੂੰ ਲੈ ਕੇ ਕਿਸਾਨ ਅਜੇ ਵੀ ਨਾਰਾਜ਼ ਹਨ। ਹਰਸਿਮਰਤ ਕੌਰ ਬਾਦਲ ਨੇ ਖੇਤੀ ਆਰਡੀਨੈਂਸਾਂ ਦੇ ਵਿਰੋਧ ਵਿੱਚ ਮੋਦੀ ਕੈਬਨਿਟ ਤੋਂ ਅਸਤੀਫਾ ਦੇ ਦਿੱਤਾ ਸੀ ਪਰ ਕਿਸਾਨਾਂ ਦਾ ਕਹਿਣਾ ਹੈ ਕਿ ਇਹ ਫੈਸਲਾ ਬਹੁਤ ਦੇਰ ਨਾਲ ਲਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅਜੇ ਵੀ 'ਡੈਮੇਜ ਕੰਟਰੋਲ' ਦੀ ਮੁਹਿੰਮ ਜਾਰੀ ਰੱਖ ਰਿਹਾ ਹੈ। ਕਿਸਾਨ ਅੰਦੋਲਨ ਕਾਰਨ ਭਾਜਪਾ ਨਾਲ ਇਸ ਦਾ ਸੰਭਾਵਿਤ ਗਠਜੋੜ ਵੀ ਅਟਕ ਗਿਆ ਹੈ। ਅਕਾਲੀ ਦਲ ਚਾਹੁੰਦਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਦੀਆਂ ਮੰਗਾਂ ਨੂੰ ਤੁਰੰਤ ਪ੍ਰਵਾਨ ਕਰੇ ਤਾਂ ਜੋ ਅਕਾਲੀ-ਭਾਜਪਾ ਗਠਜੋੜ ਨੂੰ ਇਸ ਦਾ ਸਿੱਧਾ ਫਾਇਦਾ ਚੋਣਾਂ ਵਿੱਚ ਮਿਲ ਸਕੇ। ਜੇਕਰ ਕਿਸਾਨ ਅੰਦੋਲਨ ਜਾਰੀ ਰਿਹਾ ਤਾਂ ਭਾਜਪਾ ਨਾਲ ਗਠਜੋੜ ਕਰਨ ਦੀ ਸੂਰਤ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਨੁਕਸਾਨ ਹੋਵੇਗਾ।

ਬਾਦਲ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਇਸ ਕੋਸ਼ਿਸ਼ ਵਿਚ ਹਨ ਕਿ ਕੇਂਦਰ ਤੇ ਕਿਸਾਨਾਂ ਵਿਚ ਵਿਚੋਲਗੀ ਕਰਕੇ ਕਿਸਾਨ ਅੰਦੋਲਨ ਨੂੰ ਤੁਰੰਤ ਖਤਮ ਕਰਵਾਇਆ ਜਾਵੇ। ਸ਼੍ਰੋਮਣੀ ਅਕਾਲੀ ਦਲ ਇਸ ਨੀਤੀ ਰਾਹੀਂ ਕਿਸਾਨ ਵੋਟਾਂ ਹਾਸਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸੀਨੀਅਰ ਅਕਾਲੀ ਆਗੂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਜਪਾ ਨਾਲ ਗਠਜੋੜ ਚਾਹੁੰਦੇ ਹਨ ਅਤੇ ਇਸੇ ਲਈ ਅੰਦਰੂਨੀ ਸ਼ਰਤ ਰੱਖੀ ਗਈ ਹੈ ਕਿ ਕਿਸਾਨਾਂ ਦੀਆਂ ਮੰਗਾਂ ਪਹਿਲਾਂ ਮੰਨੀਆਂ ਜਾਣ, ਨਹੀਂ ਤਾਂ ਭਾਜਪਾ ਦੇ ਨਾਲ-ਨਾਲ ਅਕਾਲੀਆਂ ਨੂੰ ਵੀ ਕਿਸਾਨਾਂ ਦੇ ਰੋਹ ਦਾ ਸ਼ਿਕਾਰ ਹੋਣਾ ਪਵੇਗਾ।

ਵਰਨਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਭਾਜਪਾ ਨਾਲ ਸਮਝੌਤਾ ਨਾ ਹੋਣ ਦੀ ਸੂਰਤ ਵਿੱਚ ਇਸ ਗੱਲ ਨੂੰ ਮੁੱਦਾ ਬਣਾਏਗਾ ਕਿ ਗਠਜੋੜ ਇਸ ਲਈ ਨਹੀਂ ਹੋ ਸਕਿਆ ਕਿਉਂਕਿ ਅਕਾਲੀ ਦਲ ਪੁਰਜ਼ੋਰ ਚਾਹੁੰਦਾ ਹੈ ਕਿ ਪਹਿਲਾਂ ਕਿਸਾਨਾਂ ਦੇ ਮਸਲੇ ਹੱਲ ਕੀਤੇ ਜਾਣ। ਕਿਸਾਨ ਭਾਜਪਾ ਤੋਂ ਦੂਰ ਹਨ। ਕਿਸਾਨ ਜਥੇਬੰਦੀਆਂ ਇਸ ਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਮੰਨਦੀਆਂ ਹਨ। ਸਥਿਤੀ ਇਹ ਹੈ ਕਿ ਕਿਸਾਨਾਂ ਦੇ ਰੋਹ ਅਤੇ ਤਿੱਖੇ ਵਿਰੋਧ ਕਾਰਨ ਭਾਜਪਾ ਆਗੂ ਪੰਜਾਬ ਦੇ ਪਿੰਡਾਂ ਵਿੱਚ ਨਹੀਂ ਜਾ ਪਾ ਰਹੇ ਹਨ। ਦੋ ਮਹੀਨਿਆਂ ਅੰਦਰ ਵੱਖ-ਵੱਖ ਕਿਸਾਨ ਜਥੇਬੰਦੀਆਂ ਕਈ ਵਾਰ ਭਾਜਪਾ ਦੇ ਸੀਨੀਅਰ ਆਗੂਆਂ ਦੇ ਘਰਾਂ ਦਾ ਘਿਰਾਓ ਕਰ ਚੁੱਕੀਆਂ ਹਨ। ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਭਾਜਪਾ ਅਤੇ ਕੇਂਦਰ ਸਰਕਾਰ ਕਿਸਾਨ ਵਿਰੋਧੀ ਨਹੀਂ ਹਨ। ਉਸ ਦਾ ਕਹਿਣਾ ਹੈ ਕਿ ਕੁਝ ਗਲਤਫਹਿਮੀਆਂ ਹਨ ਜੋ ਜਲਦੀ ਹੀ ਦੂਰ ਕਰ ਦਿੱਤੀਆਂ ਜਾਣਗੀਆਂ।

ਪੰਜਾਬ ਟਾਈਮਜ਼ ਅਨੁਸਾਰ ਇਸ ਵਾਰ ਲੋਕ ਸਭਾ ਲਈ ਜ਼ਿਆਦਾਤਰ ਉਮੀਦਵਾਰਾਂ ਦਾ ਰਸਤਾ ਕਿਸਾਨਾਂ ਦੇ ਰਵੱਈਏ ਜਾਂ ਮਿਜ਼ਾਜ ਤੋਂ ਤੈਅ ਹੋਵੇਗਾ। ਇਸ ਦਾ ਮਤਲਬ ਹੈ ਕਿ ਕਿਸਾਨ ਅੰਦੋਲਨ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਆਪਣਾ ਪੂਰਾ ਜਲਵਾ ਦਿਖਾਏਗਾ।

# ਰਿਸ਼ਵਤ ਦੇਣ ਦੇ ਇਲਜ਼ਾਮਾਂ ਨੂੰ ਲੈ ਕੇ ਅਮਰੀਕਾ ਵਿਚ ਅਡਾਨੀ ਗਰੁੱਪ ਖਿਲਾਫ ਜਾਂਚ ਸ਼ੁਰੂ

**ਵਿਸ਼ੇਸ਼ ਖਬਰ** ✪ ਬਲੂਮਬਰਗ ਦੀ ਰਿਪੋਰਟ ਵਿਚ ਦਾਅਵਾ ਕਿ ਅਮਰੀਕੀ ਵਕੀਲ ਇਸ ਮਾਮਲੇ ਦੀ ਜਾਂਚ ਕਰ ਰਹੇ ਨੇ

ਭਾਰਤ ਦੇ ਦਿੱਗਜ ਉਦਯੋਗਪਤੀ ਗੌਤਮ ਅਡਾਨੀ ਇੱਕ ਹੋਰ ਸੰਕਟ ਵਿੱਚ ਫਸਦੇ ਨਜ਼ਰ ਆ ਰਹੇ ਹਨ। ਸਾਹਮਣੇ ਆਈ ਜਾਣਕਾਰੀ ਮੁਤਾਬਕ ਰਿਸ਼ਵਤ ਦੇਣ ਦੇ ਇਲਜ਼ਾਮਾਂ ਨੂੰ ਲੈ ਕੇ ਅਮਰੀਕਾ ਵਿਚ ਅਡਾਨੀ ਗਰੁੱਪ ਖਿਲਾਫ ਜਾਂਚ ਚੱਲ ਰਹੀ ਹੈ। ਅਮਰੀਕਾ ਦੀ ਮਸ਼ਹੂਰ ਮੀਡੀਆ ਸੰਸਥਾ ਬਲੂਮਬਰਗ ਨੇ ਇਸ ਸਬੰਧੀ ਲੰਬੀ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ। ਬਲੂਮਬਰਗ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਰਿਪੋਰਟ ਮੁਤਾਬਕ ਇਸ ਜਾਂਚ ਦੇ ਜ਼ਰੀਏ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕੀ ਅਡਾਨੀ ਗਰੁੱਪ ਦੀ ਕਿਸੇ ਕੰਪਨੀ ਜਾਂ ਉਸ ਨਾਲ ਜੁੜੇ ਕਿਸੇ ਵਿਅਕਤੀ ਨੇ ਊਰਜਾ ਪ੍ਰੋਜੈਕਟ ਲੈਣ ਲਈ ਭਾਰਤੀ ਅਧਿਕਾਰੀਆਂ ਨੂੰ ਰਿਸ਼ਵਤ ਦਿੱਤੀ ਹੈ ਜਾਂ ਨਹੀਂ।

ਬਲੂਮਬਰਗ ਦੀ ਰਿਪੋਰਟ ਵਿਚ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਅਮਰੀਕੀ ਵਕੀਲ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ। ਇਹ ਜਾਂਚ ਨਿਊਯਾਰਕ ਦੇ ਪੂਰਬੀ ਜ਼ਿਲ੍ਹੇ ਦੇ ਯੂਐਸ ਅਟਾਰਨੀ ਦਫ਼ਤਰ ਅਤੇ ਵਾਸ਼ਿੰਗਟਨ ਵਿੱਚ ਨਿਆਂ ਵਿਭਾਗ ਦੀ ਫਰਾਡ ਯੂਨਿਟ ਦੁਆਰਾ ਕੀਤੀ ਜਾ ਰਹੀ ਹੈ। ਅਡਾਨੀ ਗਰੁੱਪ ਤੋਂ ਇਲਾਵਾ ਭਾਰਤੀ ਨਵਿਆਉਣਯੋਗ ਊਰਜਾ ਕੰਪਨੀ ਅਜ਼ੂਰ ਪਾਵਰ ਗਲੋਬਲ ਲਿਮਿਟਿਡ ਦੇ ਖਿਲਾਫ ਵੀ ਇਸ ਮਾਮਲੇ 'ਚ ਜਾਂਚ ਚੱਲ ਰਹੀ ਹੈ। ਬਲੂਮਬਰਗ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਡਾਨੀ ਸਮੂਹ ਨੇ ਇਕ ਈਮੇਲ ਬਿਆਨ ਵਿਚ ਆਪਣਾ ਪੱਖ ਦਿੰਦੇ ਹੋਏ ਕਿਹਾ ਸੀ ਕਿ ਸਾਡੇ ਕੋਲ ਆਪਣੇ ਚੇਅਰਮੈਨ ਖਿਲਾਫ ਅਜਿਹੀ ਕਿਸੇ ਜਾਂਚ ਬਾਰੇ ਕੋਈ ਜਾਣਕਾਰੀ ਨਹੀਂ ਹੈ।



ਇੱਕ ਵਪਾਰਕ ਸਮੂਹ ਦੇ ਰੂਪ ਵਿੱਚ, ਅਡਾਨੀ ਸਮੂਹ ਕਨੂੰਨ ਦੇ ਅਨੁਸਾਰ ਉੱਚੇ ਮਿਆਰਾਂ ਦੇ ਨਾਲ ਕੰਮ ਕਰਦਾ ਹੈ, ਅਸੀਂ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਭ੍ਰਿਸ਼ਟਾਚਾਰ ਵਿਰੋਧੀ ਅਤੇ ਰਿਸ਼ਵਤਖੋਰੀ ਵਿਰੋਧੀ ਕਾਨੂੰਨਾਂ ਦੇ ਅਧੀਨ ਹਾਂ ਅਤੇ ਉਨ੍ਹਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹਾਂ। ਇਸ ਬਲੂਮਬਰਗ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬਰੁਕਲਿਨ ਅਤੇ ਵਾਸ਼ਿੰਗਟਨ ਵਿੱਚ ਨਿਆਂ ਵਿਭਾਗ ਦੇ ਪ੍ਰਤੀਨਿਧੀਆਂ ਨੇ ਇਸ ਮਾਮਲੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਅਜ਼ੂਰ ਪਾਵਰ ਗਲੋਬਲ ਲਿਮਿਟੇਡ ਨੇ ਆਪਣਾ ਪਖ ਰਖਣ ਲਈ ਇਨ੍ਹਾਂ ਦੋਸ਼ਾਂ ਦਾ ਜਵਾਬ ਨਹੀਂ ਦਿੱਤਾ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਗੌਤਮ ਅਡਾਨੀ, ਉਸਦੀ ਕੰਪਨੀ ਅਤੇ ਅਜ਼ੂਰ 'ਤੇ ਨਿਆਂ ਵਿਭਾਗ ਦੁਆਰਾ ਕਿਸੇ ਗਲਤ ਕੰਮ ਦਾ ਦੋਸ਼ ਨਹੀਂ ਲਗਾਇਆ ਗਿਆ ਹੈ, ਅਤੇ ਜਾਂਚ ਵਿਚ ਹਮੇਸ਼ਾ ਮੁਕੱਦਮਾ ਨਹੀਂ ਚਲਾਇਆ ਜਾਂਦਾ । ਅਡਾਨੀ ਸਮੂਹ ਭਾਰਤ ਦਾ ਪ੍ਰਮੁੱਖ ਵਪਾਰਕ ਸਮੂਹ ਹੈ, ਜੋ ਬੰਦਰਗਾਹਾਂ, ਹਵਾਈ ਅੱਡਿਆਂ, ਪਾਵਰ ਲਾਈਨਾਂ ਅਤੇ ਹਾਈਵੇ ਵਿਕਾਸ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਇਹ ਤੇਜ਼ੀ ਨਾਲ ਵਧ ਰਿਹਾ ਸਮੂਹ ਦੁਨੀਆ ਭਰ ਤੋਂ ਪੂੰਜੀ ਨੂੰ ਆਕਰਸ਼ਿਤ ਕਰਦਾ ਹੈ। ਅਮਰੀਕੀ ਕਾਨੂੰਨ ਫੈਡਰਲ ਪ੍ਰੌਸੀਕਿਊਟਰਾਂ ਨੂੰ ਵਿਦੇਸ਼ੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਨ ਦੀ ਇਜਾਜ਼ਤ ਦਿੰਦਾ ਹੈ ਜੇਕਰ ਉਹ ਅਮਰੀਕੀ ਨਿਵੇਸ਼ਕਾਂ ਜਾਂ ਬਾਜ਼ਾਰਾਂ ਨਾਲ ਕੁਝ ਖਾਸ ਸਬੰਧਿਤ ਹੋਵੇ ।

### ਹਿੰਡਨਬਰਗ ਰਿਸਰਚ ਦੇ ਦਾਅਵੇ ਇੱਕ ਝਟਕਾ

ਬਲੂਮਬਰਗ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਗੌਤਮ ਅਡਾਨੀ ਦੇ ਵਿਸ਼ਾਲ ਕਾਰੋਬਾਰੀ ਸਾਮਰਾਜ ਨੂੰ ਪਿਛਲੇ ਸਾਲ ਦੀ ਸ਼ੁਰੂਆਤ ਵਿਚ ਸ਼ਾਰਟ ਸੈਲਰ ਦੇ ਹਿੰਡਨਬਰਗ ਰਿਸਰਚ ਦੇ ਦਾਅਵਿਆਂ ਨਾਲ ਝਟਕਾ ਲਗਾ ਸੀ। ਹਿੰਡਨਬਰਗ ਨੇ ਦਾਅਵਾ ਕੀਤਾ ਸੀ ਕਿ ਅਡਾਨੀ ਸਮੂਹ ਨੇ ਆਪਣੇ ਸਟਾਕ ਦੀ ਕੀਮਤ ਵਿਚ ਹੇਰਾਫੇਰੀ ਕੀਤੀ ਅਤੇ ਲੇਖਾ-ਜੋਖਾ ਕਰਨ ਵਿਚ ਧੋਖਾਧੜੀ ਕੀਤੀ। ਇਸ ਦੇ ਜਵਾਬ ਵਿਚ ਅਡਾਨੀ ਸਮੂਹ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਸੀ। ਹਿੰਡਨਬਰਗ ਰਿਸਰਚ ਦੇ ਸਾਹਮਣੇ ਆਉਣ ਤੋਂ ਬਾਅਦ ਅਡਾਨੀ ਗਰੁੱਪ ਦੇ ਸ਼ੇਅਰਾਂ ਵਿਚ ਕਾਫੀ ਗਿਰਾਵਟ ਆਈ ਸੀ। ਹਾਲਾਂਕਿ, ਬਾਅਦ ਵਿੱਚ ਹਿੰਡਨਬਰਗ ਖੋਜ ਦੇ ਦਾਅਵੇ ਸਹੀ ਸਾਬਤ ਨਹੀਂ ਹੋ ਸਕੇ। ਅਡਾਨੀ ਸਮੂਹ ਇਸ ਸੰਕਟ ਤੋਂ ਉਭਰਿਆ ਹੈ ਅਤੇ ਇਸ ਦੇ ਸ਼ੇਅਰਾਂ ਦੀ ਕੀਮਤ ਪਹਿਲਾਂ ਵਾਂਗ ਫਿਰ ਵਧ ਗਈ ਹੈ। ਬਲੂਮਬਰਗ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਦੇ ਬਾਵਜੂਦ, ਹਿੰਡੇਨਬਰਗ ਰਿਸਰਚ ਦੀ ਰਿਪੋਰਟ ਨੇ ਅਮਰੀਕੀ ਨਿਆਂ ਵਿਭਾਗ ਅਤੇ ਸਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ ਨੂੰ ਕੁਝ ਦਾਅਵਿਆਂ ਦੀ ਜਾਂਚ ਕਰਨ ਲਈ ਪ੍ਰੇਰਿਆ।

ਸੂਤਰਾਂ ਮੁਤਾਬਕ ਅਡਾਨੀ ਗਰੁੱਪ ਦੀ ਜਾਂਚ ਹੁਣ ਆਖਰੀ ਪੜਾਅ 'ਤੇ ਹੈ। ਅਡਾਨੀ ਸਮੂਹ ਅਤੇ ਅਜ਼ੂਰ ਭਾਰਤ ਹਰੀ-ਊਰਜਾ ਖੇਤਰ ਵਿੱਚ ਅਹਿਮ ਸਥਾਨ ਰਖਦੇ ਹਨ। ਅਡਾਨੀ ਸਮੂਹ ਆਪਣੇ ਆਪ ਨੂੰ ਨਵਿਆਉਣਯੋਗ ਊਰਜਾ ਦੇ ਖੇਤਰ ਵਿੱਚ ਵਿਸ਼ਵ ਦੀ ਚੋਟੀ ਦੀ ਕੰਪਨੀ ਵਜੋਂ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

# ਭਾਰਤ ਚੀਨ ਵਿਚਾਲੇ ਅਰੁਣਾਚਲ ਪ੍ਰਦੇਸ਼ ਕਾਰਨ ਵਿਵਾਦ ਤਿਖਾ

✪ ਚੀਨੀ ਫੌਜ ਦਾ ਦਾਅਵਾ 'ਅਰੁਣਾਚਲ ਪ੍ਰਦੇਸ਼' ਚੀਨ ਦਾ ਅੰਦਰੂਨੀ ਹਿੱਸਾ' ✪ ਚੀਨੀ ਕਰਨਲ ਝਾਂਗ ਅਨੁਸਾਰ ਭਾਰਤੀ ਪੱਖ ਦੀ ਕਾਰਵਾਈ ਸਰਹੱਦ 'ਤੇ ਤਣਾਅਪੂਰਨ

ਪੇਈਚਿੰਗ-ਭਾਰਤ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਰੁਣਾਚਲ ਪ੍ਰਦੇਸ਼ ਦੀ ਯਾਤਰਾ 'ਤੇ ਚੀਨ ਦੇ ਇਤਰਾਜ਼ ਨੂੰ ਖਾਰਜ ਕਰਨ ਦੇ ਕੁਝ ਦਿਨਾਂ 'ਬਾਅਦ ਚੀਨ ਦੀ ਫੌਜ ਨੇ ਅਰੁਣਾਚਲ ਪ੍ਰਦੇਸ਼ 'ਤੇ ਆਪਣੇ ਦਾਅਵੇ ਨੂੰ ਦੁਹਰਾਇਆ ਹੈ। ਉਸ ਨੇ ਇਸ ਖੇਤਰ ਨੂੰ 'ਚੀਨ ਦਾ ਅੰਦਰੂਨੀ ਹਿੱਸਾ' ਕਰਾਰ ਦਿੱਤਾ ਹੈ।

ਗਲੋਬਲ ਟਾਈਮਜ਼ ਮੀਡੀਆ ਦੀ ਖਬਰ ਅਨੁਸਾਰ ਚੀਨੀ ਰੱਖਿਆ ਮੰਤਰਾਲੇ ਦੇ ਬੁਲਾਰੇ ਸੀਨੀਅਰ ਕਰਨਲ ਝਾਂਗ ਜ਼ਿਆਓਗਾਂਗ ਨੇ ਕਿਹਾ ਕਿ ਜ਼ਿਜ਼ਾਂਗ (ਤਿੱਬਤ ਦਾ ਚੀਨੀ ਨਾਮ) ਦਾ ਦੱਖਣੀ ਹਿੱਸਾ ਚੀਨ ਦੇ ਖੇਤਰ ਦਾ ਇੱਕ ਅਨਿੱਖੜਵਾਂ ਅੰਗ ਹੈ ਅਤੇ ਪੇਈਚਿੰਗ 'ਭਾਰਤ ਵੱਲੋਂ ਅਣਅਧਿਕਾਰਤ ਤੌਰ 'ਤੇ ਸਥਾਪਤ ਅਰੁਣਾਚਲ ਪ੍ਰਦੇਸ਼' ਨੂੰ ਕਦੇ ਸਵੀਕਾਰ ਨਹੀਂ ਕਰਦਾ ਤੇ ਇਸ ਦਾ ਦ੍ਰਿੜ੍ਹਤਾ ਨਾਲ ਵਿਰੋਧ ਕਰਦਾ ਹੈ। ਝਾਂਗ ਨੇ ਅਰੁਣਾਚਲ ਪ੍ਰਦੇਸ਼ ਵਿੱਚ ਸੇਲਾ ਸੁਰੰਗ ਰਾਹੀਂ ਭਾਰਤ ਵੱਲੋਂ ਫੌਜੀ ਤਿਆਰੀ ਵਧਾਉਣ ਦੇ ਜਵਾਬ ਵਿੱਚ ਇਹ ਟਿੱਪਣੀ ਕੀਤੀ। ਪੇਈਜਿੰਗ ਨੇ ਇਸ ਖੇਤਰ ਦਾ ਨਾਂ ਜ਼ਾਂਗਨਾਨ ਵੀ ਰੱਖਿਆ ਹੈ। ਅਰੁਣਾਚਲ ਪ੍ਰਦੇਸ਼ 'ਤੇ ਦੱਖਣੀ ਤਿੱਬਤ ਦੇ ਹਿੱਸੇ ਦੇ ਰੂਪ 'ਵਿਚ ਦਾਅਵਾ ਕਰਨ ਵਾਲਾ ਚੀਨ ਭਾਰਤੀ ਆਗੂਆਂ ਦੇ ਰਾਜ ਦੇ ਦੌਰਿਆਂ 'ਤੇ ਲਗਾਤਾਰ ਇਤਰਾਜ਼ ਜਤਾਉਂਦਾ ਹੈ। ਜਦੋਂ ਕਿ ਭਾਰਤ ਨੇ ਅਰੁਣਾਚਲ ਪ੍ਰਦੇਸ਼ 'ਤੇ ਚੀਨ ਦੇ ਖੇਤਰੀ ਦਾਅਵਿਆਂ ਨੂੰ ਵਾਰ-ਵਾਰ ਰੱਦ ਕਰਦਿਆਂ ਸੂਬੇ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਦੱਸਿਆ ਹੈ। ਪੇਈਚਿੰਗ ਨੇ ਇਸ ਖੇਤਰ ਦਾ ਨਾਂ ਜਾਂਗਨਾਂਨ ਰੱਖਿਆ ਹੈ।

ਜਦੋਂ ਕਿ ਭਾਰਤ ਨੇ ਖੇਤਰ ਦੇ 'ਨਾਮਕਰਨ' ਦੇ ਕਾਰਜ ਨੂੰ ਇਹ ਕਹਿੰਦਿਆਂ ਖਾਰਜ ਕਰ ਦਿੱਤਾ ਕਿ ਇਸ ਨਾਲ ਅਸਲੀਅਤ ਨਹੀਂ ਬਦਲਦੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 9 ਮਾਰਚ ਨੂੰ ਅਰੁਣਾਚਲ ਪ੍ਰਦੇਸ਼ ਵਿੱਚ 13,000 ਫੁੱਟ ਦੀ ਉਚਾਈ 'ਤੇ ਬਣੀ ਸੇਲਾ ਸੁਰੰਗ ਰਾਸ਼ਟਰ ਨੂੰ ਸਮਰਪਿਤ ਕੀਤੀ ਸੀ ਜੋ ਰਣਨੀਤਕ ਤੌਰ 'ਤੇ ਤਵਾਂਗ ਨੂੰ ਹਰ ਮੌਸਮ ਵਿੱਚ ਸੰਪਰਕ ਪ੍ਰਦਾਨ ਕਰੇਗੀ ਅਤੇ ਸਰਹੱਦੀ ਖੇਤਰ ਦੇ ਨਾਲ ਸੈਨਿਕਾਂ ਦੀ ਬਿਹਤਰ ਆਵਾਜਾਈ ਨੂੰ ਯਕੀਨੀ ਬਣਾਉਣ 'ਚ ਮਦਦਗਾਰ ਹੋਵੇਗੀ।

ਮੋਦੀ ਦੇ ਦੌਰੇ ਦਾ ਜ਼ਿਕਰ ਕੀਤੇ ਬਿਨਾਂ ਝਾਂਗ ਨੇ ਕਿਹਾ, "ਭਾਰਤੀ ਪੱਖ ਦੀ ਕਾਰਵਾਈ ਸਰਹੱਦ 'ਤੇ ਤਣਾਅਪੂਰਨ ਸਥਿਤੀਆਂ ਨੂੰ ਘੱਟ ਕਰਨ ਲਈ ਦੋਵਾਂ ਪੱਖਾਂ ਵੱਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਦੇ ਉਲਟ ਹਨ।

## ਪੰਜਾਬ ਵਿੱਚ 100 ਕਰੋੜ ਦੀ ਠੱਗੀ ਮਾਰਨ ਵਾਲਾ ਅਮਨਦੀਪ ਗ੍ਰਿਫਤਾਰ

✪ ਨੌਕਰੀ, ਪੋਸਟਿੰਗ ਤੇ ਤਬਾਦਲਿਆਂ ਦੇ ਨਾਂ 'ਤੇ ਮਾਰੀ ਸੀ ਠੱਗੀ



ਦਿੱਲੀ-ਪੰਜਾਬ ਵਿੱਚ 100 ਕਰੋੜ ਦੀ ਠੱਗੀ ਮਾਰਨ ਵਾਲੇ ਵੱਡੇ ਚਾਲਬਾਜ਼ ਨੂੰ ਪੰਜਾਬ ਪੁਲਿਸ ਨੇ 1000 ਕਿਲੋਮੀਟਰ ਦੂਰੋਂ ਗ੍ਰਿਫਤਾਰ ਕੀਤਾ ਹੈ। ਇਸ ਨੇ ਪੰਜਾਬ ਦੇ ਪਤਾ ਨਹੀਂ ਕਿੰਨੇ ਨੌਜਵਾਨਾਂ ਨਾਲ ਨੌਕਰੀ, ਪੋਸਟਿੰਗ ਅਤੇ ਤਬਾਦਲਿਆਂ ਦੇ ਨਾਂ 'ਤੇ ਠੱਗੀ ਮਾਰੀ ਸੀ। ਪੰਜਾਬ ਪੁਲਿਸ ਨੇ ਠੱਗ ਅਮਨਦੀਪ ਕੰਬੋਜ ਉਰਫ ਅਮਰ ਸਕੌਂਡਾ ਨੂੰ ਵਾਰਾਣਸੀ ਤੋਂ ਗ੍ਰਿਫਤਾਰ ਕੀਤਾ ਹੈ। ਐਸਐਸਪੀ ਫਾਜ਼ਿਲਕਾ ਵਰਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਉਸ ਦੇ ਵਾਰਾਣਸੀ ਵਿੱਚ ਲੁੱਕੇ ਹੋਣ ਦੀ ਜਾਣਕਾਰੀ ਮਿਲੀ ਸੀ ਜਿਸ ਤੋਂ ਬਾਅਦ ਇੱਕ ਸਪੈਸ਼ਲ ਟੀਮ ਭੇਜੀ ਗਈ ਅਤੇ ਅਮਨਦੀਪ ਕੋਬੰਜ ਉਰਫ ਅਮਨ ਸਕੌਂਡਾ ਨੂੰ ਗ੍ਰਿਫਤਾਰ ਕੀਤਾ ਗਿਆ। ਅਮਨ ਕੰਬੋਜ ਨੇ ਪੰਜਾਬ ਪੁਲਿਸ ਵਿੱਚ ਭਰਤੀ, ਪੋਸਟਿੰਗ ਅਤੇ ਤਬਾਦਲਿਆਂ ਦੇ ਨਾਂ 'ਤੇ 100 ਕਰੋੜ ਤੋਂ ਵੱਧ ਦੀ ਠੱਗੀ ਮਾਰੀ ਸੀ।

## ਜੂਨੀਅਰ ਪ੍ਰੋਵਿੰਸ਼ਲ ਚੈਂਪੀਅਨਸ਼ਿੱਪ ਕੈਨੇਡਾ ਵਿਚ ਪੰਜਾਬ ਦੀ ਧੀ ਨੇ ਵੇਟਲਿਫਟਿੰਗ ਵਿੱਚ ਸੋਨ ਤਗਮਾ ਕੀਤਾ ਹਾਸਲ




ਸਰੀ-ਕੈਨੇਡਾ ਦੀ ਧਰਤੀ ਦੇ 16 ਸਾਲ ਦੀ ਪੰਜਾਬੀ ਧੀ ਐਂਜਲ ਬਿਲਨ ਨੇ ਵੇਟਲਿਫਟਿੰਗ ਵਿੱਚ ਸੋਨ ਤਗਮਾ ਹਾਸਲ ਕੀਤਾ ਹੈ। ਐਂਜਲ ਜਦੋਂ 6 ਸਾਲ ਦੀ ਸੀ ਤਾਂ ਹੀ ਉਸ ਨੇ ਵੇਟਲਿਫਟਿੰਗ ਸ਼ੁਰੂ ਕਰ ਦਿੱਤੀ। ਐਂਜਲ ਬਿਲਨ ਪੰਜਾਬ ਦੇ ਸ਼ਹੀਦ ਭਗਤ ਸਿੰਘ ਨਗਰ ਦੇ ਬੰਗਾ ਨੇੜੇ ਦੇ ਪਿੰਡ ਰਾਏਪੁਰ ਡੱਬਾ ਦੀ ਰਹਿਣ ਵਾਲੀ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿੱਚ ਕਰਵਾਏ ਗਏ ਮੁਕਾਬਲਿਆਂ ਵਿੱਚ ਜੂਨੀਅਰ ਪ੍ਰੋਵਿੰਸ਼ਲ ਚੈਂਪੀਅਨਸ਼ਿੱਪ 2024 ਵੇਟਲਿਫਟਿੰਗ ਮੁਕਾਬਲਿਆਂ ਵਿੱਚ 16 ਸਾਲਾ ਪੰਜਾਬੀ ਕੁੜੀ ਐਂਜਲ ਨੇ ਪਹਿਲੀ ਥਾਂ ਹਾਸਲ ਕੀਤੀ ਤੇ ਸੋਨ ਤਗਮਾ ਜੇਤੂ ਬਣੀ। ਐਂਜਲ ਨੇ ਵੇਟਲਿਫਟਿੰਗ ਵਿੱਚ 94 ਕਿਲੋ ਭਾਰ ਚੁੱਕ ਕੇ ਸੂਬੇ ਵਿੱਚ ਰਿਕਾਰਡ ਬਣਾ ਲਿਆ ਹੈ। ਉਸ ਨੂੰ ਬ੍ਰਿਟਿਸ਼ ਕੋਲੰਬੀਆ ਵੇਟਲਿਫਟਿੰਗ ਐਸੋਸੀਏਸ਼ਨ ਵੱਲੋਂ ਬੈਸਟ ਮਹਿਲਾ ਲਿਫਟਰ ਦਾ ਸਨਮਾਨ ਦਿੱਤਾ ਗਿਆ ਹੈ।


# ਅਮਰੀਕਾ ਵਿਚ ਫਿਰਕੂ ਹਿੰਦੂ ਧੜੇ ਖਿਲਾਫ ਕਾਰਵਾਈ ਦੀ ਹੋਈ ਮੰਗ

**ਵਿਸ਼ੇਸ਼ ਰਿਪੋਟ** ✪ ਮਨੁੱਖੀ ਅਧਿਕਾਰ ਸੰਗਠਨਾਂ ਨੇ ਭਾਰਤ ਵਿੱਚ ਚਰਚਾਂ ਨੂੰ ਢਾਹੁਣ ਲਈ ਫੰਡ ਇਕੱਠਾ ਕਰਨ ਦੇ ਲਗਾਏ ਦੋਸ਼ ✪ ਫਿਰਕੂ ਹਿੰਦੂ ਜਥੇਬੰਦੀਆਂ ਦੇ ਭਾਜਪਾ ਨਾਲ ਡੂੰਘੇ ਸੰਬੰਧ

ਮਨੁੱਖੀ ਅਧਿਕਾਰ ਸੰਗਠਨਾਂ ਨੇ ਅਮਰੀਕਾ ਵਿਚ ਕੱਟੜਪੰਥੀ ਹਿੰਦੂਤਵੀ ਸੰਗਠਨਾਂ ਦੀ ਵਧਦੀ ਸਰਗਰਮੀ 'ਤੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਹੈ। ਮਨੁੱਖੀ ਅਧਿਕਾਰ ਸੰਗਠਨਾਂ ਦੇ ਗੱਠਜੋੜ ਨੇ ਅੰਦਰੂਨੀ ਮਾਲ ਸੇਵਾ (ਆਈਆਰਐਸ) ਦੇ ਨਾਲ-ਨਾਲ ਟੈਕਸਾਸ ਸਥਿਤ ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ, ਨਾਮ ਦੇ ਇਕ ਅਜਿਹੇ ਹੀ ਨਫ਼ਰਤ ਫੈਲਾਉਣ ਵਾਲੇ ਧੜੇ ਨੂੰ ਲੈਕੇ ਟੈਕਸਾਸ ਅਤੇ ਮਿਸੀਸਿਪੀ ਦੇ ਅਟਾਰਨੀ ਜਨਰਲ ਕੋਲ ਸ਼ਿਕਾਇਤਾਂ ਦਰਜ ਕਰਵਾਈਆਂ ਹਨ।

ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਨੇ ਦਸੰਬਰ 2022 ਵਿੱਚ ਪ੍ਰੈਸ ਦਾ ਧਿਆਨ ਖਿੱਚਿਆ ਜਦੋਂ ਇਸਨੇ ਭਾਰਤ ਵਿੱਚ ਚਰਚਾਂ ਨੂੰ ਢਾਹੁਣ ਲਈ ਫ੍ਰਿਸਕੋ, ਟੈਕਸਾਸ ਵਿੱਚ ਇੱਕ ਫੰਡ ਇਕੱਠਾ ਕਰਨ ਦੀ ਮੁਹਿੰਮ ਬਾਰੇ ਮੇਜ਼ਬਾਨੀ ਕੀਤੀ। ਮਾਮਲੇ ਦੀ ਹੋਰ ਜਾਂਚ ਤੋਂ ਪਤਾ ਲੱਗਾ ਕਿ ਇਸ ਫੰਡ ਦੀ ਵਰਤੋਂ ਭਾਰਤ ਵਿੱਚ ਮੁਸਲਿਮ ਕਾਰੋਬਾਰਾਂ ਨੂੰ ਬੰਦ ਕਰਾਉਣ, ਮੁਸਲਿਮ-ਈਸਾਈ-ਵਿਰੋਧੀ ਸਾਜ਼ਿਸ਼ੀ ਕਾਰਵਾਈਆਂ ਨੂੰ ਉਤਸ਼ਾਹਿਤ ਕਰਨ, ਅਮਰੀਕਾ ਵਿੱਚ ਪ੍ਰਮੁੱਖ ਮੁਸਲਿਮ ਵਿਰੋਧੀ ਭਾਰਤੀ ਸਿਆਸਤਦਾਨਾਂ ਨੂੰ ਉਤਸ਼ਾਹਿਤ ਕਰਨ, ਭਾਰਤ ਵਿੱਚ ਮੁਸਲਮਾਨਾਂ ਅਤੇ ਈਸਾਈਆਂ ਦੇ ਕਥਿਤ ਜਬਰੀ ਧਰਮ ਪਰਿਵਰਤਨ ਮੁਹਿੰਮ ਨੂੰ ਰੋਕਣ ਵਿਰੁਧ ਇਕੱਠਾ ਕੀਤਾ ਗਿਆ। ਮਨੁੱਖੀ ਅਧਿਕਾਰ ਸੰਗਠਨਾਂ ਨੇ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਵਿਰਧ ਵਿਰੋਧ ਪ੍ਰਦਰਸ਼ਨ ਕੀਤੇ ਜੋ ਭਾਰਤ ਵਿੱਚ ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਹਿੰਸਾ ਲਈ ਜ਼ਿੰਮੇਵਾਰ ਹਨ।









ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਵਿਰੁੱਧ ਸ਼ਿਕਾਇਤ ਦਾਇਰ ਕਰਨ ਵਾਲੇ ਮਨੁੱਖੀ ਅਧਿਕਾਰ ਸਮੂਹਾਂ ਅਤੇ ਅੰਤਰਜਾਤੀ ਸੰਗਠਨਾਂ ਦੇ ਗੱਠਜੋੜ ਵਿੱਚ ਇੰਡੀਅਨ ਅਮਰੀਕਨ ਮੁਸਲਿਮ ਕੌਂਸਲ, ਹਿੰਦੂਜ਼ ਫਾਰ ਹਿਊਮਨ ਰਾਈਟਸ, ਕੌਂਸਲ ਆਨ ਅਮਰੀਕਨ ਇਸਲਾਮਿਕ ਰਿਲੇਸ਼ਨਜ਼ ਡੀਐਫਡਬਲਯੂ ਚੈਪਟਰ, ਨੌਰਥ ਅਮਰੀਕਨ ਮਨੀਪੁਰ ਟਰਾਈਬਲ ਐਸੋਸੀਏਸ਼ਨ, ਟੈਕਸਾਸ ਅੰਬੇਡਕਰਵਾਦੀ ਬੋਧ ਸੰਘ, ਅਤੇ ਵਰਲਡ ਵਿਦਾਊਟ ਜੈਨੋਸਾਈਡ ਸ਼ਾਮਲ ਹਨ। ਇਹ ਸੰਸਥਾਵਾਂ ਦਲੀਲ ਦਿੰਦੀਆਂ ਹਨ ਕਿ ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਦੀਆਂ ਗਤੀਵਿਧੀਆਂ ਨੂੰ ਫਿਰਕੂ ਜ਼ਹਿਰ ਫੈਲਾਉਣ ਕਰਕੇ ਅਮਰੀਕਨ ਟੈਕਸ-ਮੁਕਤ ਸਥਿਤੀ ਲਾਭ ਲੈਣ ਤੋਂ ਰੋਕਣਾ ਚਾਹੀਦਾ ਹੈ। ਇਸ ਦੀਆਂ ਨਫ਼ਰਤ ਫੈਲਾਉਣ ਵਾਲੀਆਂ ਗਤੀਵਿਧੀਆਂ ਚੈਰੀਟੇਬਲ ਜਾਂ ਧਾਰਮਿਕ ਸੰਸਥਾਵਾਂ ਦੀ ਨੈਤਿਕਤਾ ਤੇ ਸਿਧਾਂਤ ਤੋਂ ਬਾਹਰ ਹਨ। ਇਸ ਲਈ,ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਨੂੰ ਦਿੱਤੇ ਜਾਣ ਵਾਲੇ ਸਰਕਾਰੀ ਲਾਭਾਂ ਤੋਂ ਵਾਂਝਾ ਰੱਖਿਆ ਜਾਣਾ ਚਾਹੀਦਾ ਹੈ।

ਰਸ਼ੀਦ ਅਹਿਮਦ, ਆਈਏਐਮਸੀ ਦੇ ਕਾਰਜਕਾਰੀ ਨਿਰਦੇਸ਼ਕ ਨੇ ਕਿਹਾ ਕਿ ਆਈਆਰਐਸ ਅਤੇ ਯੂਐਸ ਸਰਕਾਰ ਨੂੰ, ਕਿਸੇ ਵੀ ਤਰੀਕੇ ਨਾਲ, ਭਾਰਤ ਵਿੱਚ ਮੁਸਲਿਮ ਵਿਰੋਧੀ ਅਤੇ ਈਸਾਈ ਵਿਰੋਧੀ ਮੁਹਿੰਮਾਂ ਨੂੰ ਫੰਡ ਦੇਣ ਨਾਲ ਜੁੜੇ ਨਫ਼ਰਤੀ ਫਿਰਕੂ ਸੰਗਠਨਾਂ ਦੀ ਸਹਾਇਤਾ ਨਹੀਂ ਕਰਨੀ ਚਾਹੀਦੀ। ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਦੀਆਂ ਗਤੀਵਿਧੀਆਂ ਸਪੱਸ਼ਟ ਤੌਰ 'ਤੇ ਗੈਰ-ਮੁਨਾਫ਼ਾ ਸਮੂਹਾਂ ਨੂੰ ਨਿਯੰਤ੍ਰਿਤ ਕਰਨ ਵਾਲੇ ਮੌਜੂਦਾ ਕਾਨੂੰਨਾਂ ਦੀ ਉਲੰਘਣਾ ਕਰਦੀਆਂ ਹਨ ਅਤੇ ਇਸਦੀ ਟੈਕਸ-ਮੁਕਤ ਸਥਿਤੀ ਇਸਨੂੰ ਵਿਦੇਸ਼ਾਂ ਵਿੱਚ ਆਪਣੀ ਨਫ਼ਰਤ ਨੂੰ ਵਧਾਉਣ ਦੀ ਮੁਹਿੰਮ ਵਿੱਚ ਮਦਦ ਕਰਦੀ ਹੈ। ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਦੀ ਟੈਕਸ-ਮੁਕਤ ਸਥਿਤੀ ਨੂੰ ਤੁਰੰਤ ਰੱਦ ਕੀਤਾ ਜਾਣਾ ਚਾਹੀਦਾ ਹੈ।

ਜਾਰਜਟਾਊਨ ਯੂਨੀਵਰਸਿਟੀ ਦੇ ਬ੍ਰਿਜ ਇਨੀਸ਼ੀਏਟਿਵ ਦੇ ਅਨੁਸਾਰ, ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਨੇ ਭਾਰਤ ਵਿੱਚ ਗਊ ਰੱਖਿਅਕ ਸਮੂਹਾਂ ਦੇ ਨਾਲ ਸਹਿਯੋਗ ਕੀਤਾ ਜੋ ਮੁਸਲਮਾਨਾਂ ਉਪਰ ਬੀਫ ਖਾਣ ਤੇ ਵੇਚਣ ਦਾ ਬਹਾਨਾ ਬਣਾਕੇ ਮੁਸਲਮਾਨ ਭਾਈਚਾਰੇ ਉਪਰ ਹਿੰਸਕ ਹਮਲੇ ਕਰ ਰਹੇ ਸਨ। ਉਸਨੇ ਕਈ ਇਸ਼ਤਿਹਾਰਬਾਜ਼ੀ ਰਾਹੀਂ ਮੁਹਿੰਮਾਂ ਵੀ ਚਲਾਈਆਂ ਹਨ, ਵੱਖ-ਵੱਖ ਭਾਰਤੀ ਰਾਜਾਂ ਵਿਚ ਮੁਸਲਿਮ ਪੂਜਾ 'ਤੇ ਪਾਬੰਦੀ ਲਗਾਉਣ, ਮੁਸਲਿਮ ਕਾਰੋਬਾਰਾਂ ਨੂੰ ਬੰਦ ਕਰਨ, ਈਸਾਈਆਂ ਨੂੰ ਕਿਰਾਏ 'ਤੇ ਮਕਾਨ ਦੇਣ ਤੋਂ ਹਿੰਦੂ ਭਾਈਚਾਰੇ ਨੂੰ ਰੋਕਣ ਅਤੇ ਮੁਸਲਮਾਨਾਂ ਨੂੰ ਹਿੰਦੂ ਮੰਦਰਾਂ ਵਿੱਚ ਦਾਖਲ ਹੋਣ ਤੋਂ ਰੋਕਣ ਦੀਆਂ ਅਪੀਲਾਂ ਕੀਤੀਆਂ ਹਨ।

2022 ਵਿੱਚ, ਸੰਗਠਨ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਵਿੱਚ ਮੰਦਰ ਦੇ ਅਧਿਕਾਰੀਆਂ ਅਤੇ ਸਥਾਨਕ ਪੁਲਿਸ ਦੀ ਸਹਾਇਤਾ ਨਾਲ ਮੰਦਰ ਦੇ ਆਲੇ ਦੁਆਲੇ ਦੇ ਖੇਤਰ ਵਿੱਚੋਂ ਮੁਸਲਮਾਨ ਵਿਕਰੇਤਾਵਾਂ ਨੂੰ ਬਾਹਰ ਕੱਢਿਆ ਸੀ। ਉਥੇ ਮੁਸਲਮਾਨਾਂ ਦੀਆਂ 13 ਦੁਕਾਨਾਂ ਬੰਦ ਕਰ ਦਿੱਤੀਆਂ ਗਈਆਂ ਸਨ। ਹਾਲ ਹੀ ਵਿੱਚ ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਬਲਾਗ ਪੋਸਟ ਵਿੱਚ ਉਨ੍ਹਾਂ ਪੱਤਰਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਜੋ ਹਿੰਦੂ ਫਾਊਂਡੇਸ਼ਨ ਵੱਲੋਂ ਭਾਰਤੀ ਪੁਲਿਸ ਅਧਿਕਾਰੀਆਂ ਨੂੰ ਭੇਜੇ ਸਨ , ਜਿਸ ਵਿੱਚ ਉਹਨਾਂ ਨੂੰ ਦੂਜੇ ਖੇਤਰਾਂ ਤੋਂ ਮੁਸਲਿਮ ਵਿਕਰੇਤਾਵਾਂ ਨੂੰ ਹਟਾਉਣ ਦੀ ਅਪੀਲ ਕੀਤੀ ਗਈ ਸੀ। ਇਸੇ ਤਰ੍ਹਾਂ, 2020 ਵਿੱਚ, ਹਿੰਦੂ ਸੰਗਠਨਾਂ ਨੇ ਆਂਧਰਾ ਪ੍ਰਦੇਸ਼ ਵਿੱਚ ਇੱਕ ਹਸਪਤਾਲ ਨੂੰ ਬੇਨਤੀ ਕੀਤੀ ਸੀ ਕਿ ਉਹ ਆਪਣੇ ਸਾਰੇ ਕਰਮਚਾਰੀਆਂ ਦੇ ਧਾਰਮਿਕ ਵਿਸ਼ਵਾਸ ਦੀ ਜਾਂਚ ਕਰੇ ਤਾਂ ਸਾਰੀਆਂ ਈਸਾਈ ਨਰਸਾਂ ਨੂੰ ਹਟਾ ਦਿਤਾ ਜਾਵੇ।

ਬਾਕੀ ਹਿਸਾ ਸਫਾ 22 ਤੇ ਪੜ੍ਹੋ

## ਅਮਰੀਕੀ ਸੰਸਦ ਮੈਂਬਰ ਸਿਖਾਂ ਤੇ ਮਨੁੱਖੀ ਅਧਿਕਾਰਾਂ ਦੀਆਂ ਗਤੀਵਿਧੀਆਂ ਤੋਂ ਔਖਾ

### ✪ ਅਖੇ-ਅਮਰੀਕਾ 'ਵਿਚ ਵਧ ਰਿਹੈ "ਹਿੰਦੂ ਫੋਬੀਆ", ਇਸ ਦਾ ਵਿਰੋਧ ਕਰਨ ਦੀ ਲੋੜ

ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਸ਼੍ਰੀ ਥਾਨੇਦਾਰ ਅੱਜਕਲ੍ਹ ਸਿਖਾਂ ਤੇ ਮਨੁੱਖੀ ਅਧਿਕਾਰਾਂ ਦੀਆਂ ਗਤੀਵਿਧੀਆਂ ਤੋਂ ਬਹੁਤ ਔਖਾ ਹੈ। ਉਸਨੇ ਨਵੀਂ ਛੁਰਲੀ ਛਡਦਿਆਂ ਕਿਹਾ ਕਿ ਹਾਲ ਹੀ ਵਿੱਚ ਅਮਰੀਕਾ ਵਿੱਚ 'ਹਿੰਦੂ ਫੋਬੀਆ' ਵਿਚ ਵਾਧਾ ਦੇਖਿਆ ਗਿਆ ਹੈ, ਜਿਸ ਨਾਲ ਲੜਨ ਦੀ ਲੋੜ ਹੈ, ਕਿਉਂਕਿ ਇਸ ਦੇਸ਼ ਵਿੱਚ ਨਫ਼ਰਤ ਲਈ ਕੋਈ ਥਾਂ ਨਹੀਂ ਹੈ। ਥਾਨੇਦਾਰ ਨੇ ਇਹ ਗੱਲ ਹਿੰਦੂ ਭਾਈਚਾਰੇ ਵਿਰੁੱਧ ਵੱਧ ਰਹੇ ਨਫ਼ਰਤੀ ਅਪਰਾਧਾਂ ਵਿਰੁੱਧ ਲੜਨ ਦੀ ਮੰਗ ਕਰ ਰਹੇ ਹਿੰਦੂ ਆਗੂਆਂ ਅਤੇ ਜਥੇਬੰਦੀਆਂ ਦੇ ਸਮੂਹ ਵਿੱਚ ਸ਼ਾਮਲ ਹੋਣ ਮੌਕੇ ਕਹੀ। ਵੱਖ-ਵੱਖ ਭਾਰਤੀ-ਅਮਰੀਕੀ ਸਮੂਹਾਂ ਦੇ ਨੁਮਾਇੰਦਿਆਂ ਨੇ ਬੀਤੇ ਦਿਨੀਂ ਅਮਰੀਕਾ ਦੀ ਰਾਜਧਾਨੀ 'ਚ 'ਹਿੰਦੂ ਐਕਸ਼ਨ' ਨਾਂ ਦੀ ਸੰਸਥਾ ਦੁਆਰਾ ਆਯੋਜਿਤ ਮੀਟਿੰਗ ਦੌਰਾਨ ਮੁਲਾਕਾਤ ਕੀਤੀ। ਥਾਨੇਦਾਰ ਨੇ ਕਿਹਾ, "ਅਸੀਂ ਅਮਰੀਕਾ ਵਿੱਚ ਬਹੁਤ ਸਾਰਾ 'ਹਿੰਦੂ ਫੋਬੀਆ" (ਹਿੰਦੂਆਂ ਬਾਰੇ ਅਸੁਰੱਖਿਆ ਦੀ ਭਾਵਨਾ) ਦੇਖਦੇ ਹਾਂ। ਅਸੀਂ ਕੈਲੀਫੋਰਨੀਆ ਐੱਸਬੀ403 (ਨਸਲੀ ਵਿਤਕਰੇ 'ਤੇ ਪਾਬੰਦੀ ਲਗਾਉਣ ਲਈ ਇੱਕ ਬਿੱਲ) ਦੇਖਿਆ ਹੈ, ਅਤੇ ਇਹ ਸਿਰਫ਼ ਸ਼ੁਰੂਆਤ ਹੈ। ਸਾਡੇ ਮੰਦਰਾਂ 'ਤੇ ਹਮਲੇ ਅਤੇ ਦੁਨੀਆ ਭਰ ਦੇ ਹਿੰਦੂਆਂ 'ਤੇ ਹਮਲੇ। ਇਹ ਇੱਕ ਕਾਰਨ ਹੈ ਕਿ ਮੈਂ ਹਿੰਦੂ ਕਾਕਸ ਬਣਾਉਣ ਦਾ ਫੈਸਲਾ ਕੀਤਾ ਹੈ। ਡੈਮੋਕ੍ਰੇਟਿਕ ਪਾਰਟੀ ਦੇ ਮੈਂਬਰ ਥਾਨੇਦਾਰ ਨੇ ਕਿਹਾ, "ਅਮਰੀਕੀ ਕਾਂਗਰਸ ਵਿੱਚ ਪਹਿਲੀ ਵਾਰ ਸਾਡੇ ਕੋਲ ਹਿੰਦੂ ਕਾਕਸ ਹੈ। ਅਸੀਂ ਇਹ ਸੁਨਿਸ਼ਚਿਤ ਕਰਨ ਲਈ ਕਈ ਪਹਿਲਕਦਮੀਆਂ ਕਰ ਰਹੇ ਹਾਂ ਕਿ ਲੋਕਾਂ ਨੂੰ ਆਪਣੇ ਧਰਮ ਦਾ ਅਭਿਆਸ ਕਰਨ ਦੀ ਧਾਰਮਿਕ ਆਜ਼ਾਦੀ ਹੋਵੇ।" ਹੈਰਾਨੀ ਦੀ ਗਲ ਇਹ ਹੈ ਕਿ ਮੰਦਰਾਂ ਦੇ ਹਮਲੇ ਵਿਚ ਕੋਈ ਦੋਸ਼ੀ ਸਿਧ ਨਹੀਂ ਹੋਇਆ। ਸਾਰੇ ਦੋਸ਼ੀ ਤਕਰੀਬਨ ਕੈਨੇਡਾ, ਆਸਟਰੇਲੀਆ ਵਿਚ ਕਟੜ ਹਿੰਦੂ ਭਾਈ ਚਾਰੇ ਦੇ ਲੋਕ ਫੜੇ ਗਏ ਹਨ

21 ਸਫ਼ੇ ਦੀ ਬਾਕੀ

ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਲੀਡਰਸ਼ਿਪ ਨੇ ਮੁਸਲਮਾਨਾਂ ਅਤੇ ਈਸਾਈਆਂ ਨੂੰ ਰਾਖਸ਼ ਦਸਣ ਵਾਲੀਆਂ ਨਫ਼ਰਤੀ ਕਿਤਾਬਾਂ ਦਾ ਪ੍ਰਸਾਰ ਵੀ ਕੀਤਾ ਹੈ। ਸੰਗਠਨ ਨੇ ਇਸਲਾਮ ਨੂੰ ਮਨੁੱਖਤਾ ਦਾ ਦੁਸ਼ਮਣ' ਅਤੇ 'ਲੋਕਤੰਤਰ ਅਤੇ ਮਨੁੱਖਤਾ' ਵਿਰੋਧੀ, 'ਅੱਤਵਾਦ ਦੀ ਜੜ੍ਹ' ਦੱਸਿਆ ਹੈ। ਉਸਨੇ ਦੋਸ਼ ਲਗਾਇਆ ਹੈ ਕਿ ਕੁਰਾਨ 'ਹਿੰਸਾ, ਦਹਿਸ਼ਤ, ਤਸੀਹੇ, ਸਿਰ ਕਲਮ ਕਰਨ ਅਤੇ ਕਤਲ' ਨੂੰ ਉਤਸ਼ਾਹਿਤ ਕਰਦਾ ਹੈ। ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਨੇ ਆਪਣੀ ਵੈੱਬਸਾਈਟ 'ਤੇ ਇਕ ਲੇਖ ਪੋਸਟ ਕੀਤਾ ਜਿਸ ਵਿਚ ਯਿਸੂ ਨੂੰ "ਦੁਸ਼ਟ, ਕ੍ਰੋਧੀ ਅਤੇ ਕਾਤਲ" ਵਜੋਂ ਦਰਸਾਇਆ ਹੈ।

ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਨੇ ਜਨਤਕ ਤੌਰ 'ਤੇ ਰਾਇ ਪ੍ਰਗਟਾਈ ਹੈ ਕਿ "ਭਾਰਤ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਇੱਕ ਹਿੰਦੂ ਰਾਸ਼ਟਰ ਘੋਸ਼ਿਤ ਕਰੇ ," ਭਾਵ ਇੱਕ ਅਜਿਹਾ ਰਾਸ਼ਟਰ ਜਿੱਥੇ ਦੂਜੇ ਧਰਮਾਂ ਨੂੰ ਦੂਜੇ ਦਰਜੇ ਦੇ ਨਾਗਰਿਕਾਂ ਵਜੋਂ ਪੇਸ਼ ਕੀਤਾ ਜਾਵੇ। ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਦੁਆਰਾ ਫੰਡ ਪ੍ਰਾਪਤ ਵਿਦੇਸ਼ੀ ਸਕੂਲਾਂ ਨੇ ਵੀਡੀ ਸਾਵਰਕਰ ਸਮੇਤ ਕੁਝ ਸਭ ਤੋਂ ਕੱਟੜ ਹਿੰਦੂ ਰਾਸ਼ਟਰਵਾਦੀ ਚਿੰਤਕਾਂ ਦੇ ਕੰਮ ਨੂੰ ਅੱਗੇ ਵਧਾਇਆ ਹੈ, ਜਿਨ੍ਹਾਂ ਨੇ ਮੁਸਲਿਮ ਔਰਤਾਂ ਵਿਰੁੱਧ ਜਿਨਸੀ ਹਿੰਸਾ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਸੀ।

ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਵੈੱਬਸਾਈਟ ਦਰਸਾਉਂਦੀ ਹੈ ਕਿ ਇਹ ਸਮੂਹ ਮੁਸਲਿਮ ਵਿਰੋਧੀ ਸਾਜਿਸ਼ਾਂ ਨੂੰ ਉਤਸ਼ਾਹਿਤ ਕਰਦਾ ਹੈ ਜਿਵੇਂ ਕਿ "ਲਵ ਜੇਹਾਦ" ਭਾਰਤ ਵਿੱਚ ਅਤੇ ਭਾਰਤੀ-ਅਮਰੀਕੀ ਡਾਇਸਪੋਰਾ ਵਿੱਚ ਵੀ।

ਟਾਈਮ ਮੈਗਜ਼ੀਨ ਦੇ ਅਨੁਸਾਰ, "ਲਵ ਜਿਹਾਦ" ਇੱਕ "ਬੇਬੁਨਿਆਦ ਸਾਜ਼ਿਸ਼ ਸਿਧਾਂਤ" ਹੈ ਜੋ ਦਾਅਵਾ ਕਰਦਾ ਹੈ ਕਿ ਮੁਸਲਮਾਨ ਮਰਦ ਪਿਆਰ ਦੇ ਜਾਲ ਵਿਚ ਹਿੰਦੂ ਔਰਤਾਂ ਨੂੰ ਫਸਾਉਣ ਦੇ ਬਾਅਦ ਇਸਲਾਮ ਕਬੂਲ ਕਰਵਾਉਂਦੇ ਹਨ। ਇਸ ਸ਼ਬਦ ਦੀ ਵਰਤੋਂ ਭਾਰਤ ਵਿੱਚ ਹਿੰਦੂ ਰਾਸ਼ਟਰਵਾਦੀਆਂ ਦੁਆਰਾ ਅੰਤਰ-ਧਾਰਮਿਕ ਸਬੰਧਾਂ ਵਿੱਚ ਮੁਸਲਿਮ ਮਰਦਾਂ ਵਿਰੁੱਧ ਪੁਲਿਸ, ਨੂੰ ਉਕਸਾਉਣ ਅਤੇ ਹਿੰਸਾ ਕਰਨ ਲਈ ਕੀਤੀ ਜਾਂਦੀ ਹੈ। ਅਗਸਤ 2023 ਤੋਂ ਇੱਕ ਤਾਜ਼ਾ ਬਲੌਗ ਪੋਸਟ ਵਿੱਚ, ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਨੇ ਕਿਹਾ ਕਿ ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਹਿੰਦੂ ਕੁੜੀਆਂ ਨੂੰ ਲਵ ਜੇਹਾਦ ਬਾਰੇ ਸਿੱਖਿਅਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜਿੱਥੇ ਮੁਸਲਿਮ ਲੜਕੇ ਹਿੰਦੂ ਕੁੜੀਆਂ ਨੂੰ ਫਸਾਉਂਦੇ ਹਨ, ਉਨ੍ਹਾਂ ਨਾਲ ਵਿਆਹ ਕਰਵਾਉਂਦੇ ਹਨ, ਉਨ੍ਹਾਂ ਦਾ ਧਰਮ ਪਰਿਵਰਤਨ ਕਰਦੇ ਹਨ, ਉਨ੍ਹਾਂ ਨੂੰ ਇਸਲਾਮੀ ਰੀਤੀ-ਰਿਵਾਜਾਂ ਨੂੰ ਮੰਨਣ ਲਈ ਮਜਬੂਰ ਕਰਦੇ ਹਨ, ਉਨ੍ਹਾਂ ਨਾਲ ਜ਼ਬਰਦਸਤੀ ਕਰਦੇ ਹਨ, ਉਨ੍ਹਾਂ ਨਾਲ ਦੁਰਵਿਵਹਾਰ ਕਰਦੇ ਹਨ, ਉਨ੍ਹਾਂ ਨਾਲ ਬਲਾਤਕਾਰ ਕਰਦੇ ਹਨ ਅਤੇ ਉਨ੍ਹਾਂ 'ਤੇ ਤਸ਼ੱਦਦ ਕਰਦੇ ਹਨ। ਮੁਸਲਮਾਨ ਮਰਦਾਂ ਲਈ ਝੂਠ ਬੋਲਣਾ ਬਹੁਤ ਆਮ ਗੱਲ ਹੈ।"

ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਨੇ ਆਪਣੇ ਮੁਸਲਿਮ ਵਿਰੋਧੀ ਬਿਆਨਬਾਜ਼ੀ ਲਈ ਜਾਣੇ ਜਾਂਦੇ ਸੀਨੀਅਰ ਭਾਰਤੀ ਰਾਜਨੀਤਿਕ ਨੇਤਾ ਡਾ. ਸੁਬਰਾਮਣੀਅਮ ਸਵਾਮੀ ਲਈ ਕਈ ਅਮਰੀਕੀ ਦੌਰੇ ਵੀ ਆਯੋਜਿਤ ਕੀਤੇ ਸਨ।

ਮੁਸਤਫਾ ਕੈਰੋਲ, ਅਮਰੀਕੀ-ਇਸਲਾਮਿਕ ਸਬੰਧਾਂ ਬਾਰੇ ਕੌਂਸਲ ਦੇ ਡੀ-ਐਫ ਡਬਲਯੂ ਚੈਪਟਰ ਦੇ ਅੰਤਰਿਮ ਕਾਰਜਕਾਰੀ ਨਿਰਦੇਸ਼ਕ ਨੇ ਕਿਹਾ ਕਿ ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਨੂੰ ਨਫ਼ਰਤੀ ਸੰਗਠਨ ਵਜੋਂ ਦਰਸਾਇਆ ਗਿਆ ਹੈ, ਕਿਉਂਕਿ ਉਹ ਹਿੰਸਾ ਭੜਕਾਉਂਦੇ ਹਨ ਅਤੇ ਚਰਚਾਂ ਨੂੰ ਢਾਹੁਣ ਦਾ ਸਮਰਥਨ ਕਰਦੇ ਹਨ। ਇਸ ਕਿਸਮ ਦੀ ਫਿਰਕੂ ਰਾਸ਼ਟਰਵਾਦੀ ਵਿਚਾਰਧਾਰਾ ਹਰ ਕਿਸੇ ਨੂੰ ਨੁਕਸਾਨ ਪਹੁੰਚਾਉਂਦੀ ਹੈ।

ਹਿੰਦੂਜ਼ ਫਾਰ ਹਿਊਮਨ ਰਾਈਟਸ, ਦੀ ਕਾਰਜਕਾਰੀ ਨਿਰਦੇਸ਼ਕ ਸੁਨੀਤਾ ਵਿਸ਼ਵਨਾਥ ਨੇ ਕਿਹਾ ਕਿ ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਵਿਰੁੱਧ ਦੋਸ਼ ਮਨੁੱਖੀ ਅਧਿਕਾਰਾਂ ਦੇ ਨਜ਼ਰੀਏ ਤੋਂ ਬਹੁਤ ਪਰੇਸ਼ਾਨ ਕਰਨ ਵਾਲੇ ਹਨ। ਹਿੰਦੂਸ ਫਾਰ ਹਿਊਮਨ ਰਾਈਟਸ ਨੇ ਕਿਹਾ ਕਿ ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਨਾਲ ਸੰਬੰਧਿਤ ਗਤੀਵਿਧੀਆਂ, ਜੇਕਰ ਇਹ ਸੱਚ ਹਨ, ਤਾਂ ਅਮਰੀਕਨ ਸਿਧਾਂਤਾਂ ਦੀ ਘੋਰ ਉਲੰਘਣਾ ਹੈ।" ਉਸਨੇ ਇਹ ਵੀ ਕਿਹਾ ਕਿ ਅਸੀਂ ਚੈਰੀਟੇਬਲ ਸੰਸਥਾਵਾਂ ਦੇ ਨਾਲ ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਲਈ ਲੋੜੀਂਦੇ ਕਾਨੂੰਨੀ ਮਾਪਦੰਡਾਂ ਪਾਲਣਾ ਨੂੰ ਨਿਰਧਾਰਤ ਕਰਨ ਲਈ ਇਟਰਨਲ ਰੈਵੀਨਿਊ ਸਰਵਿਸ ਤੋਂ ਜਾਂਚ ਦੀ ਮੰਗ ਕਰਦੇ ਹਾਂ।

ਆਈਏਐਮਸੀ ਦੇ ਪ੍ਰਧਾਨ ਮੁਹੰਮਦ ਜਵਾਦ ਨੇ ਕਿਹਾ ਕਿ ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਦੀ ਜ਼ਹਿਰੀਲੇ ਪ੍ਰਚਾਰ ਦੀ ਮੌਜੂਦਗੀ ਭਾਰਤ ਤੱਕ ਸੀਮਿਤ ਨਹੀਂ ਹੈ। ਉਹ ਅਮਰੀਕਾ ਵਿੱਚ ਭਾਰਤੀ-ਅਮਰੀਕੀ ਪ੍ਰਵਾਸੀਆਂ ਵਿੱਚ ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਨਫ਼ਰਤ ਭਰੇ ਭਾਸ਼ਣ ਵੀ ਫੈਲਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਸੰਸਥਾ ਨੂੰ ਸਾਡੇ ਭਾਈਚਾਰਿਆਂ ਵਿੱਚ ਸਵੀਕਾਰ ਨਹੀਂ ਕੀਤਾ ਜਾਣਾ ਚਾਹੀਦਾ ਹੈ ਅਤੇ ਨਾ ਹੀ ਯੂਐਸ ਟੈਕਸ ਛੋਟ ਦੇਕੇ ਇਨ੍ਹਾਂ ਫਿਰਕੂਆਂ ਦੀਆਂ ਗਤੀਵਿਧੀਆਂ ਨੂੰ ਅੱਗੇ ਵਧਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਯੂਐਸ ਸਰਕਾਰ ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਦੀ ਟੈਕਸ-ਮੁਕਤ ਸਥਿਤੀ ਨੂੰ ਰੱਦ ਕਰਨ ਲਈ ਤੁਰੰਤ ਕਾਰਵਾਈ ਕਰੇ। ਉਨ੍ਹਾਂ ਕਿਹਾ ਕਿ ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਦੁਆਰਾ ਆਪਣੀ ਵੈੱਬਸਾਈਟ ਉੱਤੇ ਪ੍ਰਦਰਸ਼ਿਤ ਈਸਾਈਆਂ ਦੇ ਵਿਰੁੱਧ ਨਫ਼ਰਤ ਭਰੀ ਬਿਆਨਬਾਜ਼ੀ ਜਿਵੇਂ ਕਿ ਭਾਰਤ ਵਿੱਚ ਚਰਚਾਂ ਨੂੰ ਢਾਹੁਣ ਲਈ ਪੈਸਾ ਇਕੱਠਾ ਕਰਨ ਲਈ ਫ੍ਰੀਸਕੋ ਵਿੱਚ ਗਲੋਬਲ ਹਿੰਦੂ ਹੈਰੀਟੇਜ ਫਾਊਂਡੇਸ਼ਨ ਦੁਆਰਾ ਸਮਾਗਮ ਕੀਤਾ ਗਿਆ। ਇਸ ਬਾਰੇ 13 ਦਸੰਬਰ, 2022 ਨੂੰ ਡਲਾਸ ਮਾਰਨਿੰਗ ਨਿਊਜ਼ ਵਿੱਚ ਰਿਪੋਰਟ ਛਪੀ ਸੀ, ਜੋ ਕਿ ਅਮਰੀਕੀ ਕਦਰਾਂ-ਕੀਮਤਾਂ ਦੇ ਵਿਰੁੱਧ ਸੀ। ਭਾਰਤ ਦੇ ਮਨੀਪੁਰ ਵਿੱਚ ਹਾਲ ਹੀ ਵਿੱਚ ਚਰਚ ਸਾੜਨ ਦੀ ਘਟਨਾ ਤੋਂ ਬਾਅਦ ਬਣਾਈ ਗਈ ਇੱਕ ਗੈਰ-ਲਾਭਕਾਰੀ ਸੰਸਥਾ, ਉੱਤਰੀ ਅਮਰੀਕੀ ਮਨੀਪੁਰ ਕਬਾਇਲੀ ਐਸੋਸੀਏਸ਼ਨ ਦੀ ਪ੍ਰਧਾਨ ਫਲੋਰੈਂਸ ਲੋਵੇ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਹਿੰਸਾ ਫੈਲਾਉਣ ਵਾਲੇ ਅਜਿਹੇ ਨਫ਼ਰਤੀ ਸੰਗਠਨਾਂ ਵਿਰੁੱਧ ਪੂਰੀ ਤਾਕਤ ਨਾਲ ਖੜ੍ਹੀ ਹੈ।

# ਰਾਮ ਮੰਦਰ ਉਦਘਾਟਨ ਤੋਂ ਬਾਅਦ ਸੰਘ-ਹਿੰਦੂ ਸੰਗਠਨਾਂ ਦੇ ਫਿਰਕੂ ਹੱਲੇ ਤੇਜ

22 ਜਨਵਰੀ ਨੂੰ ਰਾਮ ਮੰਦਿਰ ਦੇ ਉਦਘਾਟਨ ਤੋਂ ਬਾਅਦ "ਅਯੋਧਿਆ ਅਭੀ ਝਾਕੀ ਹੈ, ਕਾਸ਼ੀ ਮਥੁਰਾ ਬਾਕੀ ਹੈ" ਦੇ ਫਿਰਕੂ ਨਾਅਰੇ ਹੋਰ ਬੁਲੰਦ ਹੋਣ ਲੱਗੇ ਹਨ। 7 ਫਰਵਰੀ, 2023 ਨੂੰ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਯੂਪੀ ਅਸੈਂਬਲੀ ਵਿੱਚ ਮਹਾਂਭਾਰਤ ਦੇ ਕੁਥਾਵੇਂ ਹਵਾਲੇ ਦੇ ਕੇ ਇਸ਼ਾਰਾ ਕਰ ਦਿੱਤਾ ਸੀ ਕਿ ਸੰਘੀਆਂ ਦਾ ਅਗਲਾ ਨਿਸ਼ਾਨਾ ਹੁਣ ਕਾਸ਼ੀ ਵਿਚਲੀ ਗਿਆਨਵਾਪੀ ਮਸੀਤ ਤੇ ਮਥੁਰਾ ਵਿਚਲੀ ਸ਼ਾਹੀ ਈਦਗਾਹ ਮਸੀਤ ਹੈ।

ਪਿਛਲੇ ਸਾਲ ਗਿਆਨਵਾਪੀ ਮਸੀਤ ਦਾ ਨਿਰੀਖਣ ਕਰਨ ਦਾ ਹੁਕਮ ਅਦਾਲਤ ਵੱਲੋਂ 'ਭਾਰਤ ਦੇ ਪੁਰਾਤੱਤ ਸਰਵੇਖਣ' ਵਿਭਾਗ ਨੂੰ ਦਿੱਤਾ ਗਿਆ ਸੀ, ਜਿਸ ਨੇ 25 ਜਨਵਰੀ ਨੂੰ ਆਪਣੀ ਰਿਪੋਰਟ ਅਦਾਲਤ ਨੂੰ ਸੌਂਪੀ ਤੇ ਜਿਸ ਵਿੱਚ ਇਹ ਨਤੀਜਾ ਕੱਢਿਆ ਗਿਆ ਕਿ ਮਸੀਤ ਦੇ ਬਣਨ ਤੋਂ ਪਹਿਲਾਂ ਹੇਠਾਂ ਹਿੰਦੂ ਮੰਦਰ ਮੌਜੂਦ ਸੀ। ਜਾਣੀ 'ਭਾਰਤ ਦੇ ਪੁਰਾਤੱਤ ਸਰਵੇਖਣ' ਨੂੰ ਵਿੱਚ ਪਾ ਕੇ ਹੁਣ ਭਾਜਪਾ-ਰਸਸ ਆਪਣੀ ਅਗਲੀ ਫਿਰਕੂ ਕਾਰਵਾਈ ਨੂੰ "ਇਤਿਹਾਸਕ" ਆਧਾਰ ਦੇਣਾ ਚਾਹੁੰਦੀ ਹੈ। ਸੰਘੀ ਹਾਕਮਾਂ ਵੱਲੋਂ ਮੰਦਰ-ਮਸੀਤ ਦੇ ਰੌਲ਼ੇ ਵਿੱਚ ਆਪਣੀ ਫਿਰਕੂ ਮੁਹਿੰਮ ਨੂੰ ਜਾਇਜ ਠਹਿਰਾਉਣ ਲਈ ਬਹਿਸ ਦਾ ਕੁੱਲ ਮੁੱਦਾ ਇਹ ਬਣਾ ਦਿੱਤਾ ਗਿਆ ਹੈ ਕਿ ਕੀ ਫਲਾਣੀ-ਫਲਾਣੀ ਮਸੀਤ ਹੇਠਾਂ ਮੰਦਰ ਮੌਜੂਦ ਸੀ ਜਾਂ ਨਹੀਂ ? ਜੇ ਇਸ ਕੁੱਢਰ ਤਰਕ ਦੇ ਹਿਸਾਬ ਨਾਲ਼ ਚੱਲਿਆ ਜਾਵੇ ਤਾਂ ਭਾਰਤ ਅੰਦਰ ਮੌਜੂਦ ਅਨੇਕਾਂ ਮੰਦਰਾਂ ਹੇਠਾਂ ਪਹਿਲਾਂ ਬੋਧ ਮੰਦਰ ਮੌਜੂਦ ਸਨ। ਭਾਰਤ ਦੇ ਪੁਰਾਤਨ ਤੇ ਮੱਧਕਾਲੀ ਇਤਿਹਾਸ ਦੇ ਸਿਰਕੱਢ ਵਿਦਵਾਨ ਇਤਿਹਾਸਕਾਰ ਡੀ. ਐੱਨ. ਝਾਅ ਨੇ ਪੁਰਾਲੇਖਾਂ, ਪੁਰਾਣੇ ਯਾਤਰੂਆਂ ਦੇ ਹਵਾਲਿਆਂ ਤੇ ਹੋਰ ਪੁਰਾਤਨ ਲਿਖਤਾਂ ਦੇ ਹਵਾਲੇ ਨਾਲ਼ ਦਰਸਾਇਆ ਹੈ ਕਿ ਪੁਰਾਤਨ ਭਾਰਤ ਵਿੱਚ ਸੈਂਕੜਿਆਂ ਤੋਂ ਲੈ ਕੇ ਹਜਾਰਾਂ ਬੋਧ ਮੰਦਰਾਂ ਤੇ ਧਾਰਮਿਕ ਸਥਾਨਾਂ ਨੂੰ ਢਾਹਿਆ ਗਿਆ ਤੇ ਕਈਆਂ ਉੱਪਰ ਅਜੋਕੇ ਮੰਦਰ ਬਣਾਏ ਗਏ। ਪਰ ਕੀ ਇਸਦਾ ਮਤਲਬ ਇਹ ਹੈ ਕਿ ਹੁਣ ਅਸੀਂ ਇਹਨਾਂ ਸਭਨਾਂ ਨੂੰ ਢਾਹੁੰਦੇ ਤੁਰੇ ਜਾਈਏ ਤੇ ਨਵੇਂ ਸਿਰਿਓਂ ਮੰਦਰ ਉਸਾਰਨ ਲੱਗ ਪਈਏ ? ਕੋਈ ਵੀ ਸਮਝਦਾਰ ਵਿਅਕਤੀ ਅੱਜ ਅਜਿਹੀ ਬਦਅਕਲ ਰਾਏ ਨਹੀਂ ਦੇਵੇਗਾ। ਪਰ ਭਾਜਪਾ-ਰਸਸ ਦੇ ਫਿਰਕੂ ਲੋਕਾਂ ਨੇ, ਜਿਹਨਾਂ ਦਾ ਇੱਕੋ-ਇੱਕ ਮਕਸਦ ਲੋਕਾਂ ਵਿੱਚ ਧਾਰਮਿਕ ਵੰਡੀਆਂ ਵਧਾਕੇ ਆਪਣੀ ਕੁਰਸੀ ਬਚਾਈ ਰੱਖਣਾ ਤੇ ਆਪਣੇ ਸਰਮਾਏਦਾਰ ਹਾਕਮਾਂ ਦੀ ਸੇਵਾ ਕਰਦੇ ਰਹਿਣਾ ਹੈ, ਹੁਣ ਅਜਿਹਾ ਹੀ ਪ੍ਰਚਾਰ ਤੇਜ ਕਰ ਦਿੱਤਾ ਹੈ ਕਿ ਕਾਸ਼ੀ ਅਤੇ ਮਥੁਰਾ ਸਥਿਤ ਮਸੀਤਾਂ ਢਾਹਕੇ ਓਥੇ ਮੁੜ ਮੰਦਰ ਕਾਇਮ ਕੀਤਾ ਜਾਵੇ।

ਭਾਰਤੀ ਸੰਵਿਧਾਨ ਦਾ ਆਪਣਾ ਕਨੂੰਨ 'ਪੂਜਾ ਸਥਾਨ ਕਾਨੂੰਨ 1991' ਇਹ ਕਹਿੰਦਾ ਹੈ ਕਿ ਭਾਰਤ ਵਿਚਲੇ ਧਾਰਮਿਕ ਅਸਥਾਨਾਂ ਦੇ ਦਰਜੇ ਨੂੰ ਉਸੇ ਹਾਲਤ ਵਿੱਚ ਕਾਇਮ ਰੱਖਿਆ ਜਾਵੇਗਾ ਜਿਸ ਹਾਲਤ ਵਿੱਚ ਉਹ 15 ਅਗਸਤ 1947 ਦੇ ਦਿਨ ਸਨ ਜਾਣੀ ਕਿਸੇ ਵੀ ਧਾਰਮਿਕ ਅਸਥਾਨ ਨੂੰ ਢਾਹਕੇ ਉਸ ਉੱਪਰ ਕੋਈ ਹੋਰ ਦਾਅਵਾ ਨਹੀਂ ਕੀਤਾ ਜਾਵੇਗਾ। ਕਨੂੰਨ ਮੁਤਾਬਕ ਤਾਂ ਇਸ ਧਾਰਾ ਦੀ ਉਲੰਘਣਾ ਦੀ ਸਜਾ ਤਿੰਨ ਸਾਲ ਅਤੇ ਜੁਰਮਾਨਾ ਹੈ ਤੇ ਇਹ ਸਾਫ ਲਿਖਿਆ ਹੈ ਕਿ ਇਹ ਕਾਨੂੰਨ ਭਾਰਤੀ ਪ੍ਰਸ਼ਾਸਨ ਦੇ ਹਰ ਪੱਧਰ ਦੇ ਅਧਿਕਾਰੀ ਉੱਤੇ ਵੀ ਲਾਗੂ ਹੋਵੇਗਾ। ਪਰ ਅੱਜ ਇਹ ਸਾਰਾ ਕਨੂੰਨ ਭਾਜਪਾ-ਰਸਸ ਅੱਗੇ ਬੀਨ ਵਜਾਉਂਦਾ ਨਜਰ ਆਉਂਦਾ ਹੈ। ਇਸੇ ਕਨੂੰਨ ਮੁਤਾਬਕ ਚੱਲਿਆ ਜਾਵੇ ਤਾਂ ਅਦਾਲਤ ਵੱਲੋਂ 'ਭਾਰਤ ਦੇ ਪੁਰਾਤੱਤ ਸਰਵੇਖਣ' ਮਹਿਕਮੇ ਕੋਲ਼ੋਂ ਗਿਆਨਵਾਪੀ ਮਸੀਤ ਦੀ ਖੁਦਾਈ ਕਰਵਾਉਣਾ ਵੀ ਗਲਤ ਸੀ। ਪਰ ਅਸੀਂ ਸਾਫ ਦੇਖ ਸਕਦੇ ਹਾਂ ਕਿ ਗਿਆਨਵਾਪੀ ਮਸੀਤ ਦੇ ਇੱਕ ਹਿੱਸੇ ਦੀ ਖੁਦਾਈ ਲਈ ਅਦਾਲਤ ਵੱਲੋਂ ਪ੍ਰਵਾਨਗੀ ਦੇਣ ਦਾ ਅਸਲ ਮਕਸਦ ਬਾਬਰੀ ਮਸੀਤ-ਰਾਮ ਮੰਦਰ ਵਾਂਗੂੰ ਇੱਕ ਹੋਰ ਨਵਾਂ ਵਿਵਾਦ ਖੜ੍ਹਾ ਕਰਨਾ ਹੈ।

ਅਸਲ ਗੱਲ ਇਹ ਹੈ ਕਿ ਰਸਸ-ਭਾਜਪਾ ਹੇਠ ਭਾਰਤੀ ਸੱਤਾ, ਅੱਜ ਮੁਸਲਮਾਨਾਂ, ਈਸਾਈਆਂ, ਸਿਖਾਂ ਨੂੰ ਦੋਮ ਦਰਜੇ ਦੇ ਨਾਗਰਿਕ ਬਣਾਉਣ 'ਤੇ ਤੁਲੀ ਹੋਈ ਹੈ ਅਤੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਦਰੜਨ ਤੇ ਉਨ੍ਹਾਂ ਦੇ ਧਾਰਮਿਕ ਅਸਥਾਨਾਂ ਨੂੰ ਨੁਕਸਾਨ ਪਹੁੰਚਾਉਣ ਦੇ ਏਜੰਡੇ 'ਤੇ ਚੱਲ ਰਹੀ ਹੈ।

ਮੁਸਲਮਾਨਾਂ ਨਾਲ਼ ਸਬੰਧਿਤ ਇਮਾਰਤਾਂ ਢਾਹੁਣ ਦਾ ਵਰਤਾਰਾ ਐਨਾ ਵਧ ਗਿਆ ਹੈ ਕਿ ਸੰਘੀ ਲਾਣਾ ਬੜੀ ਬੇਸ਼ਰਮੀ ਨਾਲ਼ ਜੇਸੀਬੀ ਨੂੰ 'ਜਿਹਾਦੀ ਕੰਟਰੋਲ ਬੋਰਡ' ਦੱਸਦਾ ਹੈ। ਮੁੰਬਈ ਪ੍ਰਸ਼ਾਸਨ ਵੱਲੋਂ ਪਿੱਛੇ ਜਿਹੇ ਹੀ ਮੁੰਬਈ ਦੇ ਪੰਚਸੀਲ ਨਗਰ ਵਿੱਚ ਲੋਕਾਂ ਦੇ ਘਰਾਂ 'ਤੇ ਬੁਲਡੋਜਰ ਚਲਾ ਦਿੱਤੇ ਗਏ ਸਨ। ਇਹਨਾਂ ਘਰਾਂ ਵਿੱਚ ਰਹਿਣ ਵਾਲ਼ੇ ਜਿਆਦਾਤਰ ਲੋਕ ਬੋਧੀ, ਮੁਸਲਿਮ ਅਤੇ ਦਲਿਤ ਸਨ। ਇਹ ਅਕਸਰ ਗੈਰ-ਕਨੂੰਨੀ ਉਸਾਰੀ ਦੇ ਨਾਮ ਹੇਠ ਕੀਤਾ ਗਿਆ। ਪਰ ਨਿਸ਼ਾਨੇ 'ਤੇ ਹਮੇਸ਼ਾਂ ਮੁਸਲਿਮ ਇਲਾਕੇ ਅਤੇ ਇਮਾਰਤਾਂ ਰਹੀਆਂ। ਇੱਥੋਂ ਤੱਕ ਕਿ ਨਾਲ਼ ਲੱਗਦੀਆਂ ਹਿੰਦੂਆਂ ਦੀਆਂ ਇਮਾਰਤਾਂ ਨੂੰ ਹੱਥ ਤੱਕ ਨਹੀਂ ਲਾਇਆ ਗਿਆ। ਸਾਲ 2023 ਵਿੱਚ ਹੀ ਸਿਰਫ 90 ਦਿਨਾਂ ਦੇ ਅੰਦਰ ਹੀ 300 ਧਾਰਮਿਕ ਸਥਾਨ ਢਾਹ ਦਿੱਤੇ ਗਏ ਹਨ, ਦੱਸਣ ਦੀ ਲੋੜ ਨਹੀਂ ਕਿ ਇਹ ਕਿਹੜੇ ਧਰਮ ਦੇ ਸਨ।

* * * * * * *

**ਲੇਖਕਾਂ ਨੂੰ ਬੇਨਤੀ ਹੈ ਕਿ ਅਜਿਹੇ ਲੇਖ ਲਿਖੋ, ਤੇ ਸਾਹਿਤ ਰਚੋ, ਜਿਹਨਾਂ ਦੇ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਆਂ ਦੀ ਸਰਬ–ਪੱਖੀ ਉਨਤੀ, ਤਰੱਕੀ ਹੋਵੇ ਅਤੇ ਲੋਕਾਂ ਦਾ ਬੌਧਿਕ ਵਿਕਾਸ ਹੋਵੇ । ਕੇਵਲ ਨਿੰਦਿਆ ਕਰਨ ਵਾਲੀ ਨੀਤੀ ਤੋਂ ਗੁਰੇਜ਼ ਕੀਤਾ ਜਾਵੇ । ਜੇ ਕਿਸੇ ਵਿਅਕਤੀ ਵਿਸ਼ੇਸ਼ ਦੇ ਗਲਤ ਜਾਂ ਸਮਾਜ ਵਿਰੋਧੀ ਕੰਮਾਂ ਦੀ ਵਿਆਖਿਆ ਕਰਨੀ ਬਹੁਤ ਜ਼ਰੂਰੀ ਹੋਵੇ ਤਾਂ ਉਹ ਤੱਥਾਂ ਅਤੇ ਸਬੂਤਾਂ 'ਤੇ ਅਧਾਰਿਤ ਹੋਵੇ ।**

## -ਮਾਮਲਾ ਇੰਡੀਅਨ ਏਜੰਟਾਂ ਵੱਲੋਂ ਸੁਪਾਰੀ ਦੇ ਕੇ ਸਿੱਖਾਂ ਨੂੰ ਕਤਲ ਕਰਾਉਣ ਦੀ ਸਾਜਿਸ਼ ਦਾ-

# ਸੀਬੀਸੀ ਦੀ ਦਸਤਾਵੇਜ਼ੀ ਫਿਲਮ ਵਿੱਚ ਸਨਸਨੀਖੇਜ਼ ਪ੍ਰਗਟਾਵੇ

**ਡਾ. ਗੁਰਵਿੰਦਰ ਸਿੰਘ**

ਕੈਨੇਡੀਅਨ ਬਰੌਡਕਾਸਟਿੰਗ ਕਾਰਪੋਰੇਸ਼ਨ ਨੇ ਪੱਤਰਕਾਰੀ ਦੇ ਖੇਤਰ ਵਿੱਚ ਵੱਡਾ ਮਾਅਰਕਾ ਮਾਰਿਆ ਹੈ। ਇੱਕ ਸਨਸਨੀਖੇਜ਼ ਦਸਤਾਵੇਜ਼ੀ ਫਿਲਮ ਰਾਹੀਂ ਸੀਬੀਸੀ ਨੇ ਪੇਸ਼ ਕੀਤਾ ਹੈ ਕਿ ਕਿਸ ਤਰੀਕੇ ਨਾਲ ਕੈਨੇਡਾ ਦੀ ਧਰਤੀ 'ਤੇ ਭਾਰਤੀ ਏਜੰਟਾਂ ਦੁਆਰਾ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਸਾਜਿਸ਼ ਰਚੀ ਗਈ। ਇਸ ਦਾ ਖੁਲਾਸਾ ਅਮਰੀਕਾ ਦੇ ਸਿਖਜ਼ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰਆਗੂ ਗੁਰਪਤਵੰਤ ਸਿੰਘ ਪੰਨੂ ਨੂੰ ਕਤਲ ਕਰਨ ਲਈ ਨਿਖਲ ਗੁਪਤਾ ਰਾਹੀਂ ਇੰਡੀਅਨ ਸਟੇਟ ਵੱਲੋਂ ਸਾਜਿਸ਼ ਅਧੀਨ ਸੁਪਾਰੀ ਦੇਣ ਦੀ ਘਟਨਾ ਸਾਹਮਣੇ ਆਉਣ ਤੋਂ ਬਾਅਦ ਸੱਚ ਪ੍ਰਗਟ ਹੋ ਗਿਆ। ਸੀਬੀਸੀ ਨੇ ਆਪਣੀ ਦਸਤਾਵੇਜ਼ੀ ਫਿਲਮ **"Contract to Kill : Inside an Alleged plot by the Indian Government to kill Sikh Activists in Canada, The Fifth Estate"** ਵਿਚ ਦਰਸਾਇਆ ਹੈ ਕਿ ਕੈਨੇਡਾ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਝਰ ਦਾ ਸਾਜਿਸ਼ੀ ਢੰਗ ਨਾਲ ਇੰਡੀਅਨ ਏਜੰਸੀਆਂ ਵੱਲੋਂ ਕਤਲ ਕੀਤੇ ਜਾਣ ਕਥਿਤ ਦੋਸ਼ਾਂ ਪਿੱਛੇ ਕਿੰਨੀ ਸ਼ੱਕੀ ਭੂਮਿਕਾ ਹੈ।









ਇਸ ਤੋਂ ਇਲਾਵਾ ਇੰਡੀਅਨ ਮੀਡੀਏ ਅਤੇ ਏਜੰਸੀਆਂ ਵੱਲੋਂ ਕਿਸੇ ਹੋਰ ਦੀ ਵੀਡੀਓ ਦਿਖਾ ਕੇ, ਉਸ ਸ਼ਖਸ ਨੂੰ ਬੰਦੂਕਾਂ ਰਾਹੀਂ ਟ੍ਰੇਨਿੰਗ ਲੈਂਦੇ ਦਿਖਾਉਂਦੇ ਹਰਦੀਪ ਸਿੰਘ ਨਿੱਝਰ ਦੱਸਣਾ ਕਿੰਨਾ ਤੱਥਹੀਣ ਹੈ, ਇਹ ਸੱਚ ਸੀਬੀਸੀ ਦੀ ਦਸਤਾਵੇਜ਼ੀ ਡਾਕੂਮੈਂਟਰੀ ਪੇਸ਼ ਕਰਦੀ ਹੈ।

ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ, ਕਰੀਬ ਇਕ ਸਾਲ ਪਹਿਲਾਂ (14-07-2022) ਕਰੋੜਪਤੀ ਸਿੱਖ ਆਗੂ ਭਾਈ ਰਿਪੁਦਮਨ ਸਿੰਘ ਮਲਿਕ ਦੇ ਕਤਲ ਦੇ ਮਾਮਲੇ ਵਿੱਚ ਸਨਸਨੀਖੇਜ਼ ਪ੍ਰਗਟਾਵੇ ਕਰਦਿਆਂ, ਸੀਬੀਸੀ ਨੇ ਦਰਸਾਇਆ ਕਿ ਕਤਲ ਤੋਂ ਇਕ ਦਿਨ ਪਹਿਲਾਂ ਮਲਿਕ ਨੂੰ ਭਾਰਤੀ ਨੰਬਰਾਂ ਤੋਂ ਤਿੰਨ ਫੋਨ ਕਾਲਾਂ ਆਈਆਂ ਸਨ, ਜਿਨਾਂ ਵਿੱਚੋਂ ਇੱਕ ਸਾਬਕਾ ਭਾਰਤੀ ਕੌਂਸਲਰ (ਵੈਨਕੂਵਰ ਦੇ ਕੌਂਸਲਖਾਨੇ ਦਾ ਸਾਬਕਾ ਕੌਂਸਲ ਅਧਿਕਾਰੀ) ਦੀ ਸੀ। ਹੋਰ ਵੀ ਸਨਸਨੀਖੇਜ਼ ਗੱਲ ਹੈ ਕਿ ਕਤਲ ਵਾਲੇ ਦਿਨ ਦੀ ਭਾਈ ਮਲਿਕ ਦੀ ਡਾਇਰੀ ਵਿੱਚ ਲਿਖਿਆ ਹੋਇਆ ਹੈ ਕਿ 10 ਵਜੇ ਵੈਨਕੂਵਰ ਸਥਿਤ ਭਾਰਤੀ ਕੌਂਸਲ ਖਾਨੇ ਦੇ ਉਸੇ ਹੀ ਸਾਬਕਾ ਅਧਿਕਾਰੀ ਨਾਲ ਉਹਨਾਂ ਦੀ ਮੀਟਿੰਗ ਸੀ, ਜਦਕਿ ਸਾਢੇ ਨੌਂ ਵਜੇ ਸਰੀ ਵਿੱਚ ਆਪਣੇ ਕਾਰੋਬਾਰ ਦੇ ਥਾਂ 'ਤੇ ਮਲਿਕ ਦੀ ਹੱਤਿਆ ਕਰ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਇੱਕ ਪਾਸੇ ਭਾਈ ਮਲਿਕ ਅਤੇ ਭਾਈ ਅਜੈਬ ਸਿੰਘ ਬਾਗੜੀ ਨੂੰ ਏਅਰ ਇੰਡੀਆ ਬੰਬ ਧਮਾਕੇ ਦੇ ਮਾਮਲੇ ਵਿੱਚ ਜੇਲ ਵਿੱਚ ਰੱਖਿਆ ਗਿਆ, ਜੋ ਕਿ ਬਾਅਦ ਵਿੱਚ ਬਰੀ ਹੋ ਗਏ ਸਨ, ਦੂਜੇ ਪਾਸੇ ਮਲਿਕ ਦੀ ਭਾਰਤ ਫੇਰੀ ਮੌਕੇ ਇੰਡੀਅਨ ਅਧਿਕਾਰੀਆਂ ਵੱਲੋਂ ਉਹਨਾਂ ਨਾਲ ਬਕਾਇਦਾ ਮੀਟਿੰਗਾਂ ਕੀਤੇ ਜਾਣ ਨਾਲ ਖਤਰਨਾਕ ਸਾਜਿਸ਼ ਸਾਹਮਣੇ ਆਈ ਆਉਂਦੀ ਹੈ। ਕੈਨੇਡਾ ਵਿੱਚ ਸਿੱਖਾਂ ਦੀਆਂ ਹੱਤਿਆਵਾਂ ਦੇ ਮਾਮਲੇ ਵਿੱਚ ਇਹ ਕਈ ਤਰ੍ਹਾਂ ਦੇ ਪਰਦੇ ਫਾਸ਼ ਕਰਦੀ ਹੈ। ਆਉਂਦੇ ਸਮੇਂ ਬਹੁਤ ਵੱਡੇ ਸਨਸਨੀਖੇਜ ਖੁਲਾਸੇ ਹੋਣ ਦੇ ਆਸਾਰ ਹਨ।

ਸੀਬੀਸੀ ਨੂੰ ਬੇਬਾਕੀ, ਦ੍ਰਿੜਤਾ, ਤੱਥਾਂ ਅਧਾਰਤ ਅਤੇ ਦਲੇਰਾਨਾ ਢੰਗ ਨਾਲ, ਅਜਿਹੀ ਦਸਤਾਵੇਜ਼ੀ ਫਿਲਮ ਤਿਆਰ ਕਰਨ ਲਈ ਵਧਾਈ ਦੇਣੀ ਬਣਦੀ ਹੈ। ਭਾਰਤੀ ਗੋਦੀ ਮੀਡੀਆ ਨੂੰ ਝੂਠੀਆਂ ਖਬਰਾਂ ਲਾ ਕੇ, ਗਲਤ ਬਿਰਤਾਂਤ ਸਿਰਜਣ ਲਈ ਵੀ ਇਸ ਡਾਕੂਮੈਂਟਰੀ ਵਿੱਚ ਸ਼ਰਮਸ਼ਾਰ ਕੀਤਾ ਗਿਆ ਹੈ। ਸੀਬੀਸੀ ਦੀ ਫਿਲਮ 'ਚੋ ਜਾਣਕਾਰੀ ਧੰਨਵਾਦ ਸਹਿਤ ਲਈ ਗਈ ਹੈ। ਸੀਬੀਸੀ ਦੇ ਰਿਪੋਰਟਰਾਂ ਵੱਲੋਂ ਭਾਰਤੀ ਕੌਂਸਲ ਖਾਨੇ ਨਾਲ ਸੰਪਰਕ ਕਰਨ ਤੇ ਕੋਈ ਵੀ ਜਵਾਬ ਨਾ ਦੇਣਾ ਵੀ ਇੰਡੀਅਨ ਏਜੰਟਾਂ ਦੀ ਸ਼ੱਕੀ ਭੂਮਿਕਾ ਜ਼ਾਹਿਰ ਕਰਦਾ ਹੈ।

## ਅੱਥਰੂ ਗੈਸ ਕਾਰਣ ਮੋਰਚੇ ਵਿਚ ਸ਼ਾਮਲ ਨੌਜਵਾਨ ਦੀ ਦਿਮਾਗੀ ਹਾਲਤ ਵਿਗੜੀ

**✪ ਹਸਪਤਾਲ ਵਿਚ ਭੰਨਤੋੜ ਕੀਤੀ, ਮਰੀਜ਼ਾਂ ਉਪਰ ਹਮਲਾ ਕੀਤਾ**

ਚੰਡੀਗੜ੍ਹ-ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਹਰਿਆਣਾ ਪੁਲਿਸ ਦੀਆਂ ਗੋਲੀਆਂ ਅਤੇ ਅੱਥਰੂ ਗੈਸ ਨਾਲ ਸਿਰਫ਼ ਕਿਸਾਨ ਹੀ ਸ਼ਹੀਦ ਨਹੀਂ ਹੋਏ ਬਲਕਿ ਹੁਣ ਇਸ ਦੇ ਗੰਭੀਰ ਸਾਇਡ ਅਫੈਕਟ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ। 21 ਫਰਵਰੀ ਨੂੰ ਅੱਥਰੂ ਗੈਸ ਦੇ ਗੋਲਿਆਂ ਤੋਂ ਨਿਕਲਣ ਵਾਲੀ ਗੈਸ ਦੇ ਨਾਲ ਇੱਕ ਨੌਜਵਾਨ ਇਸ ਕਦਰ ਬਿਮਾਰ ਹੋ ਗਿਆ ਹੈ ਕਿ ਹੁਣ ਉਸ ਦਾ ਦਿਮਾਗੀ ਸੰਤੁਲਨ ਵਿਗੜ ਗਿਆ ਹੈ। ਜਦੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਉਸ ਨੇ ਭੰਨ-ਤੋੜ ਕਰਨੀ ਸ਼ੁਰੂ ਕਰ ਦਿੱਤੀਆਂ, ਗਾਲਾਂ ਕੱਢੀਆਂ, ਹਸਪਤਾਲ ਵਿੱਚ ਦਾਖਲ ਮਰੀਜ਼ਾ 'ਤੇ ਹਮਲਾ ਕਰ ਦਿੱਤਾ। ਲੁਧਿਆਣਾ ਦੇ ਸਿਵਲ ਹਸਪਤਾਲ ਵਿੱਚ ਭਰਤੀ ਇਸ ਨੌਜਵਾਨਾ ਦਾ ਨਾਂ ਗੁਰਲਾਲ ਸਿੰਘ ਹੈ ਜਿਸ ਦੀ ਹਾਲਤ ਕਾਫੀ ਵਿਗੜ ਗਈ। ਪਰਿਵਾਰ ਉਸ ਨੂੰ ਹਸਪਤਾਲ ਲੈਕੇ ਆਇਆ ਤਾਂ ਉਸ ਨੇ ਹੰਗਾਮਾ ਸ਼ੁਰੂ ਕਰ ਦਿੱਤਾ ਅਤੇ ਟਰਾਮਾ ਵਾਰਡ ਦੇ ਸ਼ੀਸ਼ੇ ਤੋੜ ਦਿੱਤੇ। ਰਿਸ਼ਤੇਦਾਰਾਂ ਦੇ ਦਾੜੇ 'ਤੇ ਹੱਥ ਪਾਇਆ, ਮਰੀਜ਼ਾਂ ਨਾਲ ਕੁੱਟਮਾਰ ਕੀਤੀ। ਬੜੀ ਮੁਸ਼ਕਿਲ ਦੇ ਨਾਲ ਗੁਰਲਾਲ ਸਿੰਘ ਨੂੰ ਨੀਂਦ ਦਾ ਟੀਕਾ ਲਗਾਇਆ ਗਿਆ ਅਤੇ ਵਾਰਡ ਵਿੱਚ ਸ਼ਿਫਟ ਕੀਤਾ ਗਿਆ।

## ਅਮਰੀਕਾ ਦੇ ਬੋਸਟਨ ਵਿੱਚ ਭਾਰਤੀ ਵਿਦਿਆਰਥੀ ਦੀ ਰਹੱਸਮਈ ਹਾਲਾਤਾਂ ਵਿੱਚ ਮੌਤ



ਅਮਰੀਕਾ ਦੇ ਬੋਸਟਨ ਵਿੱਚ ਇੱਕ ਭਾਰਤੀ ਮੂਲ ਦੇ ਵਿਦਿਆਰਥੀ ਦੀ ਰਹੱਸਮਈ ਹਾਲਾਤਾਂ ਵਿੱਚ ਮੌਤ ਹੋ ਗਈ ਹੈ। ਹਾਲਾਂਕਿ ਸ਼ੁਰੂਆਤੀ ਜਾਂਚ ਚ ਕੁਝ ਵੀ ਗਲਤ ਨਹੀਂ ਪਾਇਆ ਗਿਆ ਹੈ। ਪਰ ਫਿਰ ਵੀ ਵੱਖ-ਵੱਖ ਮਾਮਲਿਆਂ ਫ਼ਲਸਤੌਚ ਭਾਰਤੀ ਵਿਦਿਆਰਥੀਆਂ ਦੀਆਂ ਲਗਾਤਾਰ ਹੋ ਰਹੀਆਂ ਮੌਤਾਂ ਕਾਰਨ ਕਈ ਸਵਾਲ ਖੜ੍ਹੇ ਹੋ ਰਹੇ ਹਨ। ਬੋਸਟਨ ਵਿੱਚ ਮਰਨ ਵਾਲੇ ਭਾਰਤੀ ਵਿਦਿਆਰਥੀ ਦਾ ਨਾਮ ਅਭਿਜੀਤ ਪਰਚੂਰੂ (20) ਹੈ। ਮੂਲ ਰੂਪ ਵਿੱਚ ਆਂਧਰਾ ਪ੍ਰਦੇਸ਼ ਦੇ ਰਹਿਣ ਵਾਲੇ ਅਭਿਜੀਤ ਦੇ ਮਾਤਾ-ਪਿਤਾ ਕਨੈਕਟੀਕਟ, ਅਮਰੀਕਾ ਵਿੱਚ ਰਹਿੰਦੇ ਹਨ ਅਤੇ ਅਮਰੀਕੀ ਅਤੇ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨਾਲ ਸਿੱਧੇ ਸੰਪਰਕ ਵਿੱਚ ਹਨ। ਅਭਿਜੀਤ ਮਾਪਿਆਂ ਦਾ ਇਕਲੌਤਾ ਪੁੱਤ ਸੀ। ਦੱਸਿਆ ਜਾ ਰਿਹਾ ਹੈ ਕਿ ਪਰਚੂਰੂ ਦਾ ਅੰਤਿਮ ਸੰਸਕਾਰ ਉਸ ਦੇ ਗ੍ਰਹਿ ਨਗਰ ਤੇਨਾਲੀ ਚ ਕੀਤਾ ਜਾ ਚੁੱਕਾ ਹੈ। ਅਮਰੀਕਾ ਵਿੱਚ ਕੰਮ ਕਰ ਰਹੀ ਇੱਕ ਘੌ ਟੀਮ ਏਡ ਨੇ ਪਰਚੂਰੂ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਵਿੱਚ ਮਦਦ ਕੀਤੀ ਹੈ। ਸਾਲ 2024 ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਅਮਰੀਕਾ ਵਿੱਚ ਵੱਖ-ਵੱਖ ਕਾਰਨਾਂ ਕਰਕੇ ਅੱਧੀ ਦਰਜਨ ਤੋਂ ਵੱਧ ਭਾਰਤੀ ਮੂਲ ਦੇ ਵਿਦਿਆਰਥੀਆਂ ਦੀ ਮੌਤ ਹੋ ਚੁੱਕੀ ਹੈ। ਅਜਿਹੇ ਕਈ ਮਾਮਲੇ ਹਨ ਜਿਨ੍ਹਾਂ ਵਿੱਚ ਭਾਰਤੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾ ਕੇ ਹਮਲਾ ਕੀਤਾ ਗਿਆ ਹੈ।

## ਚੋਣ ਕਮਿਸ਼ਨ ਪੇਡ ਨਿਊਜ਼ ਦੀ ਨਿਗਰਾਨੀ ਰਖੇਗਾ

ਚੰਡੀਗੜ੍ਹ-ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀਈਓ) ਸਬਿਨ ਸੀ ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ-2024 ਦੌਰਾਨ ਪ੍ਰਿੰਟ, ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ 'ਤੇ ਪ੍ਰਕਾਸ਼ਿਤ ਤੇ ਪ੍ਰਸਾਰਿਤ ਪੇਡ ਨਿਊਜ਼ 'ਤੇ ਸਖ਼ਤ ਨਿਗਰਾਨੀ ਰੱਖੀ ਜਾਵੇਗੀ। ਮੁੱਖ ਚੋਣ ਅਧਿਕਾਰੀ ਨੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰਾਂ (ਡੀਪੀਆਰਓਜ਼) ਨਾਲ ਵੀਡੀਓ ਕਾਨਫਰੰਸਿੰਗ ਜ਼ਰੀਏ ਮੀਟਿੰਗ ਕੀਤੀ। ਇਸ ਮਾਮਲੇ ਲਈ ਜ਼ਿਲ੍ਹਾ ਪੱਧਰੀ ਮੀਡੀਆ ਸਰਟੀਫਿਕੇਸ਼ਨ ਤੇ ਮੌਨੀਟਰਿੰਗ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਇਨ੍ਹਾਂ ਕਮੇਟੀਆਂ ਦੇ ਨੋਡਲ ਅਫ਼ਸਰ ਡੀਪੀਆਰਓਜ਼ ਨੂੰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਕੋਈ ਪੇਡ ਨਿਊਜ਼ ਸਾਹਮਣੇ ਆਉਂਦੀ ਹੈ ਤਾਂ ਉਸ ਦੀ ਰਿਪੋਰਟ ਸਬੰਧਤ ਰਿਟਰਨਿੰਗ ਅਫ਼ਸਰਾਂ ਨੂੰ ਕੀਤੀ ਜਾਵੇ।

# ਕੈਦੀ ਜਮਲੋ ਸ਼ੀਦੀ ਦੀ ਬਹਾਦਰੀ ਕਾਰਣ ਬਣਿਆ 'ਹੋ ਜਮਾਲੋ' ਗੀਤ

## ✪ ਦਿਲਚਸਪ ਹੈ 'ਤੁਤਕ ਤੁਤਕ ਤੂਤੀਆਂ' ਗਾਣੇ ਵਿਚ ਆਏ ਸ਼ਬਦ ਦਾ ਇਤਿਹਾਸ

ਪੌਪ ਗੀਤ ਅਤੇ ਖੇਤਰੀ ਗੀਤਾਂ ਦਾ ਆਪਣਾ ਹੀ ਮਜ਼ਾ ਹੈ। ਇਹੀ ਗੀਤ ਕਈ ਭਾਸ਼ਾਵਾਂ ਅਤੇ ਵੱਖ-ਵੱਖ ਸੰਗੀਤ ਨਾਲ ਰਿਕਾਰਡ ਕੀਤਾ ਗਿਆ ਹੈ। ਤੁਸੀਂ 'ਘੁੰਗਰੂ ਟੁਟ ਗਏ' ਗਾਣਾ ਜ਼ਰੂਰ ਸੁਣਿਆ ਹੋਵੇਗਾ। ਇਸ ਗੀਤ ਦੇ ਸਿਰਫ਼ ਇੱਕ ਵਾਕ ਨੂੰ ਹਰ ਵਾਰ 10 ਤੋਂ ਵੱਧ ਸੰਗੀਤ ਦੇ ਟੁਕੜਿਆਂ ਨਾਲ ਰੀਕ੍ਰਿਏਟ ਕੀਤਾ ਗਿਆ ਹੈ। ਅਜਿਹਾ ਹੀ ਇੱਕ ਗੀਤ ਹੈ 'ਤੁਤਕ ਤੁਤਕ ਤੂਤੀਆਂ ਹੋ ਜਮਾਲੋ।' ਇਹ ਗੀਤ ਪੰਜਾਬੀ, ਸਿੰਧੀ, ਹਰਿਆਣਵੀ ਵਰਗੀਆਂ ਕਈ ਭਾਸ਼ਾਵਾਂ ਵਿੱਚ ਰਿਕਾਰਡ ਕੀਤਾ ਗਿਆ ਹੈ।

ਹੋ ਜਮਾਲੋ ' ਗੀਤ ਖੇਤਰੀ ਭਾਸ਼ਾਵਾਂ 'ਚ ਕਾਫੀ ਮਸ਼ਹੂਰ ਹੈ। ਇਸ ਗੀਤ ਦੇ ਬੋਲ ਸੁਣਦਿਆਂ ਹੀ ਇੱਕ ਸੱਭਿਆਚਾਰ ਦਾ ਅਹਿਸਾਸ ਕਰਵਾਉਂਦੇ ਹਨ, ਹਰ ਸ਼ਬਦ ਦੇ ਅਰਥ ਇੱਕੋ ਜਿਹੇ ਹਨ। ਗੀਤ ਦਾ ਇਤਿਹਾਸ ਸਿੰਧ ਦੇ ਸਾਖਰ ਅਤੇ ਅੰਗਰੇਜ਼ਾਂ ਦੇ ਦੌਰ ਦੀਆਂ ਗੱਡੀਆਂ ਨਾਲ ਜੁੜਿਆ ਹੋਇਆ ਹੈ।

### 'ਤੁਤਕ ਤੁਤਕ ਤੂਤੀਆਂ' ਦਾ ਕੀ ਅਰਥ ਹੈ ?

ਫਿਲਮ 'ਦੇਵੀ' 2016 ਵਿਚ ਰਿਲੀਜ਼ ਹੋਈ ਸੀ। ਇਸਦੀ ਮੁੱਖ ਸਟਾਰ ਕਾਸਟ ਵਿੱਚ ਤਮੰਨਾ ਭਾਟੀਆ, ਸੋਨੂੰ ਸੂਦ ਅਤੇ ਪ੍ਰਭੂਦੇਵਾ ਸ਼ਾਮਲ ਹਨ। ਫਿਲਮ ਬਾਕਸ ਆਫਿਸ 'ਤੇ ਖਾਸ ਕਮਾਲ ਨਹੀਂ ਕਰ ਸਕੀ ਪਰ ਇਸ ਦਾ ਗੀਤ 'ਤੁਤਕ ਤੁਤਕ ਤੂਤੀਆ' ਕਾਫੀ ਹਿੱਟ ਰਿਹਾ ਹੈ। ਕੀ ਤੁਸੀਂ ਜਾਣਦੇ ਹੋ 'ਤੁਤਕ ਤੁਤਕ ਤੂਤੀਆ' ਦਾ ਕੀ ਅਰਥ ਹੈ ? ਇਸ ਗੱਲ ਦਾ ਖੁਲਾਸਾ ਇਸ ਗੀਤ ਦੇ ਗਾਇਕ ਮਲਕੀਤ ਸਿੰਘ ਨੇ ਕੀਤਾ ਹੈ।

ਵੈਸੇ ਤਾਂ ਪੰਜਾਬੀ ਵਿੱਚ ਸ਼ਹਿਤੂਤ ਨੂੰ 'ਤੂਤ' ਜਾਂ 'ਤੂਤਕ' ਕਿਹਾ ਜਾਂਦਾ ਹੈ। 'ਆਜਾ ਖੂਹ 'ਤੇ' ਗੀਤ ਵਿਚ ਇਕ ਲਾਈਨ ਹੈ, ਜਿਸ ਦਾ ਅਰਥ ਹੈ 'ਖੂਹ ਨੇੜੇ ਆ ਜਾ।' ਭਾਵ, ਉਸ ਖੂਹ ਦੇ ਨੇੜੇ ਆ ਜਾ ਜਿੱਥੇ ਤੂਤ ਦਾ ਰੁੱਖ ਲਾਇਆ ਗਿਆ ਹੈ। ਗੀਤ ਦੇ ਗਾਇਕ ਮਲਕੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਸ਼ਬਦਾਂ 'ਤੇ ਆਧਾਰਿਤ ਵੱਖ-ਵੱਖ ਗੀਤ ਇੰਗਲੈਂਡ 'ਚ ਕਾਫੀ ਪਸੰਦ ਕੀਤੇ ਜਾਂਦੇ ਹਨ। ਉਹ ਆਪਣੇ ਗੀਤ ਨੂੰ ਕੂਲ ਲੁੱਕ ਦੇਣਾ ਚਾਹੁੰਦਾ ਸੀ, ਇਸ ਲਈ ਉਸ ਨੇ ਬੇਤਰਤੀਬੇ ਤੌਰ 'ਤੇ ਇਹ ਸ਼ਬਦ ਚੁਣੇ ਜੋ 'ਹੋ ਜਮਾਲੋ' ਨਾਲ ਮੇਲ ਖਾਂਦੇ ਹਨ।



### 'ਹੋ ਜਮਾਲੋ' ਦਾ ਇਤਿਹਾਸ ਕੀ ਹੈ ?

ਇਸ ਗੀਤ ਦਾ ਮੁੱਢ ਸਿੰਧ ਤੋਂ ਹੈ। ਇਹ ਇੱਕ ਸਿੰਧੀ ਲੋਕ ਗੀਤ ਹੈ। ਅਸਲ ਵਿੱਚ, ਇੱਕ ਪੁਲ (ਲੁਨਸਦੋਨ ਭਰਿਦਗ) ਸਾਖਰ ਵਿੱਚ 1889 ਵਿੱਚ ਬਣਾਇਆ ਗਿਆ ਸੀ । ਇਹ ਇੱਕ ਰੇਲਵੇ ਪੁਲ਼ ਸੀ, ਜੋ ਦੇਖਣ ਵਿੱਚ ਬਹੁਤ ਸੋਹਣਾ ਸੀ, ਪਰ ਪਾਰ ਕਰਨਾ ਓਨਾ ਹੀ ਔਖਾ ਸੀ। ਜਿਸ ਨਦੀ ਉੱਤੇ ਇਹ ਪੁਲ ਬਣਾਇਆ ਗਿਆ ਸੀ, ਉਹ ਡੂੰਘਾ ਅਤੇ ਖ਼ਤਰਨਾਕ ਸੀ। ਪੁਲ ਨੂੰ ਨਵੀਂ ਤਕਨੀਕ ਨਾਲ ਬਣਾਇਆ ਗਿਆ ਸੀ ਅਤੇ ਅਜੇ ਇਸ ਦੀ ਜਾਂਚ ਹੋਣੀ ਬਾਕੀ ਸੀ। ਪਰ ਇਹ ਇੰਨਾ ਖ਼ਤਰਨਾਕ ਹੋ ਗਿਆ ਕਿ ਰੇਲਗੱਡੀ ਦੇ ਚੱਲਦੇ ਹੋਏ ਉਹ ਹਿੱਲਣ ਲੱਗ ਪਿਆ। ਇਸ ਕਾਰਨ ਪੁਲ ਦੇ ਡਿੱਗਣ ਦਾ ਵੀ ਖਤਰਾ ਬਣਿਆ ਹੋਇਆ ਸੀ। ਅਜਿਹੇ ਵਿਚ ਕੋਈ ਵੀ ਡਰਾਈਵਰ ਟਰੇਨ ਦੀ ਜਾਂਚ ਕਰਨ ਲਈ ਤਿਆਰ ਨਹੀਂ ਸੀ। ਉਸ ਸਮੇਂ ਅੰਗਰੇਜ਼ ਸਰਕਾਰ ਕੋਈ ਅਜਿਹਾ ਵਿਅਕਤੀ ਚਾਹੁੰਦੀ ਸੀ ਜੋ ਆਪਣੀ ਜਾਨ ਖਤਰੇ ਵਿੱਚ ਪਾਉਣ ਤੋਂ ਪਿੱਛੇ ਨਾ ਹਟੇ।

### ਕੌਣ ਸੀ ਜਮਲੋ ਸ਼ੀਦੀ ?

ਉਸ ਸਮੇਂ ਉੱਥੇ ਜੇਲ੍ਹ ਵਿੱਚ ਇੱਕ ਕੈਦੀ ਸੀ। ਨਾਮ ਜਮਾਲੋ ਸ਼ੀਦੀ ਸੀ, ਜਿਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਜਮਾਲੋ ਜਿਸ ਜੇਲ੍ਹ ਵਿਚ ਮੌਤ ਦੀ ਸਜ਼ਾ ਕੱਟ ਰਿਹਾ ਸੀ, ਉਸ ਪੁਲ ਦੇ ਨੇੜੇ ਹੀ ਸੀ। ਜਦੋਂ ਅੰਗਰੇਜ਼ਾਂ ਨੇ ਪੁਲ ਪਾਰ ਕਰਨ ਵਾਲੇ ਕਿਸੇ ਵੀ ਵਿਅਕਤੀ ਲਈ ਇਨਾਮ ਦੀ ਪੇਸ਼ਕਸ਼ ਕੀਤੀ, ਤਾਂ ਜਮਲੋ ਸ਼ੀਦੀ ਇਹ ਜ਼ਿੰਮੇਵਾਰੀ ਲੈਣ ਲਈ ਅੱਗੇ ਆਇਆ। ਹਾਲਾਂਕਿ ਉਸ ਦੀ ਸ਼ਰਤ ਇਹ ਸੀ ਕਿ ਜੇਕਰ ਉਹ ਇਸ ਖਤਰਨਾਕ ਪੁਲ ਨੂੰ ਪਾਰ ਕਰਦਾ ਹੈ ਤਾਂ ਉਸ ਦੀ ਸਜ਼ਾ ਮਾਫ਼ ਕਰ ਦਿੱਤੀ ਜਾਵੇ।

ਸ਼ੀਦੀ ਨੂੰ ਰੇਲਗੱਡੀ ਚਲਾਉਣ ਦੀ ਸਿਖਲਾਈ ਦਿੱਤੀ ਗਈ ਸੀ ਅਤੇ ਮਹੀਨਿਆਂ ਬਾਅਦ, ਜਦੋਂ ਉਸਨੇ ਪੁਲ ਉੱਤੇ ਰੇਲਗੱਡੀ ਚਲਾਈ, ਜਮਲੋ ਦੀ ਪਤਨੀ ਅਤੇ ਸਿੰਧ ਦੇ ਲੋਕਾਂ ਨੇ ਉਸਦੀ ਜਿੱਤ ਦਾ ਜਸ਼ਨ ਮਨਾਇਆ ਅਤੇ ਉਸਦੀ ਸੁਰੱਖਿਅਤ ਵਾਪਸੀ ਦਾ ਜਸ਼ਨ ਮਨਾਉਣ ਲਈ 'ਹੋ ਜਮਾਲੋ' ਗਾਇਆ। ਕਿਹਾ ਜਾਂਦਾ ਹੈ ਕਿ 'ਹੋ ਜਮਾਲੋ' ਗੀਤ ਜਮਲੋ ਸ਼ੀਦੀ ਦੀ ਪਤਨੀ ਦੁਆਰਾ ਤਿਆਰ ਕੀਤਾ ਗਿਆ ਸੀ। ਇੱਥੇ 'ਹੋ' ਦਾ ਅਰਥ ਹੈ ਜਿੱਤ ਅਤੇ 'ਜਮਾਲੋ' ਦਾ ਅਰਥ ਜਮਲੋ ਸ਼ੀਦੀ ਦਾ ਨਾਮ।

# ਭਗਵੇਂਵਾਦੀਆਂ ਵਲੋਂ ਗੁਜਰਾਤ ਯੂਨੀਵਰਸਿਟੀ ਵਿਚ ਨਮਾਜ਼ ਅਦਾ ਕਰਦੇ ਕੌਮਾਂਤਰੀ ਵਿਦਿਆਰਥੀਆਂ 'ਤੇ ਹਮਲਾ

## ✪ ਪੁਲੀਸ ਵਲੋਂ ਦੋ ਵਿਅਕਤੀ ਗ੍ਰਿਫ਼ਤਾਰ ਤੇ ਹੋਰਨਾਂ ਹਮਲਾਵਰਾਂ ਦੀ ਭਾਲ ✪ ਵਿਦੇਸ਼ ਮੰਤਰਾਲੇ ਦਾ ਦਾਅਵਾ ਗੁਜਰਾਤ ਸਰਕਾਰ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਕਰ ਰਹੀ ਹੈ





ਅਹਿਮਦਾਬਾਦ-ਇਥੇ ਗੁਜਰਾਤ ਯੂਨੀਵਰਸਿਟੀ ਦੇ ਹੋਸਟਲ ਵਿਚ ਨਮਾਜ਼ ਅਦਾ ਕਰ ਰਹੇ ਕੌਮਾਂਤਰੀ ਵਿਦਿਆਰਥੀਆਂ 'ਤੇ ਕੁਝ ਵਿਅਕਤੀਆਂ ਦੇ ਸਮੂਹ ਨੇ ਕਥਿਤ ਹਮਲਾ ਕਰ ਦਿੱਤਾ। ਪੁਲੀਸ ਨੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਹੋਰਨਾਂ ਹਮਲਾਵਰਾਂ ਦੀ ਭਾਲ ਕੀਤੀ ਜਾ ਰਹੀ ਹੈ।

ਪੁਲੀਸ ਨੇ ਕਿਹਾ ਕਿ ਹੋਸਟਲ ਦੇ ਏ-ਬਲਾਕ ਵਿਚ ਵਾਪਰੀ ਇਸ ਘਟਨਾ ਮਗਰੋਂ ਸ੍ਰੀਲੰਕਾ ਤੇ ਤਾਜਿਕਿਸਤਾਨ ਨਾਲ ਸਬੰਧਤ ਦੋ ਵਿਦਿਆਰਥੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪੁਲੀਸ ਕਮਿਸ਼ਨਰ ਜੀ.ਐੱਸ.ਮਲਿਕ ਨੇ ਕਿਹਾ ਕਿ 20 ਤੋਂ 25 ਵਿਅਕਤੀਆਂ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਗਈ ਹੈ ਤੇ ਘਟਨਾ ਦੀ ਜਾਂਚ ਲਈ ਨੌਂ ਟੀਮਾਂ ਬਣਾਈਆਂ ਗਈਆਂ ਹਨ। ਡੀਸੀਪੀ (ਜ਼ੋਨ 7) ਤਰੁਣ ਦੁੱਗਲ ਨੇ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਛਾਣ ਹਿਤੇਸ਼ ਮੇਵਾਦਾ ਤੇ ਭਰਤ ਪਟੇਲ ਵਜੋਂ ਦੱਸੀ ਹੈ। ਸੂਬੇ ਦੇ ਗ੍ਰਹਿ ਮੰਤਰੀ ਹਰਸ਼ ਸਾਂਘਵੀ ਨੇ ਪੁਲੀਸ ਅਧਿਕਾਰੀਆਂ ਨਾਲ ਬੈਠਕ ਕਰਕੇ ਇਸ ਮੁੱਦੇ 'ਤੇ ਸਖ਼ਤ ਕਾਰਵਾਈ ਦੇ ਹੁਕਮ ਦਿੱਤੇ ਹਨ।

ਪੁਲੀਸ ਕਮਿਸ਼ਨਰ ਨੇ ਕਿਹਾ, "20 ਤੋਂ 25 ਦੇ ਕਰੀਬ ਲੋਕ ਹੋਸਟਲ ਵਿਚ ਵੜ ਆਏ ਤੇ ਉਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਹੋਸਟਲ ਵਿਚ ਨਮਾਜ਼ ਅਦਾ ਕਰਨ 'ਤੇ ਇਤਰਾਜ਼ ਜਤਾਉਂਦਿਆਂ ਇਹ ਕੰਮ ਮਸਜਿਦ ਵਿਚ ਕਰਨ ਲਈ ਕਿਹਾ। ਉਹ ਮਸਲੇ ਨੂੰ ਲੈ ਕੇ ਬਹਿਸੇ ਤੇ ਵਿਦਿਆਰਥੀਆਂ 'ਤੇ ਹਮਲਾ ਕੀਤਾ ਤੇ ਪੱਥਰ ਵੀ ਵਰ੍ਹਾਏ। ਉਨ੍ਹਾਂ ਵਿਦਿਆਰਥੀਆਂ ਦੇ ਕਮਰਿਆਂ ਦੀ ਭੰਨਤੋੜ ਵੀ ਕੀਤੀ।" ਮਲਿਕ ਨੇ ਕਿਹਾ, "ਇਸ ਘਟਨਾ ਵਿਚ ਸ਼ਾਮਲ ਸਾਰੇ ਵਿਅਕਤੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਹੋਸਟਲ ਦੇ ਏ-ਬਲਾਕ ਜਿੱਥੇ ਇਹ ਘਟਨਾ ਵਾਪਰੀ ਵਿਚ 75 ਦੇ ਕਰੀਬ ਕੌਮਾਂਤਰੀ ਵਿਦਿਆਰਥੀ ਰਹਿੰਦੇ ਹਨ।

ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਗੁਜਰਾਤ ਸਰਕਾਰ ਅਹਿਮਦਾਬਾਦ ਦੀ ਯੂਨੀਵਰਸਿਟੀ ਵਿਚ ਹਿੰਸਾ ਫੈਲਾਉਣ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰ ਰਹੀ ਹੈ। ਮੰਤਰਾਲੇ ਦੇ ਤਰਜਮਾਨ ਰਨਧੀਰ ਜੈਸਵਾਲ ਨੇ ਐੱਕਸ 'ਤੇ ਇਕ ਪੋਸਟ ਵਿਚ ਕਿਹਾ ਕਿ ਹਿੰਸਾ ਵਿਚ ਜ਼ਖ਼ਮੀ ਹੋਏ ਦੋ ਵਿਦੇਸ਼ੀ ਵਿਦਿਆਰਥੀਆਂ ਵਿਚੋਂ ਇਕ ਨੂੰ ਹਸਪਤਾਲ ਵਿਚੋਂ ਛੁੱਟੀ ਦੇ ਦਿੱਤੀ ਗਈ ਹੈ। ਜੈਸਵਾਲ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਲੈ ਕੇ ਗੁਜਰਾਤ ਸਰਕਾਰ ਦੇ ਸੰਪਰਕ ਵਿਚ ਹਨ।

# ਕਿਸਮਤ ਦੇ ਸਿਤਾਰੇ

## ਵੀਰਵਾਰ 21 ਮਾਰਚ ਤੋਂ ਬੁੱਧਵਾਰ 27 ਮਾਰਚ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਇਹ ਹਫਤਾ ਉਤਸ਼ਾਹ ਭਰਪੂਰ ਹੋਵੇਗਾ। ਸ਼ੁੱਭ ਕੰਮਾਂ 'ਤੇ ਖਰਚ ਹੋਵੇਗਾ। ਧਨ ਲਾਭ ਦੇ ਸੰਕੇਤ ਹਨ, ਪਰ ਖਰਚਾ ਵੀ ਜ਼ਿਆਦਾ ਹੋਵੇਗਾ। ਕਿਸੇ ਖਾਸ ਵਿਅਕਤੀ ਨਾਲ ਮੁਲਾਕਾਤ ਲਾਭਕਾਰੀ ਹੋਵੇਗੀ। ਸੰਤਾਨ ਸੁੱਖ ਅਤੇ ਖੁਸ਼ੀ ਮਿਲੇਗੀ। ਧਨ ਖਰਚ ਜ਼ਿਆਦਾ ਹੋਣ ਕਰਕੇ ਪ੍ਰੇਸ਼ਾਨੀ ਵੀ ਰਹੇਗੀ। ਸ਼ਰਾਬ ਦੀ ਵਰਤੋਂ ਨਾ ਕਰੋ, ਸ਼ਾਂਤੀ ਆਵੇਗੀ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਇਸ ਹਫਤੇ ਮਿਹਨਤ ਦੁਆਰਾ ਧਨ ਲਾਭ ਹੋਵੇਗਾ। ਫਜ਼ੂਲ ਦੇ ਕੰਮਾਂ ਵਿੱਚ ਵਧੇਰੇ ਖਰਚ ਹੋਵੇਗਾ। ਬਣਦੇ ਕੰਮਾਂ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ। ਮਾਨਸਿਕ ਤਣਾਅ ਅਤੇ ਗੁੱਸਾ ਜ਼ਿਆਦਾ ਆਵੇਗਾ। ਸਰਕਾਰੀ ਕੰਮਾਂ ਵਿੱਚ ਸਫਲਤਾ ਦੇ ਲਈ ਖਾਸ ਮਿਹਨਤ ਕਰਨੀ ਪਵੇਗੀ। ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ, ਕਾਰੋਬਾਰ ਠੀਕ ਹੋਣਗੇ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਹਫਤੇ ਦੇ ਸ਼ੁਰੂ ਵਿੱਚ ਹੀ ਬਣਦੇ ਕੰਮਾਂ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ। ਸਰੀਰਕ ਕਸ਼ਟ/ਸੱਟ ਆਦਿ ਲੱਗਣ ਦਾ ਡਰ ਹੈ। ਕਿਸੇ ਨਜ਼ਦੀਕੀ ਰਿਸ਼ਤੇਦਾਰ ਤੋਂ ਧੋਖਾ ਮਿਲਣ ਦੀ ਸ਼ੰਕਾ ਹੈ। ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੁੰਗਲ ਵਿੱਚ ਨਾ ਫਸੋ, ਨੁਕਸਾਨ ਕਰ ਸਕਦੇ ਹਨ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਇੱਛਾ ਅਨੁਸਾਰ ਸਫਲਤਾ ਦੇ ਬਾਵਜੂਦ ਵੀ ਮਨ ਪ੍ਰੇਸ਼ਾਨ ਅਤੇ ਅਸ਼ਾਂਤ ਰਹੇਗਾ। ਪਰਿ-ਵਾਰ ਵਿੱਚ ਭਰਾਵਾਂ-ਮਿੱਤਰਾਂ ਨਾਲ ਤਣਾਅ ਤੇ ਧਨ ਸਬੰਧੀ ਵਿਵਾਦ ਹੋਵੇਗਾ। ਅਚਾਨਕ ਧਨ ਲਾਭ ਹੋਵੇਗਾ। ਕੋਸ਼ਿਸ਼ ਕਰਨ 'ਤੇ ਕੋਈ ਰੁਕਿਆ ਹੋਇਆ ਕੰਮ ਬਣੇਗਾ। ਮਾਤਾ ਪਿਤਾ ਨੂੰ ਗੁਰਦੁਆਰਾ ਸਾਹਿਬ ਜਰੂਰ ਲੈ ਕੇ ਜਾਵੋ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਹਫਤੇ ਦੇ ਸ਼ੁਰੂ ਵਿੱਚ ਕੁਝ ਰੁਕੇ ਹੋਏ ਕੰਮਾਂ ਵਿੱਚ ਸਫਲਤਾ ਮਿਲੇਗੀ। ਦੋਸਤਾਂ ਦੀ ਮਦਦ ਨਾਲ ਕੋਈ ਕੰਮ ਪੂਰਾ ਹੋਣ ਦੇ ਯੋਗ ਹਨ। ਵਪਾਰ ਸਬੰਧੀ ਸੰਘਰਸ਼ ਦੇ ਯੋਗ ਹਨ। ਆਪਣੇ ਵੀ ਦੁਸ਼ਮਣਾਂ ਵਰਗਾ ਵਿਹਾਰ ਕਰਨਗੇ। ਘਰੇਲੂ ਉਲਝਣਾਂ ਕਾਰਨ ਵੀ ਤਣਾਅ ਰਹੇਗਾ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨ ਨਾਲ ਮਨ ਸ਼ਾਂਤ ਹੋ ਜਾਵੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਸਿਹਤ ਵਿੱਚ ਖਰਾਬੀ, ਸੁਭਾਅ ਵਿੱਚ ਤੇਜ਼ੀ ਅਤੇ ਫਜ਼ੂਲ ਦੀ ਭੱਜ-ਦੌੜ ਰਹੇਗੀ। ਦੁਸ਼ਮਣ ਨੁਕਸਾਨ ਦੇਣ ਦੀ ਕੋਸ਼ਿਸ਼ ਕਰਨਗੇ। ਮੁਸ਼ਕਿਲਾਂ ਦੇ ਬਾਵਜੂਦ ਗੁਜ਼ਾਰੇਯੋਗ ਧਨ ਪ੍ਰਾਪਤੀ ਹੁੰਦੀ ਰਹੇਗੀ। ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਇਸ ਹਫਤੇ ਇਕ ਦਿਨ ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਮਾਣ-ਇੱਜ਼ਤ ਵਿੱਚ ਵਾਧਾ ਅਤੇ ਪਰਿਵਾਰ ਵਿੱਚ ਅਚਾਨਕ ਖੁਸ਼ੀ ਦਾ ਮਾਹੌਲ ਬਣੇਗਾ। ਜ਼ਮੀਨ-ਜਾਇਦਾਦ ਅਤੇ ਸਵਾਰੀ ਆਦਿ ਦਾ ਲੈਣ-ਦੇਣ ਹੋਵੇਗਾ। ਨਵੇਂ ਰਿਸ਼ਤੇਦਾਰ ਨਾਲ ਮੇਲ-ਜੋਲ ਵਧੇਗਾ। ਔਕੜਾਂ ਦੇ ਬਾਵਜੂਦ ਕਾਰੋਬਾਰ ਵਿੱਚ ਤਰੱਕੀ ਦੇ ਯੋਗ ਹਨ। ਕਿਸੇ ਗਰੀਬ ਜਾਂ ਜਰੂਰਤਮੰਦ ਨੂੰ ਭੋਜਨ ਜਰੂਰ ਕਰਵਾਉ, ਘਰ ਵਿੱਚ ਬਰਕਤ ਬਣੀ ਰਹੇਗੀ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਇੱਛਾਵਾਂ ਵਿੱਚ ਸਫਲਤਾ ਅਤੇ ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ। ਮਿੱਤਰਾਂ ਅਤੇ ਰਿਸ਼ਤੇਦਾਰਾਂ ਦਾ ਸਹਿਯੋਗ ਮਿਲੇਗਾ। ਭਾਈਚਾਰੇ ਦੇ ਕੰਮਾਂ ਵਿੱਚ ਉਚਿਤ ਲਾਭ ਨਹੀਂ ਮਿਲੇਗਾ। ਮਿਹਨਤ ਕਰਨ 'ਤੇ ਕਈ ਉਲਝੇ ਕੰਮਾਂ ਵਿੱਚ ਸਫਲਤਾ ਦੀ ਆਸ ਵਧੇਗੀ। ਕਿਸੇ ਦੀ ਨਿੰਦਾ ਚੁਗਲੀ ਤੋਂ ਆਪਣੇ ਆਪ ਨੂੰ ਦੂਰ ਰੱਖੋ,

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਜ਼ਿਆਦਾ ਮਿਹਨਤ ਦੇ ਬਾਅਦ ਗੁਜ਼ਾਰੇ ਲਈ ਆਮਦਨ ਦੇ ਸਾਧਨ ਬਣਦੇ ਰਹਿਣਗੇ। ਧਾਰਮਿਕ ਕੰਮਾਂ ਵੱਲ ਰੁਝਾਨ ਅਤੇ ਸ਼ੁੱਭ ਕਾਰਜ ਵੀ ਹੋਣਗੇ। ਆਮਦਨ ਘੱਟ, ਅਚਾਨਕ ਖਰਚ ਅਤੇ ਮੁਸ਼ਕਿਲਾਂ ਵੱਧਣਗੀਆਂ। ਕਰਜ਼ਾ ਆਦਿ ਲੈਣ ਦੀ ਲੋੜ ਵੀ ਪੈ ਸਕਦੀ ਹੈ। ਮਨ ਅੰਦਰ ਸਿਰਫ ਪ੍ਰਮਾਤਮਾ ਨੂੰ ਯਾਦ ਕਰੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਕਾਰੋਬਾਰੀ ਖੇਤਰ ਵਿੱਚ ਧਨ ਲਾਭ ਮੱਧਮ ਰਹੇਗਾ ਅਤੇ ਮੁਸ਼ਕਿਲਾਂ ਦੇ ਬਾਵਜੂਦ ਗੁਜ਼ਾਰੇ ਯੋਗ ਧਨ ਮਿਲੇਗਾ। ਧਰਮ-ਕਰਮ ਦੇ ਕੰਮਾਂ ਵੱਲ ਵਿਸ਼ੇਸ਼ ਰੁਝਾਨ ਹੋਵੇਗਾ। ਸਿਹਤ ਕੁਝ ਖਰਾਬ, ਪਰ ਠੀਕ ਵਿਹਾਰ ਕਰਨ ਨਾਲ ਕਾਰੋਬਾਰੀ ਪ੍ਰੇਸ਼ਾਨੀਆਂ ਘਟਣਗੀਆਂ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਮੁਸ਼ਕਿਲਾਂ ਤੋਂ ਦੂਰ ਰਹੋਗੇ ਅਤੇ ਖੁਸ਼ੀ ਮਿਲੇਗੀ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਧਨ ਲਾਭ ਹੋਵੇਗਾ, ਪਰ ਮਾਣ-ਇੱਜ਼ਤ ਬਣਾਏ ਰੱਖਣ ਲਈ ਖਰਚ ਵੀ ਜ਼ਿਆਦਾ ਹੋਵੇਗਾ। ਗੁਪਤ ਦੁਸ਼ਮਣ ਨੁਕਸਾਨ ਦੀ ਤਾਕ ਵਿੱਚ ਰਹਿਣਗੇ। ਸਿਹਤ ਵਿੱਚ ਖਰਾਬੀ ਦਾ ਡਰ ਹੈ। ਵਿੱਦਿਆਰਥੀਆਂ ਦਾ ਰੁਝਾਨ ਪੜ੍ਹਾਈ ਵੱਲ ਘੱਟ ਰਹੇਗਾ। ਕਿਸੇ ਗਰੀਬ ਪਰਿਵਾਰ ਦੇ ਬੱਚੇ ਨੂੰ ਪੰਜਾਬੀ ਜਾਂ ਧਾਰਮਿਕ ਕਿਤਾਬਾਂ ਲੈ ਕੇ ਦਿਉ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਵਪਾਰ ਵਿੱਚ ਕਾਮਯਾਬੀ ਅਤੇ ਵਿਲਾਸ ਆਦਿ ਕੰਮਾਂ 'ਤੇ ਧਨ ਖਰਚ ਹੋਵੇਗਾ। ਗੁੱਸਾ ਅਤੇ ਤੇਜ਼ੀ ਨਾਲ ਕੋਈ ਬਣਿਆ ਹੋਇਆ ਕੰਮ ਵਿਗੜਨ ਦੇ ਯੋਗ ਹਨ। ਆਰਥਿਕ ਉਲਝਣਾਂ ਵੱਧਣਗੀਆਂ, ਪਰ ਪਰਿਵਾਰਕ ਮਦਦ ਵੀ ਮਿਲੇਗੀ। ਨਸ਼ਿਆਂ ਤੋਂ ਆਪਣੇ ਆਪ ਨੂੰ ਦੂਰ ਰੱਖੋ ਅਤੇ ਆਪਣੇ ਆਲੇ-ਦੁਆਲੇ ਨੂੰ ਵੀ ਪ੍ਰੇਰਿਤ ਕਰੋ।

## ਹਾਸੇ ਦੀ ਪਟਾਰੀ

ਮੋਹਨ (ਦੋਸਤਾਂ ਨੂੰ ਸ਼ੇਖੀ ਮਾਰਦਾ ਹੋਇਆ), ਮੈਂ ਇਕੋ ਦਿਨ ਵਿੱਚ ਸ਼ੇਰ ਦੀ ਧੌਣ ਤੋੜ ਦਿੱਤੀ, ਚੀਤੇ ਦੇ ਦੋ ਟੁੱਕੜੇ ਕਰ ਦਿੱਤੇ ਅਤੇ ਹਾਥੀ ਦੀ ਲੱਤ ਤੋੜ ਦਿੱਤੀ।

ਦੋਸਤ (ਹੈਰਾਨੀ ਨਾਲ), ਫਿਰ ਕੀ ਹੋਇਆ?

ਮੋਹਨ, ਹੋਣਾ ਕੀ ਸੀ, ਦੁਕਾਨਦਾਰ ਨੇ ਆਪਣੇ ਖਿਡੌਣੇ ਤੋੜਨ ਦੇ ਜੁਰਮ ਵਿੱਚ ਮੈਨੂੰ ਜੇਲ੍ਹ ਭਿਜਵਾ ਦਿੱਤਾ।

**ਅਧਿਆਪਕ,** ਕੱਪੜਾ ਕਿਸ ਨੂੰ ਕਹਿੰਦੇ ਹਨ?

ਵਿਸ਼ਾਲ, ਜੀ ਪਤਾ ਨਹੀਂ।

ਅਧਿਆਪਕ, ਇਹ ਤੇਰੀ ਨਿੱਕਰ ਕਿਸ ਚੀਜ਼ ਨਾਲ ਬਣੀ ਹੈ?


ਵਿਸ਼ਾਲ, ਜੀ, ਪਾਪਾ ਦੀ ਪੁਰਾਣੀ ਪੈਂਟ ਨਾਲ।

*----*----*

**ਪਤਨੀ,** ਚੱਲੋ ਨਾ ਅੱਜ ਕਿਧਰੇ ਘੁੰਮਣ ਚੱਲਦੇ ਹਾਂ ਅਤੇ ਹਾਂ ਡਰਾਈਵਿੰਗ ਮੈਂ ਕਰਾਂਗੀ।

ਪਤੀ, ਵਾਹ! ਮਤਲਬ ਜਾਵਾਂਗੇ ਕਾਰ ਵਿੱਚ ਅਤੇ ਆਵਾਂਗੇ ਕੱਲ੍ਹ ਦੀ ਅਖਬਾਰ ਵਿੱਚ।

ਪੰਜਾਬ ਟਾਈਮਜ਼
PANJAB TIMES (EST 1965)
ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :
FOR SUBSCRIPTION
(PLEASE TICK ONE RELEVANT BOX)
6 MONTHS ---- £95 ☐
1 YEAR ---- £180 ☐
ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।
NAME.......................................................................
ADDRESS..................................................................
...........................................POST CODE..........................
TEL...........................................................................
Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85
Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਸਵ: ਸ੍ਰ. ਉਮਰਾਓ ਅਟਵਾਲ
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਪੰਜਾਬੀ ਸਕੂਲ ਗਲਾਸਗੋ ਦੇ ਬੱਚਿਆਂ ਵਲੋਂ ਪੰਜਾਬੀ ਵਿਰਸਾ ਪ੍ਰੋਗਰਾਮ ਦੀ ਪੇਸ਼ਕਾਰੀ



ਪੰਜਾਬੀ ਵਿਰਸਾ ਪ੍ਰਗਰਾਮ ਦੀਆਂ ਝਲਕੀਆਂ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ)- ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਅਲਬਰਟ ਡਰਾਈਵ ਗਲਾਸਗੋ 'ਚ ਪੰਜਾਬੀ ਸਕੂਲ ਚਲਾਇਆ ਜਾ ਰਿਹਾ ਹੈ। ਪੰਜਾਬੀ ਸਕੂਲ 'ਚ 250 ਤੋਂ ਵੱਧ ਬੱਚੇ ਗੁਰਮੁਖੀ ਲਿੱਪੀ ਲਿਖਣੀ ਤੇ ਪੜ੍ਹਨੀ ਸਿੱਖ ਰਹੇ ਹਨ। ਬੀਤੇ ਦਿਨ ਪੰਜਾਬੀ ਸਕੂਲ ਵਲੋਂ ਗੁਰਦੁਆਰਾ ਸਾਹਿਬ ਵਿਖੇ 'ਪੰਜਾਬੀ ਵਿਰਸਾ' ਦੇ ਨਾਂ ਹੇਠ ਪੰਜਾਬੀ ਸਟੇਜ ਪ੍ਰੋਗਰਾਮ ਕਰਵਾਇਆ ਗਿਆ, ਜਿਸ 'ਚ ਪੰਜਾਬੀ ਸਕੂਲ ਦੇ 5 ਤੋਂ 15 ਸਾਲ ਦੇ ਨਰਸਰੀ ਤੋਂ ਲੈ ਕੇ ਏ ਐਸ ਲੈਵਲ ਤੱਕ ਦੇ 100 ਤੋਂ ਵੱਧ ਬੱਚਿਆਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ਗੀਤ, ਕਵਿਤਾ, ਐਕਸ਼ਨ ਗੀਤ, ਪੰਜਾਬੀ ਸਕਿਟਾਂ ਅਤੇ ਪੰਜਾਬੀ ਨਾਟਕ ਆਦਿ ਪੇਸ਼ ਕੀਤੇ। ਨਰਸਰੀ ਦੇ ਨੰਨੇ ਮੁੰਨੇ ਬੱਚਿਆਂ ਨੇ ਵੱਖ ਵੱਖ ਫਲਾਂ ਦੀਆਂ ਪੋਸ਼ਾਕਾਂ ਪਹਿਨ ਕੇ 'ਫਲਾਂ ਦੀ ਟੋਕਰੀ' ਪਰੋਗਰਾਮ ਪੇਸ਼ ਕੀਤਾ। ਪਹਿਲੀ ਜਮਾਤ ਦੇ ਬੱਚਿਆਂ ਵਲੋਂ ਪੰਜਾਬ ਦੇ ਜਿਲਿਆਂ ਬਾਰੇ ਦੱਸਿਆ ਗਿਆ। ਦੂਜੀ ਜਮਾਤ ਦੇ ਬੱਚਿਆਂ ਨੇ 'ਸਿਹਤ ਜਿਹਾ ਨਾ ਕੋਈ ਗਹਿਣਾ' ਕਵਿਤਾ, ਮਨੁੱਖੀ ਭਾਵਨਾਵਾਂ ਬਾਰੇ ਸਕਿਟ, ਮੁਹਾਰਨੀ ਦੀ ਸਕਿਟ ਅਤੇ 'ਮੰਜਿਆਂ ਤੇ ਬਹਿੰਦੇ ਸੀ' ਕਵਿਤਾ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤੀ। ਬੱਚੀ ਹਰਗੁਣ ਨੇ ਪੰਜਾਬੀ ਬੋਲੀ ਵਾਰੇ ਕਵਿਤਾ ਪੜੀ, ਜਿਸ ਨੂੰ ਸਰੋਤਿਆਂ ਵਲੋਂ ਬਹੁਤ ਸਰਾਹਿਆ ਗਿਆ।ਤੀਜੀ ਜਮਾਤ ਦੇ ਵਿਦਿਆਰਥੀਆਂ ਨੇ ਹਾਸਰਸ ਸਕਿਟ ਡਾਕਟਰ ਦੀ ਸਰਜਰੀ, ਦੇਸੀ ਮਹੀਨਿਆਂ ਤੇ ਗਰੁੱਪ ਕਵਿਤਾ, ਬਰੰਮਲੀਨ ਨੇ ਪਾਣੀ ਦੀ ਮਹੱਤਤਾ 'ਤੇ ਕਵਿਤਾ ਪੜੀ। ਚੌਥੀ ਜਮਾਤ ਦੇ ਵਿਦਿਆਰਥੀਆਂ ਨੇ ਗੁਰੂ ਨਾਨਕ ਦੇਵ ਜੀ ਬਾਰੇ ਕਵਿਤਾ ਅਤੇ ਬਿੱਲੀ ਮਾਸੀ ਸਕਿਟ ਪੜੀ। ਪੰਜਵੀਂ ਜਮਾਤ ਦੇ ਬੱਚਿਆਂ ਨੇ ਆਵੀਂ ਬਾਬਾ ਨਾਨਕਾ ਕਵਿਤਾ, ਐਕਸ਼ਨ ਗੀਤ, ਸਕਿਟ 'ਗੁਰਦੁਆਰਾ' ਵੱਖਰੇ ਅੰਦਾਜ਼ ਵਿੱਚ ਖੇਡੀ।

ਪਰੀ-ਜੀ. ਸੀ. ਐੱਸ. ਈ. ਦੇ ਬੱਚਿਆਂ ਨੇ ਦੋ ਨਾਟਕ ਖੇਡੇ। ਪਹਿਲਾ ਨਾਟਕ 'ਨੌਜਵਾਨਾਂ ਦੇ ਪਰਵਾਸ ਬਾਰੇ ਸੀ ਅਤੇ ਦੂਜਾ ਨਾਟਕ ''ਸਮੇਂ ਦੀ ਕਦਰ' ਰਾਹੀਂ ਸ਼ੋਸ਼ਲ ਮੀਡੀਆ ਤੇ ਵਿਅੰਗ ਕੀਤਾ ਗਿਆ। ਏ. ਐੱਸ. ਲੈਵਲ ਦੇ ਵਿਦਿਆਰਥੀਆਂ ਵਲੋਂ 'ਧੱਕੇਸ਼ਾਹੀ' ਸਕਿਟ ਪੇਸ਼ ਕੀਤੀ। ਪਰੋਗਰ-ਾਮ ਦੇ ਅੰਤ ਵਿੱਚ ਪੈਂਤੀ ਅੱਖਰ ਅਲੋਪ ਹੋ ਰਹੇ ਸ਼ਬਦਾਂ ਦੇ ਰੂਬਰ ਨਾਟਕ ''ਪੈਂਤੀ ਅੱਖਰੀ'' ਖੇਡਿਆ ਗਿਆ। ਇਸ ਵਿੱਚ ਬੱਚਿਆਂ ਨੇ ਪੈਂਤੀ ਅੱਖਰਾਂ ਵਾਲੀਆਂ ਫੁੱਲਕਾਰੀਆਂ ਪਹਿਨੀਆਂ ਹੋਈ ਸਨ। ਇਹ ਨਾਟਕ ਅੱਜ ਦੇ ਪਰੋਗਰਾਮ ਦਾ ਸਿਖਰ ਹੋ ਨਿਬੜਿਆ। ਮੰਚ ਦਾ ਸੰਚਾਲਨ ਪਰਭਜੋਤ ਕੌਰ ਅਤੇ ਰਣਜੀਤ ਕੌਰ ਵਲੋਂ ਬਹੁਤ ਸੁਚੱਜੇ ਢੰਗ ਨਾਲ ਕੀਤਾ ਗਿਆ।



34ਵੇਂ ਮਹਾਂ ਪਵਿੱਤਰ ਗੁਰਮਤਿ ਸਮਾਗਮ ਸਮੇਂ ਪ੍ਰਸਿੱਧ ਸਿੱਖ ਚਿੰਤਕ ਅਤੇ ਪੰਥਕ ਬੁਲਾਰੇ ਸ: ਭਗਵਾਨ ਸਿੰਘ ਜੌਹਲ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨ ਦਿੰਦੇ ਹੋਏ, ਸ: ਇੰਦਰਜੀਤ ਸਿੰਘ ਮੱਕੜ ਪ੍ਰਧਾਨ ਗੁ: ਸ੍ਰੀ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਅਤੇ ਪੰਥ ਪ੍ਰਸਿੱਧ ਕੀਰਤਨੀਏ ਭਾਈ ਦਵਿੰਦਰ ਸਿੰਘ ਸੋਢੀ ਅਤੇ ਹੋਰ ਪਤਵੰਤੇ ਵੀ ਨਾਲ ਹਾਜ਼ਰ ਹਨ ।

-ਅਮਰੀਕਾ ਦੇ ਸਕੂਲ ਵਿਚ ਵਿਦਿਆਰਥੀ ਵੱਲੋਂ ਕੀਤੀਆਂ 4 ਹੱਤਿਆਵਾਂ ਦਾ ਮਾਮਲਾ-

# ਅਦਾਲਤ ਵੱਲੋਂ ਵਿਦਿਆਰਥੀ ਦਾ ਪਿਤਾ ਦੋਸ਼ੀ ਕਰਾਰ

## ✪ ਅਪਰੈਲ ਵਿਚ ਸੁਣਾਈ ਜਾਵੇਗੀ ਸਜ਼ਾ



*ਜੇਮਜ ਕਰੁੰਬਲੇ ਨੂੰ ਹੱਥਕੜੀ ਲਾ ਕੇ ਅਦਾਲਤ ਤੋਂ ਬਾਹਰ ਲਿਜਾਂਦੇ ਹੋਏ ਪੁਲਸ ਅਫਸਰ ਤੇ ਮਾਰੇ ਗਏ ਵਿਦਿਆਰਥੀਆਂ ਦੀਆਂ ਤਸਵੀਰਾਂ*

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) -ਜੇਮਜ ਕਰੁੰਬਲੇ ਜੋ ਉਸ ਨਬਾਲਗ ਵਿਦਿਆਰਥੀ ਦਾ ਪਿਤਾ ਹੈ ਜਿਸ ਨੇ ਅਮਰੀਕਾ ਦੇ ਮਿਸ਼ੀਗਨ ਰਾਜ ਵਿਚ ਆਕਸਫੋਰਡ ਹਾਈ ਸਕੂਲ ਵਿਚ 30 ਨਵੰਬਰ 2021 ਨੂੰ ਘਰੋਂ ਲਿਆਂਦੀ ਗੰਨ ਨਾਲ ਗੋਲੀਆਂ ਮਾਰ ਕੇ 4 ਵਿਦਿਆਰਥੀਆਂ ਦੀ ਹੱਤਿਆ ਕਰ ਦਿੱਤੀ ਸੀ ਤੇ ਇਕ ਅਧਿਆਪਕ ਸਮੇਤ 6 ਹੋਰ ਵਿਦਿਆਰਥੀਆਂ ਨੂੰ ਜਖਮੀ ਕਰ ਦਿੱਤਾ ਸੀ, ਨੂੰ ਅਦਾਲਤ ਵੱਲੋਂ ਦੋਸ਼ੀ ਕਰਾਰ ਦੇਣ ਦੀ ਖਬਰ ਹੈ।

ਕਰੁੰਬਲੇ ਨੂੰ 4 ਦੋਸ਼ਾਂ ਤਹਿਤ ਗੈਰ ਇਰਾਦਾ ਹੱਤਿਆਵਾਂ ਲਈ ਦੋਸ਼ੀ ਕਰਾਰ ਦਿੱਤਾ ਗਿਆ। ਇਕ ਮਹੀਨਾ ਪਹਿਲਾਂ ਅਦਾਲਤ ਨੇ ਵਿਦਿਆਰਥੀ ਦੀ ਮਾਂ ਜੈਨੀਫਰ ਕਰੁੰਬਲੇ ਨੂੰ ਵੀ ਇਨਾਂ ਦੋਸ਼ਾਂ ਤਹਿਤ ਹੀ ਦੋਸ਼ੀ ਕਰਾਰ ਦਿੱਤਾ ਸੀ। ਇਸ ਤੋਂ ਪਹਿਲਾਂ ਆਪਣੀ ਬਹਿਸ ਮੁਕੰਮਲ ਕਰਦਿਆਂ ਸਰਕਾਰੀ ਵਕੀਲ ਨੇ ਕਿਹਾ ਕਿ ਜੇਮਜ ਕਰੁੰਬਲੇ ਦੀ ਸਿਰੇ ਦੀ ਲਾਪਰਵਾਹੀ ਕਾਰਨ ਇਹ ਘਟਨਾ ਵਾਪਰੀ ਸੀ ਜਿਸ ਨੇ ਹਮਲੇ ਤੋਂ ਇਕ ਦਿਨ ਪਹਿਲਾਂ ਆਪਣੇ ਪੁੱਤਰ ਨੂੰ 9 ਐਮ ਐਮ ਦੀ ਗੰਨ ਲਿਆ ਕੇ ਦਿੱਤੀ ਸੀ ਪਰੰਤੂ ਉਹ ਗੰਨ ਦੀ ਸੰਭਾਲ ਕਰਨ ਵਿਚ ਅਸਫਲ ਰਿਹਾ ਤੇ ਉਸ ਨੇ ਆਪਣੇ ਪੁੱਤਰ ਦੀ ਮਾਨਸਿਕ ਹਾਲਤ ਨੂੰ ਵੀ ਨਹੀਂ ਸਮਝਿਆ।

ਅਦਾਲਤ ਨੇ ਪਤੀ ਪਤਨੀ ਨੂੰ ਸਜ਼ਾ ਸਣਾਉਣ ਲਈ 9 ਅਪ੍ਰੈਲ ਦੀ ਤਰੀਕ ਨਿਸ਼ਚਤ ਕੀਤੀ ਹੈ। ਜੱਜ ਨੇ ਕਿਹਾ ਕਿ 9 ਅਪ੍ਰੈਲ ਨੂੰ ਸਵੇਰੇ 9 ਵਜੇ ਸਜ਼ਾ ਸੁਣਾਈ ਜਾਵੇਗੀ। ਫੈਸਲੇ ਉਪਰੰਤ ਜੇਮਜ ਕਰੁੰਬਲੇ ਨੂੰ ਹੱਥਕੜੀ ਲਾ ਕੇ ਅਦਾਲਤ ਤੋਂ ਬਾਹਰ ਲਿਜਾਇਆ ਗਿਆ। ਫੈਸਲਾ ਸੁਣਾਉਣ ਸਮੇ ਪੀੜਤ ਮਾਪੇ ਵੀ ਹਾਜਰ ਸਨ।

# ਵਿਦੇਸ਼ ਜਾਣ ਲਈ ਹੁੰਦੀ ਮਾਨਵ ਤਸਕਰੀ ਤੇ ਬਣ ਰਹੀ ਹੈ ਫ਼ਿਲਮ "ਕਬੂਤਰਬਾਜ਼ " ਸ਼ੂਟਿੰਗ ਜ਼ਾਰੀ _ਸੁਖਪਾਲ ਸਿੱਧੂ ਪੇਸ਼ਕਸ਼ _ਅੰਮ੍ਰਿਤ ਪਵਾਰ



ਅੱਜ ਕਲ ਸ਼ੂਟਿੰਗ ਦਾ ਮੌਸਮ ਹੈ ਤੇ ਯੂ ਕੇ ਤੋ ਵਾਪਿਸ ਆ ਕਿ ਲੇਖਕ ਤੇ ਨਿਰਦੇਸ਼ਕ ਸੁਖਪਾਲ ਸਿੱਧੂ ਨੇ ਆਪਣੀ ਨਵੀਂ ਪੰਜਾਬੀ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਕੀਤੀ ਹੋਈ ਹੈ।ਓਹ ਅੱਜ ਕਲ ਮੁੱਲਾਂਪੁਰ, ਜਗਰਾਓਂ ਤੇ ਇਸ ਦੇ ਆਸ ਪਾਸ ਫ਼ਿਲਮ ਦੀ ਸ਼ੂਟਿੰਗ ਕਰ ਰਹੇ ਹਨ।ਆਪਣੀ ਲਿਖੀ ਤੇ ਨਿਰਦੇਸ਼ਤ ਕੀਤੀ ਜਾ ਰਹੀ ਇਸ ਫ਼ਿਲਮ ਦੀ ਸ਼ੂਟਿੰਗ ਤੇ ਸੁਖਪਾਲ ਸਿੱਧੂ ਨੇ ਕਿਹਾ ਕਿ ਫ਼ਿਲਮ ਦਾ ਨਾਮ "ਕਬੂਤਰਬਾਜ਼," ਹੈ ਤੇ "ਸਫਰਾਂ ਤੇ ਹਾਂ ਸੈਰਾਂ ਤੇ ਨਹੀਂ " ਦੀ ਗੱਲ ਨੂੰ ਮੁੱਖ ਰੱਖ ਓਹ ਇਹ ਫ਼ਿਲਮ ਕਰ ਰਹੇ ਹਨ। ਮਹਾਂਵੀਰ ਭੁੱਲਰ ਦੇ ਨਾਲ ਮਲਕੀਤ ਰੌਣੀ ਜਿਹੇ ਸਟਾਰ ਕਲਾਕਾਰਾਂ ਨਾਲ ਕੰਮ ਕਰਨ ਦਾ ਅਰਥ ਕਿ ਤੁਸੀਂ ਵੀ ਕੁੱਝ ਹੋ।ਫ਼ਿਲਮ ਵਿੱਚ ਸਿੱਧੂ ਵੀ ਅਹਿਮ ਕਿਰਦਾਰ ਨਿਭਾ ਰਹੇ ਹਨ।ਸੁਖਪਾਲ ਸਿੱਧੂ ਦੀ ਓਹ ਨੀਤੀ ਹੈ ਕਿ ਮਨੋਰੰਜਨ ਦੇ ਨਾਲ ਲੋਕਾਂ ਨੂੰ ਅੱਜ ਕਲ ਕੀ ਚਲ ਰਿਹਾ ਫ਼ਿਲਮ ਦੇ ਮਾਧਿਅਮ ਨਾਲ ਦਿਖਾਇਆ ਜਾਏ।ਕੁਲਦੀਪ ਦੁੱਗਲ ਇਸ ਫ਼ਿਲਮ ਦੇ ਗੀਤਕਾਰ ਹਨ। ਭੋਤੂ ਸ਼ਾਹ, ਅਮਰਜੀਤ ਕੌਰ ਤੇ ਰਾਜਵੀਰ ਗਰੇਵਾਲ ਦੇ ਨਾਲ ਸੁਖਪਾਲ ਸਿੱਧੂ ਨੇ ਆਪਣੀ ਇਸ ਫ਼ਿਲਮ ਵਿੱਚ ਨਗਿੰਦਰ ਗੱਖੜ, ਰਾਜ ਧਾਲੀਵਾਲ ਨੂੰ ਵੀ ਲਿਆ ਹੈ ਤੇ ਗਾਇਕ ਰਣਜੀਤ ਮਣੀ ਵੀ ਇਸ ਫ਼ਿਲਮ ਵਿੱਚ ਅਹਿਮ ਕਿਰਦਾਰ ਨਿਭਾਅ ਰਹੇ ਹਨ। ਡੀ ਓ ਪੀ ਕਮਲ ਸ਼ਰਮਾ ਹਨ ਤੇ ਫ਼ਿਲਮ ਦੇ ਗੀਤ ਅਮਰਿੰਦਰ ਬੌਬੀ ਤੇ ਰਣਜੀਤ ਮਣੀ ਨੇ ਗਾਏ ਹਨ।

_ਅੰਮ੍ਰਿਤ ਪਵਾਰ।

# ਅਦਾਲਤੀ ਸਖਤੀ ਦੇ ਬਾਵਜੂਦ ਝੂਠੇ ਯੋਗ ਗੁਰੂ ਰਾਮਦੇਵ ਬਾਰੇ ਮੋਦੀ ਸਰਕਾਰ ਚੁਪ ਕਿਉਂ?


**ਨਵਕਿਰਨ ਸਿੰਘ ਪੱਤੀ**

ਕੁਝ ਦਿਨ ਪਹਿਲਾਂ ਸੁਪਰੀਮ ਕੋਰਟ ਵੱਲੋਂ 'ਯੋਗ ਗੁਰੂ' ਦੇ ਨਾਮ ਨਾਲ ਜਾਣੇ ਜਾਂਦੇ ਬਾਬਾ ਰਾਮਦੇਵ ਦੀ ਕੰਪਨੀ 'ਪਤੰਜਲੀ ਆਯੁਰਵੇਦ' ਦੁਆਰਾ ਮਨੁੱਖੀ ਇਲਾਜ ਸੰਬੰਧੀ ਦਿੱਤੇ ਜਾ ਰਹੇ ਗੁੰਮਰਾਹਕੁੰਨ ਅਤੇ ਝੂਠੇ ਇਸ਼ਤਿਹਾਰਾਂ ਦੇ ਮਾਮਲੇ ਵਿੱਚ ਸੁਣਵਾਈ ਕਰਦਿਆਂ ਜਿੱਥੇ ਕੰਪਨੀ ਨੂੰ ਝਾੜ ਪਾਈ ਹੈ, ਉੱਥੇ ਹੀ ਇਸ ਕੰਪਨੀ ਪ੍ਰਤੀ ਕੇਂਦਰ ਸਰਕਾਰ ਵੱਲੋਂ ਇਖਤਿਆਰ ਗਈ ਨਰਮੀ 'ਤੇ ਦੀ ਸਖਤ ਆਲੋਚਨਾ ਕੀਤੀ ਹੈ। ਸੁਪਰੀਮ ਕੋਰਟ ਵੱਲੋਂ ਟਿੱਪਣੀ ਕੀਤੀ ਗਈ ਹੈ ਕਿ ਪਤੰਜਲੀ ਵੱਲੋਂ ਝੂਠੇ ਇਸ਼ਤਿਹਾਰਾਂ ਰਾਹੀਂ ਪੂਰੇ ਦੇਸ਼ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ ਅਤੇ ਕੇਂਦਰ ਸਰਕਾਰ ਅੱਖਾਂ ਬੰਦ ਕਰਕੇ ਬੈਠੀ ਹੈ। ਸੁਪਰੀਮ ਕੋਰਟ ਨੇ ਪਤੰਜਲੀ ਨੂੰ ਸਾਰੇ ਇਲੈਕਟ੍ਰਾਨਿਕ ਅਤੇ ਪ੍ਰਿੰਟ ਇਸ਼ਤਿਹਾਰਾਂ ਨੂੰ ਤੁਰੰਤ ਬੰਦ ਕਰਨ ਦੇ ਨਿਰਦੇਸ਼ ਦਿੱਤੇ ਹਨ।

ਸਾਡੇ ਲਈ ਇਹ ਸਮਝਣਾ ਮਹੱਤਵਪੂਰਨ ਹੈ ਕਿ ਆਖਰ ਮੋਦੀ ਸਰਕਾਰ ਪਤੰਜਲੀ ਉੱਤੇ ਐਨੀ ਮਿਹਰਬਾਨ ਕਿਉਂ ਹੈ? ਇਹ ਪਹਿਲੀ ਵਾਰ ਨਹੀਂ ਹੋਇਆ ਹੈ ਜਦੋਂ ਅਦਾਲਤ ਵੱਲੋਂ ਪਤੰਜਲੀ ਆਯੁਰਵੇਦ ਨੂੰ ਝਾੜ ਪਾਈ ਗਈ ਹੋਵੇ, ਇਸ ਤੋਂ ਪਹਿਲਾਂ ਪਿਛਲੇ ਸਾਲ ਨਵੰਬਰ ਵਿੱਚ ਅਦਾਲਤ ਨੇ ਪਤੰਜਲੀ ਆਯੁਰਵੇਦ ਨੂੰ ਆਪਣੀਆਂ ਦਵਾਈਆਂ ਬਾਰੇ 'ਝੂਠੇ' ਅਤੇ 'ਗੁਮਰਾਹਕੁਨ' ਦਾਅਵੇ ਕਰਨ ਤੋਂ ਸਾਵਧਾਨ ਕੀਤਾ ਸੀ। ਸੁਪਰੀਮ ਕੋਰਟ ਨੇ ਪਿਛਲੇ ਸਾਲ ਨਵੰਬਰ ਵਿੱਚ ਪਤੰਜਲੀ ਨੂੰ ਚਿਤਾਵਨੀ ਦਿੱਤੀ ਸੀ ਕਿ ਉਸ ਵੱਲੋਂ ਆਪਣੀਆਂ ਹਰਬਲ ਦਵਾਈਆਂ ਦੇ ਕਾਰਗਰ ਹੋਣ ਬਾਰੇ ਕੀਤੇ ਜਾਂਦੇ ਹਰੇਕ ਝੂਠੇ ਦਾਅਵੇ ਬਦਲੇ ਇੱਕ ਕਰੋੜ ਰੁਪਏ ਦਾ ਜੁਰਮਾਨਾ ਕੀਤਾ ਜਾਵੇਗਾ। ਅਦਾਲਤ ਨੇ ਸਖਤੀ ਨਾਲ ਕਿਹਾ ਸੀ ਕਿ ਆਪਣੇ ਕਾਰੋਬਾਰੀ ਹਿਤਾਂ ਖਾਤਰ ਕੀਤੀ ਜਾ ਰਹੀ ਗੁਮਰਾਹਕੁਨ ਇਸ਼ਤਿਹਾਰਬਾਜ਼ੀ ਨੂੰ ਸਹਿਣ ਨਹੀਂ ਕੀਤਾ ਜਾਵੇਗਾ।

ਹਾਲਾਂਕਿ ਨਵੰਬਰ 2023 ਵਿੱਚ ਪਤੰਜਲੀ ਆਯੁਰਵੇਦ ਦੇ ਵਕੀਲ ਨੇ ਅਦਾਲਤ ਨੂੰ ਯਕੀਨ ਦਿਵਾਇਆ ਸੀ ਕਿ ਕਿਸੇ ਵੀ ਕਾਨੂੰਨ ਦੀ ਕੋਈ ਉਲੰਘਣਾ ਨਹੀਂ ਹੋਵੇਗੀ ਪਰ ਫਿਰ ਵੀ ਕੇਂਦਰ ਸਰਕਾਰ ਦੀ ਮਿਹਰਬਾਨੀ ਸਦਕਾ ਕੰਪਨੀ ਨੇ ਝੂਠੇ ਇਸ਼ਤਿਹਾਰ ਬੰਦ ਨਹੀਂ ਕੀਤੇ, ਜਿਸਦੇ ਚਲਦਿਆਂ ਹੁਣ ਸੁਪਰੀਮ ਕੋਰਟ ਨੇ ਕੰਪਨੀ ਅਤੇ ਇਸਦੇ ਪ੍ਰਬੰਧਕੀ ਨਿਰਦੇਸ਼ਕ ਨੂੰ ਮਾਣਹਾਨੀ ਨੋਟਿਸ ਜਾਰੀ ਕਰਦਿਆਂ ਕਿਹਾ ਹੈ ਕਿ ਉਸ ਦੇ ਵਿਹਾਰ ਤੋਂ ਸੰਕੇਤ ਮਿਲਦਾ ਹੈ ਕਿ ਕੰਪਨੀ ਸਮੁੱਚੇ ਦੇਸ਼ ਦੀਆਂ ਅੱਖਾਂ ਵਿੱਚ ਘੱਟਾ ਪਾ ਰਹੀ ਹੈ।

ਦਰਅਸਲ ਪਤੰਜਲੀ ਦੁਆਰਾ 'ਗੁਮਰਾਹਕੁਨ ਅਤੇ ਝੂਠੇ' ਇਸ਼ਤਿਹਾਰਾਂ ਤੇ ਦਾਅਵਿਆਂ ਖਿਲਾਫ ਉੱਚ ਅਦਾਲਤ ਵਿੱਚ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐੱਮਏ) ਵੱਲੋਂ ਪਟੀਸ਼ਨ ਦਾਇਰ ਕੀਤੀ ਗਈ ਸੀ। ਆਈਐੱਮਏ ਨੇ ਅਜਿਹੇ ਕਈ ਇਸ਼ਤਿਹਾਰਾਂ ਦਾ ਹਵਾਲਾ ਦਿੱਤਾ ਸੀ ਜਿਨ੍ਹਾਂ ਵਿੱਚ ਐਲੋਪੈਥੀ ਅਤੇ ਡਾਕਟਰਾਂ ਨੂੰ ਗਲਤ ਰੂਪ ਵਿੱਚ ਪੇਸ਼ ਕੀਤਾ ਗਿਆ ਸੀ। ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਪਤੰਜਲੀ ਦੇ ਨਾਲ-ਨਾਲ ਕੇਂਦਰ ਸਰਕਾਰ ਤੋਂ ਵੀ ਜਵਾਬ ਤਲਬ ਕੀਤਾ ਹੈ ਕਿ ਉਸਨੇ ਹੁਣ ਤਕ ਕਾਰਵਾਈ ਕਿਉਂ ਨਹੀਂ ਕੀਤੀ।




ਨਵੰਬਰ 2023 ਵਿੱਚ ਸੁਪਰੀਮ ਕੋਰਟ ਦੀ ਸਖਤੀ ਦੇ ਬਾਵਜੂਦ ਬਾਬਾ ਰਾਮਦੇਵ ਨੇ ਆਈਐੱਮਏ ਖਿਲਾਫ ਅਸਿੱਧੇ ਬਿਆਨ ਦਿੰਦਿਆਂ ਕਿਹਾ ਸੀ ਕਿ ਡਾਕਟਰਾਂ ਦਾ ਇੱਕ ਹਿੱਸਾ ਯੋਗਾ, ਆਯੁਰਵੇਦ, ਨੈਚਰੋਪੈਥੀ ਅਤੇ ਸਾਡੀਆਂ ਸਨਾਤਨ ਕਦਰਾਂ-ਕੀਮਤਾਂ ਦੇ ਵਿਰੁੱਧ ਪ੍ਰਚਾਰ ਕਰ ਰਿਹਾ ਹੈ ਜਦਕਿ ਇਹ ਬਿਲਕੁਲ ਬੇਬੁਨਿਆਦ ਸੀ। ਇਸ ਤੋਂ ਪਹਿਲਾਂ ਕਰੋਨਾ ਵਾਇਰਸ ਦੇ ਦੌਰ ਵਿੱਚ ਵੀ ਬਾਬਾ ਰਾਮਦੇਵ ਵੱਲੋਂ ਆਪਣੀਆਂ ਦਵਾਈਆਂ ਦੇ ਕਾਰਗਰ ਹੋਣ ਸੰਬੰਧੀ ਬੇਬੁਨਿਆਦ ਪ੍ਰਚਾਰ ਕਰਦਿਆਂ ਐਲੋਪੈਥੀ ਅਤੇ ਡਾਕਟਰਾਂ ਖਿਲਾਫ ਸਖਤ ਟਿੱਪਣੀਆਂ ਕੀਤੀਆਂ ਸਨ। ਪਿਛਲੇ ਹਫਤੇ ਸੁਣਵਾਈ ਦੌਰਾਨ ਅਦਾਲਤ ਨੇ ਇਹ ਵੀ ਕਿਹਾ ਹੈ ਕਿ ਪਤੰਜਲੀ ਜਾਂ ਇਸਦੇ ਅਧਿਕਾਰੀ ਕਿਸੇ ਵੀ ਮੈਡੀਕਲ ਪ੍ਰਬੰਧ ਖਿਲਾਫ ਮੀਡੀਏ ਵਿੱਚ ਕੋਈ ਜਨਤਕ ਬਿਆਨ ਨਹੀਂ ਦੇ ਸਕਦੇ ਹਨ।

ਅਸਲ ਵਿੱਚ ਯੋਗਾ ਵੀ ਵਿਗਿਆਨਕ ਢੰਗ ਨਾਲ ਕੀਤਾ ਜਾਣ ਵਾਲਾ ਇੱਕ ਸਰੀਰਕ ਅਭਿਆਸ ਹੈ। ਪਰ ਇਸ ਨੂੰ ਭਾਰਤੀ ਮੀਡੀਆ ਦੇ ਵੱਡੇ ਹਿੱਸੇ ਵੱਲੋਂ ਇਸ ਤਰ੍ਹਾਂ ਪੇਸ਼ ਕੀਤਾ ਗਿਆ ਜਿਵੇਂ ਇਸਦੀ ਖੋਜ ਸੰਘ ਪਰਿਵਾਰ ਨੇ ਕੀਤੀ ਹੋਵੇ ਅਤੇ ਇਸਦਾ ਬਰਾਂਡ ਐਂਬੈਸਡਰ ਬਾਬਾ ਰਾਮਦੇਵ ਹੋਵੇ। ਬਾਬਾ ਰਾਮਦੇਵ ਅਤੇ ਉਸਦੇ ਹਿਮਾਇਤੀਆਂ ਨੂੰ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ ਪਤੰਜਲੀ ਦੇ ਗੈਰ ਵਿਗਿਆਨਕ ਦਾਅਵਿਆਂ ਦਾ ਖੰਡਨ ਕਰਨਾ ਆਯੁਰਵੇਦ ਵਿਰੁੱਧ ਕਿਵੇਂ ਹੋ ਗਿਆ ਹੈ।

ਹਕੀਕਤ ਇਹ ਹੈ ਕਿ ਬਾਬਾ ਰਾਮਦੇਵ ਇੱਕ ਅਜਿਹਾ ਵਿਉਪਾਰੀ ਹੈ ਜਿਸਦੀ ਕੰਪਨੀ 'ਪਤੰਜਲੀ' ਮਨੁੱਖ ਦੇ ਸਵੇਰੇ ਉੱਠ ਕੇ ਵਰਤੋਂ ਵਿੱਚ ਆਉਣ ਵਾਲੀ ਟੁੱਥਪੇਸਟ ਤੋਂ ਲੈ ਕੇ ਰਾਤ ਨੂੰ ਸੌਣ ਤਕ ਵਰਤੋਂ ਵਿੱਚ ਆਉਣ ਵਾਲੀ ਲਗਭਗ ਹਰ ਵਸਤੂ ਵੇਚ ਰਹੀ ਹੈ। ਸਰਕਾਰ ਵੱਲੋਂ ਬਾਬਾ ਰਾਮਦੇਵ ਨੂੰ ਦਿੱਤੀਆਂ ਜਾ ਰਹੀਆਂ 'ਛੋਟਾਂ' ਦਰਸਾਉਂਦੀਆਂ ਹਨ ਸਰਕਾਰ ਦੀਆਂ ਨੀਤੀਆਂ ਕਾਰਪੋਰੇਟ ਪੱਖੀ ਹਨ।

ਮੋਦੀ ਸਰਕਾਰ ਉਸ ਉੱਪਰ ਇਸ ਕਰਕੇ ਮਿਹਰਬਾਨ ਹੈ ਕਿਉਂਕਿ ਉਸਨੇ ਕਾਂਗਰਸ ਦੇ ਸ਼ਾਸਨ ਦੌਰਾਨ ਭਾਜਪਾ ਨੂੰ 'ਸੱਤਾ' ਵਿੱਚ ਲਿਆਉਣ ਲਈ ਕਈ 'ਰਾਜਨੀਤਕ ਸੰਘਰਸ਼' ਕੀਤੇ ਸਨ। 2011 ਵਿੱਚ ਦਿੱਲੀ ਦੇ ਰਾਮਲੀਲਾ ਮੈਦਾਨ ਵਿਖੇ ਇੱਕ ਅੰਦੋਲਨ ਦੌਰਾਨ ਰਾਤ ਨੂੰ ਅੰਦੋਲਨ ਵਿੱਚੋਂ ਔਰਤਾਂ ਦੇ ਕੱਪੜਿਆਂ ਵਿੱਚ ਭੇਸ ਬਦਲ ਕੇ ਭੱਜ ਜਾਣ ਦੀਆਂ ਉਸਦੀਆਂ ਤਸਵੀਰਾਂ ਕਾਫੀ ਚਰਚਾ ਦਾ ਵਿਸ਼ਾ ਬਣੀਆਂ ਸਨ। ਉਸਨੇ ਭਾਜਪਾ ਨੂੰ 'ਸੱਤਾ' ਵਿੱਚ ਲਿਆਉਣ ਖਾਤਰ ਅਜਿਹੇ ਫੋਕੇ ਦਾਅਵੇ ਵੀ ਕੀਤੇ ਕਿ ਭਾਜਪਾ ਦੇ ਆਉਣ ਨਾਲ ਤੇਲ ਦੀਆਂ ਕੀਮਤਾਂ ਘਟ ਜਾਣਗੀਆਂ। ਇਸੇ ਕਰਕੇ ਮੋਦੀ ਸਰਕਾਰ ਉਸ ਉੱਪਰ ਮਿਹਰਬਾਨ ਨਜ਼ਰ ਆ ਰਹੀ ਹੈ। ਬਾਬਾ ਰਾਮਦੇਵ ਨੇ ਕਈ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ ਦੇ ਸੋਹਲੇ ਗਾਏ ਹਨ।

ਭਾਜਪਾ ਸਰਕਾਰ ਤੋਂ ਮਿਲ ਰਹੀਆਂ ਛੋਟਾਂ ਦਾ ਨਤੀਜਾ ਹੀ ਹੈ ਕਿ ਕਾਂਗਰਸ ਸਰਕਾਰ ਸਮੇਂ ਵੱਡੇ ਅੰਦੋਲਨਾਂ ਵਿੱਚ ਹਿੱਸਾ ਲੈਣ ਵਾਲਾ ਬਾਬਾ ਰਾਮਦੇਵ ਹੁਣ ਅੰਦੋਲਨਾਂ ਤੋਂ ਦੂਰ ਰਹਿ ਰਿਹਾ ਹੈ। ਦਿੱਲੀ ਦੇ ਬਾਰਡਰਾਂ 'ਤੇ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਸਮੇਂ ਇਸ 'ਭੱਦਰ ਪੁਰਸ਼' ਨੇ ਕਿਸਾਨਾਂ ਦੇ ਹੱਕ ਵਿੱਚ ਇੱਕ ਹਾਅ ਦਾ ਨਾਅਰਾ ਤਕ ਨਹੀਂ ਮਾਰਿਆ ਸੀ।

ਬਾਬਾ ਰਾਮਦੇਵ ਨੇ ਸਿਰਫ ਮੈਡੀਕਲ ਵਿਗਿਆਨ ਖਿਲਾਫ ਹੀ ਬਿਆਨ ਨਹੀਂ ਦਿੱਤੇ ਹਨ ਬਲਕਿ ਕਈ ਵਾਰ ਵਿਵਾਦਿਤ ਬਿਆਨ ਵੀ ਦਿੱਤੇ ਹਨ ਜਿਵੇਂ 2022 ਵਿੱਚ ਉਹਨਾਂ ਮਹਾਂਰਾਸ਼ਟਰ ਦੇ ਠਾਣੇ ਵਿੱਚ ਇੱਕ ਯੋਗਾ ਸਿਖਲਾਈ ਕੈਂਪ ਦੌਰਾਨ ਔਰਤਾਂ ਦੇ ਕੱਪੜੇ ਪਾਉਣ ਸੰਬੰਧੀ ਇੱਕ ਵਿਵਾਦਿਤ ਬਿਆਨ ਦਿੱਤਾ ਸੀ।

ਪਿਛਲੇ ਸਾਲ ਇੱਕ ਸਮਾਗਮ ਦੌਰਾਨ ਬਾਬਾ ਰਾਮਦੇਵ ਨੇ ਕਿਹਾ ਸੀ ਕਿ ਉਸਦੀ ਕੰਪਨੀ ਦਾ ਸਲਾਨਾ ਟਰਨਓਵਰ 45 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਇਸਦਾ ਨਿਸ਼ਾਨਾ 1 ਲੱਖ ਕਰੋੜ ਦਾ ਹੈ। ਮਤਲਬ ਸਾਫ ਹੈ ਕਿ ਇਹ ਕੰਪਨੀ ਬਾਕੀ ਕਾਰਪੋਰੇਟ ਘਰਾਣਿਆਂ ਵਰਗੀ ਇੱਕ ਕੰਪਨੀ ਹੈ, ਜਿਸਦਾ ਮੰਤਵ ਮੁਨਾਫੇ ਤੋਂ ਸਿਵਾਏ ਕੁਝ ਵੀ ਨਹੀਂ ਹੈ।

ਇਹ ਵੀ ਸੱਚ ਹੈ ਕਿ ਭਾਜਪਾ ਵਿਗਿਆਨਕ ਖੋਜਾਂ ਨੂੰ ਉਤਸ਼ਾਹਿਤ ਕਰਨ ਦੀ ਬਜਾਏ ਗੈਰ ਵਿਗਿਆਨਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਦੀ ਆ ਰਹੀ ਹੈ। ਭਾਜਪਾ ਦੇ ਕਈ ਵੱਡੇ ਆਗੂ ਵਿਗਿਆਨਕ ਵਿਕਾਸ ਨੂੰ ਰੱਦ ਕਰਕੇ ਸਮਾਜ ਵਿੱਚ ਅੰਧਵਿਸ਼ਵਾਸ ਪੈਦਾ ਕਰਨ ਵਾਲੇ ਬਿਆਨ ਦਿੰਦੇ ਰਹਿੰਦੇ ਹਨ। ਇਹੀ ਵਜਾਹ ਹੈ ਕਿ ਬਾਬਾ ਰਾਮਦੇਵ ਵਰਗਾ ਵਿਅਕਤੀ ਭਾਜਪਾ ਦੇ ਫਿੱਟ ਬੈਠਦਾ ਹੈ। ਭਾਜਪਾ ਵੱਲੋਂ ਜਿਵੇਂ ਬਾਬਾ ਰਾਮਦੇਵ ਨੂੰ ਬੇਰੋਕ ਬਿਜ਼ਨਸ ਛੋਟਾਂ ਦਿੱਤੀਆਂ ਜਾ ਰਹੀਆਂ ਹਨ, ਉਸੇ ਤਰ੍ਹਾਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ ਅਤੇ ਇਸ ਤਰ੍ਹਾਂ ਦੀਆਂ ਛੋਟਾਂ ਲੈਣ ਵਾਲਿਆਂ ਦੀ ਲੰਮੀ ਲਿਸਟ ਬਣ ਸਕਦੀ ਹੈ। ਇਹ ਵੀ ਤੱਥ ਹਨ ਕਿ ਖੁਦ ਬਿਮਾਰ ਹੋਣ 'ਤੇ ਪਤੰਜਲੀ ਦੇ ਸੰਚਾਲਕ ਹਸਪਤਾਲਾਂ ਵਿੱਚ ਮਾਹਿਰ ਡਾਕਟਰਾਂ ਤੋਂ ਇਲਾਜ ਕਰਵਾਉਂਦੇ ਹਨ, ਲੇਕਿਨ ਆਮ ਲੋਕਾਂ ਨੂੰ ਗੁਮਰਾਹ ਕਰਦੇ ਹਨ।

ਆਈਐੱਮਏ ਵੱਲੋਂ ਸਰਕਾਰ ਦੀ ਚਹੇਤੀ ਕੰਪਨੀ 'ਪਤੰਜਲੀ' ਖਿਲਾਫ ਲੜੀ ਜਾ ਰਹੀ ਅਦਾਲਤੀ ਲੜਾਈ ਨੂੰ ਉਤਸ਼ਾਹਿਤ ਕਰਦਿਆਂ ਸਾਡਾ ਫਰਜ਼ ਬਣਦਾ ਹੈ ਕਿ ਉਹਨਾਂ ਡਾਕਟਰਾਂ ਦਾ ਸਹਿਯੋਗ ਕੀਤਾ ਜਾਵੇ। ਵੈਸੇ ਜਿਵੇਂ ਪਤੰਜਲੀ ਆਪਣੇ ਇਸ਼ਤਿਹਾਰਾਂ ਵਿੱਚ ਲੋਕਾਂ ਨੂੰ ਗੁਮਰਾਹ ਕਰਦੀ ਹੈ, ਉਸੇ ਤਰ੍ਹਾਂ ਹਰ ਸ਼ਹਿਰ ਦੇ ਗਲੀ, ਮੋੜ 'ਤੇ ਖੁੱਲ੍ਹੇ 'ਮਰਦਾਨਾ ਕਮਜ਼ੋਰੀ' ਦੂਰ ਕਰਨ ਦੇ ਅਖੌਤੀ ਕਲੀਨਿਕ ਨੌਜਵਾਨਾਂ ਨੂੰ ਲੁੱਟ ਰਹੇ ਹਨ। ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਸ਼ਹਿਰਾਂ ਵਿੱਚ ਨੌਜਵਾਨਾਂ ਨੂੰ ਗੁਮਰਾਹ ਕਰਨ ਵਾਲੇ ਇਹਨਾਂ ਕਥਿਤ ਮਾਹਿਰਾਂ ਖਿਲਾਫ ਵੀ ਕਾਰਵਾਈ ਕਰੇ।

**ਮੌਜੂਦਾ ਤੇ ਸਾਬਕਾ ਵਿਧਾਇਕਾਂ, ਕੇਂਦਰ ਵਿੱਚ ਜਾਣ ਵਾਲੇ ਸੰਸਦ ਮੈਂਬਰਾਂ ਤੇ ਵੱਡੇ ਸਰਕਾਰੀ ਅਫ਼ਸਰਾਂ ਦੀਆਂ ਸਮੇਂ-ਸਮੇਂ ਤੇ ਜਾਇਦਾਦਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜੇ ਆਮਦਨ ਦੇ ਹਿਸਾਬ ਨਾਲ ਜਾਇਦਾਦ ਵਧੇਰੇ ਹੋਵੇ ਤਾਂ ਉਸ ਜ਼ਬਤ ਕਰਕੇ ਸਰਕਾਰੀ ਖਜ਼ਾਨੇ ਵਿੱਚ ਪਾਈ ਜਾਵੇ ਅਤੇ ਗੈਰ ਸਰਕਾਰੀ ਤੇ ਸਮਾਜ ਸੇਵੀ ਸੰਸਥਾਵਾਂ ਉਨ੍ਹਾਂ ਦੇ ਵਿਰੁੱਧ ਅਦਾਲਤ ਵਿੱਚ ਕਾਨੂੰਨੀ ਕਾਰਵਾਈ ਕਰਨ।**

## ਹੋਲੇ-ਮਹੱਲੇ 'ਤੇ ਵਿਸ਼ੇਸ਼

# ਹੋਲੇ-ਮਹੱਲੇ ਦੇ ਰੰਗ ਨਿਹੰਗ ਸਿੰਘਾਂ ਦੇ ਸੰਗ

ਰਮੇਸ਼ ਬੱਗਾ ਚੋਹਲਾ
ਮੋਬ : 9463132719

ਹੋਲੇ ਮਹੱਲੇ ਦਾ ਤਿਉਹਾਰ ਸਿੱਖ-ਸੰਸਾਰ ਵਿਚ ਇੱਕ ਅਹਿਮ ਅਤੇ ਵਿਲੱਖਣ ਸਥਾਨ ਰੱਖਦਾ ਹੈ। ਭਾਰਤ ਦੇ ਬਾਕੀ ਤਿਉਹਾਰਾਂ ਨਾਲੋਂ ਇਸ ਦੀ ਨਿਵੇਕਲੀ ਅਤੇ ਨਿਰਾਲੀ ਸ਼ਾਨ ਹੈ। ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਖ਼ਾਲਸਾ ਫ਼ੌਜ ਵਿਚ ਉਸ ਜਜ਼ਬੇ ਨੂੰ ਸਦਾ ਵਾਸਤੇ ਜਵਾਨ ਰੱਖਣਾ ਚਾਹੁੰਦੇ ਸਨ ਜਿਹੜਾ ਉਨ੍ਹਾਂ ਨੇ ਹੱਕ ਅਤੇ ਸੱਚ ਦੀ ਖਾਤਰ ਜੂਝਣ ਲਈ ਜਗਾਇਆ ਸੀ। ਇਸ ਮਨੋਰਥ ਦੀ ਸਿੱਧੀ ਲਈ ਹੀ ਦਸਮ ਪਿਤਾ ਨੇ ਹਿੰਦੋਸਤਾਨ ਦੇ ਰਵਾਇਤੀ ਤਿਉਹਾਰ ਹੋਲੀ ਨੂੰ ਸਿੰਘਾਂ ਦੇ ਜੰਗਜੂ ਅਭਿਆਸ ਨਾਲ ਜੋੜ ਦਿੱਤਾ ਅਤੇ ਸਿੱਖੀ ਵਿਚ ਇੱਕ ਨਵੀਂ ਪਿਰਤ ਪਾ ਦਿੱਤੀ। ਇਸ ਪਿਰਤ ਤਹਿਤ ਸ੍ਰੀ ਆਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਹਰ ਸਾਲ ਹੋਲੀ ਤੋਂ ਅਗਲੇ ਦਿਨ ਹੋਲੇ-ਮਹੱਲੇ ਦਾ ਖ਼ਾਲਸਾਈ ਤਿਉਹਾਰ ਮਨਾਇਆ ਜਾਂਦਾ ਹੈ।

ਦਸਵੇਂ ਪਾਤਸ਼ਾਹ ਵੱਲੋਂ 30 ਮਾਰਚ 1699 ਈ. ਦੀ ਵਿਸਾਖੀ ਵਾਲੇ ਦਿਨ ਸਾਜੇ ਖ਼ਾਲਸਾ ਪੰਥ ਦਾ ਨਾ ਸਿਰਫ ਲਿਬਾਸ ਹੀ ਬਦਲਿਆ ਸਗੋਂ ਵਿਸ਼ਵਾਸ ਅਤੇ ਅਭਿਆਸ (ਰੀਤੀ-ਰਿਵਾਜ ਤੇ ਤਿਉਹਾਰ ਪੱਖੋਂ) ਵੀ ਬਦਲ ਦਿੱਤਾ ਗਿਆ। ਇਸ ਬਦਲਾਅ ਤਹਿਤ ਭਾਰਤਵਰਸ਼ ਵਿਚ ਮਨਾਏ ਜਾਂਦੇ ਹੋਲੀ ਦੇ ਤਿਉਹਾਰ ਤੋਂ ਅਗਲੇ ਦਿਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਦਾ ਤਿਉਹਾਰ ਮਨਾਇਆ ਜਾਣ ਲੱਗਾ। ਇਸ ਤਿਉਹਾਰ ਦੀ ਆਰੰਭਤਾ ਦਾ ਕਾਰਨ ਭਾਰਤੀਆਂ ਵੱਲੋਂ ਮਨਾਏ ਜਾਂਦੀ ਹੋਲੀ ਦੇ ਤਿਉਹਾਰ ਵਿਚਲੇ ਰੰਗਾਂ ਦੀ ਫਿਕਾਵਟ ਸੀ। ਇਸ ਕਰਕੇ ਹੀ ਗੁਰੂ ਜੀ ਵੱਲੋਂ ਇਸ ਤਿਉਹਾਰ (ਹੋਲੇ-ਮਹੱਲੇ) ਨੂੰ ਖ਼ਾਲਸਾਈ (ਚੜ੍ਹਦੀਕਲ੍ਹਾ ਦੇ) ਰੰਗ ਵਿਚ ਰੰਗ ਦਿੱਤਾ ਗਿਆ। ਸੂਰਬੀਰ ਕਰਤੱਬਾਂ ਨਾਲ ਭਰਪੂਰ ਹੋਲੇ-ਮਹੱਲੇ ਦੇ ਇਸ ਤਿਉਹਾਰ ਨੂੰ ਖ਼ਾਲਸਾ ਪੰਥ ਵੱਲੋਂ ਮਨਾਉਣ ਦਾ ਮੁੱਖ ਮਨੋਰਥ ਸੀ 'ਜਬ ਆਵ ਕੀ ਆਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ'। ਇਸ ਮਨੋਰਥ ਦੀ ਪੂਰਤੀ ਹਿੱਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾਈ ਫ਼ੌਜ ਨੂੰ ਦੋ ਜੱਥਿਆਂ ਵਿਚ ਵੰਡ ਦਿੱਤਾ ਜਾਂਦਾ ਸੀ। ਇਨ੍ਹਾਂ ਦੋਵਾਂ ਦੇ ਵਸਤਰ ਵੀ ਵੱਖ-ਵੱਖ ਹੁੰਦੇ ਸਨ। ਇੱਕ ਜੱਥਾ ਕਿਲ੍ਹੇ ਰੂਪੀ ਹਵੇਲੀ ਵਿਚ ਪੜਾਅ (ਮਹੱਲਾ) ਕਰਦਾ ਸੀ ਅਤੇ ਦੂਸਰਾ ਜੱਥਾ ਗੁਰੂ ਜੀ ਦੀ ਅਗਵਾਈ ਵਿਚ ਹੱਲਾ (ਹੋਲਾ) ਬੋਲਦਾ ਸੀ। ਦੋਵਾਂ ਜੱਥਿਆਂ ਵਿਚ ਖ਼ੂਬ (ਬਨਾਉਟੀ) ਲੜਾਈ ਹੁੰਦੀ ਜਿਸ ਵਿਚ ਜਾਨੀ ਨੁਕਸਾਨ ਤੋਂ ਗੁਰੇਜ਼ ਕੀਤਾ ਜਾਂਦਾ ਸੀ। ਕਲਗੀਧਰ ਪਿਤਾ ਵੱਲੋਂ ਜੇਤੂ ਜੱਥੇ ਨੂੰ ਕਈ ਪ੍ਰਕਾਰ ਦੇ ਇਨਾਮਾਂ ਨਾਲ ਨਿਵਾਜਿਆ ਜਾਂਦਾ ਅਤੇ ਕੜਾਹ-ਪ੍ਰਸ਼ਾਦ ਦੇ ਖੁੱਲੇ ਗੱਫੇ ਵਰਤਾਏ ਜਾਂਦੇ ਸਨ। ਇਸ ਤਰ੍ਹਾਂ ਗੁਰੂ ਕੀਆਂ ਲਾਡਲੀਆਂ ਫ਼ੌਜਾਂ (ਖ਼ਾਲਸੇ) ਵੱਲੋਂ ਮਨਾਇਆ ਜਾਂਦਾ ਹੋਲੇ-ਮਹੱਲੇ ਦਾ ਇਹ ਤਿਉਹਾਰ ਆਪਣਾ ਵਿਲੱਖਣ ਅਤੇ ਨਿਆਰਾ ਪ੍ਰਭਾਵ ਛੱਡ ਜਾਂਦਾ ਸੀ। ਇਸ ਨਿਵੇਕਲੇ ਅਤੇ ਠੋਸ ਪ੍ਰਭਾਵ ਨੂੰ ਨਿਹੰਗ-ਸਿੰਘਾਂ ਵੱਲੋਂ ਅੱਜ ਤੱਕ ਵੀ ਕਾਇਮ ਰੱਖਿਆ ਹੋਇਆ ਹੈ। ਇਨ੍ਹਾਂ ਫ਼ੌਜਾਂ ਵੱਲੋਂ ਇਸ ਤਿਉਹਾਰ ਨੂੰ ਹਰ ਸਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ, ਜਿਸ ਨੂੰ ਦੇਖਣ ਹਿੱਤ ਸੰਗਤਾਂ ਦੂਰ-ਦੁਰਾਡੇ ਤੋਂ ਸ੍ਰੀ ਆਨੰਦਪੁਰ ਸਾਹਿਬ ਪਹੁੰਚਦੀਆਂ ਹਨ।



ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਇੱਕ ਨਿਹੰਗ ਸਿੰਘ ਦੇ ਨਾਲ ਖਲੋਤੇ ਲੇਖਕ ਅਤੇ ਉਸ ਦੀ ਜੀਵਨ ਸਾਥਣ ਫੋਟੋ:-ਬਲਜੀਵਨ ਚੋਹਲਾ

ਹੋਲੇ-ਮਹੱਲੇ ਦੀ ਰੌਣਕ ਨੂੰ ਵਧਾਉਣ ਅਤੇ ਸਿੱਖੀ ਦੀ ਸ਼ਾਨ ਨੂੰ ਬਣਾਉਣ ਹਿੱਤ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਉਰਫ਼ ਨਿਹੰਗ ਸਿੰਘਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਲੇਖ ਵਿਚ ਪੇਸ਼ ਹੈ ਦਸਮ ਪਾਤਸ਼ਾਹ ਤੋਂ ਵਰਸੋਏ ਨਿਰਭਉ ਅਤੇ ਨਿਰਵੈਰ ਬਿਰਤੀ ਦੇ ਮਾਲਕ ਨਿਹੰਗ-ਸਿੰਘਾਂ ਬਾਬਤ ਵਿਸ਼ੇਸ਼ ਜਾਣਕਾਰੀ:-



1708 ਈ.ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖ਼ਸ਼ ਕੇ ਜਿਥੇ ਪੰਥ ਨੂੰ ਸਦੀਵੀ ਤੌਰ 'ਤੇ ਸ਼ਬਦ ਗੁਰੂ ਦੇ ਸਿਧਾਂਤ ਨਾਲ ਜੋੜ ਦਿੱਤਾ ਹੈ ਉਥੇ ਨਾਲ ਹੀ ਇਸ (ਪੰਥ) ਦੀ ਚੜ੍ਹਦੀਕਲਾ ਲਈ (ਆਪਣੇ ਵਿਸ਼ੇਸ਼ ਥਾਪੜੇ ਨਾਲ) ਕੁੱਝ ਕੁ ਜਥੇਬੰਦੀਆਂ/ਸੰਪ੍ਰਦਾਵਾਂ ਦੀ ਸਥਾਪਨਾ ਵੀ ਕੀਤੀ ਹੈ। ਇਨ੍ਹਾਂ ਜਥੇਬੰਦੀਆਂ ਵਿਚੋਂ ਹੀ ਇੱਕ ਸਿਰਕੱਢਵੀਂ ਜਥੇਬੰਦੀ ਹੈ ਨਿਹੰਗ ਸਿੰਘਾਂ ਦੀ ਹੈ ਜਿਸ ਨੂੰ ਗੁਰੂ ਕੀਆਂ ਲਾਡਲੀਆਂ ਫੌਜਾਂ ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ।

ਨਿਹੰਗ ਸਿੰਘ ਸਿੱਖ ਪੰਥ ਦਾ ਅਨਿੱਖੜਵਾਂ ਅਤੇ ਅਹਿਮ ਅੰਗ ਹਨ। ਬਾਣੀ ਅਤੇ ਬਾਣੇ ਨਾਲ ਜੁੜੇ ਹੋਣ ਕਰਕੇ ਇਨ੍ਹਾਂ ਦੀ ਇੱਕ ਅੱਡਰੀ ਅਤੇ ਵਿਲੱਖਣ ਪਹਿਚਾਣ ਹੈ। ਪੁਰਾਤਨ ਜੰਗੀ ਸਰੂਪ ਅਤੇ ਆਚਾਰ-ਵਿਹਾਰ ਨੂੰ ਸੰਭਾਲਣ ਵਿਚ ਨਿਹੰਗ ਸਿੰਘਾਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ।

ਨਿਹੰਗ ਸ਼ਬਦ ਫ਼ਾਰਸੀ ਭਾਸ਼ਾ ਵਿਚੋਂ ਲਿਆ ਗਿਆ ਹੈ ਜਿਸ ਦੇ ਅਰਥ ਹਨ- ਖੜਗ, ਤਲਵਾਰ, ਕਲਮ, ਮਗਰਮੱਛ, ਘੜਿਆਲ, ਘੋੜਾ, ਦਲੇਰ, ਨਿਰਲੇਪ, ਆਤਮ ਗਿਆਨੀ ਜਿਸ ਨੂੰ ਮੌਤ ਦਾ ਭੈਅ ਨਾ ਹੋਵੇ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨਿਹੰਗ ਸਿੰਘਾਂ ਦੀ ਨਿਰਭੈਅਤਾ ਬਾਬਤ ਗੁਰੂ ਗ੍ਰੰਥ ਸਾਹਿਬ ਦੇ ਅੰਗ 392 ਉਪਰ ਇਸ ਤਰ੍ਹਾਂ ਫ਼ੁਰਮਾਉਂਦੇ ਹਨ:-

ਨਿਰਭਉ ਹੋਇਓ ਭਇਆ ਨਿਹੰਗਾ॥

ਆਪਣੀ ਚਰਚਿਤ ਰਚਨਾ 'ਚੰਡੀ ਦੀ ਵਾਰ' ਵਿਚ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ:-

ਪਹਿਲਾਂ ਦਲਾਂ ਮਿਲੰਦਿਆਂ,  
ਭੇੜ ਪਿਆ ਨਿਹੰਗਾਂ॥

ਪੰਥ ਦੇ ਪ੍ਰਸਿੱਧ ਲਿਖਾਰੀ ਭਾਈ ਰਤਨ ਸਿੰਘ ਭੰਗੂ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਨਿਹੰਗ ਸਿੰਘਾਂ ਦਾ ਜਿਕਰ ਇਸ ਤਰ੍ਹਾਂ ਕਰਦੇ ਹਨ:-

ਨਿਹੰਗ ਕਹਾਵੈ ਸੋ ਪੁਰਸ਼,  
ਦੁਖ ਸੁਖ ਮੰਨੇ ਨਾ ਅੰਗ।

'ਮਹਾਨ ਕੋਸ਼' ਦੇ ਪੰਨਾ ਨੰਬਰ 704 ਉਪਰ ਨਿਹੰਗ ਸਿੰਘਾਂ ਬਾਰੇ ਇਸ ਤਰ੍ਹਾਂ ਲਿਖਿਆ ਹੈ:-

'ਨਿਹੰਗ ਸਿੰਘ, ਸਿੰਘਾਂ ਦਾ ਇੱਕ ਫਿਰਕਾ ਹੈ, ਜੋ ਸੀਸ 'ਪੁਰ ਫਰਹਰੇ ਵਾਲਾ ਦੁਮਾਲਾ, ਚੱਕ੍ਰ, ਤੋੜਾ, ਕਿਰਪਾਨ, ਖੰਡਾ, ਗਜਗਾਹ ਆਦਿ ਸ਼ਸਤਰ ਅਤੇ ਨੀਲਾ ਬਾਣਾ ਪਹਿਨਦਾ ਹੈ।'

ਪੰਥ ਦੀ ਸ਼ਸਤਰਧਾਰੀ ਧਿਰ ਨਿਹੰਗ ਸਿੰਘਾਂ ਨੂੰ ਅਕਾਲੀ ਵੀ ਕਿਹਾ ਜਾਂਦਾ ਹੈ ਕਿਉਂਕਿ ਉਹ ਇੱਕ ਅਕਾਲ (ਵਹਿਗੁਰੂ) ਦੇ ਪੁਜਾਰੀ ਹਨ ਅਤੇ ਅਕਾਲ-ਅਕਾਲ ਜਪਦੇ ਹਨ। ਇਨ੍ਹਾਂ ਦੇ ਵਿਲੱਖਣ ਸਰੂਪ ਬਾਰੇ ਬਹੁਤ ਸਾਰੀਆਂ ਧਾਰਨਾਵਾਂ ਪ੍ਰਚਲਿਤ ਹਨ। ਜੇਕਰ 'ਮਾਲਵਾ ਇਤਹਾਸ' ਦੇ ਸਫ਼ਾ ਨੰਬਰ 436 ਦੇ ਹਵਾਲੇ ਨਾਲ ਗੱਲ ਕੀਤੀ ਜਾਵੇ ਤਾਂ ਇਹ ਸਫ਼ਾ ਕਹਿੰਦਾ ਹੈ ਕਿ ਜਦੋਂ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕੀਤੇ ਗਏ ਸਨ ਤਾਂ ਉਸ ਵਕਤ ਗੁਰੂ ਨਾਨਕ ਨਾਮ-ਲੇਵਾ ਸੰਗਤ ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਗੁਰੂ-ਦਰਸ਼ਨਾਂ ਲਈ ਕਿਲ੍ਹੇ ਵੱਲ ਜਾਇਆ ਕਰਦੀ ਸੀ। ਬਾਬਾ ਬੁੱਢਾ ਜੀ ਨਿਸ਼ਾਨ ਸਾਹਿਬ ਲੈ ਕੇ ਸੰਗਤ ਦੇ ਅੱਗੇ-ਅੱਗੇ ਚੱਲਿਆ ਕਰਦੇ ਸਨ। ਬਾਬਾ ਜੀ ਦੀ ਇਸ ਪਿਆਰ ਅਤੇ ਦੀਦਾਰ ਭਾਵਨਾ ਤੋਂ ਖੁਸ਼ ਹੋ ਕਿ ਛੇਵੇਂ ਪਾਤਸ਼ਾਹ ਨੇ ਕਿਹਾ ਸੀ ਕਿ 'ਬਾਬਾ ਜੀ ਕੁੱਝ ਸਮਾਂ ਪਾ ਕੇ ਤੇਰਾ ਇਹ ਨਿਸ਼ਾਨਾਂ ਵਾਲਾ ਪੰਥ ਆਪਣੀ ਵੱਖਰੀ ਪਹਿਚਾਣ ਸਥਾਪਿਤ ਕਰੇਗਾ।'

ਇੱਕ ਹੋਰ ਧਾਰਨਾ ਅਨੁਸਾਰ ਇਕ ਵਾਰ ਸਾਹਿਬਜ਼ਾਦਾ ਫ਼ਤਿਹ ਸਿੰਘ ਸੀਸ 'ਤੇ ਦੁਮਾਲਾ ਸਜਾ ਕੇ ਕਲਗੀਧਰ ਪਾਤਸ਼ਾਹ ਦੇ ਸਨਮੁੱਖ ਹੋਏ ਜਿਸ ਨੂੰ ਦੇਖ ਕੇ ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਇਸ ਬਾਣੇ ਦਾ ਨਿਹੰਗ ਪੰਥ ਹੋਵੇਗਾ।

ਇੱਕ ਵਿਚਾਰ ਦੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਮਾਛੀਵਾੜੇ ਤੋਂ (ਉੱਚ ਦਾ ਪੀਰ ਬਣ ਕੇ) ਚੱਲਣ ਸਮੇਂ ਜਿਹੜਾ ਨੀਲਾ ਬਾਣਾ ਧਾਰਨ ਕੀਤਾ ਸੀ ਜਦੋਂ ਉਸ ਨੂੰ ਅੱਗ ਵਿਚ ਸਾੜਿਆ ਗਿਆ ਤਾਂ ਉਸ ਦੀ ਇੱਕ ਲੀਰ ਭਾਈ ਮਾਨ ਸਿੰਘ ਨੇ ਆਪਣੀ ਦਸਤਾਰ ਵਿਚ ਸਜਾ ਲਈ ਸੀ ਜਿਸ ਤੋਂ ਨਿਹੰਗ ਸਿੰਘਾਂ ਦੇ ਬਾਣੇ ਦੀ ਆਰੰਭਤਾ ਮੰਨੀ ਜਾਂਦੀ ਹੈ।

ਜਦੋਂ ਮੁਗਲਾਂ ਨੇ ਖ਼ਾਲਸਾ ਪੰਥ ਨੂੰ ਖਤਮ ਕਰਨ ਲਈ ਹਰ ਤਰ੍ਹਾਂ ਦਾ ਅਤਿਆਚਾਰੀ ਹੀਲਾ-ਵਸੀਲਾ ਵਰਤਣਾ ਸ਼ੁਰੂ ਕੀਤਾ ਤਾਂ ਉਸ ਸੰਕਟਕਾਲੀ ਸਥਿਤੀ ਦਾ ਟਾਕਰਾ ਕਰਨ ਲਈ ਖ਼ਾਲਸਾ ਹਰ ਸਮੇਂ ਤਿਆਰ-ਬਰ-ਤਿਆਰ ਰਹਿਣ ਲੱਗਾ। ਇਸ ਟਾਕਰੇ ਲਈ ਉਸ (ਖ਼ਾਲਸੇ) ਨੇ ਵੱਧ ਤੋਂ ਵੱਧ ਸ਼ਸਤਰ ਰੱਖਣ ਦੇ ਨਾਲ-ਨਾਲ ਆਪਣੀ ਵੱਖਰੀ ਵਰਦੀ ਵੀ ਧਾਰਨ ਕਰ ਲਈ ਜਿਸ ਵਿਚ ਨੀਲੇ ਰੰਗ ਦਾ ਲੰਮਾ ਚੋਲਾ, ਲੱਕ ਨੂੰ ਕਮਰਕੱਸਾ, ਗੋਡਿਆਂ ਤੱਕ ਕਛਹਿਰਾ, ਸਿਰ 'ਤੇ ਉੱਚੀ ਦਸਤਾਰ ਤੇ ਉਸ ਦੁਆਲੇ ਚੱਕਰ ਸਜਾਉਣਾ ਸ਼ਾਮਿਲ ਹੈ। ਇਸ ਤਰ੍ਹਾਂ ਸ਼ਸਤਰ ਅਤੇ ਬਸਤਰ (ਨਿਹੰਗੀ ਬਾਣੇ) ਦਾ ਧਾਰਨੀ ਹੋ ਕੇ ਖ਼ਾਲਸਾ ਅਕਾਲ ਪੁਰਖ ਦੀ ਫ਼ੌਜ ਦੇ ਰੂਪ ਵਿਚ ਮੈਦਾਨ-ਏ-ਜੰਗ ਵਿਚ ਨਿੱਤਰਦਾ ਰਿਹਾ ਹੈ ਅਤੇ ਗੁਰੂ ਘਰ ਦੇ ਦੋਖੀਆਂ ਨੂੰ ਭਾਜੜਾਂ ਪਾਉਂਦਾ ਰਿਹਾ ਹੈ।

ਬਾਕੀ ਹਿਸਾ ਸਫ਼ਾ 29 ਤੇ ਪੜ੍ਹੋ

## 28 ਸਫ਼ੇ ਦੀ ਬਾਕੀ

ਸਿੱਖ ਧਰਮ ਦੀ ਪਰੰਪਰਾ ਅਤੇ ਗੁਰ-ਮਰਯਾਦਾ ਨੂੰ ਕਾਇਮ ਰੱਖਣ ਅਤੇ ਗੁਰਧਾਮਾਂ ਦੀ ਸੇਵਾ-ਸੰਭਾਲ ਹਿੱਤ ਨਿਹੰਗ ਸਿੰਘ ਨੇ ਆਪਣਾ ਬਣਦਾ ਯੋਗਦਾਨ ਪਾਇਆ ਹੈ ਅਤੇ ਲੋੜ ਪੈਣ 'ਤੇ ਕੁਰਬਾਨੀਆਂ ਵੀ ਕੀਤੀਆਂ ਹਨ। ਨਿਹੰਗ ਸਿੰਘਾਂ ਵਿਚ ਉਹ ਸਾਰੀਆਂ ਖ਼ੂਬੀਆਂ ਮਿਲਦੀਆਂ ਸਨ, ਜਿੰਨ੍ਹਾਂ ਨੂੰ ਕਲਗੀਧਰ ਪਿਤਾ ਪਿਆਰਦੇ ਅਤੇ ਸਤਿਕਾਰਦੇ ਸਨ। ਇਨ੍ਹਾਂ ਖ਼ੂਬੀਆਂ ਕਾਰਨ ਹੀ ਨਿਹੰਗ ਸਿੰਘਾਂ ਨੂੰ ਗੁਰੂ ਕੀਆਂ ਲਾਡਲੀਆਂ ਫੌਜਾਂ ਦਾ ਖ਼ਿਤਾਬ ਮਿਲਿਆ ਹੋਇਆ ਹੈ।

ਪੰਜ ਸ਼ਸਤਰ ਨਿਹੰਗ ਸਿੰਘਾਂ ਨੂੰ ਜਾਨ ਤੋਂ ਵੀ ਪਿਆਰੇ ਹਨ ਜਿੰਨ੍ਹਾਂ ਵਿੱਚ ਕਿਰਪਾਨ, ਖੰਡਾ, ਬਾਘ ਨਖਾ, ਤੀਰ-ਕਮਾਨ ਅਤੇ ਚੱਕਰ। ਇਹ ਸਾਰੇ ਨਿੱਕੇ ਅਕਾਰ ਦੇ ਹੁੰਦੇ ਹਨ ਅਤੇ ਨਿਹੰਗ ਸਿੰਘ ਇਨ੍ਹਾਂ ਨੂੰ ਦੁਮਾਲੇ ਵਿਚ ਸਜਾ ਕੇ ਰੱਖਦੇ ਹਨ। ਸਿੱਖ ਫੌਜਾਂ ਵਿਚ ਵੱਡੀ ਤਦਾਦ ਨਿਹੰਗ ਸਿੰਘਾਂ ਦੀ ਹੀ ਹੁੰਦੀ ਸੀ। ਇਨ੍ਹਾਂ ਦੇ ਕਿਰਦਾਰ ਦਾ ਇੱਕ ਤਸੱਲੀਬਖ਼ਸ਼ ਪੱਖ ਇਹ ਵੀ ਰਿਹਾ ਹੈ ਕਿ ਜਦੋਂ ਇਹ ਜੈਕਾਰੇ ਗਜਾਉਂਦੇ ਕਿਸੇ ਨਗਰ-ਖੇੜੇ ਵਿਚ ਪੈਰ ਪਾਉਂਦੇ ਤਾਂ ਲੋਕ ਆਪ ਮੁਹਾਰੇ ਹੀ ਆਪਣੀਆਂ ਨੂੰਹਾਂ-ਧੀਆਂ ਨੂੰ ਕਹਿ ਦਿੰਦੇ ਸਨ:-

'ਆਏ ਨੀ ਨਿਹੰਗ,
ਬੂਹੇ ਖੋਲ੍ਹ ਦੇ ਨਿਸੰਗ।'

ਉੱਚੇ ਅਤੇ ਸੁੱਚੇ ਕਿਰਦਾਰ ਦੇ ਮਾਲਕ ਨਿਹੰਗ ਸਿੰਘ ਬਹੁਤ ਹੀ ਭਜਨੀਕ, ਸੂਰਬੀਰ, ਨਿਰਭੈ, ਨਿਰਵੈਰ ਅਤੇ ਕਹਿਣੀ-ਕਰਨੀ ਦੇ ਧਨੀ ਹੋਏ ਹਨ। ਸਿੱਖ ਵਿਸ਼ਵਾਸ ਅਤੇ ਇਤਿਹਾਸ ਨੂੰ ਮਾਣ-ਮੱਤਾ ਬਣਾਉਣ ਵਿਚ ਇਨ੍ਹਾਂ ਦੀ ਭੂਮਿਕਾ ਹਾਂ-ਪੱਖੀ ਰਹੀ ਹੈ।

ਲੰਮੇ ਸਮੇਂ ਤੋਂ ਕਈ ਸ਼ਹੀਦੀ ਸਥਾਨਾਂ ਅਤੇ ਡੇਰਿਆਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਨਿਹੰਗ ਸਿੰਘਾਂ ਵੱਲੋਂ ਨਿਭਾਈ ਜਾ ਰਹੀ ਹੈ। ਇਨ੍ਹਾਂ ਦੇ ਡੇਰਿਆਂ ਨੂੰ ਛਾਉਣੀਆਂ ਕਿਹਾ ਜਾਂਦਾ ਹੈ। ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਵਿਸਾਖੀ,ਸ੍ਰੀ ਅੰਮ੍ਰਿਤਸਰ ਸਾਹਿਬ ਦੀ ਦਿਵਾਲੀ ਅਤੇ ਸ੍ਰੀ ਆਨੰਦਪੁਰ ਸਾਹਿਬ ਦਾ ਹੋਲਾ-ਮਹੱਲਾ ਨਿਹੰਗ ਸਿੰਘਾਂ ਦੀ ਭਰਪੂਰ ਅਤੇ ਮਸ਼ਹੂਰ ਹਾਜ਼ਰੀ ਵਾਲੇ ਤਿਉਹਾਰ ਹਨ। ਹੋਲੇ-ਮਹੱਲੇ ਦੇ ਰੰਗ ਤਾਂ ਨਿਹੰਗ ਸਿੰਘਾਂ ਦੀ ਹਾਜ਼ਰੀ ਤੋਂ ਬ.ਗੈਰ ਉੱਘੜਦੇ ਹੀ ਨਹੀਂ ਹਨ। ਸਰਬ-ਲੋਹ ਦੇ ਬਰਤਨਾਂ ਅਤੇ ਘੋੜਿਆਂ ਨਾਲ ਨਿਹੰਗ ਸਿੰਘਾਂ ਨੂੰ ਵਿਸ਼ੇਸ਼ ਪ੍ਰੇਮ ਹੁੰਦਾ ਹੈ। ਇਸ ਤੋਂ ਇਲਾਵਾ ਇਹ ਸ਼ਸਤਰਾਂ ਨੂੰ ਵੀ ਅੰਗ ਲਗਾ ਕੇ ਰੱਖਦੇ ਹਨ।

ਨਿਹੰਗ ਸਿੰਘਾਂ ਦੀ ਬੋਲ-ਬਾਣੀ ਵੀ ਵਿਲੱਖਣ ਅਤੇ ਰੋਚਿਕਤਾ ਭਰਪੂਰ ਹੁੰਦੀ ਹੈ। ਘਾਟੇਵੰਦੀ ਸਥਿਤੀ ਨੂੰ ਲਾਹੇਵੰਦੀ ਨਜ਼ਰ ਨਾਲ ਦੇਖਣਾ ਇਸ ਬੋਲ-ਬਾਣੀ ਦਾ ਅਹਿਮ ਪੱਖ ਰਿਹਾ ਹੈ। ਇਸੇ ਕਰਕੇ ਹੀ ਇਸ ਬੋਲ-ਬਾਣੀ ਨੂੰ 'ਗੜਗੱਜ ਬੋਲਿਆਂ' ਦਾ ਨਾਮ ਦਿੱਤਾ ਜਾਂਦਾ ਹੈ। ਇਨ੍ਹਾਂ ਬੋਲਿਆਂ ਤਹਿਤ ਇੱਕ ਸਿੰਘ ਨੂੰ ਸਵਾ ਲੱਖ ਕਹਿਣ ਨਾਲ ਦੁਸ਼ਮਣ ਦੰਗ ਰਹਿ ਜਾਂਦੇ ਸਨ ਅਤੇ ਮੈਦਾਨ ਛੱਡ ਜਾਂਦੇ ਸਨ।

ਅਜੋਕੇ ਸਮੇਂ ਵੀ ਨਿਹੰਗ ਸਿੰਘਾਂ ਦੇ ਕਈ ਦਲ ਮੌਜੂਦ ਹਨ ਜੋ ਵੱਖਰਤਾਮਕ ਲੀਹਾਂ ਦੇ ਪਾਂਧੀ ਹੋਣ ਕਰਕੇ ਕਈ ਤਰ੍ਹਾਂ ਦੀ ਅਲੋਚਨਾਵਾਂ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ।

* ******

# ਮਿਜ਼ਾਈਲ ਹੋਵੇ ਜਾਂ ਡਰੋਨ, ਪਲਕ ਝਪਕਦਿਆਂ ਹੀ ਹੋ ਜਾਣਗੇ ਨਸ਼ਟ

## ✪ ਇੰਗਲੈਂਡ ਦੇ ਲੇਜ਼ਰ ਹਥਿਆਰ ਬਦਲ ਦੇਣਗੇ ਜੰਗ ਦਾ ਰੁਖ

ਲੰਡਨ-ਯੂਕਰੇਨ ਤੋਂ ਲੈ ਕੇ ਤਾਈਵਾਨ ਤੱਕ ਦੁਨੀਆ ਵਿਚ ਤਣਾਅ ਆਪਣੇ ਸਿਖਰ 'ਤੇ ਹੈ। ਇਕ ਪਾਸੇ ਰੂਸੀ ਫੌਜ ਯੂਕਰੇਨ ਵਿਚ ਲਗਾਤਾਰ ਭਿਆਨਕ ਹਮਲੇ ਕਰ ਰਹੀ ਹੈ, ਉਥੇ ਹੀ ਦੂਜੇ ਪਾਸੇ ਤਾਇਵਾਨ 'ਤੇ ਵੀ ਚੀਨੀ ਹਮਲੇ ਦੇ ਬੱਦਲ ਮੰਡਰਾ ਰਹੇ ਹਨ। ਯੂਕਰੇਨ ਜੰਗ ਵਿੱਚ ਰੂਸ ਦੇ ਐਸ-400 ਅਤੇ ਅਮਰੀਕਾ ਦੀ ਪੈਟ੍ਰੀਅਟ ਮਿਜ਼ਾਈਲ ਰੱਖਿਆ ਪ੍ਰਣਾਲੀ ਵਿਚਾਲੇ ਜ਼ਬਰਦਸਤ ਟੱਕਰ ਹੋ ਰਹੀ ਹੈ। ਇਸ ਦੌਰਾਨ ਬ੍ਰਿਟੇਨ ਨੇ ਇਸ ਹਫਤੇ ਇਕ ਨਵੇਂ ਲੇਜ਼ਰ ਹਥਿਆਰ ਦਾ ਸਫਲ ਪ੍ਰੀਖਣ ਕੀਤਾ ਹੈ। ਬ੍ਰਿਟੇਨ ਨੇ ਕਿਹਾ ਕਿ ਉਸ ਦੀ ਫੌਜ ਸਿਰਫ 13 ਡਾਲਰ ਵਿਚ ਇਸ ਹਥਿਆਰ ਦੀ ਮਦਦ ਨਾਲ ਕਿਸੇ ਵੀ ਖਤਰਨਾਕ ਮਿਜ਼ਾਈਲ ਅਤੇ ਜਹਾਜ਼ ਨੂੰ ਨਸ਼ਟ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਬ੍ਰਿਟਿਸ਼ ਫੌਜ ਨੂੰ ਲੱਖਾਂ ਡਾਲਰ ਦੀ ਬਚਤ ਹੋਵੇਗੀ। ਇਸ ਨਾਲ ਭਵਿੱਖ ਵਿੱਚ ਐਸ-400 ਵਰਗੀਆਂ ਮਿਜ਼ਾਈਲ ਰੱਖਿਆ ਪ੍ਰਣਾਲੀਆਂ ਦੀ ਛੁਟੀ ਹੋ ਸਕਦੀ ਹੈ।

ਬ੍ਰਿਟੇਨ ਦੇ ਰੱਖਿਆ ਮੰਤਰਾਲੇ ਨੇ ਇੱਕ ਵੀਡੀਓ ਜਾਰੀ ਕੀਤਾ ਹੈ ਜਿਸ ਵਿੱਚ ਦਿਖਾਇਆ ਗਿਆ ਹੈ ਕਿ ਕਿਵੇਂ ਡਰੈਗਨ ਫਾਇਰ ਲੇਜ਼ਰ ਵੈਪਨ ਸਿਸਟਮ ਨੇ ਸਕਾਟਲੈਂਡ ਵਿੱਚ ਇੱਕ ਹਵਾਈ ਜਹਾਜ਼ ਨੂੰ ਸਫਲਤਾਪੂਰਵਕ ਨਸ਼ਟ ਕੀਤਾ। ਇਹ ਟੈਸਟ ਜਨਵਰੀ ਵਿੱਚ ਕੀਤਾ ਗਿਆ ਸੀ। ਇਸ ਵੀਡੀਓ ਵਿਚ ਕਿਹਾ ਗਿਆ ਹੈ, 'ਇਹ ਹਵਾਈ ਰੱਖਿਆ ਲਈ ਸੰਭਵ ਤੌਰ 'ਤੇ ਗੇਮਚੇਂਜਰ ਹੋ ਸਕਦਾ ਹੈ।' ਵੀਡੀਓ ਵਿਚ ਦੇਖਿਆ ਜਾ ਰਿਹਾ ਹੈ ਕਿ ਰਾਤ ਨੂੰ ਸਕਾਈ ਡਰੈਗਨ ਵੈਪਨ ਵਿਚੋਂ ਇਕ ਚਮਕਦਾਰ ਲੇਜ਼ਰ ਬੀਮ ਨਿਕਲ ਰਹੀ ਹੈ ਅਤੇ ਇਸ ਨੇ ਜਹਾਜ਼ ਨੂੰ ਤਬਾਹ ਕਰ ਦਿੱਤਾ। ਬ੍ਰਿਟੇਨ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਇਹ ਲੇਜ਼ਰ ਹਥਿਆਰ ਬਹੁਤ ਦੂਰੀ ਤੋਂ ਸਿੱਕੇ ਵਰਗੀ ਛੋਟੀ ਚੀਜ਼ ਨੂੰ ਵੀ ਨਸ਼ਟ ਕਰਨ ਦੀ ਤਾਕਤ ਰੱਖਦਾ ਹੈ।

### ਲੇਜ਼ਰ ਹਥਿਆਰਾਂ ਨਾਲ ਬਚਣਗੇ ਅਰਬਾਂ ਡਾਲਰ!

ਬ੍ਰਿਟੇਨ ਨੇ ਇਸ ਹਥਿਆਰ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ। ਬ੍ਰਿਟੇਨ ਨੇ ਅਜੇ ਵੀ ਇਸ ਲੇਜ਼ਰ ਹਥਿਆਰ ਦੀ ਸਹੀ ਰੇਂਜ ਨੂੰ ਗੁਪਤ ਰੱਖਿਆ ਹੈ। ਇਹ ਲੇਜ਼ਰ ਹਥਿਆਰ ਮੋਟੀਆਂ ਧਾਤ ਦੀਆਂ ਕੰਧਾਂ ਨੂੰ ਵੀ ਕੱਟ ਸਕਦਾ ਹੈ, ਜਿਸ ਨਾਲ ਨਿਸ਼ਾਨੇ ਨੂੰ ਆਸਾਨੀ ਨਾਲ ਨਸ਼ਟ ਕੀਤਾ ਜਾ ਸਕਦਾ ਹੈ। ਬ੍ਰਿਟੇਨ ਨੇ ਕਿਹਾ ਕਿ ਸਭ ਤੋਂ ਚੰਗੀ ਗੱਲ ਇਹ ਹੈ ਕਿ ਇਸ ਦੀ ਵਰਤੋਂ 'ਤੇ ਬਹੁਤ ਘੱਟ ਖਰਚ ਆਉਂਦਾ ਹੈ। ਜਦੋਂ ਕਿ ਜੇਕਰ ਮਿਜ਼ਾਈਲਾਂ ਨਾਲ ਜਵਾਬੀ ਹਮਲਾ ਹੁੰਦਾ ਹੈ ਤਾਂ ਇਹ ਬਹੁਤ ਮਹਿੰਗਾ ਹੁੰਦਾ ਹੈ। ਅਮਰੀਕਾ ਦੀ ਹਵਾਈ ਰੱਖਿਆ ਪ੍ਰਣਾਲੀ ਨੂੰ ਇਸ ਵੇਲੇ ਹਰ ਜਵਾਬੀ ਹਮਲੇ ਲਈ 20 ਲੱਖ ਡਾਲਰ ਦੀਆਂ ਮਿਜ਼ਾਈਲਾਂ ਦਾਗਣੀਆਂ ਪੈਂਦੀਆਂ ਹਨ। ਪਰ ਬਿਮੇਨ ਇਹ ਕੰਮ ਸਿਰਫ 13 ਡਾਲਰ ਵਿੱਚ ਲੇਜ਼ਰ ਹਥਿਆਰ ਨਾਲ ਕਰ ਸਕਦਾ ਹੈ।

# ਆਪਣੇ ਦਿਮਾਗ ਨੂੰ ਰੱਖੋ ਹਮੇਸ਼ਾ ਜਵਾਨ

**ANIL DHEER**
Columnist Alternative Therapist
Certified in IPC, TropicalÍ DÍ (WÍHÍO)
Covid-19 Vaccine-specific resources
PHR, UNICEF & Health Educator Awardee



"ਵਿਸ਼ਵ ਬ੍ਰੇਨ ਅਵੇਅਰਨੈਸ ਵੀਕ 2024 ਦਾ ਥੀਮ ਹੈ- 'ਬੂਸਟ ਯੂਅਰ ਬ੍ਰੇਨ' ਨਿਊਰੋਲੋਜੀਕਲ ਸਟੱਡੀ ਮੁਤਾਬਿਕ 41% ਤੋਂ ਵੱਧ ਆਬਾਦੀ ਅੱਜ ਕਿਸੇ ਨਾ ਕਿਸੇ ਨਾ ਕਿਸੇ ਨਿਊਰੋ ਬਿਮਾਰੀ ਨਾਲ ਪੀੜਤ ਹੈ। ਅੱਜ ਨਿਊਰੋਲੋਜੀਕਲ ਵਿਕਾਰ ਕਾਰਨ ਮੌਤਾਂ ਦਾ ਅੰਕੜਾ ਤੇਜ਼ੀ ਨਾਲ ਵੱਧ ਰਿਹਾ ਹੈ। ਸਾਲ 2050 ਤੱਕ ਅੰਕੜਾ ਦੁੱਗਣਾ ਹੋਣ ਦੀ ਸੰਭਾਵਨਾ ਹੈ। ਇਹ ਇੱਕ ਵਿਸ਼ਵ ਹੈਲਥ ਸਿਸਟਮ ਲਈ ਚੇਤਾਵਨੀ ਹੈ"- ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ

ਹੈਲਥ ਮੀਡੀਆ ਕੈਨੇਡਾ : ਵਿਸ਼ਵ ਬ੍ਰੇਨ ਜਾਗਰੂਕਤਾ ਵੀਕ 2024 ਦੇ ਮੌਕੇ 'ਤੇ ਹਰ ਉਮਰ 'ਚ ਦਿਮਾਗ ਨੂੰ ਐਕਟਿਵ ਰੱਖਣ ਲਈ ਅੰਤਰਰਾਸ਼ਟਰੀ ਪੱਧਰ 'ਤੇ ਅਵੇਅਰ ਕੀਤਾ ਜਾ ਰਿਹਾ ਹੈ। ਰਿਸਰਚ ਮੁਤਾਬਿਕ ਹਰ ਦਿਮਾਗ ਉਮਰ ਦੇ ਨਾਲ ਮਾਨਸਿਕ ਕੰਮ ਕਰਨ ਦੀ ਸਮਰਥਾ ਘੱਟ ਜਾਂਦੀ ਹੈ। ਦਿਮਾਗੀ ਗਤੀਵਿਧੀਆਂ ਨਸਾਂ ਦੇ ਸੈੱਲਾਂ ਵਿਚਕਾਰ ਨਵੇਂ ਕਨੈਕਸ਼ਨਾਂ ਨੂੰ ਉਤੇਜਿਤ ਕਰਦੀਆਂ ਹਨ ਅਤੇ ਦਿਮਾਗ ਨੂੰ ਨਵੇਂ ਸੈੱਲ ਪੈਦਾ ਕਰਨ, ਤੰਤੂ ਵਿਗਿਆਨਕ "ਪਲਾਸਟਿਕਤਾ" ਨੂੰ ਵਿਕਸਿਤ ਕਰਨ ਅਤੇ ਇੱਕ ਕਾਰਜਸ਼ੀਲ ਰਿਜ਼ਏਵ ਬਣਾਉਣ ਵਿੱਚ ਵੀ ਮਦਦ ਕਰ ਸਕਦੀਆਂ ਹਨ ਜੋ ਭਵਿੱਖ ਦੇ ਸੈੱਲਾਂ ਦੇ ਨੁਕਸਾਨ ਤੋਂ ਬਚਾਅ ਕਰਦੀਆਂ ਹਨ। ਨਿਊਰੋਲੋਜੀਕਲ ਸਟੱਡੀ ਮੁਤਾਬਿਕ 41% ਤੋਂ ਵੱਧ ਆਬਾਦੀ ਅੱਜ ਕਿਸੇ ਨਾ ਕਿਸੇ ਨਾ ਕਿਸੇ ਨਿਊਰੋ ਬਿਮਾਰੀ ਨਾਲ ਪੀੜਤ ਹੈ। ਅੱਜ ਨਿਊਰੋਲੋਜੀਕਲ ਵਿਕਾਰ ਕਾਰਨ ਮੌਤਾਂ ਦਾ ਅੰਕੜਾ ਤੇਜ਼ੀ ਨਾਲ ਵੱਧ ਰਿਹਾ ਹੈ। ਸਾਲ 2050 ਤੱਕ ਅੰਕੜਾ ਦੁੱਗਣਾ ਹੋਣ ਦੀ ਸੰਭਾਵਨਾ ਹੈ। ਇਹ ਇੱਕ ਵਿਸ਼ਵ ਹੈਲਥ ਸਿਸਟਮ ਲਈ ਚੇਤਾਵਨੀ ਹੈ। ਵਿਸ਼ਵ ਸਿਹਤ ਸੰਗਠਨ ਨਾਲ ਜੁੜੀਆਂ ਅੰਤਰਰਾਸ਼ਟਰੀ ਪੱਧਰ 'ਤੇ ਸੰਸਥਾਵਾਂ ਦੇ ਇੱਕਜੁਟਤਾ ਕਾਰਨ ਵੱਧ ਰਹੀਆਂ ਦਿਮਾਗੀ ਬਿਮਾਰੀਆਂ ਨੂੰ ਜਾਗਰੂਕਤਾ ਰਾਹੀਂ ਘੱਟ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਹਰ ਆਦਮੀ ਰੱਖੇ ਖਿਆਲ :

ਵਰਕਆਉਟ, ਯੋਗਾ, ਸੈਰ, ਤੁਹਾਡੀਆਂ ਮਾਸਪੇਸ਼ੀਆਂ ਦੀ ਵਰਤੋਂ ਬ੍ਰੇਨ ਨੂੰ ਫਿੱਟ ਰੱਖਣ 'ਚ ਮਦਦ ਕਰਦੀ ਹੈ। ਡੇਲੀ ਕਸਰਤ ਛੋਟੀਆਂ ਖੂਨ ਦੀਆਂ ਨਾੜੀਆਂ ਦੀ ਗਿਣਤੀ ਵੱਧਾ ਕੇ ਦਿਮਾਗ ਦੇ ਉਸ ਹਿੱਸੇ ਨੂੰ ਪ੍ਰਾਪਰ ਆਕਸੀਜਨ ਮਿਲਦੀ ਹੈ, ਜਿਸ ਨਾਲ ਸੋਚਣ-ਸਮਝਣ ਦੀ ਸ਼ਕਤੀ ਵੱਧਦੀ ਹੈ। ਕਸਰਤ ਨਰਵ ਸ਼ੈੱਲਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਕੇ ਦਿਮਾਗ ਦੇ ਸ਼ੈੱਲਾਂ ਵਿਚਕਾਰ ਸਬੰਧਾਂ ਨੂੰ ਵਧਾਉਂਦੀ ਹੈ। ਨਤੀਜੇ ਵੱਜੋਂ ਬ੍ਰੇਨ ਵਧੇਰੇ ਕੁਸ਼ਲ, ਪਲਾਸਟਿਕ 'ਤੇ ਅਨੁਕੂਲ ਹੋ ਜਾਂਦਾ ਹੈ। ਡੇਲੀ ਕਸਰਤ ਕਰਨ ਵਾਲਾ ਸਰੀਰਕ ਮਾਨਸਿਕ ਤੌਰ 'ਤੇ ਫ੍ਰੈਸ਼



ਅਤੇ ਰੀਲੈਕਸ ਮਹਿਸੂਸ ਕਰਦਾ ਹੈ।

ਹਮੇਸ਼ਾ ਦਿਮਾਗ ਨੂੰ ਐਕਟਿਵ ਰੱਖੋ। ਹੱਥੀਂ ਨਿਪੁੰਨਤਾ ਦੇ ਨਾਲ-ਨਾਲ ਮਾਨਸਿਕ ਤੌਰ 'ਤੇ ਸ਼ਬਦ ਪਹੇਲੀਆਂ ਸੁਲਝਾਓ ਅਤੇ ਸਰੀਰਕ ਤੌਰ 'ਤੇ ਸ਼ਿਲਪਕਾਰੀ, ਡਰਾਈਂਗ ਅਤੇ ਪੇਂਟਿੰਗ ਵਗੈਰਾ ਕਰਦੇ ਰਹੋ।

ਪੌਸ਼ਟਿਕ ਖੂਰਾਕ 'ਚ ਮੌਸਮੀ ਤਾਜ਼ੀ ਸਬਜ਼ੀਆਂ, ਫੱਲਾਂ ਦਾ ਸੂਪ, ਜੂਸ, ਗਿਰੀਦਾਰ ਫੱਲ, ਮੱਛੀ, ਅਸੰਤ੍ਰਿਪਤ ਤੇਲ, ਪ੍ਰੋਟੀਨ ਵਗੈਰਾ ਰੂਟੀਨ 'ਚ ਸ਼ਾਮਿਲ ਕਰੋ। ਰੋਟੀ ਘੱਟ, ਸਲਾਦ-ਸਬਜ਼ੀ ਜ਼ਿਆਦਾ ਖਾਓ। ਸੋਚਣ-ਸਮਝਣ ਦੀ ਅਤੇ ਦਿਮਾਗ ਦੀ ਕਮਜੋਰੀ ਦੀ ਸੰਭਾਵਨਾ ਘੱਟ ਜਾਂਦੀ ਹੈ। ਜੰਕ-ਫੂਡ ਬ੍ਰੇਨ ਦੀ ਕ੍ਰਿਆ ਸੁਸਤ ਕਰਦਾ ਹੈ।

ਬਲੱਡ-ਪ੍ਰੈਸ਼ਰ ਦੇ ਰੋਗੀ ਸਰੀਰਕ-ਮਾਨਸਿਕ ਐਕਟੀਵਿਟੀ ਅਤੇ ਫੈਮਿਲੀ ਡਾਕਟਰ ਮੁਤਾਬਿਕ ਦਵਾਈਆਂ ਨਾਲ ਕੰਟ੍ਰੋਲ 'ਚ ਰੱਖੋ। ਹਾਈ ਬਲੱਡ-ਪ੍ਰੈਸ਼ਰ ਚੰਗਾ ਸੋਚਣ 'ਤੇ ਸਹੀ ਫੈਸਲੇ ਲੈਣ 'ਚ ਦਿੱਕਤ ਪੈਦਾ ਕਰ ਸਕਦਾ ਹੈ।

ਬਲੱਡ ਸ਼ੂਗਰ ਕੰਟ੍ਰੋਲ 'ਚ ਰਹਿਣੀ ਚਾਹੀਦੀ ਹੈ। ਕਿਉਂਕਿ ਡਾਇਬਟੀਜ਼ ਡਿਮੈਂਸ਼ੀਆ ਲਈ ਇੱਕ ਵੱਡਾ ਸੰਭਾਵਿਤ ਖਤਰਾ ਹੈ। ਰੋਗੀ ਆਪਣੀ ਮਰਜੀ ਨਾਲ ਦਵਾਈ ਬੰਦ ਨਾ ਕਰੋ।

ਸਰੀਰ ਦਾ ਵੱਧਿਆ ਰਹਿੰਦਾ ਕੋਲੇਸਟ੍ਰੋਲ ਬ੍ਰੇਨ ਕਮਜੋਰ ਅਤੇ ਯਾਦਾਸ਼ਤ ਘਟਾ ਦਿੰਦਾ ਹੈ। ਇਸ ਦੇ ਪੱਧਰ ਨੂੰ ਹਮੇਸ਼ਾ ਕੰਟ੍ਰੋਲ 'ਚ ਰੱਖੋ।

ਕਿਸੇ ਵੀ ਸ਼ਕਲ 'ਚ ਤੰਬਾਕੂ ਦੀ ਵਰਤੋਂ ਆਮ ਬਿਮਾਰੀਆਂ ਤੋਂ ਲੈ ਕੇ ਕੈਂਸਰ ਦੀ ਸੰਭਾਵਨਾ ਵੱਧਾ ਰਹੀ ਹੈ। ਇਸ ਦੇ ਇਸਤੇਮਾਲ ਤੋਂ ਬਚਣ ਦੀ ਲੋੜ ਹੈ।

ਅਲਕੋਹਲ ਦੀ ਦੁਰਵਰਤੋਂ ਕਾਰਨ ਨਿਉਰੋਲੋਜੀਕਲ ਰੋਗਾਂ ਦਾ ਅੰਕੜਾ ਵੱਧਿਆ ਹੈ। ਪ੍ਰੈਗਨੈਂਸੀ ਦੌਰਾਣ ਸੇਵਨ ਮਾਂ ਅਤੇ ਬੱਚਾ ਦੋਵੇਂ ਖਤਰੇ 'ਚ ਹਨ। ਅਲਕੋਹਲ ਦੇ ਸੇਵਨ 'ਚ ਸਾਵਧਾਨੀ ਵਰਤੋ।


ਹੈਲਦੀ ਬ੍ਰੇਨ ਚੰਗੇ ਫੈਸਲੇ ਲਈ ਫਾਲਤੂ ਦੇ ਸਟ੍ਰੈਸ 'ਤੇ ਉਦਾਸੀ ਤੋਂ ਬਚੋ। ਡੇਲੀ 7-8 ਘੰਟੇ ਦੀ ਨੀਂਦ ਲਵੋ। ਚੰਗੀ ਸਲੀਪ ਸਰੀਰ 'ਤੇ ਮਨ ਨੂੰ ਫ੍ਰੈਸ਼ ਰੱਖਦੀ ਹੈ।

ਆਪਣਾ ਸੋਸ਼ਲ ਨੈਟਵਰਕ ਬਣਾ ਕੇ ਰੱਖੋ ਕਿਉਂਕਿ ਮਜਬੂਤ ਸਮਾਜਿਕ ਸਬੰਧ ਡਿਮੇਨਸ਼ੀਆ ਦੇ ਖਤਰੇ ਨੂੰ ਘਟਾ ਕੇ ਉਮਰ ਵੱਧਾ ਦਿੰਦਾ ਹੈ।


ਨੋਟ: ਨਿਊਰੋ ਦੀ ਬਿਮਾਰੀ ਦਾ ਅੰਕੜਾ ਘੱਟ ਕਰਨ ਲਈ ਦਿਮਾਗ ਨੂੰ ਹਮੇਸ਼ਾ ਚਾਰਜ਼ਿੰਗ 'ਤੇ ਰੱਖੋ। ਜੰਕ-ਫੂਡ ਦੀ ਥਾਂ ਪੌਸ਼ਟਿਕ ਖੂਰਾਕ ਲਵੋ। ਘੱਟ ਉਮਰ 'ਚ ਅਤੇ ਪ੍ਰੈਗਨੈਂਸੀ ਦੌਰਾਣ ਅਲਕੋਹਲ ਤੋਂ ਪ੍ਰਹੇਜ਼ ਕਰੋ।

# ਖਾਲਸਾਈ ਜਾਹੋ-ਜਲਾਲ ਤੇ ਸਿਖ ਸ਼ਕਤੀ ਦਾ ਪ੍ਰਤੀਕ ਹੋਲਾ ਮਹੱਲਾ

ਡਾ. ਰੂਪ ਸਿੰਘ



ਹੋਲਾ ਮਹੱਲਾ ਸਿੱਖਾਂ ਦਾ ਅਹਿਮ ਦਿਹਾੜਾ ਹੈ, ਜੋ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਤਿਉਹਾਰ ਨਵੇਂ ਤਰੀਕੇ ਨਾਲ ਮਨਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਲੋਕਾਂ ਦੀ ਸੁੱਤੀ ਅਣਖ ਜਗਾ ਕੇ, ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ ਹੋਲੀ ਨੂੰ 'ਹੋਲੇ ਮਹੱਲੇ' ਦੇ ਰੂਪ ਵਿਚ ਮਨਾਉਣ ਦੀ ਰੀਤ ਚਲਾਈ। ਚੇਤ ਵਦੀ ਏਕਮ, ਸੰਮਤ 1757 (1700 ਈ:) ਨੂੰ ਦਸਮ ਪਾਤਸ਼ਾਹ ਨੇ ਆਨੰਦਪੁਰ ਸਾਹਿਬ ਵਿਖੇ 'ਹੋਲਗੜ੍ਹ' ਦੇ ਸਥਾਨ 'ਤੇ ਪਹਿਲੀ ਵਾਰ 'ਹੋਲਾ-ਮਹੱਲਾ' ਮਨਾਇਆ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਦਸਮੇਸ਼ ਪਿਤਾ ਨੇ 'ਹੋਲੇ ਮਹੱਲੇ' ਨੂੰ ਸੁਤੰਤਰ ਸਿੱਖ ਸੋਚ ਅਨੁਸਾਰ ਮਨਾਉਣ ਦਾ ਆਰੰਭ ਖਾਲਸਾ ਪੰਥ ਦੀ ਸਿਰਜਣਾ ਤੋਂ ਤੁਰੰਤ ਬਾਅਦ ਕੀਤਾ ਤਾਂ ਕਿ ਖੁਦ-ਮੁਖਤਿਆਰ ਖਾਲਸਾ, ਆਪਣੀ ਵਿਲੱਖਣ ਹੋਂਦ-ਹਸਤੀ ਅਨੁਸਾਰ ਪੰਜਾਬੀ ਸਭਿਆਚਾਰ ਨਾਲ ਸਬੰਧਤ ਦਿਨ-ਦਿਹਾਰ ਵਿਲੱਖਣ ਤੇ ਨਿਰਾਲੇ ਰੂਪ ਵਿਚ ਮਨਾ ਕੇ ਆਪਣੀ ਸੁਤੰਤਰ ਹੋਂਦ ਤੇ ਨਿਆਰੇਪਨ ਦਾ ਪ੍ਰਗਟਾਵਾ ਕਰ ਸਕੇ। ਉਨ੍ਹਾਂ ਦਾ ਆਸ਼ਾ ਪੰਜਾਬੀਆਂ ਦੇ ਮਨਾਂ 'ਚੋਂ ਗ਼ੁਲਾਮੀ ਦੇ ਅੰਸ਼ ਨੂੰ ਮੂਲੋਂ ਖ਼ਤਮ ਕਰਨਾ ਸੀ ਤਾਂ ਕਿ ਉਹ ਸੋਚ-ਵਿਚਾਰ ਤੇ ਵਿਵਹਾਰ ਵਿਚ ਸੁਤੰਤਰ ਹੋ ਕੇ ਵਿਚਰ ਸਕਣ।



ਹੋਲੀ ਭਾਰਤ ਦਾ ਮੌਸਮੀ ਤਿਉਹਾਰ ਹੈ ਜੋ ਬਸੰਤ-ਬਹਾਰ ਦੀ ਆਗਮਨ ਦੀ ਖੁਸ਼ੀ ਵਿਚ ਮਨਾਉਣਾ ਸ਼ੁਰੂ ਹੋਇਆ। ਪੋਖ ਤੁਖਾਰ ਦੇ ਮੌਸਮ ਕਾਰਨ ਸਾਰੇ ਪਾਸੇ ਵਿਰਾਨਗੀ ਤੇ ਪੱਤਝੜ ਹੁੰਦੀ ਹੈ। ਮੌਸਮ ਦੇ ਬਦਲ ਜਾਣ ਨਾਲ ਸਾਰੀ ਕੁਦਰਤ ਆਪਣੇ ਨਵੇਂ ਨਿਵੇਕਲੇ ਰੰਗ ਵਿਚ ਰੰਗੀ ਜਾਂਦੀ ਹੈ। ਪੁਰਾਤਨ ਕਹਾਣੀ ਅਨੁਸਾਰ ਹਰਨਾਕਸ਼ ਨੇ ਆਪਣੇ ਪੁੱਤਰ ਪ੍ਰਹਿਲਾਦ ਨੂੰ ਸਬਕ ਸਿਖਾਉਣ ਵਾਸਤੇ ਵਿਉਂਤ ਉਲੀਕੀ ਕਿ ਪ੍ਰਹਿਲਾਦ ਨੂੰ ਅੱਗ ਵਿਚ ਸਾੜਿਆ ਜਾਵੇ। ਕਿਹਾ ਜਾਂਦਾ ਹੈ ਕਿ ਹਰਨਾਕਸ਼ ਦੀ ਭੈਣ ਹੋਲਿਕਾ ਨੂੰ ਵਰ ਪ੍ਰਾਪਤ ਸੀ ਕਿ ਉਸ ਨੂੰ ਅਗਨੀ ਸਾੜਦੀ ਨਹੀਂ। ਇਸ ਲਈ ਹਰਨਾਕਸ਼ ਨੇ ਪ੍ਰਹਿਲਾਦ ਨੂੰ ਹੋਲਿਕਾ ਦੀ ਗੋਦ ਵਿੱਚ ਬਠਾ ਕੇ ਚਿਖਾ 'ਤੇ ਬਿਠਾ ਦਿੱਤਾ। ਜਦ ਅੱਗ ਲਾਈ ਗਈ ਤਾਂ ਪਰਮਾਤਮਾ ਨੇ ਆਪਣੇ ਭਗਤ ਪ੍ਰਹਿਲਾਦ ਨੂੰ ਬਚਾ ਲਿਆ ਪਰ ਹੋਲਿਕਾ ਸੜ ਗਈ। ਹੋਲਿਕਾ ਦੇ ਸੜ ਜਾਣ ਦੇ ਪ੍ਰਤੀਕ ਵਜੋਂ ਇਸ ਦਿਨ ਅੱਗ ਬਾਲੀ ਜਾਂਦੀ ਹੈ। ਗੁਰਬਾਣੀ ਵਿਚ ਪਾਵਨ ਸ਼ਬਦ ਅੰਕਿਤ ਹੈ:

ਹਰਿ ਜੁਗੁ ਜੁਗੁ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ
ਪ੍ਰਹਲਾਦੁ ਤਰਾਇਆ ॥
ਅਹੰਕਾਰੀਆ ਨਿੰਦਕਾ ਪਿਠਿ ਦੇਇ
ਨਾਮਦੇਉ ਮੁਖਿ ਲਾਇਆ ॥
ਜਨ ਨਾਨਕ ਐਸਾ ਹਰਿ ਸੇਵਿਆ
ਅੰਤਿ ਲਏ ਛਡਾਇਆ ॥

'ਹੋਲਾ' ਸ਼ਬਦ 'ਹੋਲੀ' ਦਾ ਧੜੱਲੇਦਾਰ ਬਦਲਵਾਂ ਰੂਪ ਹੈ ਜੋ ਡਿੱਗਿਆਂ-ਢੱਠਿਆਂ ਦੇ ਹਿਰਦੇ ਅੰਦਰ ਉਤਸ਼ਾਹ ਤੇ ਹੁਲਾਸ ਪੈਦਾ ਕਰਦਾ ਹੈ। ਸਿੱਖਾਂ ਨੇ ਲੋਕਾਂ ਦੇ ਮਨਾਂ ਵਿਚ ਚੜ੍ਹਦੀ ਕਲਾ ਤੇ ਸੂਰਬੀਰਤਾ ਦਾ ਜਜ਼ਬਾ ਭਰਨ ਲਈ ਅਨੇਕਾਂ ਅਜਿਹੇ 'ਬੋਲੇ' ਪ੍ਰਚਲਤ ਕੀਤੇ ਹਨ, ਜਿਨ੍ਹਾਂ ਨੂੰ 'ਖ਼ਾਲਸਾਈ ਬੋਲੇ' ਕਿਹਾ ਜਾਂਦਾ ਹੈ। 'ਖਾਲਸਾਈ ਬੋਲੇ' ਅਨੁਸਾਰ 'ਇੱਕ' ਨੂੰ 'ਸਵਾ ਲੱਖ', 'ਮੌਤ' ਨੂੰ 'ਚੜ੍ਹਾਈ ਕਰਨਾ', 'ਤੇਗ' ਨੂੰ 'ਤੇਗਾ', 'ਦੇਗ' ਨੂੰ 'ਦੇਗਾ', 'ਦਸਤਾਰ' ਨੂੰ 'ਦਸਤਾਰਾ', 'ਮੁੱਛਾਂ' ਨੂੰ 'ਮੁਛਹਿਰਾ', 'ਦਾੜ੍ਹੀ' ਨੂੰ 'ਦਾੜ੍ਹਾ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਹੋਲੀ ਨੂੰ 'ਹੋਲਾ' ਕਹਿਣਾ ਸਿੱਖਾਂ ਦੀ ਵਿਲੱਖਣਤਾ ਅਤੇ ਚੜ੍ਹਦੀ ਕਲਾ ਦੀ ਭਾਵਨਾ ਨੂੰ ਪ੍ਰਗਟਾਉਂਦਾ ਹੈ। ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿੱਚ:

ਬਰਛਾ ਢਾਲ ਕਟਾਰਾ ਤੇਗਾ,
ਕੜਛਾ ਦੇਗਾ ਗੋਲਾ ਹੈ,
ਛਕਾ ਪ੍ਰਸਾਦ ਸਜਾ ਦਸਤਾਰਾ
ਅਰੁ ਕਰਦੌਨਾ ਟੋਲਾ ਹੈ,
ਸੁਭਟ ਸੁਚਾਲਾ ਅਰ ਲਖ ਬਾਹਾ,
ਕਲਗਾ ਸਿੰਘ ਸੁਚੋਲਾ ਹੈ,
ਅਪਰ ਮੁਛਹਿਰਾ ਦਾੜ੍ਹਾ ਜੈਸੇ,
ਤੈਸੇ ਬੋਲਾ 'ਹੋਲਾ' ਹੈ।

'ਹੋਲੀ' ਤੋਂ 'ਹੋਲਾ ਮਹੱਲਾ' ਸਿਰਫ ਸ਼ਬਦ ਜੋੜ ਦੀ ਤਬਦੀਲੀ ਨਹੀਂ, ਇਹ ਤਾਂ ਗੁਲਾਮ ਮਾਨਸਿਕਤਾ ਤੋਂ ਅਜ਼ਾਦ ਸੋਚ-ਵਿਚਾਰ ਤੇ ਵਿਵਹਾਰ ਦੀ ਤਬਦੀਲੀ ਦਾ ਪ੍ਰਗਟਾਵਾ ਹੈ।

ਭਾਰਤ ਸਦੀਆਂ ਤੀਕ ਵਿਦੇਸ਼ੀ ਹਮਲਾਵਰਾਂ ਦਾ ਗੁਲਾਮ ਰਿਹਾ। ਇਹੀ ਕਾਰਨ ਹੈ ਕਿ ਭਾਰਤੀਆਂ ਦੇ ਸ਼ੌਕ, ਮੌਜ-ਮੇਲੇ ਤੇ ਤਿਉਹਾਰ ਵੀ ਗੁਲਾਮੀ ਮਾਨਸਿਕਤਾ ਨੂੰ ਰੂਪਮਾਨ ਕਰਦੇ ਹਨ। ਭਾਰਤੀ ਲੋਕ ਤਨ, ਮਨ, ਧਰਮ, ਸਮਾਜ ਤੇ ਰਾਜਸੀ ਸੋਚ ਕਰਕੇ ਗੁਲਾਮ ਸਨ। ਗੁਲਾਮੀ ਦੀ ਦਲਦਲ 'ਚੋਂ ਆਜ਼ਾਦ ਸੋਚ, ਸੁਤੰਤਰ ਹੋਂਦ-ਹਸਤੀ ਤੇ ਨਿਆਰੇਪਨ ਨੂੰ ਪ੍ਰਗਟ ਕਰਨਾ ਸਚਮੁਚ ਅਦਭੁਤ ਕਰਾਮਾਤ ਸੀ। ਇਹ ਚਿੜੀਆਂ ਤੋਂ ਬਾਜ਼ ਤੁੜਾਉਣ, ਇਕ ਨੂੰ ਸਵਾ ਲੱਖ ਨਾਲ ਲੜਾਉਣ ਤੇ ਅਸੰਭਵ ਨੂੰ ਸੰਭਵ ਕਰਨ ਦੇ ਤੁਲ ਸੀ। ਉਚ-ਨੀਚ, ਭਰਮ-ਭੇਖ, ਜਾਤ-ਪਾਤ, ਕਰਮ-ਵੰਡ, ਰੰਗ-ਨਸਲ ਦੇ ਹਰ ਤਰ੍ਹਾਂ ਦੇ ਵਿਤਕਰਿਆਂ ਵਖਰੇਵਿਆਂ ਨੂੰ ਦੂਰ ਕਰ, ਸਹਬਿ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਭੂਸਤਾ ਸੰਪੰਨ, ਸੁਤੰਤਰ ਸੋਚ-ਵਿਚਾਰ, ਵਿਹਾਰ ਲਈ ਖਾਲਸਾ ਫ਼ੌਜ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਭਾਰਤੀਆਂ ਨੂੰ ਖੂਨ ਦੀ ਹੋਲੀ, ਆਜ਼ਾਦੀ, ਸੁਤੰਤਰਤਾ, ਸਵੈਮਾਣ, ਸਵੈਹੋਂਦ ਦੇ ਪ੍ਰਗਟਾਅ ਲਈ ਖਾਲਸਾਈ ਖੇਡਾਂ ਖੇਡਣ ਲਈ ਮੈਦਾਨ ਤਿਆਰ ਕਰ ਕੇ ਦਿੱਤਾ।

'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਮੁਤਾਬਕ ਮਹੱਲਾ ਅਰਬੀ ਦੇ ਸ਼ਬਦ 'ਮਹੱਲਹੇ' ਦਾ ਤਦਭਵ ਹੈ, ਜਿਸ ਦਾ ਭਾਵ ਉਸ ਸਥਾਨ ਤੋਂ ਹੈ, ਜਿੱਥੇ 'ਫ਼ਤਹ' ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। 'ਹੋਲੇ ਮਹੱਲੇ' ਵਾਲੇ ਦਿਨ ਖ਼ਾਲਸੇ ਨੂੰ ਦੋ ਦਲਾਂ ਵਿਚ ਵੰਡ ਕੇ ਦਸਮ ਪਾਤਸ਼ਾਹ ਮਸਨੂਈ (ਨਕਲੀ) ਯੁੱਧ ਕਰਵਾਇਆ ਕਰਦੇ ਸਨ। ਇਕ ਦਲ ਨਿਸ਼ਚਤ ਸਥਾਨ 'ਤੇ ਕਾਬਜ਼ ਹੋ ਜਾਂਦਾ ਅਤੇ ਦੂਜਾ ਉਸ 'ਤੇ ਹਮਲਾ ਕਰ ਕੇ ਕਿਲ੍ਹਾ ਖੋਹਣ ਦਾ ਯਤਨ ਕਰਦਾ। ਇਸ ਤਰ੍ਹਾਂ ਨਕਲੀ ਯੁੱਧ ਰਾਹੀਂ ਯੁੱਧ-ਜੁਗਤੀ ਅਤੇ ਪੈਂਤਰੇਬਾਜ਼ੀ ਦਾ ਅਭਿਆਸ ਹੁੰਦਾ। ਯੁੱਧ ਦੇ ਨਗਾਰੇ ਵੱਜਦੇ, ਹਥਿਆਰਾਂ ਦਾ ਟਕਰਾਅ ਹੁੰਦਾ, ਜੈਕਾਰੇ ਗੂੰਜਦੇ ਅਤੇ 'ਫ਼ਤਹ' ਦੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ। ਜਿਹੜਾ ਦਲ ਜਿੱਤ ਪ੍ਰਾਪਤ ਕਰਦਾ ਉਸ ਨੂੰ ਗੁਰੂ ਦਰਬਾਰ ਵੱਲੋਂ ਸਿਰੋਪਾਓ ਬਖਸ਼ਿਸ਼ ਕੀਤਾ ਜਾਂਦਾ। ਫਿਰ ਉਥੇ ਹੀ ਦਰਬਾਰ ਸੱਜਦਾ ਅਤੇ ਸ਼ਸਤਰਧਾਰੀ ਸਿੰਘ ਆਪੋ-ਆਪਣੇ ਕਰਤੱਬ ਵਿਖਾਉਂਦੇ। ਪਹਿਲਾਂ 'ਮਹੱਲਾ' ਸ਼ਬਦ ਇਸੇ ਭਾਵ ਵਿਚ ਵਰਤਿਆ ਜਾਂਦਾ ਰਿਹਾ ਪਰ ਹੌਲੀ-ਹੌਲੀ ਇਹ ਸ਼ਬਦ ਉਸ ਜਲੂਸ ਲਈ ਪ੍ਰਚਲਤ ਹੋ ਗਿਆ ਜੋ 'ਫ਼ਤਹ' ਮਗਰੋਂ ਫ਼ੌਜੀ ਸੱਜ-ਧੱਜ ਅਤੇ ਨਗਾਰਿਆਂ 'ਤੇ ਚੋਟ ਨਾਲ ਨਿਕਲਦਾ। ਇਹ ਪ੍ਰਥਾ ਹੁਣ ਤਕ ਜਾਰੀ ਹੈ। ਇਸ ਤਰ੍ਹਾਂ ਪਤਾ ਲੱਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗ਼ੁਲਾਮੀ ਅਤੇ ਹਕੂਮਤੀ ਜਬਰ ਵਿਰੁੱਧ ਲੋਕ-ਮਨਾਂ ਅੰਦਰ ਨਵਾਂ ਉਤਸ਼ਾਹ ਅਤੇ ਕੁਰਬਾਨੀ ਦਾ ਜਜ਼ਬਾ ਭਰਨ ਲਈ 'ਹੋਲੀ' ਨੂੰ 'ਹੋਲੇ' ਦਾ ਰੂਪ ਦਿੱਤਾ।

ਜ਼ਿਕਰਯੋਗ ਹੈ ਕਿ ਉਸ ਸਮੇਂ ਬਾਦਸ਼ਾਹ ਔਰੰਗਜ਼ੇਬ ਵੱਲੋਂ 1687 ਈ: 'ਚ ਜਾਰੀ ਕੀਤੇ ਫ਼ੁਰਮਾਨ ਅਨੁਸਾਰ ਹਿੰਦੁਸਤਾਨੀ ਲੋਕਾਂ ਨੂੰ ਟਲ ਖੜਕਾਉਣ, ਸ਼ਸਤਰ ਧਾਰਨ ਕਰਨ, ਘੋੜ-ਸਵਾਰੀ ਕਰਨ ਅਤੇ ਦਸਤਾਰ ਸਜਾਉਣ ਦੀ ਸਖ਼ਤ ਮਨਾਹੀ ਸੀ। ਦਸਤਾਰ ਕੇਵਲ ਉਹ ਹੀ ਸਜਾ ਸਕਦਾ ਸੀ, ਜਿਸ ਨੂੰ ਬਾਦਸ਼ਾਹ ਵੱਲੋਂ ਦਰਬਾਰੀ ਬਖ਼ਸ਼ੀ ਜਾਵੇ। ਘੋੜੇ ਦੀ ਸਵਾਰੀ, ਨਿਸ਼ਾਨ, ਨਗਾਰਾ ਅਤੇ ਫ਼ੌਜ ਰੱਖਣੀ ਹਕੂਮਤ ਵਿਰੁੱਧ ਬਗਾਵਤ ਦੇ ਤੁਲ ਸੀ, ਜਿਸ ਦੀ ਸਜ਼ਾ ਮੌਤ ਅਤੇ ਘਰ-ਘਾਟ ਦਾ ਉਜਾੜਾ ਨੂੰ ਸੱਦਾ ਦੇਣ ਦੇ ਤੁਲ ਸੀ। ਇਸੇ ਕਰਕੇ ਆਮ ਲੋਕ ਹਕੂਮਤੀ ਜਬਰ ਵਿਰੁੱਧ ਮੂੰਹ ਨਹੀਂ ਖੋਲ੍ਹਦੇ ਸਨ। ਗੁਰੂ ਜੀ ਨੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਬਲਵਾਨ ਬਣਾਉਣ ਲਈ ਹਰ ਸੰਭਵ ਯਤਨ ਕੀਤਾ। ਪ੍ਰਚਲਤ ਤਿਉਹਾਰਾਂ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਇਸੇ ਲੜੀ ਦੀ ਕੜੀ ਹੈ। ਹੁਣ ਤੇਗਾਂ-ਤਲਵਾਰਾਂ, ਨਿਸ਼ਾਨ, ਨਗਾਰੇ ਅਤੇ ਘੋੜਿਆਂ ਦੇ ਨਜ਼ਾਰੇ ਖ਼ਾਲਸੇ ਦੇ ਤਿਉਹਾਰ ਬਣ ਗਏ। ਹਕੂਮਤ ਦੀਆਂ ਨਜ਼ਰਾਂ ਵਿਚ ਸੰਗੀਨ ਜੁਰਮ ਸਮਝੀਆਂ ਜਾਂਦੀਆਂ 'ਜੰਗੀ-ਮਸ਼ਕਾਂ' ਖ਼ਾਲਸੇ ਦੀਆਂ ਰਵਾਇਤੀ ਖੇਡਾਂ ਬਣ ਗਈਆਂ।

ਹੋਲਾ ਮਹੱਲਾ ਹੁਣ ਵੀ ਸਿੱਖ-ਸ਼ਕਤੀ ਦੇ ਪ੍ਰਦਰਸ਼ਨ ਵਜੋਂ ਆਨੰਦਪੁਰ ਸਾਹਿਬ ਵਿਖੇ ਖਾਲਸਾਈ ਜਾਹੋ-ਜਲਾਲ ਨਾਲ ਮਨਾਇਆ ਜਾਂਦਾ ਹੈ। ਸ਼ਾਇਦ ਇਹ ਪੰਜਾਬ ਦਾ ਸਭ ਤੋਂ ਵੱਡਾ ਲੋਕ ਇਕੱਠ ਹੋਵੇ। ਵਿਸ਼ੇਸ਼ ਦੀਵਾਨ ਸੱਜਦੇ ਹਨ ਤੇ ਖਾਲਸਾਈ ਸ਼ਾਨ ਪ੍ਰਗਟ ਕਰਦਾ 'ਮਹੱਲਾ' ਚੜ੍ਹਦਾ ਹੈ, ਜੋ ਕਿਲ੍ਹਾ ਆਨੰਦਗੜ੍ਹ ਸਾਹਿਬ ਤੋਂ ਆਰੰਭ ਹੋ ਕੇ ਹੋਲਗੜ੍ਹ ਦੇ ਸਥਾਨ ਹੁੰਦਾ ਹੋਇਆ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਪੂਰਨ ਹੁੰਦਾ ਹੈ। ਨਿਹੰਗ ਸਿੰਘ ਰਵਾਇਤੀ ਖਾਲਸਾਈ ਬਾਣੇ ਵਿਚ ਖਾਲਸਾਈ ਖੇਡਾਂ ਦੁਆਰਾ ਆਪਣੀ ਗੁਰੂ-ਬਖ਼ਸ਼ੀ ਵਿਲੱਖਣ ਹੋਂਦ-ਹਸਤੀ ਦਾ ਖੂਬਸੂਰਤ ਪ੍ਰਦਰਸ਼ਨ ਚਰਨ ਗੰਗਾ ਦੇ ਕਿਨਾਰੇ ਕਰਦੇ ਹਨ। ਹੋਲੇ-ਮਹੱਲੇ ਦੇ ਦੀਵਾਨ ਆਮ ਕਰਕੇ ਪਿੰਡਾਂ ਵਿਚ ਸੱਜਦੇ ਸਨ ਜਿਨ੍ਹਾਂ ਵਿਚ ਉੱਚ-ਕੋਟੀ ਦੇ ਢਾਡੀ ਤੇ ਕਵੀਸ਼ਰ ਸਿੱਖ ਇਤਿਹਾਸ ਦੀ ਤਸਵੀਰ ਹੂ-ਬ-ਹੂ ਪ੍ਰਗਟ ਕਰਦੇ ਸਨ, ਜਿਸ ਨਾਲ ਨੌਜਵਾਨੀ ਆਪਣੇ ਅਮੀਰ ਇਤਿਹਾਸ ਤੇ ਵਿਰਾਸਤ ਨਾਲ ਜੁੜਦੀ ਸੀ। ਅੱਜ ਲੋੜ ਹੈ ਇਸ ਪਰੰਪਰਾ ਨੂੰ ਸਥਾਈ ਬਣਾਇਆ ਜਾਵੇ।

* * * * * * * *


**ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ**

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de



# ਕੋਸੀ ਧੁੱਪ ਦਾ ਨਿੱਘ




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ-43**

**ਰੌਣਕਾਂ ਲੱਗ ਗਈਆਂ। ਪੁਰਾਣੇ ਯਾਰ ਜੱਫ਼ੀਆਂ ਪਾ-ਪਾ ਕੇ ਮਿਲ਼ੇ। ਇਹਨਾਂ ਸਾਰਿਆਂ ਨੇ ਇੰਗਲੈਂਡ ਵਿੱਚ ਆ ਕੇ ਬੜੀ ਮੁਸ਼ੱਕਤ ਕੀਤੀ ਅਤੇ ਸੰਤਾਪ ਹੰਢਾਇਆ ਸੀ। ਇਹ ਛੇ ਜਾਣੇ ਇੱਕ ਠੰਢੇ ਕਮਰੇ ਵਿੱਚ ਰਹਿੰਦੇ ਸਨ। ਦੋ ਹੀ ਅੱਧੋਰਾਣੇ ਬੈੱਡ ਸਨ। ਤਿੰਨ ਜਾਣੇ ਰਾਤ ਦੀ ਡਿਊਟੀ ਕਰਦੇ ਸਨ ਅਤੇ ਤਿੰਨ ਦਿਨ ਦੀ ਡਿਊਟੀ 'ਤੇ ਜਾਂਦੇ ਸਨ। ਦਿਨ ਵੇਲ਼ੇ ਰਾਤ ਦੀ ਡਿਊਟੀ ਵਾਲ਼ੇ ਉਸ ਬੈੱਡ ਉਪਰ ਸੌਂ ਜਾਂਦੇ ਸਨ ਅਤੇ ਰਾਤ ਨੂੰ ਦਿਨ ਦੀ ਡਿਊਟੀ ਵਾਲ਼ੇ! ਐਤਵਾਰ ਦੀ ਛੁੱਟੀ ਹੁੰਦੀ ਸੀ ਤਾਂ ਇੱਕ ਜਣਾ ਸੋਫ਼ੇ 'ਤੇ ਪੈ ਜਾਂਦਾ ਸੀ, ਤੇ ਦੋ ਜਾਣੇ ਥੱਲੇ ਰਜਾਈ ਸੁੱਟ ਕੇ ਸੌਂਦੇ ਸਨ। ਉਹਨਾਂ ਵਿੱਚ ਕਦੇ ਤਕਰਾਰ ਨਹੀਂ ਹੁੰਦੀ ਸੀ। ਰੋਟੀ ਇਕੱਠੀ ਹੀ ਪੱਕਦੀ ਸੀ। ਐਤਵਾਰ ਨੂੰ ਦਾਲ਼ ਦਾ ਵੱਡਾ ਦੇਜਕਾ ਬਣਾ ਲਿਆ ਜਾਂਦਾ, ਜੋ ਤਕਰੀਬਨ ਤਿੰਨ ਦਿਨ ਚੱਲਦਾ।**

## ਕਾਂਡ 18

-"ਜੇ ਲੋੜ ਪਈ, ਮੈਂ ਤੇਰਾ ਰੱਬ ਉਧਾਰਾ ਲੈ-ਲੂੰ, ਭਾਬੋ..! ਤੂੰ ਕਿਹੜਾ ਬਿਗਾਨੀ ਐਂ...?"

-"ਵੇ ਜਾਹ ਪਰ੍ਹਾਂ, ਉਤ ਕਿਸੇ ਥਾਂ ਦਾ...!"

ਸਾਰੇ ਹੱਸ ਪਏ।

ਸੁੱਚਾ ਸਿਉਂ ਨੇ ਬੋਤਲ ਲਿਆ ਰੱਖੀ।

-"ਲੈ ਕਾਮਰੇਡਾਂ ਦਾ ਰੱਬ ਤਾਂ ਆ ਗਿਆ, ਭਾਬੋ...! ਚੱਕ, ਮਾਰ ਮੋਰਚਾ...!" ਕਾਮਰੇਡ ਨੇ ਬੋਤਲ ਵੱਲ ਦੇਖ ਕੇ ਕਿਹਾ।

-"ਮੈਂ ਚੱਲੀ, ਮੈਨੂੰ ਕਮਲੀ ਕਰਦੂ ਥੇਹ ਹੋਣਾ...! ਕਿਵੇਂ ਬਦਨਾਮ ਕਰਦੇ ਆ, ਜਿਵੇਂ ਮੈਂ ਇਹਨਾਂ ਦੇ ਨਾਲ਼ ਬਹਿ-ਬਹਿ ਪੀਂਦੀ ਹੁੰਨੀ ਆਂ..!"

ਚੰਦ ਕੌਰ ਚਾਹ ਚੁੱਕ ਕੇ ਚਲੀ ਗਈ।

ਉਹ ਪੀਣ ਲੱਗ ਪਏ।

-"ਕੰਮ ਕਾਰ ਕਦੋਂ ਸ਼ੁਰੂ ਕਰਨ ਦਾ ਇਰਾਦੈ ਬਖਤੌਰ ਸਿਆਂ...? ਕਿ ਅਜੇ ਚਾਰ ਦਿਨ ਲਿੱਚੀ ਮਾਰਨੀ ਐਂ...?" ਕਾਮਰੇਡ ਨੇ ਪੈੱਗ ਅੰਦਰ ਸੁੱਟ ਕੇ ਪੁੱਛਿਆ।

-"...............!" ਬਖਤੌਰ ਚੁੱਪ ਸੀ।

-"ਲੈ ਪਹਿਲਾਂ ਪੈੱਗ ਖਿਚ...!" ਕਾਮਰੇਡ ਨੇ ਉਸ ਦੇ ਹੱਥ 'ਚ ਪੈੱਗ ਦੇ ਦਿੱਤਾ।

ਬਖਤੌਰ ਨੇ ਪੈੱਗ ਸ਼ਰਬਤ ਵਾਂਗ ਸੂਤ ਧਰਿਆ। ਸ਼ੁਰੂ ਤੋਂ ਲੈ ਕੇ ਅੱਜ ਤੱਕ ਘਰ ਦੀ ਦੇਸੀ ਦਾਰੂ ਪੀਂਦੇ ਆਉਂਦੇ ਬਖਤੌਰ ਨੂੰ ਵਿਸਕੀ ਦਾ ਸੁਆਦ ਕੁਝ ਸ਼ਾਨਦਾਰ ਲੱਗਿਆ। ਨੌਸ਼ਾਦਰ ਦੀ ਦੇਸੀ ਦਾਰੂ ਵਾਂਗ ਕੌੜਾ ਅਤੇ ਹਿੱਕ ਚੀਰਵਾਂ ਨਹੀਂ ਸੀ।

-"ਓਹ ਭਾਬੋ ਕੁਛ ਖਾਣ ਖੂਣ ਨੂੰ ਵੀ ਲਿਆਦੇ, ਕਾਹਤੋਂ ਕੰਡਿਆਂ ਉਤੋਂ ਦੀ ਘੜ੍ਹੀਸਦੀ ਐਂ..? ਖਾਲੀ ਪੇਟ ਸਿੱਟ-ਲੂ ਇਹ ਸਾਨੂੰ, ਤੇ ਫ਼ੇਰ ਪਾਈ ਚੱਲੀਂ ਮੂੰਹ 'ਚ ਪਾਣੀ, ਤੇ ਨਿਚੋੜੀ ਚੱਲੀਂ ਨਿੰਬੂ...!"

-"ਜਹਾਜ ਆਲ਼ਿਆਂ ਨੇ ਨੀ ਕੁਛ ਦਿੱਤਾ..? ਉਹਨਾ ਨੇ ਬਿਰੰਗ ਈ ਤੋਰਤਾ...?"

-"ਓਏ ਉਹਨਾਂ ਦੇ ਢਾਈ ਚਮਚੇ ਚੌਲ਼ ਤਾਂ ਕਦੋਂ ਦੇ ਥੱਲੇ ਜਾ ਵੜੇ..! ਨਾਲ਼ੇ ਤੈਨੂੰ ਪਤਾ ਤਾਂ ਹੈ ਭਾਬੋ, ਬਈ ਊਠਾਂ ਨੂੰ ਗੁੜ੍ਹਤੀਆਂ ਨਾਲ਼ ਕੀ ਬਣਦੈ...?"

-"ਉਹਨਾਂ ਨੂੰ ਇਹ ਨੀ ਨ੍ਹਾ ਪਤਾ, ਬਈ ਥੋਡੇ ਢਿੱਡ ਨੀ, ਟੋਏ ਐ...!"

-"ਤਾਂਹੀਂ ਤਾਂ ਵਿਰਲਾਪ ਕਰੀ ਜਾਨੇ ਆਂ...!"

-"ਲੈ ਫ਼ੜ ਝੁਲਸ ਲੈ...!" ਚੰਦ ਕੌਰ ਨੇ ਭਾਫ਼ਾਂ ਛੱਡਦੇ ਰੋਸਟ ਕੀਤੇ ਮੁਰਗੇ ਦੀਆਂ ਟੰਗਾਂ ਉਹਨਾਂ ਅੱਗੇ ਲਿਆ ਰੱਖੀਆਂ।

-"ਓਹ ਬੱਲੇ ਭਾਬੋ..! ਸਦਕੇ ਤੇਰੇ...! ਕੁਰਬਾਨ ਤੇਰੇ ਤੋਂ..!" ਉਸ ਨੇ ਮੁਰਗੇ ਦੀ ਟੰਗ ਭੁੱਖਿਆਂ ਵਾਂਗ ਚੁੱਕੀ।

-"ਤੂੰ ਵੀ ਚੱਕ ਬਖਤੌਰ ਸਿਆਂ..! ਖਾਣਾ ਪੀਣਾਂ ਈ ਰਹਿ ਜਾਣੈ ਐਥੇ, ਨਾਲ਼ ਕੁਛ ਨੀ ਜਾਣਾ..! ਨਾਲ਼ ਤਾਂ ਸਾਡੀ ਭਾਬੋ ਆਪਣੀ ਸੇਵਾ ਦਾ ਫ਼ਲ ਲੈ ਕੇ ਜਾਊ...!"

-"ਵੇ ਬਿੰਦੇ ਝੱਟੇ ਮੇਰੇ 'ਤੇ ਈ ਘੋਰੜੂ ਕਾਹਤੋਂ ਵਜਾਉਣ ਲੱਗ ਜਾਨੈ, ਕਬੀਆ..!"

-"ਸੌਰੀ ਭਾਬੋ, ਸੌਰੀ...!"

-"ਚੰਗਾ...!"

-"ਆਬਦੇ ਘਰਆਲ਼ੀ ਨੂੰ ਵੀ ਕਦੇ ਬਾਹਰਲੀ ਹਵਾ ਲੁਆ ਲਿਆ ਕਰ, ਉਹਨੂੰ ਕਦੇ ਅੰਦਰੇ ਉੱਲੀ ਲੱਗ ਜਾਣੀ ਆਂ..!"

-"ਹੋਰ ਹੁਣ ਉਹਨੂੰ ਪੈਂਹਟਾਂ ਸਾਲਾਂ ਦੀ ਨੂੰ ਤੁੱਕੇ ਲੱਗਣੇ ਆਂ..? ਉੱਲੀ ਈ ਲੱਗੂ...!"

-"ਲੈ ਦੇਖ ਕਿੱਡਾ ਬੇਸ਼ਰਮ ਐ ਨ੍ਹੀ..!"

-"ਚੰਦ ਕੁਰੇ, ਤੂੰ ਇਹਦੇ ਨਾਲ਼ ਕਾਹਨੂੰ ਮਗਜਮਾਰੀ ਕਰਦੀ ਹੁੰਨੀ ਐਂ..? ਨਾਲ਼ੇ ਤੈਨੂੰ ਪਤੈ ਬਈ ਏਸ ਬਲੱਜ ਬੰਦੇ ਨੂੰ ਤੂੰ ਗੱਲੀਂ ਬਾਤੀਂ ਜਿੱਤ ਨੀ ਸਕਦੀ..!"

-"ਇਹੀ ਆਢਾ ਲਾਉਂਦੈ...!"

ਇੱਕ ਪੈੱਗ ਲਾ ਕੇ ਬਖਤੌਰ ਮਾਮੀਂ ਕੋਲ਼ ਰਸੋਈ ਵਿੱਚ ਚਲਿਆ ਗਿਆ।

ਦੋ ਪੈਗਾਂ ਨੇ ਉਸ ਨੂੰ ਵਾਹਵਾ ਸਰੂਰ ਵਿੱਚ ਕਰ ਦਿੱਤਾ ਸੀ।

-"ਬਖਤੌਰ ਸਿਆਂ, ਸੱਦੇ, ਸ਼ਾਮ ਕੁਰ ਤੇ ਬਾਈ ਕੁੰਢਾ ਸਿਉਂ ਦਾ ਬਹੁਤ ਅਫ਼ਸੋਸ ਹੋਇਆ ਪੁੱਤ..! ਇਉਂ ਲੱਗਦੈ ਜਿਵੇਂ ਇੱਕ ਦੂਜੇ ਨਾਲ਼ ਜਿਦ ਕੇ ਤੁਰਗੇ ਹੁੰਦੇ ਐ..!"

ਭਰਿਆ ਪੀਤਾ ਬਖਤੌਰ ਰੋਣ ਲੱਗ ਪਿਆ।

-"ਕੋਈ ਨਾ ਪੁੱਤ...! ਕਿਸੇ ਦੇ ਵੱਸ ਥੋੜ੍ਹੋ ਐ..? ਤੂੰ ਦੱਬ ਕੇ ਕਮਾਈ ਕਰ ਤੇ ਆਬਦੇ ਸ਼ੇਰ ਬੱਗੇ ਬਚਿੱਤਰ ਨੂੰ ਐਥੇ ਬੁਲਾ..! ਤੇਰਾ ਮਾਮਾ ਤੇ ਨੱਥੇ ਹੋਰੀਂ ਹੈਗੇ ਤੇਰੀ ਮੱਦਦ ਕਰਨ ਨੂੰ..!" ਉਸ ਨੇ ਰੋਂਦੇ ਬਖਤੌਰ ਨੂੰ ਮੁੜ ਬੁੱਕਲ਼ ਵਿੱਚ ਲੈ ਲਿਆ। ਮਾਂ ਵਰਗੀ ਮਾਮੀਂ ਦੇ ਗਲ਼ ਲੱਗ ਕੇ ਜਿਵੇਂ ਬਖਤੌਰ ਦਾ ਸਾਰਾ ਗ਼ਮ ਧੋਤਾ ਗਿਆ ਸੀ।

-"ਜਾਹ ਆਬਦੇ ਮਾਮੇ ਹੋਰਾਂ ਕੋਲ਼ ਜਾ ਵੜ, ਤੇ ਮੈਂ ਕੋਈ ਦਾਲ ਸਬਜ਼ੀ ਬਣਾ ਲਵਾਂ..!"

ਬਖਤੌਰ ਵਾਪਸ ਆ ਗਿਆ।

-"ਲੈ ਚੱਕ ਬਖਤੌਰ ਸਿਆਂ..!" ਕਾਮਰੇਡ ਨੇ ਗਿਲਾਸ ਬਖਤੌਰ ਵੱਲ ਕੀਤਾ। ਬਖਤੌਰ ਨੇ ਗਿਲਾਸ ਫ਼ਤਨ ਸਾਰ ਖਾਲੀ ਕਰ ਦਿੱਤਾ।

-"ਅੱਜ ਹੋਰ ਕਿਸੇ ਨੂੰ ਇਨਵਾਈਟ ਤਾਂ ਨੀ ਕੀਤਾ..? ਮੈਂ ਫ਼ੇਰ ਓਨੀ ਕੁ ਹੀ ਦਾਲ਼ ਸਬਜ਼ੀ ਬਣਾਵਾਂ..!" ਚੰਦ ਕੌਰ ਨੇ ਸੁੱਚਾ ਸਿਉਂ ਨੂੰ ਪੁੱਛਿਆ।

-"ਅੱਜ ਤਾਂ ਬਾਈ ਦੇ ਜੁੰਡੀ ਦੇ ਯਾਰ ਆਉਣੇ ਆਂ, ਭਾਬੋ..! ਭਾਣਜੇ ਬਖਤੌਰ ਆਉਣ ਦੀ ਖ਼ੁਸ਼ੀ 'ਚ ਪਾਰਟੀ ਦੇਣੀ ਆਂ ਬਾਈ ਨੇ..! ਤੂੰ ਕੁਛ ਨਾ ਬਣਾ, ਅਸੀਂ ਆਪੇ ਬਾਹਰੋਂ ਮੰਗਵਾ ਲਵਾਂਗੇ ਖਾਣ ਨੂੰ..! ਐਨੇ ਬੰਦਿਆਂ ਦਾ ਕਿੱਥੇ ਲੰਗਰ ਲਾਹੁੰਦੀ ਫ਼ਿਰੇਂਗੀ..?"

-"ਫੇਰ ਤਾਂ ਮੈਨੂੰ ਮੌਜਾਂ ਲੱਗ ਗਈਆਂ ਅੱਜ..!"

ਅਜੇ ਉਹ ਗੱਲਾਂ ਕਰ ਹੀ ਰਹੇ ਸਨ ਕਿ ਸੁੱਚਾ ਸਿਉਂ ਦੇ ਪੁਰਾਣੇ ਯਾਰ ਬਿੱਜ ਵਾਂਗ ਆ ਵੱਜੇ।

ਰੌਣਕਾਂ ਲੱਗ ਗਈਆਂ। ਪੁਰਾਣੇ ਯਾਰ ਜੱਫ਼ੀਆਂ ਪਾ-ਪਾ ਕੇ ਮਿਲ਼ੇ। ਇਹਨਾਂ ਸਾਰਿਆਂ ਨੇ ਇੰਗਲੈਂਡ ਵਿੱਚ ਆ ਕੇ ਬੜੀ ਮੁਸ਼ੱਕਤ ਕੀਤੀ ਅਤੇ ਸੰਤਾਪ ਹੰਢਾਇਆ ਸੀ। ਇਹ ਛੇ ਜਾਣੇ ਇੱਕ ਠੰਢੇ ਕਮਰੇ ਵਿੱਚ ਰਹਿੰਦੇ ਸਨ। ਦੋ ਹੀ ਅੱਧੋਰਾਣੇ ਬੈੱਡ ਸਨ। ਤਿੰਨ ਜਾਣੇ ਰਾਤ ਦੀ ਡਿਊਟੀ ਕਰਦੇ ਸਨ ਅਤੇ ਤਿੰਨ ਦਿਨ ਦੀ ਡਿਊਟੀ 'ਤੇ ਜਾਂਦੇ ਸਨ। ਦਿਨ ਵੇਲ਼ੇ ਰਾਤ ਦੀ ਡਿਊਟੀ ਵਾਲ਼ੇ ਉਸ ਬੈੱਡ ਉਪਰ ਸੌਂ ਜਾਂਦੇ ਸਨ ਅਤੇ ਰਾਤ ਨੂੰ ਦਿਨ ਦੀ ਡਿਊਟੀ ਵਾਲ਼ੇ! ਐਤਵਾਰ ਦੀ ਛੁੱਟੀ ਹੁੰਦੀ ਸੀ ਤਾਂ ਇੱਕ ਜਣਾ ਸੋਫ਼ੇ 'ਤੇ ਪੈ ਜਾਂਦਾ ਸੀ, ਤੇ ਦੋ ਜਾਣੇ ਥੱਲੇ ਰਜਾਈ ਸੁੱਟ ਕੇ ਸੌਂਦੇ ਸਨ। ਉਹਨਾਂ ਵਿੱਚ ਕਦੇ ਤਕਰਾਰ ਨਹੀਂ ਹੁੰਦੀ ਸੀ। ਰੋਟੀ ਇਕੱਠੀ ਹੀ ਪੱਕਦੀ ਸੀ। ਐਤਵਾਰ ਨੂੰ ਦਾਲ਼ ਦਾ ਵੱਡਾ ਦੇਜਕਾ ਬਣਾ ਲਿਆ ਜਾਂਦਾ, ਜੋ ਤਕਰੀਬਨ ਤਿੰਨ ਦਿਨ ਚੱਲਦਾ। ਫ਼ਿਰ ਚੌਥੇ ਦਿਨ ਕਦੇ ਰਾਤ ਦੀ ਡਿਊਟੀ ਵਾਲ਼ੇ ਦਾਲ ਸਬਜ਼ੀ ਬਣਾ ਲੈਂਦੇ, ਤੇ ਕਦੇ ਦਿਨ ਦੀ ਡਿਊਟੀ ਵਾਲ਼ੇ। ਰੋਟੀਆਂ ਲਾਹੁਣ ਦੀ ਦੋ ਜਾਣਿਆਂ ਦੀ ਵਾਰੀ ਹੁੰਦੀ ਸੀ। ਉਹ ਭਰਾਵਾਂ ਵਾਂਗ ਰਹਿੰਦੇ ਅਤੇ ਇੱਕ ਦੂਜੇ ਦੀ ਮੱਦਦ ਕਰਦੇ। ਸਾਰੇ ਇੱਕ ਦੂਜੇ ਦੇ ਹਮਦਰਦ ਸਨ। ਈਰਖ਼ਾ ਵਾਲ਼ਾ ਸੁਆਲ ਹੀ ਨਹੀਂ ਸੀ। ਉਹ ਇੱਕ ਦੂਜੇ 'ਤੇ ਜਾਨ ਦਿੰਦੇ ਅਤੇ ਲਹੂ ਡੋਲ੍ਹਦੇ ਸਨ। ਉਹਨਾਂ ਸਭ ਦਾ ਸ਼ੁਭਚਿੰਤਕ ਸੀ ਕਾਮਰੇਡ ਨੱਥਾ ਸਿੰਘ ਲੈਨਿਨ! ਜੋ ਉਹਨਾਂ ਦੇ ਕਾਗਜ਼ਾਂ ਪੱਤਰਾਂ ਦੀ ਪੂਰਤੀ ਕਰਨ ਵਿੱਚ ਸਹਾਈ ਹੁੰਦਾ ਸੀ ਅਤੇ ਪੈਸੇ ਪਿੰਡ ਭੇਜਣ ਵਿੱਚ ਮੱਦਦ ਕਰਦਾ ਸੀ। ਕਾਮਰੇਡ ਨੱਥਾ ਸਿੰਘ ਚਾਹੇ ਰੱਬ ਨੂੰ ਨਹੀਂ ਮੰਨਦਾ ਸੀ, ਪਰ ਬੰਦੇ ਦੀ ਮੱਦਦ ਕਰਨਾ ਉਸ ਦਾ ਪਹਿਲਾ ਕਰਮ ਸੀ। ਕਾਮਰੇਡ ਪੀਣ ਦਾ ਸ਼ੌਕੀਨ ਸੀ। ਪਰ ਉਸ ਨੇ ਉਹਨਾਂ ਕੋਲ਼ੋਂ ਕਦੇ ਦਾਰੂ ਨਹੀਂ ਪੀਤੀ ਸੀ। ਜਦ ਵੀ ਉਹ ਉਹਨਾਂ ਕੋਲ਼ ਆਉਂਦਾ, ਇੱਕ ਬੋਤਲ ਨਾਲ਼ ਲੈ ਕੇ ਆਉਂਦਾ। ਬਾਕੀ ਜਾਣੇ ਆਪਣਾ ਆਪਣਾ ਹਿੱਸਾ ਪਾ ਕੇ ਦੋ ਬੋਤਲਾਂ ਹੋਰ ਮੰਗਵਾ ਲੈਂਦੇ ਅਤੇ ਉਹਨਾਂ ਦੇ ਕਮਰੇ ਵਿੱਚ ਖ਼ੂਬ ਮਹਿਫ਼ਲ ਲੱਗਦੀ।

-"ਯਾਰ ਕਾਮਰੇਡਾ, ਆਹ ਕੀ ਪਤਾ ਸੀ ਬਈ ਹਲ਼ ਵਾਹੁੰਦੇ-ਵਾਹੁੰਦੇ ਬਲੈਤ 'ਚ ਆ ਕੇ ਰੋਟੀਆਂ ਪਕਾਉਣ ਵੀ ਆ ਲੱਗਾਂਗੇ..!" ਭਲਵਾਨ ਪੇੜੇ ਕਰਦਾ ਖਚਰਾ ਹਾਸਾ ਹੱਸਦਾ।

-"ਇਹ ਕੋਈ ਮਿਹਣਾ ਥੋੜ੍ਹੋ ਐ..? ਆਬਦਾ ਢਿੱਡ ਭਰਨ ਵਾਸਤੇ ਈ ਪਕਾਉਨੇ ਆਂ..!" ਖਹਿਰਾ ਰੋਟੀ ਵੇਲਦਾ ਬੋਲਦਾ। ਉਹ ਵਿੰਗੀਆਂ ਬੋਲ਼ੀਆਂ ਵੇਲੀ ਤੁਰਿਆ ਆ ਰਿਹਾ ਸੀ।

ਐਤਵਾਰ ਦੀ ਛੁੱਟੀ ਵਾਲ਼ੇ ਦਿਨ ਉਹਨਾਂ ਦਾ ਹਾਸਾ ਠੱਠਾ ਅਤੇ ਮਹਿਫ਼ਲ ਚੱਲਦੀ ਰਹਿੰਦੀ।

..... ਅੱਜ ਮੁੜ ਸਾਰੇ ਜਿਗਰੀ ਯਾਰ ਇਕੱਠੇ ਹੋਏ ਸਨ। ਸਾਰੇ ਮੁੜ ਮੁੜ ਜੱਫੀਆਂ ਪਾ ਰਹੇ ਸਨ। ਬੜੀਆਂ ਤਕਲੀਫ਼ਾਂ ਕੱਟੀਆਂ ਸੀ ਇਹਨਾਂ ਸਾਰਿਆਂ ਨੇ। ਪਰ ਹੁਣ ਆਪਣੇ ਆਪਣੇ ਪ੍ਰੀਵਾਰਾਂ ਵਿੱਚ ਰੰਗੀਂ ਵਸਦੇ ਸਨ।

ਭਾਣਜੇ ਦੇ ਇੰਗਲੈਂਡ ਆਉਣ 'ਤੇ ਸਭ ਨੇ ਸੁੱਚਾ ਸਿੰਘ ਅਤੇ ਚੰਦ ਕੌਰ ਨੂੰ ਮੁਬਾਰਕਬਾਦ ਅਤੇ ਸ਼ੁਭ ਕਾਮਨਾਵਾਂ ਦਿੱਤੀਆਂ।

ਦਾਰੂ ਸ਼ੁਰੂ ਹੋ ਗਈ।

ਟਿੱਚਰਾਂ ਮਸ਼ਕਰੀਆਂ ਹੋਣ ਲੱਗੀਆਂ।

-"ਕਾਮਰੇਡ ਸਾਅਬ, ਆਹ ਆਪਣੇ ਆਲ਼ਾ ਖਹਿਰਾ ਲੰਡਨ 'ਚ ਪੰਜ ਸ਼ੌਪਾਂ ਬਣਾਈ ਬੈਠੈ, ਤੇ ਹੁਣ ਕਹਿੰਦਾ ਪਿੰਡ ਪੈਲ਼ੀ ਲੈਣੀ ਆਂ..!"

-"ਜੱਟ ਨੂੰ ਪੈਲ਼ੀ ਦੀ ਲਲਕ ਕਿੱਥੇ ਜਾਂਦੀ ਐ...? ਜੱਟ ਤਾਂ ਪੈਲ਼ੀ ਪਿੱਛੇ ਕਮਲਾ ਹੋਇਆ ਰਹਿੰਦੈ..!"

-"ਕਮਲ਼ੇ ਦੀ ਗੱਲ ਛੱਡੋ..! ਹੁਣ ਜੱਟ ਬਥੇਰੇ ਸਿਆਣੇ ਐਂ, ਜਣੇ ਖਣੇ ਦੇ ਕੰਨ ਕੁਤਰਦੇ ਐ..!"

-"ਓਹ ਕਿਵੇਂ..?"

-"ਇੱਕ ਆਰੀ ਕਿਸੇ ਵਕੀਲ ਨੇ ਜੱਟ ਨੂੰ ਆਪਣਾ ਖੂਹ ਵੇਚਤਾ..!"

-"ਅੱਛਾ..!"

-"ਵਕੀਲ ਨੂੰ ਲੱਗਿਆ ਬਈ ਮੈਂ ਪੜ੍ਹਿਆ ਲਿਖਿਆ ਤੇ ਜੱਟ ਹੈਗ੍ਹਾ ਅਨਪੜ੍ਹ ਤੇ ਮੂਰਖ ਗਵਾਰ, ਜੀਹਨੇ ਮੇਰਾ ਖੂਹ ਐਨਾਂ ਮਹਿੰਗਾ ਖਰੀਦ ਲਿਆ, ਇਸ ਤੋਂ ਟਰੱਪਲ਼ ਮਾਰ ਕੇ ਹੋਰ ਪੈਸੇ ਲਈਏ...!"

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਾਮਾਦਿਕ ਪੰਜ (ਬਲੀ ਵਿਕਾਰਾਂ) ਨੂੰ ਜੇ ਆਪਣੇ ਵੱਸ ਵਿਚ ਕਰਦਾ ਹੈ ਤਾਂ (ਮਾਨੋ) ਮੁਸੱਲਾ ਵਿਛਾਂਦਾ ਹੈ, ਤਾਂ ਹੀ ਤੂੰ ਮਜ਼ਹਬ ਨੂੰ ਪਛਾਣਦਾ ਹੈ ।3। ਖਸਮ ਰੱਬ ਨੂੰ ਪਛਾਣ, ਆਪਣੇ ਹਿਰਦੇ ਵਿਚ ਜੀਵਾਂ ਪ੍ਰਤੀ ਰਹਿਮ ਕਰ, ਹੰਕਾਰ ਰੂਪੀ ਮਣੀ ਨੂੰ ਫਿੱਕੀ ਜਾਣ ਕੇ ਮਾਰ ਦੇਹ (ਭਾਵ, ਹੰਕਾਰ ਨੂੰ ਮਾੜਾ ਜਾਣ ਕੇ ਦੂਰ ਕਰ) । ਜਦੋਂ ਮਨੁੱਖ ਆਪਣੇ ਆਪ ਨੂੰ ਸਮਝਾ ਕੇ ਦੂਜਿਆਂ ਨੂੰ (ਆਪਣੇ ਵਰਗਾ) ਸਮਝਦਾ ਹੈ, ਤਦ ਬਹਿਸ਼ਤ ਦਾ ਭਾਈਵਾਲ ਬਣਦਾ ਹੈ ।4। ਕਬੀਰ ਜੀ ਅੱਗੇ ਬਚਨ ਕਰਦੇ ਹਨ ਕਿ ਮਿੱਟੀ ਇਕੋ ਹੀ ਹੈ, (ਰੱਬ ਨੇ ਇਸ ਦੇ) ਅਨੇਕਾਂ ਰੂਪ ਬਣਾਏ ਹੋਏ ਹਨ; ਮੈਂ ਇਹਨਾਂ ਵਿਚ ਰੱਬ ਨੂੰ ਪਛਾਣ ਲਿਆ ਹੈ। (ਪਰ) ਤੁਸੀ ਤਾਂ (ਦੂਜਿਆਂ ਉੱਤੇ ਜੋਰ-ਧੱਕਾ ਕਰ ਕੇ) ਬਹਿਸ਼ਤ (ਦਾ ਰਸਤਾ) ਛੱਡ ਕੇ ਦੋਜ਼ਕ (ਨਰਕ) ਨਾਲ ਮਨ ਜੋੜੀ ਬੈਠੇ ਹੋ; ਭਾਵ ਨਰਕਾਂ ਦੇ ਰਸਤੇ ਤੇ ਚੱਲ ਰਹੇ ਹੋ ।5।4।17। "ਹਮ ਮਸਕੀਨ ਖੁਦਾਈ ਬੰਦੇ ਤੁਮ ਰਾਜਸੁ ਮਨਿ ਭਾਵੈ ॥ ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ ਫੁਰਮਾਵੈ ॥1॥ ਕਾਜੀ ਬੋਲਿਆ ਬਨਿ ਨਹੀ ਆਵੈ ॥1॥ ਰਹਾਉ ॥ ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ ॥ ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ ॥2॥ ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ ॥ ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ ॥3॥ ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ ॥ ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ ॥4॥ ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ ਪਛਾਨਾ ॥ ਕਹੈ ਕਬੀਰਾ ਭਿਸਤ ਛੋਡਿ ਕਰਿ ਦੋਜਕ ਸਿਉ ਮਨੁ ਮਾਨਾ 5॥4॥17॥ ਅੰਗ 480" ।

ਕਬੀਰ ਜੀ ਹੋਰ ਉਪਦੇਸ਼ ਕਰਦੇ ਹਨ ਕਿ ਹੇ ਕਾਜ਼ੀ! ਤੂੰ ਰੋਜ਼ਾ ਰੱਖਦਾ ਹੈ (ਰੋਜ਼ਿਆਂ ਦੇ ਅਖ਼ੀਰ ਤੇ ਈਦ ਵਾਲ਼ੇ ਦਿਨ) ਅੱਲ੍ਹਾ ਦੇ ਨਾਮ ਤੇ ਕੁਰਬਾਨੀ ਦਿੰਦਾ ਹੈਂ, ਪਰ ਆਪਣੇ ਸੁਆਦ ਦੀ ਖ਼ਾਤਰ (ਇਹ) ਜੀਵ ਮਾਰਦਾ ਹੈਂ । ਆਪਣੇ ਹੀ ਸੁਆਰਥ ਨੂੰ ਦੇਖ ਕੇ ਹੋਰ (ਜੀਵਾਂ) ਤੇ ਰਹਿਮ ਦੀ ਨਜ਼ਰ ਨਹੀਂ ਰੱਖਦਾ; ਤੂੰ ਕਿਉਂ ਝੱਖ ਮਾਰਦਾ ਹੈਂ ।1। (ਸਾਰੇ ਜਗਤ ਦਾ) ਮਾਲਕ ਇੱਕ ਰੱਬ ਹੈ, ਉਹ ਤੇਰਾ ਭੀ ਰੱਬ ਹੈ ਤੇ ਤੇਰੇ ਅੰਦਰ ਭੀ ਮੌਜੂਦ ਹੈ, ਪਰ ਤੂੰ ਸੋਚ-ਵਿਚਾਰ ਕੇ ਦੇਖਦਾ ਨਹੀਂ। ਹੇ ਸ਼ਰਹ ਵਿਚ ਕਮਲੇ ਹੋਏ ਕਾਜ਼ੀ! ਤੂੰ (ਇਸ ਭੇਤ ਨੂੰ) ਸਮਝਦਾ ਨਹੀਂ, ਇਸ ਵਾਸਤੇ ਤੇਰਾ ਜੀਵਨ ਅਜਾਈਂ ਜਾ ਰਿਹਾ ਹੈ।1।ਰਹਾਉ। ਤੁਹਾਡੀਆਂ ਆਪਣੀਆਂ ਮਜ਼ਹਬੀ ਕਿਤਾਬਾਂ ਭੀ ਇਹੀ ਆਖਦੀਆਂ ਹਨ ਕਿ ਅੱਲ੍ਹਾ ਸਦਾ ਕਾਇਮ ਰਹਿਣ ਵਾਲ਼ਾ ਹੈ; ਉਹ ਜ਼ਨਾਨੀ ਜਾਂ ਮਰਦ ਕੋਈ ਨਹੀਂ । ਜੇ ਤੇਰੇ ਦਿਲ ਵਿਚ ਇਹ ਸੂਝ ਨਹੀਂ ਪਈ ਤਾਂ (ਮਜ਼ਹਬੀ ਕਿਤਾਬਾਂ ਨੂੰ) ਪੜ੍ਹਨ ਤੇ ਵਿਚਾਰਨ ਦਾ ਕੋਈ ਲਾਭ ਨਹੀਂ ।2। ਕਬੀਰ ਉੱਚੀ ਕੂਕ ਕੇ ਆਖਦਾ ਹੈ ਕਿ ਆਪਣੇ ਦਿਲ ਵਿਚ ਵਿਚਾਰ ਕਰ ਕੇ ਵੇਖ ਲੈ, ਰੱਬ ਸਾਰੇ ਸਰੀਰਾਂ ਵਿਚ ਲੁਕਿਆ ਬੈਠਾ ਹੈ, ਹਿੰਦੂ ਤੇ ਮੁਸਲਮਾਨ ਵਿਚ ਇੱਕ ਉਹੀ ਵਸਦਾ ਹੈ ।3। "ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥ ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ॥1॥ ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ ਬਿਚਾਰਿ ਨ ਦੇਖੈ ॥ ਖਬਰਿ ਨ ਕਰਹਿ ਦੀਨ ਕੇ ਬਉਰੇ ਤਾ ਤੇ ਜਨਮੁ ਅਲੇਖੈ॥1॥ ਰਹਾਉ ॥ ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ ॥ ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ ॥2॥ ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ॥ ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥3॥7॥29॥ ਅੰਗ 483" ।


ਕਬੀਰ ਜੀ ਕਾਜੀ (ਮੁਸਲਮਾਨ) ਨੂੰ ਸੁੰਨਤ ਤੇ ਕਿੰਤੂ ਕਰਦੇ ਕਹਿੰਦੇ ਹਨ ਕਿ ਕੋਝੇ ਝਗੜਾਲੂ (ਕਾਜ਼ੀ) ਆਪਣੇ ਦਿਲ ਵਿਚ ਸੋਚ ਤੇ ਵਿਚਾਰ ਕਰ ਕਿ ਹਿੰਦੂ ਤੇ ਮੁਸਲਮਾਨ (ਇਕ ਪਰਮਾਤਮਾ ਤੋਂ ਬਿਨਾ ਹੋਰ) ਕਿਥੋਂ ਪੈਦਾ ਹੋਏ ਹਨ, ਕਿਸ ਨੇ ਇਹ ਰਾਹ ਚਲਾਏ; (ਸਿਰਫ਼ ਮੁਸਲਮਾਨ ਜਾਂ ਹਿੰਦੂ ਹੋਣ ਕਰਕੇ ਹੀ) ਕਿਸ ਨੇ ਬਹਿਸ਼ਤ ਲੱਭਾ ਤੇ ਕਿਸ ਨੇ ਦੋਜ਼ਕ? (ਭਾਵ, ਸਿਰਫ਼ ਮੁਸਲਮਾਨ ਅਖਵਾਉਣ ਨਾਲ ਬਹਿਸ਼ਤ ਨਹੀਂ ਮਿਲ ਜਾਂਦਾ, ਤੇ ਹਿੰਦੂ ਰਿਹਾਂ ਦੋਜ਼ਕ ਵਿਚ ਨਹੀਂ ਪਈਦਾ) ।1। ਹੇ ਕਾਜ਼ੀ! ਤੂੰ ਕਿਹੜੀਆਂ ਕਿਤਾਬਾਂ ਵਿਚੋਂ ਦੱਸ ਰਿਹਾ ਹੈਂ (ਕਿ ਮੁਸਲਮਾਨ ਨੂੰ ਬਹਿਸ਼ਤ ਤੇ ਹਿੰਦੂ ਨੂੰ ਦੋਜ਼ਕ ਮਿਲੇਗਾ)? ਤੇਰੇ ਵਰਗੇ ਪੜ੍ਹਨ ਤੇ ਵਿਚਾਰਨ ਵਾਲ਼ੇ (ਭਾਵ, ਜੋ ਮਨੁੱਖ ਤੇਰੇ ਵਾਂਗ ਤਅੱਸਬ ਦੀ ਪੱਟੀ ਅੱਖਾਂ ਅੱਗੇ ਬੰਨ੍ਹ ਕੇ ਮਜ਼ਹਬੀ ਕਿਤਾਬਾਂ ਪੜ੍ਹਦੇ ਹਨ) ਸਭ ਖ਼ੁਆਰ ਹੁੰਦੇ ਹਨ। ਕਿਸੇ ਨੂੰ ਅਸਲੀਅਤ ਦੀ ਸਮਝ ਨਹੀਂ ਪਈ ।1।ਰਹਾਉ। ਸੁੰਨਤ (ਤਾਂ) ਔਰਤ ਦੇ ਪਿਆਰ ਦੀ ਖ਼ਾਤਰ ਕੀਤੀ ਜਾਂਦੀ ਹੈ । ਹੇ ਭਾਈ! ਮੈਂ ਨਹੀਂ ਮੰਨ ਸਕਦਾ (ਕਿ ਇਸ ਦਾ ਰੱਬ ਦੇ ਮਿਲਣ ਨਾਲ ਕੋਈ ਸੰਬੰਧ ਹੈ) । ਜੇ ਰੱਬ ਨੇ ਮੈਨੂੰ ਮੁਸਲਮਾਨ ਬਣਾਉਣਾ ਹੋਇਆ, ਤਾਂ ਮੇਰੀ ਸੁੰਨਤ ਆਪਣੇ ਆਪ ਹੀ ਹੋ ਜਾਇਗੀ ।2। ਪਰ, ਜੇ ਸਿਰਫ਼ ਸੁੰਨਤ ਕੀਤਿਆਂ ਹੀ ਮੁਸਲਮਾਨ ਬਣ ਸਕੀਦਾ ਹੈ, ਤਾਂ ਔਰਤ ਦੀ ਸੁੰਨਤ ਤਾਂ ਹੋ ਹੀ ਨਹੀਂ ਸਕਦੀ, ਉਸ ਅਰਧ ਸਰੀਰੀ ਔਰਤ ਨੂੰ ਤਾਂ ਤੂੰ ਛੱਡਦਾ ਨਹੀਂ ਫਿਰ ਤਾਂ ਹਿੰਦੂ ਹੀ ਰਿਹਾ ।3। ਹੇ ਭਾਈ! ਮਜ਼ਹਬੀ ਕਿਤਾਬਾਂ ਦੀਆਂ ਬਹਿਸਾਂ ਛੱਡ ਕੇ ਪਰਮਾਤਮਾ ਦਾ ਭਜਨ ਕਰ, (ਬੰਦਗੀ ਛੱਡ ਕੇ, ਤੇ ਬਹਿਸਾਂ ਵਿਚ ਪੈ ਕੇ) ਤੂੰ ਆਪਣੇ ਆਪ ਉੱਤੇ ਬੜਾ ਜ਼ੁਲਮ ਕਰ ਰਿਹਾ ਹੈਂ । ਕਬੀਰ ਨੇ ਤਾਂ ਇਕ ਰੱਬ ਦਾ ਆਸਰਾ ਲਿਆ ਹੈ, ਮੁਸਲਮਾਨ (ਬਹਿਸਾਂ ਵਿਚ ਹੀ) ਖ਼ੁਆਰ ਹੋ ਰਹੇ ਹਨ ।4।8। "ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥

ਬਾਕੀ ਅਗਲੇ ਹਫ਼ਤੇ ਪੜ੍ਹੋ


## ਪੰਜਾਬੀ ਸਿੱਖਣ ਲਈ ਕਿਤਾਬਾਂ

**ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ**

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**Whats App (M) 07966 388388**

**PANJAB TIMES**
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk



## ਨਿਰਮਾਨ ਸੇਵਕ ਜਥਾ ਸਿੱਖ ਟੈਂਪਲ, ਬ੍ਰਿਸਟਲ ਵਿਖੇ ਕੀਰਤਨੀ ਜਥੇ (ਦੋ ਧਾਰਮਿਕ ਸੇਵਾਦਾਰਾਂ) ਦੀ ਲੋੜ

**An opportunity has arisen for two Religious Workers at Nirman Sewak Jatha Sikh Heritage Ltd in Bristol**

**The duties of the Religious Workers will include:**
Reading from Guru Granth Sahib Ji, Hymn singing, reciting prayers. Assisting and conducting daily and weekly Diwans, marriages, engagements, funerals and other religious ceremonies. Should be able to teach Gurbani Kirtan, Path and playing instruments (i.e. Vaaja and Tabla). Working collaboratively with the Managing Committee and volunteers. The workers will be responsible for locking and unlocking the Gurdwara premises.

**LOCATION: BRISTOL UK, NIRMAN SEWAK JATHA**
**11 SUMMERHILL ROAD, ST. GEORGE, BRISTOL UK BS5 8HG**

**REQUIREMENTS:** Must be able to read and speak Punjabi (Gurmukhi). Clean character certificate required from previous employer. Should have good communicational and interpersonal skills. A clean DBS or equivalent check is required if accepted. Preference will be given to qualified and experienced candidates who should be a UK resident or have the right to work in the UK.

**DURATION & REMUNERATION:** Employment will consist of 20 hours per week. The first 3 months will be a probation period. If performance is satisfactory the duration could be extended to 12 Months.

**RATE: Salary will be in accordance to UK employment law, plus reasonable expenses.**

**HOW TO APPLY:** CV supplemented with video evidence and the details of 2 referees.

**CLOSING DATE: 3rd April 2024**


**PLEASE APPLY TO ADDRESS BELOW OR CONTACT**
**MR. BALDEV SINGH ROUDH 07830517552**
**Email:secretary@nirmansewakjatha.org.uk**

**Nirman Sewak Jatha - Sikh Temple, Bristol**
**11 SUMMERHILL ROAD, ST. GEORGE, BRISTOL, BS5 8HG, U.K.**

TAIL PIECE

Dalip Singh Wasan, Advocate
Email: dalipsinghwassan@yahoo.co.in

## Each poor woman shall get grant of rupees one lac annually- Congress



Earlier Mr. Rahul Gandhi jee had announced that if his party comes in power, each woman in India shall be given rupees six thousands monthly and now congress has raised the amount to one lac annually and that too only for for poor women. Poor people have got their identification and their total number is about 81 crore and the present BJP government has been giving them free ration and this annual grant shall add for women in this lot of poor people. Both Congress and BJP are in Panipat this time. BJP, in addition to free ration has already pronounced monthly grant of rupees one thousand to each woman in the country. And in addition to this grant, BJP has given assurance of safety and strength to women. None of the two contesting groups could assure to root out total poverty from India and therefore, they have again come out with first-aid type solutions. It is still clear that poor and their number shall continue to rise and shall remain a permanent vote-bank for the political groups. None of the contesting groups is coming ahead to root out poverty from India. Employment to all and rise in wages are still far cries.

## People elect Prime Minister and their choice is always right

Here in India, there are so many parties and we have also seen that that often so many political groups join and form a majority and form government. We have noted that often people vote for the choice of Prime Minister and give votes to the candidates nominated by that Prime Minister designate. The old concept of one man rule is still existing in this democracy. But still all the Prime Ministers who had been elecgted by the people had good records and none has done anything against the peple of India. All the prime Ministers could show their worth and it has been established that the people of India are wise choosers. The persons who had been the Prime Ministers update served he nation well and we could establish a better democracy. Even people who are taking part in the coming Parliament Elections are well known to the people and though none is coming with specific programmes, we still expect that our choice shall be as per records in history and our nexst five years too shall shorten the period the period of our attainment of a developed country. Anf if the coming Prime Minister listens to others who are with him, performance could be better. Democracy means joining of more people in governing the country and it is always better than single man government. If oppositions are not heard to day, the Prime Minister may hold separate meeting with his supporters and listen the improvements they give and come before the Parliament so that one man decision could be written off.

## Shifting before elections shows pliticians are still in search of parties

The people of India are surprised to note that so many politicians are shifting their parties without explaining the cause. Some politicians are shifting just to establish their names andare trying to become popular. Till date political parties are not disclosing what shall they do specifically inthe tenure for the peo9ple of India. problems of the people, which had been established during all the periods of history of India are very clear and the political parties in formation too are not sure that they could solve these problems. The people who take part in elections too are not committed workers and most of them are not having any plan, programme, project and scheme and they are joining this line just to get fame. The politicians who are selected by the parties nver keep in mind the qualifications, training, experience and other merits. The candidates selected for elections too remained silent when they are to seek votes from the people. The system we have adopted in our Parliament too does not need qualifications, training because only Prime Minister rules and only he brings all Bills, schemes, projects in the Parliament and all in supporting side without considering merits vote in favour of the item and that is passed and become law. The people sitting in opposition often do not speak because none hears them. Even political party which has given the Prime Minister never gives directions to the PM. And because of these situations, the politicians themselves decide to which team they should join where chances of sitting in supporters side are better. Till date none of the politician who shifts from one party to another can claim that he has got voters and those too are shifting along with him to the other party he is joining.

## One elections shall lead towards establishment of one nation

A committee established here in India has suggested that since India is one nation, there should be one elections both for the Parliament and the State Legislative Assemblies. Though all the politicians are one lot and these political partis are just teams having the only one target to win and rule, yet often only one Man rule is established and that too through the Prime Minister. The other winners are just divided into supporters and oppositions. And are usually, used just for voting. The state legislative assemblies had been established here just to open more employment opportunities for politicians. We had become one nation and only one Parliament could have been enough. But now after more than seven decades, we cannot think of abolishing state level assemblies. Therefore, when all citizens above the age of 18 are to vote and total voters are not less than 97 crores, this process of voting is very costly and only once in five years shall keep the democracy alive and shall also maintain unity of one nation. When some states come with different teams other than the team in centre, we fade so many difficulties and often it seems that we are not one natuion. Unity of the nation is often dependant uypon one ruling front in all the country as a nation. We are holding elections for teh Parliament and next Parliament Elections shall be due in 2029 and till that date all legislative assemblies may continue to work and in that year we can hold elections both for Parliament and the state legislative assemblies and if need be, we can extend lives of Assemblies till the date when we shall be holding elections for trhe Parliament and for all the State Legislative Assemblies. We shall save time, expenditure and other troubles. One election shall reduce the number of political wings at state level.

## CM Punjab assures Free Fair and Peaceful Elections

Sardar Bhagwant Singh Maan, Chief Minister of Punjab had been busy with the police and now he has come with assurance that Parliament Elections , specifically in Punjab shall be Free, Fair and Peaceful. Elections are the base of our democracy and as per record update, we had been having our elections free fair and peaceful and in rare cases, we had been having we had to cancel elections and had to reconduct the same. There had been doubts on EVMs but still there is proof that these machines could be directed otherwise. This electronic system is used in all money transactions and in rare cases this system could work otherwise. The people of India are happy that now they have two groups on political fronts and choice shall be easy. None of two have come with clear targets and only some more aids have been added in First-aids to the poor, the permanent vote-bank and since number of poor in the country is not less than two-third, elections are likely to be free, fair and peaceful. Elections this time are just like Friendly Match because the contesting groups are still with no big targets and even the voters too are not under pressure from either side. The results too shall be like lottery results and no contesting group could claim victorty on merits. Visits to religious places and calls on Fortune-tellers shall be on higher side. Elections there in India are not like War of Panipat and now our voters too are experienced hands and voting is not a serious work for them. Voting freely as per their consciencer and will shall prevail. Let such assurance may come from all the states.



## Next five years be given to members of Parliament

Till date we had been electing Prime Minister designate and in spite of something wrong with the democracy, performance of our elected Prime ministers had been on the right side and remained satisfactory. We are couunted as an advanced country. Now the contesting groups are not before us with specific goals and therefore, this time must go in favour of Members in the Parliament. Each member be selected and nominated who is competent to identify problems of area to which he shall be representing and must be able to point out those problems in the Parliament with methods and schemes for solution. Till date we couuld not prescdribed duties of MPs and if this duty is imposed, the contesting groups shall keep in mind the competency and duty of the candidate. People two must keep in mind while tendering votes, because people must unite too for solution of problems of their areas.

# ਮੈਂ ਤੰਦਰੁਸਤ ਕਿਵੇਂ ਹੋਇਆ ?


ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ - 9



**ਆਪਣੀ ਸਾਫ ਸਫਾਈ ਦਾ ਖਿਆਲ ਰੱਖਣਾ, ਖਾਣਾ ਖਾਣ ਤੋਂ ਪਹਿਲਾਂ ਅਤੇ ਬਾਅਦ ਵਿਚ, ਆਪਣੇ ਹੱਥ ਹਮੇਸ਼ਾ ਚੰਗੀ ਤਰਾਂ ਧੋਣੇ । ਆਪਣੇ ਘਰ ਤੇ ਆਸ ਪਾਸ ਦੀ ਸਫਾਈ ਵਲ ਖਾਸ ਧਿਆਨ ਦੇਣਾ, ਸੰਤੁਲਿਤ ਖਾਣਾ ਖਾਣ ਦੀ ਆਦਤ ਪਾਉਣੀ, ਤਲੇ ਹੋਏ ਤੇ ਜੰਕ ਫੂਡ ਖਾਣ ਤੋਂ ਹਮੇਸ਼ਾ ਤੋਬਾ ਕਰਨਾ । ਮਿੱਠਿਆਈ ਜੇਕਰ ਖਾਣੀ ਹੀ ਹੈ ਤਾਂ ਬਹੁਤ ਹੀ ਹਿਸਾਬ ਨਾਲ ਬੰਦਿਸ਼ ਰੱਖਕੇ ਖਾਣੀ । ਆਪਣੇ ਸਰੀਰ ਦੀ ਸਫਾਈ ਵੱਲ ਉਚੇਚਾ ਧਿਆਨ ਦੇਣਾ, ਬਹੁਤੀ ਗਰਮੀ ਜਾਂ ਸਰਦੀ ਤੋਂ ਹਮੇਸ਼ਾ ਹੀ ਆਪਣਾ ਬਚਾਅ ਰੱਖਣਾ, ਕੱਪੜੇ ਪਹਿਨਣ ਸਮੇਂ ਫੈਸ਼ਨ ਦੀ ਬਜਾਏ ਮੌਸਮ ਨੂੰ ਧਿਆਨ ਵਿਚ ਰੱਖਣਾ ਆਦਿ ਗੱਲਾਂ ਸਾਜੇ ਸਭਨਾਂ ਦਾ ਉਚੇਚਾ ਧਿਆਨ ਮੰਗਦੀਆਂ ਹਨ ।**

ਬਿਮਾਰੀ ਦੀ ਹਾਲਤ ਵਿਚ ਜੇਕਰ ਕੋਈ ਮਰੀਜ਼ ਸਿੱਖਣਾ ਚਾਹੇ ਤਾਂ ਬਹੁਤ ਕੁੱਝ ਸਿੱਖ ਸਕਦਾ ਹੈ । ਇਸ ਸਮੇਂ ਦੌਰਾਨ ਉਸ ਦਾ ਸਿੱਖਿਆ ਹੋਇਆ, ਭਵਿੱਖ ਵਿਚ ਉਸ ਦੇ ਆਪਣੇ ਅਤੇ ਦੂਸਰਿਆਂ ਦੇ ਕੰਮ ਵੀ ਆ ਸਕਦਾ ਹੈ । ਮਿਸਾਲ ਵਜੋਂ ਬਹੁਤਾ ਬੋਲਣ ਦੀ ਆਦਤ ਬਦਲਕੇ ਚੁੱਪ ਤੇ ਸ਼ਾਂਤ ਰਹਿਣਾ, ਚਿੰਤਾ ਨਾ ਕਰਨਾ, ਬਹੁਤਾ ਸੋਚਣਾ ਬੰਦ ਕਰਨਾ, ਕਿਸੇ 'ਤੇ ਸ਼ਿਕਾਇਤ ਨਾ ਕਰਨਾ, ਉਦਾਸੀ ਨੂੰ ਨੇੜੇ ਤੱਕ ਵੀ ਨਾ ਫਟਕਣ ਦੇਣਾ, ਆਲਸ ਤੋਂ ਦੂਰ ਰਹਿਣਾ, ਭੁੱਖ ਰੱਖਕੇ ਖਾਣਾ, ਪਾਣੀ ਵੱਧ ਪੀਣਾ ਅਤੇ ਨੇਮ ਨਾਲ ਕਸਰਤ ਕਰਨਾ ਆਦਿ ਆਦਤਾਂ ਨੂੰ ਪੱਕੇ ਤੌਰ 'ਤੇ ਲੜ ਬੰਨ੍ਹ ਲੈਣਾ ਆਦਿ ।

ਇਸੇ ਤਰਾਂ ਕੁੱਝ ਹੋਰ ਅਜਿਹੀਆਂ ਆਦਤਾਂ ਨੂੰ ਅਪਣਾ ਲੈਣਾ ਜਿਹਨਾਂ ਨਾਲ ਤੰਦਰੁਸਤੀ ਭੱਜਕੇ ਆਪ ਵੱਲ ਆਵੇ, ਉਹਨਾਂ ਵਿਚੋਂ ਵਧੀਆ ਸਰੋਤੇ ਬਣਨਾ, ਸਾਹਿਤ ਦੇ ਪਾਠਕ ਬਣਨਾ, ਨੇਮ ਨਾਲ ਚੰਗਾ ਸਾਹਿਤ ਪੜ੍ਹਨਾ, ਹਰ ਵੇਲੇ ਮੁਸਕਰਾਉਂਦੇ ਰਹਿਣਾ, ਆਪਣੇ ਆਪ ਉੱਤੇ ਪੂਰਾ ਭਰੋਸਾ ਰੱਖਣਾ, ਕੈਲਕੁਲੇਟਿਡ ਰਿਸਕ ਲੈਣ ਦੀ ਆਦਤ ਪਾਉਣੀ ਆਦਿ ਆਦਤਾਂ ਨਹੀਂ ਬਲਕਿ ਮੈਂ ਕਹਾਂਗਾ ਕਿ ਇਹ ਗੁਣ ਆਪਣੇ ਆਪ ਵਿਚ ਪੈਦਾ ਕਰ ਲੈਣੇ ਤੰਦਰੁਸਤੀ ਨੂੰ ਅਵਾਜ ਮਾਰਨ ਅਤੇ ਪੱਕੇ ਤੌਰ 'ਤੇ ਆਪਣੀ ਹਮਜੋਲੀ ਬਣਾਈ ਰੱਖਣ ਦੇ ਬਰਾਬਰ ਹਨ।

ਸੋਚ ਵਿਚ ਪਕਿਆਈ, ਸਚਿਆਈ ਤੇ ਸਕਾਰਾਤਮਿਕਤਾ ਬਹੁਤ ਸਾਰੇ ਦੁੱਖਾਂ ਦਾ ਦਾਰੂ ਹੈ ਤੇ ਬਹੁਤੇ ਦੁੱਖ ਅਜਿਹੇ ਵੀ ਹਨ ਜੋ ਇਸ ਤਰਾਂ ਦੀ ਸੋਚ ਰੱਖਣ ਵਾਲਿਆਂ ਦੇ ਨੇੜੇ ਤੱਕ ਨਹੀਂ ਫਟਕਦੇ । ਇਥੇ ਹੀ ਬਸ ਨਹੀ, ਇਹ ਗੱਲ ਵੀ ਬਿਲਕੁਲ ਸਹੀ ਹੈ ਕਿ ਉਕਤ ਸੋਚ ਰੱਖਣ ਵਾਲਿਆਂ ਦੇ ਆਸ ਪਾਸ ਦੇ ਦੋਸਤ ਮਿੱਤਰ ਤੇ ਰਿਸ਼ਤੇਦਾਰਾਂ ਦੀ ਤੰਦਰੁਸਤੀ ਵੀ ਲੰਮਾ ਸਮਾਂ ਬਣੀ ਰਹਿੰਦੀ ਹੈ।

ਆਪਣੀ ਸਾਫ ਸਫਾਈ ਦਾ ਖਿਆਲ ਰੱਖਣਾ, ਖਾਣਾ ਖਾਣ ਤੋਂ ਪਹਿਲਾਂ ਅਤੇ ਬਾਅਦ ਵਿਚ, ਆਪਣੇ ਹੱਥ ਹਮੇਸ਼ਾ ਚੰਗੀ ਤਰਾਂ ਧੋਣੇ । ਆਪਣੇ ਘਰ ਤੇ ਆਸ ਪਾਸ ਦੀ ਸਫਾਈ ਵਲ ਖਾਸ ਧਿਆਨ ਦੇਣਾ, ਸੰਤੁਲਿਤ ਖਾਣਾ ਖਾਣ ਦੀ ਆਦਤ ਪਾਉਣੀ, ਤਲੇ ਹੋਏ ਤੇ ਜੰਕ ਫੂਡ ਖਾਣ ਤੋਂ ਹਮੇਸ਼ਾ ਤੋਬਾ ਕਰਨਾ । ਮਿੱਠਿਆਈ ਜੇਕਰ ਖਾਣੀ ਹੀ ਹੈ ਤਾਂ ਬਹੁਤ ਹੀ ਹਿਸਾਬ ਨਾਲ ਬੰਦਿਸ਼ ਰੱਖਕੇ ਖਾਣੀ । ਆਪਣੇ ਸਰੀਰ ਦੀ ਸਫਾਈ ਵੱਲ ਉਚੇਚਾ ਧਿਆਨ ਦੇਣਾ, ਬਹੁਤੀ ਗਰਮੀ ਜਾਂ ਸਰਦੀ ਤੋਂ ਹਮੇਸ਼ਾ ਹੀ ਆਪਣਾ ਬਚਾਅ ਰੱਖਣਾ, ਕੱਪੜੇ ਪਹਿਨਣ ਸਮੇਂ ਫੈਸ਼ਨ ਦੀ ਬਜਾਏ ਮੌਸਮ ਨੂੰ ਧਿਆਨ ਵਿਚ ਰੱਖਣਾ ਆਦਿ ਗੱਲਾਂ ਸਾਜੇ ਸਭਨਾਂ ਦਾ ਉਚੇਚਾ ਧਿਆਨ ਮੰਗਦੀਆਂ ਹਨ ।

ਕੁਦਰਤ ਨੇ ਜੋ ਸਿਸਟਮ ਬਣਾਇਆ ਹੋਇਆ ਹੈ, ਉਹ ਬਹੁਤ ਹੀ ਕਮਾਲ ਦਾ ਬਣਾਇਆ ਹੋਇਆ ਹੈ । ਸਾਡੇ ਵਿਚੋਂ ਬਹੁਤਿਆਂ ਨੂੰ ਇਹ ਨਹੀਂ ਪਤਾ ਹੋਵੇਗਾ ਕਿ ਰਾਤ ਅਤੇ ਦਿਨ ਕੁਦਰਤ ਨੇ ਸਿਰਫ ਸੌਣ ਅਤੇ ਜਾਗਣ ਵਾਸਤੇ ਹੀ ਨਹੀਂ ਬਣਾਏ । ਮਨੁੱਖੀ ਸਰੀਰ ਵਿਚ ਜਿੰਨੀਆਂ ਅੰਦਰੂਨੀ ਤੇ ਬਾਹਰੀ ਤਬਦੀਲੀਆਂ ਹੁੰਦੀਆਂ ਹਨ, ਉਹ ਸਭ ਰਾਤ ਵੇਲੇ ਸੁੱਤਿਆਂ ਪਿਆ ਹੀ ਵਾਪਰਦੀਆਂ, ਮਿਸਾਲ ਵਜੋਂ ਸਰੀਰ ਵਿਚ ਹਾਰਮੋਨਜ ਦੀ ਤਬਦੀਲੀ, ਬੱਚੇ ਦੀ ਸਰੀਰਕ ਗਰੋਥ ਅਤੇ ਕਿਸੇ ਵੀ ਬਿਮਾਰੀ ਨਾਲ ਸੰਬੰਧੀ ਲਿੰਗ ਪਰੋਸੈਸ ਆਦਿ ਸਭ ਰਾਤ ਵੇਲੇ ਹੀ ਹੁੰਦੇ ਹਨ । ਇਥੋਂ ਤੱਕ ਕਿ ਮਨੁੱਖੀ ਸਰੀਰ ਉੱਤੇ ਫੋੜੇ ਫਿੰਸੀਆਂ, ਕਿੱਲ, ਮਾਸ਼ੇ ਤੇ ਛਾਹੀਆਂ ਆਦਿ ਸਭ ਰਾਤ ਵੇਲੇ ਹੀ ਨਿਕਲਦੇ ਹਨ । ਕਿਸੇ ਵਿਅਕਤੀ ਦੇ ਕੰਨ, ਦੰਦ ਜਾਂ ਅੱਖਾਂ ਦੁਖਦੀਆਂ ਹੋਣ ਜਾਂ ਸੱਟ ਫੇਟ ਲੱਗੀ ਹੋਵੇ ਤਾਂ ਉਹਨਾਂ ਦਾ ਦੁੱਖ ਵਧਣ ਜਾਂ ਘਟਣ, ਦੋਵੇਂ ਤਰਾਂ ਦੀਆਂ ਕਿਰਿਆਵਾਂ ਰਾਤ ਵੇਲੇ ਵਾਪਰਦੀਆਂ ਹਨ । ਇਸੇ ਤਰਾਂ ਸ਼ੂਗਰ ਅਤੇ ਬਲੱਡ ਪਰੈਸ਼ਰ ਦੇ ਸੰਬੰਧ ਵਿਚ ਵੀ ਕਿਹਾ ਜਾ ਸਕਦਾ ਹੈ । ਸ਼ੂਗਰ ਦਾ ਮਰੀਜ ਦਿਨ ਵੇਲੇ ਘੱਟ ਤੇ ਰਾਤ ਵੇਲੇ ਵਧੇਰੇ ਬਾਥਰੂਮ ਦੇ ਚੱਕਰ ਮਾਰਦਾ ਹੈ । ਬਲੱਡ ਪਰੈਸ਼ਰ ਦੇ ਮਰੀਜਾਂ ਵਿਚੋਂ ਬਹੁਤਿਆਂ ਦੀਆਂ ਮੌਤਾਂ ਰਾਤ ਵੇਲੇ ਹੀ ਹੁੰਦੀਆਂ ਹਨ ।

ਸੋ ਰਾਤ ਮਨੁੱਖੀ ਜੀਵਨ ਦੀ ਤੰਦਰੁਸਤੀ ਵਿਚ ਬਹੁਤ ਹੀ ਅਹਿਮ ਭੂਮਿਕਾ ਅਦਾ ਕਰਦੀ ਹੈ । ਇਸ ਕਰਕੇ ਹਰ ਵਿਅਕਤੀ ਨੂੰ ਆਪਣੇ ਬਿਸਤਰ 'ਤੇ ਜਾਣ ਅਤੇ ਬਿਸਤਰ ਛੱਡਣ ਦਾ ਸਮਾਂ ਨਿਯਮਤ ਕਰਨਾ ਜਰੂਰੀ ਬਣ ਜਾਂਦਾ ਹੈ । ਕੁਦਰਤ ਨੇ ਸਾਡੇ ਸਭਨਾ ਦੇ ਸਰੀਰਾਂ ਵਿਚ ਇਕ ਸਲੀਪ ਕਲੌਕ ਫਿੱਟ ਕੀਤਾ ਹੋਇਆ, ਜਿਸ ਨਾਲ ਛੇੜਛਾੜ ਕਰਨ ਦਾ ਨਤੀਜਾ ਸਿੱਧੇ ਤੌਰ ਤੰਦਰੁਸਤੀ ਤੋ ਹੱਥ ਧੋਣ ਦ ਬਰਾਬਰ ਹੁੰਦਾ ਹੈ ।

ਨੋਟ ਕਰਨ ਵਾਲੀ ਗੱਲ ਇਹ ਹੈ ਕਿ ਛੋਟੇ ਬੱਚਿਆਂ ਅਤੇ ਬਜੁਰਗਾਂ ਨੂੰ ਲੰਮਾ ਸਮਾਂ ਨੀਂਦ ਕਰਨ ਦੀ ਜਰੂਰਤ ਹੁੰਦੀ ਹੈ ਜਦ ਕਿ ਬਾਕੀ ਸਭਨਾ ਵਾਸਕੇ ਸੱਤ ਅੱਠ ਘੰਟੇ ਦੀ ਨੀਂਦ ਲੈਣੀ ਜਰੂਰੀ ਹੁੰਦੀ ਹੈ ।ਜੋ ਲੋਕ ਬੇਅਰਾਮੀ ਕਰਦੇ ਹਨ ਭਾਵ ਆਪਣੀ ਨੀਂਦ ਪੂਰੀ ਨਹੀਂ ਕਰਦੇ, ਉਹ ਜਲਦੀ ਹੀ ਕਿਸੇ ਨ ਕਿਸੇ ਸਰੀਰਕ ਜਾਂ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਅੱਗੋਂ ਇਕ ਤੋਂ ਬਾਅਦ ਇਕ ਤੇ ਫਿਰ ਹੋਰ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ ।

-- ਚਲਦਾ


## ਗੁਰੂ ਹਰਿਗੋਬਿੰਦ ਸਾਹਿਬ ਗੁਰਦੁਆਰਾ ਡਾਰਟਫੋਰਡ ਕੈਂਟ ਵਿਖੇ
## ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

**ਇਸ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ, ਜੋ ਕੀਰਤਨ ਅਤੇ ਤਬਲਾ ਚੰਗੀ ਤਰ੍ਹਾਂ ਜਾਣਦਾ ਹੋਵੇ। ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਸੇਵਾਵਾਂ ਜਿਹਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਦੀ ਸੇਵਾ, ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ, ਸ੍ਰੀ ਅਖੰਡ ਪਾਠ ਸਾਹਿਬ ਆਦਿ ਸ਼ਾਮਿਲ ਹਨ। ਉਸ ਦੇ ਕੋਲ ਸਿੱਖ ਧਰਮ ਬਾਰੇ ਗਿਆਨ ਹੋਣਾ ਲਾਜ਼ਮੀ ਹੈ। ਕੰਮ ਅਤੇ ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਦੇ ਮੁਤਾਬਕ ਤਨਖਾਹ, ਖਾਣਾ ਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਦਿੱਤੀ ਜਾਵੇਗੀ। ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਲਾਜ਼ਮੀ ਹੈ। ਹਫ਼ਤੇ ਦਾ ਘੱਟੋ-ਘੱਟ 23 ਘੰਟੇ ਕੰਮ ਹੋਵੇਗਾ। ਤਨਖਾਹ £11.44 ਪੌਂਡ ਘੰਟੇ ਦੀ ਹੋਵੇਗੀ।**

**ਆਪਣੇ ਪੂਰੇ ਵੇਰਵੇ ਸਮੇਤ ਅਰਜ਼ੀਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੇਠਾਂ ਦਿੱਤੇ ਪਤੇ 'ਤੇ 3 ਅਪਰੈਲ 2024 ਤੱਕ ਭੇਜੋ ਜੀ।**

## VACANCY for RELIGIOUS WORKER at GURU HARGOBIND SAHIB GURDWARA, DARTFORD, KENT

Religious worker required at Guru Hargobind Sahib Gurdwara, Dartford, Kent. He Must have sufficient experience to do the Paath reciting Guru Granth Sahib with good command, and also they must know to do Kirtan (Hyms) and play Tabla (Drums). He would be performing all the Gurdwara duties as per our requirements. Must have right to work in uk. Accommodation and meals free and Salary £11.44 per hour.

**Minimum hours will be 23hrs. per week.**

**Please send your applications to Gurdwara management committee on address given below or Email: info@gghs.org.uk**

**CLOSING DATE: 3rd APRIL 2024**

**GURDWARA GURU HARGOBIND SAHIB**

**8-10 Highfield Road, Dartford, Kent, DA1 2JJ (Charity No.1127047)**


## ਹਾਸੇ ਦੀ ਪਟਾਰੀ

**ਪੰਕਜ,** ਯਾਰ, ਰੋਜ਼-ਰੋਜ਼ ਘਰਵਾਲੀ ਦੇ ਹੱਥ ਦਾ ਬੇਸਵਾਦ ਖਾਣਾ ਖਾ ਕੇ ਤੰਗ ਆ ਗਿਆ ਹਾਂ।

ਸ਼ੇਖਰ, ਘਰਵਾਲੀ ਦੇ ਹੱਥ ਦੇ ਖਾਣੇ ਵਿੱਚ ਵਿਸ਼ੇਸ਼ ਸਵਾਦ ਚਾਹੁੰਦਾ ਏਂ ਤਾਂ ਉਡੀਕ ਕਰ ਉਸ ਦਿਨ ਦੀ, ਜਦੋਂ ਉਸ ਦੇ ਪੇਕਿਆਂ ਵਾਲੇ ਆਉਣ ਵਾਲੇ ਹੋਣ।

*---*---*

**ਸੱਸ** ਆਪਣੀ ਨੂੰਹ ਤੋਂ ਬੜੀ ਪ੍ਰੇਸ਼ਾਨ ਸੀ, ਕਿਉਂਕਿ ਉਹ ਕੋਈ ਕੰਮ ਨਹੀਂ ਕਰਦੀ ਸੀ। ਇਕ ਦਿਨ ਸੱਸ ਨੇ ਬੇਟੇ ਨਾਲ ਮਿਲ ਕੇ ਸਲਾਹ ਬਣਾਈ ਕਿ ਕੱਲ੍ਹ ਸਵੇਰੇ ਮੈਂ ਘਰ ਵਿੱਚ ਝਾੜੂ ਲਾਵਾਂਗੀ ਅਤੇ ਤੂੰ ਮੈਨੂੰ ਟੋਕੀਂ ਕਿ ਲਿਆ ਮਾਂ, ਮੈਂ ਕਰ ਦਿੰਦਾ ਹਾਂ। ਇੰਝ ਨੂੰਹ ਨੂੰ ਕੁਝ ਤਾਂ ਸ਼ਰਮ ਆਵੇਗੀ।

ਸਵੇਰੇ ਜਿਵੇਂ ਹੀ ਮਾਂ ਝਾੜੂ ਲਾਉਣ ਲੱਗੀ, ਮੁੰਡਾ ਬੋਲਿਆ, ਲਿਆ ਮਾਂ, ਮੈਂ ਕਰ ਦਿੰਦਾ ਹਾਂ।

ਇੰਨੇ ਨੂੰ ਨੂੰਹ ਆਈ ਤੇ ਬੋਲੀ, ਇਸ ਵਿੱਚ ਝਗੜਨ ਦੀ ਕੀ ਗੱਲ ਹੈ, ਈਵਨ ਡੇਟ 'ਤੇ ਮਾਂ ਝਾੜੂ ਲਾਵੇਗੀ ਅਤੇ ਔਡ ਡੇਟ 'ਤੇ ਤੂੰ ਲਾ ਦੇਵੀਂ।

ਮਾਂ ਬੇਟਾ ਬੇਹੋਸ਼।

*---*---*

**ਪਤਨੀ,** ਮੈਂ ਕਿਹਾ ਜੀ ਸੁਣਦੇ ਹੋ, ਮੈਂ ਨਵੀਂ ਸਾੜ੍ਹੀ ਖਰੀਦਣੀ ਹੈ।

ਪਤੀ, ਪਰ ਤੇਰੀ ਅਲਮਾਰੀ ਤਾਂ ਸਾੜ੍ਹੀਆਂ ਨਾਲ ਭਰੀ ਪਈ ਹੈ।

ਪਤਨੀ, ਉਹ ਸਾੜ੍ਹੀਆਂ ਤਾਂ ਸਾਰੇ ਮੁਹੱਲੇ ਦੀਆਂ ਔਰਤਾਂ ਦੇਖ ਚੁੱਕੀਆਂ ਹਨ।

ਪਤੀ (ਖਿਝ ਕੇ), ਤਾਂ ਫਿਰ ਛੱਡ ਸਾੜ੍ਹੀ ਦਾ ਸਿਆਪਾ, ਮੁਹੱਲਾ ਹੀ ਬਦਲ ਲੈਂਦੇ ਹਾਂ

# ਸਿੱਖ ਪੰਥ ਦੇ ਪ੍ਰਸਾਰ ਵਿਚ ਮਾਵਾਂ ਦੀ ਭੂਮਿਕਾ

ਤਲਵਿੰਦਰ ਸਿੰਘ ਬੁਟਰ



ਕਿਸੇ ਵੀ ਧਰਮ, ਕੌਮ ਜਾਂ ਦੇਸ਼ ਦੇ ਭਵਿੱਖ ਦਾ ਦਾਰੋਮਦਾਰ ਮਾਂ ਵਲੋਂ ਆਪਣੇ ਬੱਚੇ ਨੂੰ ਦਿੱਤੀ ਸਿੱਖਿਆ ਅਤੇ ਦੀਖਿਆ 'ਤੇ ਨਿਰਭਰ ਕਰਦਾ ਹੈ। ਮਾਂ ਬੱਚੇ ਨੂੰ ਜਨਮ ਦਿੰਦੀ ਹੈ, ਪਾਲਦੀ-ਪੋਸਦੀ ਅਤੇ ਸੰਜਮ ਦੀ ਰਹਿਣੀ-ਬਹਿਣੀ ਸਿਖਾਉਂਦੀ ਹੈ। ਉਸ ਨੂੰ ਆਪਣੀ ਛਾਤੀ ਨਾਲ ਲਗਾਉਂਦੀ ਹੈ ਤਾਂ ਉਸ ਨੂੰ ਸਿਰਫ਼ ਢਿੱਡ ਭਰਨ ਜੋਗਾ ਦੁੱਧ ਹੀ ਨਹੀਂ ਪਿਲਾਉਂਦੀ, ਸਗੋਂ ਉਸ ਵਿਚ ਮਨੋਬਿਰਤੀਆਂ ਦਾ ਸੰਚਾਰ ਵੀ ਕਰਦੀ ਹੈ। ਸ਼ਾਇਦ ਇਸੇ ਲਈ ਉੱਘੇ ਮਨੋਵਿਗਿਆਨੀ ਸਾਲੋਮਨ ਨੇ ਆਖਿਆ ਸੀ, 'ਬੁੱਧੀਵਾਨ ਪੁੱਤਰ ਪਿਤਾ ਨੂੰ ਪ੍ਰਸੰਨ ਕਰਦਾ ਹੈ ਅਤੇ ਦੁਰਾਚਾਰੀ, ਬਦਚਲਣ ਪੁੱਤਰ ਮਾਂ ਨੂੰ ਸ਼ਰਮਿੰਦਾ ਕਰਦਾ ਹੈ।'

ਸਦੀਆਂ ਤੋਂ ਜਿੱਥੇ ਔਰਤ ਨੂੰ ਗ਼ੁਲਾਮ ਬਣਾਉਣ ਦੀ ਪ੍ਰਵਿਰਤੀ ਦੇ ਵਿਰੁੱਧ ਸਿੱਖ ਧਰਮ ਨੇ ਆਵਾਜ਼ ਬੁਲੰਦ ਕੀਤੀ, ਉੱਥੇ ਸਿੱਖ ਧਰਮ ਦੇ ਬਿਖੜੇ ਤੇ ਖ਼ੂਨੀ ਪੈਂਡਿਆਂ ਦੌਰਾਨ ਜਿਹੜੀ ਭੂਮਿਕਾ ਸਿੱਖ ਔਰਤ (ਮਾਂ) ਦੀ ਰਹੀ ਹੈ, ਸ਼ਾਇਦ ਹੀ ਕਿਸੇ ਹੋਰ ਕੌਮ ਵਿਚ ਹੋਵੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਮਾਣ ਦਿੰਦਿਆਂ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦਾ ਪੈਗਾਮ ਦਿੱਤਾ। ਸਿੱਖ ਬੀਬੀਆਂ ਨੂੰ ਪਾਠ-ਪੂਜਾ, ਸੇਵਾ, ਰਹਿਤ ਮਰਯਾਦਾ ਅਤੇ ਜੀਵਨ ਮੁਕਤੀ ਲਈ ਪੁਰਸ਼ਾਂ ਦੇ ਬਰਾਬਰ ਹੀ ਅਧਿਕਾਰ ਦਿੱਤਾ। ਪ੍ਰੋ. ਪੂਰਨ ਸਿੰਘ ਲਿਖਦੇ ਹਨ, 'ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਪੰਥ ਇਕ ਅਜਿਹਾ ਸੰਘ ਹੈ, ਜਿਸ 'ਚ ਇਸਤਰੀਆਂ ਖੁੱਲ੍ਹਾ ਅਤੇ ਬਰਾਬਰ ਭਾਗ ਲੈਂਦੀਆਂ ਹਨ। ਪੂਰਬ ਦੇ ਇਤਿਹਾਸ 'ਚ ਪਹਿਲੀ ਵਾਰ ਇਸਤਰੀ ਨੂੰ ਮਰਦਾਂ ਦੇ ਬਰਾਬਰ ਹੱਕ ਮਿਲਿਆ ਹੈ।'

ਉਸ ਔਰਤ (ਮਾਂ) ਦਾ ਯੋਗਦਾਨ ਅਤੇ ਵਡਿਆਈ ਕਿਵੇਂ ਭੁਲਾਈ ਜਾ ਸਕਦੀ ਹੈ, ਜਿਸ ਨੇ ਜਗਤ ਜਲੰਦੇ ਨੂੰ ਤਾਰਨ ਆਏ ਰੱਬੀ ਨੂਰ ਨੂੰ ਜਨਮ ਦਿੱਤਾ।

''ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥''
(ਅੰਗ-310)

ਧੰਨ ਹੈ ਮਾਤਾ ਤ੍ਰਿਪਤਾ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਮਾਂ' ਬਣਨ ਦਾ ਸੁਭਾਗ ਪ੍ਰਾਪਤ ਹੋਇਆ।

ਸਿੱਖ ਧਰਮ ਦੇ ਪ੍ਰਸਾਰ ਵਿਚ ਲਾਸਾਨੀ ਯੋਗਦਾਨ ਪਾਉਣ ਵਾਲੀਆਂ ਮਾਵਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਸਿੱਖ ਤੋਂ ਖ਼ਾਲਸਾ ਤੱਕ ਮਨੁੱਖੀ ਸੰਪੂਰਨਤਾ ਦੇ ਪੈਂਡੇ ਦੌਰਾਨ ਮਾਤਾ ਸੁਲੱਖਣੀ ਜੀ, ਮਾਤਾ ਖੀਵੀ ਜੀ, ਮਾਤਾ ਗੰਗਾ ਜੀ, ਮਾਤਾ ਨਾਨਕੀ ਜੀ, ਮਾਤਾ ਗੁਜਰ ਕੌਰ ਜੀ, ਮਾਤਾ ਸੁੰਦਰ ਕੌਰ ਜੀ, ਮਾਤਾ ਅਜੀਤ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੀ ਭੂਮਿਕਾ ਅਨੂਠੀ ਹੈ।

ਬੀਬੀ ਭਾਨੀ ਜੀ ਦੀ ਦੇਣ ਅਦੁੱਤੀ ਹੈ, ਜਿਸ ਨੂੰ ਗੁਰੂ ਦੀ ਪੁੱਤਰੀ, ਗੁਰੂ ਦੀ ਪਤਨੀ ਅਤੇ ਗੁਰੂ ਦੀ ਮਾਂ ਹੋਣ ਦਾ ਮਾਣ ਪ੍ਰਾਪਤ ਹੋਇਆ। ਬੀਬੀ ਭਾਨੀ ਜੀ ਨੇ ਮਾਂ ਦੇ ਰੂਪ ਵਿਚ ਜੋ ਅਸੀਸ, ਜੋ ਦੈਵੀ ਸੰਸਕਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੇ, ਉਸ ਅਗੰਮੀ ਲੋਰੀ ਦਾ ਜ਼ਿਕਰ ਪੰਜਵੇਂ ਪਾਤਿਸ਼ਾਹ ਆਪਣੀ ਬਾਣੀ ਵਿਚ ਕਰਦੇ ਹਨ :



''ਪੂਤਾ ਮਾਤਾ ਕੀ ਆਸੀਸ॥
ਨਿਮਖ ਨ ਬਿਸਰਉ ਤੁਮ੍ ਕਉ
ਹਰਿ ਹਰਿ ਸਦਾ ਭਜਹੁ ਜਗਦੀਸ॥੧॥''
(ਅੰਗ: 496)

ਜੇਕਰ ਇਹ ਅਸੀਸ ਅੱਜ ਹਰੇਕ ਬੱਚੇ ਦੇ ਹਿਰਦੇ 'ਤੇ ਉਕਰ ਦਿੱਤੀ ਜਾਵੇ ਤਾਂ ਸਿੱਖ ਵਿਰਸੇ ਦੀ ਫੁਲਵਾੜੀ ਨੂੰ ਪੂਰੀ ਦੁਨੀਆ 'ਤੇ ਛਾ ਜਾਣ ਤੋਂ ਕੋਈ ਨਹੀਂ ਰੋਕ ਸਕਦਾ। ਮਾਤਾ ਗੁਜਰ ਕੌਰ ਜੀ ਵਰਗੀ ਅਦੁੱਤੀ ਸ਼ਖ਼ਸੀਅਤ ਸ਼ਾਇਦ ਹੀ ਦੁਨੀਆ ਦੇ ਇਤਿਹਾਸ ਵਿਚ ਹੋਰ ਕਿਧਰੇ ਮਿਲੇ, ਜਿਸ ਨੂੰ ਇਕ ਸ਼ਹੀਦ ਦੀ ਪਤਨੀ, ਇਕ ਸ਼ਹੀਦ ਦੀ ਮਾਂ ਅਤੇ ਚਾਰ ਸ਼ਹੀਦਾਂ ਦੀ ਦਾਦੀ ਹੋਣ ਦੇ ਨਾਲ-ਨਾਲ ਖ਼ੁਦ ਵੀ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੋਵੇ। ਮਾਤਾ ਗੁਜਰ ਕੌਰ ਜੀ ਨੇ ਸਾਹਿਬ-ਏ-ਕਮਾਲਿ, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਉਸਾਰੀ ਵਿਚ ਕਿੰਨੀ ਮਹਾਨ ਭੂਮਿਕਾ ਨਿਭਾਈ, ਇਸ ਦਾ ਜ਼ਿਕਰ ਦਸਮ ਗ੍ਰੰਥ 'ਚ ਗੁਰੂ ਸਾਹਿਬ ਖ਼ੁਦ ਕਰਦੇ ਹਨ :

''ਕੀਨੀ ਅਨਿਕ ਭਾਂਤਿ ਤਨ ਰੱਛਾ॥
ਦੀਨੀ ਭਾਂਤਿ ਭਾਂਤਿ ਕੀ ਸਿੱਛਾ॥''

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲਾਂ ਦਾ ਕਿੰਨਾ ਵੱਡਾ ਜਿਗਰਾ ਹੋਵੇਗਾ, ਜਿਨ੍ਹਾਂ ਨੇ ਦੀਨ ਹੇਤਿ ਆਪਣੇ ਚਾਰ ਪੁੱਤਰਾਂ ਨੂੰ ਨਿਛਾਵਰ ਕਰ ਦਿੱਤਾ। ਗੁਰੂ-ਮਾਤਾ ਅਜੀਤ ਕੌਰ ਜੀ ਨੇ ਔਰਤ ਜਾਤੀ ਲਈ ਪਤੀ-ਬ੍ਰਤਾ, ਤਿਆਗ ਅਤੇ ਸਮਰਪਣ ਦਾ ਮੁੱਢ ਬੰਨ੍ਹਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਸਾਜਨਾ ਵੇਲੇ ਅੰਮ੍ਰਿਤ 'ਚ ਪਤਾਸੇ ਪਾਉਣ ਦੀ ਸੇਵਾ ਮਾਤਾ ਅਜੀਤ ਕੌਰ ਜੀ ਕੋਲੋਂ ਲੈ ਕੇ ਔਰਤ ਜਾਤੀ ਨੂੰ ਮਹਾਨ ਸਤਿਕਾਰ ਦਿੱਤਾ। ਮਾਤਾ ਸੁੰਦਰ ਕੌਰ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਤਕਰੀਬਨ 40 ਸਾਲਾਂ ਤੱਕ ਸਿੱਖ ਪੰਥ ਦੀ ਬਿਖੜੇ ਤੇ ਔਖੇ ਸਮੇਂ 'ਚ ਬੜੇ ਸੁਚੱਜੇ ਤਰੀਕੇ ਨਾਲ ਅਗਵਾਈ ਕੀਤੀ। ਇਸੇ ਤਰ੍ਹਾਂ ਮਾਤਾ ਸਾਹਿਬ ਕੌਰ ਜੀ ਨੂੰ ਖ਼ਾਲਸੇ ਦੀ ਮਾਤਾ ਹੋਣ ਦਾ ਮਾਣ ਹਾਸਿਲ ਹੈ। ਇਸ ਮਾਤਾ ਨੇ ਆਪਣੇ ਨਾਦੀ ਪੁੱਤਰ ਖ਼ਾਲਸੇ ਦੀ ਸੀਰਤ ਬਦਲਣ ਦਾ ਯੁੱਗਾਂ-ਯੁਗਾਂਤਰਾਂ ਤੱਕ ਯਾਦ ਕੀਤਾ ਜਾਣ ਵਾਲਾ ਮਹਾਨ ਪਰਉਪਕਾਰ ਕੀਤਾ।

ਗੁਰੂ ਕਾਲ ਤੋਂ ਬਾਅਦ ਵੀ ਸਿੱਖ ਬੀਬੀਆਂ ਨੇ ਲਗਾਤਾਰ ਸਿੱਖੀ ਪੂਰੀ ਦ੍ਰਿੜ੍ਹਤਾ ਅਤੇ ਬਹਾਦਰੀ ਦੇ ਨਾਲ ਕਮਾਈ। ਕਿੰਨਾ ਭਿਆਨਕ ਸੀ ਉਹ ਦੌਰ ਅਤੇ ਕਿੰਨੇ ਵੱਡੇ ਜਿਗਰੇ ਵਾਲੀਆਂ ਸਨ ਉਹ ਮਾਵਾਂ, ਜਦੋਂ ਮੁਗ਼ਲ ਹਾਕਮ ਮਾਂਵਾਂ ਦੇ ਸਾਹਮਣੇ ਦੁੱਧ ਚੁੰਘਦੇ ਉਨ੍ਹਾਂ ਦੇ ਬੱਚਿਆਂ ਨੂੰ ਟੋਟੇ-ਟੋਟੇ ਕਰਕੇ ਉਨ੍ਹਾਂ ਦੇ ਗਲਾਂ 'ਚ ਹਾਰ ਬਣਾ ਕੇ ਪਾ ਦਿੰਦੇ ਸਨ, ਬੱਚਿਆਂ ਨੂੰ ਨੇਜਿਆਂ 'ਤੇ ਟੰਗ ਕੇ ਦੋਫਾੜ ਕਰ ਦਿੱਤਾ ਜਾਂਦਾ ਸੀ ਪਰ ਉਨ੍ਹਾਂ ਮਾਵਾਂ ਨੇ ਸਿਦਕ ਨਾ ਛੱਡਿਆ। ਭਾਈ ਮਨੀ ਸਿੰਘ ਜਦੋਂ ਬੰਦ-ਬੰਦ ਕਟਵਾ ਕੇ ਸਿੱਖੀ ਤੋਂ ਕੁਰਬਾਨ ਹੋਣ ਲਈ ਤੁਰਨ ਲੱਗਿਆ ਤਾਂ ਸਾਹਮਣੇ ਖੜ੍ਹੀ ਮਾਂ ਅਤੇ ਭੈਣ ਨੂੰ ਤੱਕਦਿਆਂ ਉਸ ਦੇ ਕਦਮ ਹੌਲੇ ਪੈ ਗਏ। ਉਸ ਦੀ ਮਾਂ ਅਤੇ ਭੈਣ ਹੌਂਸਲਾ ਦਿੰਦਿਆਂ ਆਖਣ ਲੱਗੀਆਂ, 'ਤੂੰ ਸਾਡੀ ਚਿੰਤਾ ਨਾ ਕਰ, ਸਾਡੀ ਰੱਖਿਆ ਸਾਡਾ ਗੁਰੂ ਆਪ ਕਰੇਗਾ।'

ਇਸੇ ਤਰ੍ਹਾਂ ਸਿੱਖੀ ਸਿੱਦਕ ਅਤੇ ਬਹਾਦਰੀ 'ਚ ਮਾਈ ਭਾਗ ਕੌਰ, ਰਾਣੀ ਸਦਾ ਕੌਰ ਅਤੇ ਬੀਬੀ ਸ਼ਰਨ ਕੌਰ ਆਦਿ ਦੇ ਯੋਗਦਾਨ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਮਹਾਰਾਣੀ ਜਿੰਦਾਂ ਵਲੋਂ ਨਿਭਾਈ ਸਿੱਖ ਮਾਂ ਦੀ ਭੂਮਿਕਾ ਅਜੋਕੀ ਮਾਂ ਲਈ ਮਿਸਾਲ ਹੈ। ਜਿਸ ਵੇਲੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦੇ ਪਤਨ ਤੋਂ ਬਾਅਦ ਗੱਦਾਰਾਂ ਦੀ ਮਦਦ ਨਾਲ ਮਹਾਰਾਜਾ ਦਲੀਪ ਸਿੰਘ ਨੂੰ ਫ਼ਿਰੰਗੀਆਂ ਨੇ ਬੰਦੀ ਬਣਾ ਲਿਆ ਤਾਂ ਮਗਰੋਂ ਮਾਂ-ਮਮਤਾ ਦੀ ਵਿੰਨ੍ਹੀ ਮਹਾਰਾਣੀ ਜਿੰਦਾਂ ਬੇਹਾਲ ਹੋ ਗਈ। ਆਪਣੇ ਪੁੱਤਰ ਦੇ ਵਿਜੋਗ ਵਿਚ ਰੋ-ਰੋ ਕੇ ਆਪਣੀਆਂ ਅੱਖਾਂ ਦੀ ਨਜ਼ਰ ਵੀ ਗੁਆ ਬੈਠੀ। ਚਿਰੀਂ ਵਿਛੁੰਨੇ ਮਾਂ-ਪੁੱਤ ਦਾ ਕਲਕੱਤੇ ਵਿਚ ਮਿਲਾਪ ਹੋਇਆ ਤਾਂ ਮਹਾਰਾਣੀ ਜਿੰਦਾਂ ਘੁੱਟ ਕੇ ਦਲੀਪ ਸਿੰਘ ਨੂੰ ਛਾਤੀ ਨਾਲ ਲਾਉਂਦਿਆਂ ਸਿਰ ਪਲੋਸਣ ਲੱਗੀ। ਉਸ ਦੇ ਹੱਥਾਂ 'ਚ ਦਲੀਪ ਸਿੰਘ ਦਾ ਰੀਝਾਂ ਤੇ ਮੱਖਣਾਂ ਨਾਲ ਪਾਲਿਆ ਜੂੜਾ ਨਾ ਆਇਆ। ਉਸ ਦੇ ਹੱਥ ਕੰਬਣ ਲੱਗੇ ਅਤੇ ਧਾਹਾਂ ਨਿਕਲ ਗਈਆਂ। ਜਿੰਦਾਂ ਨੇ ਪੁੱਤਰ ਨੂੰ ਫਿਟਕਾਰਦਿਆਂ ਪਰ੍ਹੇ ਧੱਕ ਦਿੱਤਾ, 'ਜੇ ਤੂੰ ਗੁਰੂ ਦਾ ਨਹੀਂ ਬਣ ਕੇ ਰਹਿ ਸਕਿਆ ਤਾਂ ਮਾਂ ਦਾ ਕੀ ਬਣੇਂਗਾ?' ਤਕਦੀਰ ਨੂੰ ਉਲਾਂਭਾ ਦਿੰਦਿਆਂ ਆਖਣ ਲੱਗੀ, 'ਹੇ ਬੁਰੀ ਤਕਦੀਰੇ! ਤੂੰ ਮੇਰਾ ਸਰਤਾਜ ਖੋਹਿਆ, ਮੇਰਾ ਰਾਜ-ਭਾਗ ਖੋਹਿਆ, ਪਵਿੱਤਰ ਭੂਮੀ ਮੇਰਾ ਪੰਜਾਬ ਖੋਹ ਲਿਆ ਤੇ ਅੰਤ ਪ੍ਰਾਣਾਂ ਤੋਂ ਪਿਆਰੀ ਸਿੱਖੀ ਵੀ ਮੇਰੇ ਕੋਲੋਂ ਖੋਹ ਲਈ। ਅੱਜ ਮੇਰੇ ਬੰਸ ਦੀਆਂ ਰਗਾਂ 'ਚੋਂ ਕਲਗੀਧਰ ਦੇ ਸ਼ਹੀਦ ਬੱਚਿਆਂ ਦਾ ਲਹੂ ਮੁੱਕ ਗਿਆ।'

ਇਹ ਵਾਕ ਦਲੀਪ ਸਿੰਘ ਦਾ ਸੀਨਾ ਪਾੜ ਗਿਆ। ਉਹ ਮਾਂ ਦੇ ਚਰਨਾਂ 'ਤੇ ਡਿੱਗ ਕੇ ਭੁੱਬੀਂ-ਭੁੱਬੀਂ ਰੋਣ ਲੱਗਾ ਤੇ ਬੋਲਿਆ, 'ਮਾਂ! ਮੈਂ ਤੇਰੀ ਉਜੜੀ ਦੁਨੀਆ ਫ਼ਿਰ ਨਹੀਂ ਵਸਾ ਸਕਦਾ। ਤੇਰਾ ਗੁਆਚਿਆ ਰਾਜ-ਭਾਗ ਫ਼ਿਰ ਨਹੀਂ ਕਾਇਮ ਕਰ ਸਕਦਾ, ਪਰ ਤੇਰੀ ਕੁੱਲ ਵਿਚੋਂ ਗਈ ਸਿੱਖੀ ਮੁੜ ਪਰਤਾ ਲਿਆਵਾਂਗਾ।' ਮਹਾਰਾਣੀ ਜਿੰਦਾਂ ਨੇ ਉਸ ਸਮੇਂ ਤੱਕ ਸੁੱਖ ਦਾ ਸਾਹ ਨਹੀਂ ਲਿਆ ਜਦੋਂ ਤੱਕ ਮਹਾਰਾਜਾ ਦਲੀਪ ਸਿੰਘ ਮੁੜ ਸਿੱਖ ਸਰੂਪ 'ਚ ਨਹੀਂ ਆ ਗਿਆ। ਇਤਿਹਾਸਕਾਰ ਡਾਕਟਰ ਗੰਡਾ ਸਿੰਘ ਲਿਖਦੇ ਹਨ ਕਿ, ਮਹਾਰਾਜਾ ਦਲੀਪ ਸਿੰਘ ਨੇ 26 ਮਈ, 1886 ਈਸਵੀ ਦੇ ਦਿਨ ਅਦਨ ਦੇ ਇਕ ਗੁਰਦੁਆਰੇ ਵਿਚ ਅੰਮ੍ਰਿਤ ਛਕ ਲਿਆ ਅਤੇ ਇਸ ਤਰ੍ਹਾਂ ਉਹ ਆਪਣੀ ਮਾਂ ਦੀ ਹੀ ਪ੍ਰੇਰਨਾ ਅਤੇ ਸ਼ਖ਼ਸੀਅਤ ਦੇ ਪ੍ਰਭਾਵ ਕਾਰਨ ਕੈਥੋਲਿਕ ਈਸਾਈ ਤੋਂ ਮੁੜ ਸਿੰਘ ਸਜ ਗਿਆ।

ਪੰਜਾਬੀ ਦੇ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਪੰਜਾਬੀ ਮਾਂ ਦਾ ਸ਼ਬਦ-ਚਿੱਤਰ ਖਿੱਚਦਿਆਂ ਲਿਖਦੇ ਹਨ, 'ਸਾਡੀਆਂ ਮਾਵਾਂ ਦੁੱਧ ਵਿਚ ਮਧਾਣੀਆਂ ਪਾਉਂਦੀਆਂ ਗੁਰਬਾਣੀ ਗਾਉਂਦੀਆਂ ਸਨ। ਬੱਚਾ ਜਦੋਂ ਸੁੱਤਾ ਉਠਦਾ ਸੀ ਤਾਂ ਉਸ ਦੇ ਕੰਨੀਂ ਪਹਿਲੀ ਆਵਾਜ਼ ਗੁਰਬਾਣੀ ਦੀ ਕੋਈ ਤੁਕ ਦੀ ਪੈਂਦੀ ਸੀ।' ਅਜੋਕੀਆਂ ਸਿੱਖ ਮਾਵਾਂ ਨੂੰ ਸਿੱਖ ਇਤਿਹਾਸ 'ਚ ਮਾਵਾਂ ਵਲੋਂ ਨਿਭਾਈ ਅਦੁੱਤੀ ਭੂਮਿਕਾ ਨੂੰ ਸਾਹਮਣੇ ਰੱਖਦਿਆਂ ਆਪਾ-ਪੜਚੋਲ ਕਰਨ ਦੀ ਲੋੜ ਹੈ ਤਾਂ ਜੋ ਸਿੱਖ ਨੌਜਵਾਨੀ ਅੰਦਰ ਆਏ ਪਤਿਤਪੁਣਾ, ਨਸ਼ਾਖੋਰੀ, ਇਖਲਾਕਹੀਣਤਾ ਅਤੇ ਧਰਮ ਤੋਂ ਬੇਮੁਖਤਾਈ ਵਰਗੇ ਔਗੁਣਾਂ ਨੂੰ ਖ਼ਤਮ ਕਰਕੇ ਨਵੀਂ ਪੀੜ੍ਹੀ ਨੂੰ ਕੌਮ ਦੇ ਰੌਸ਼ਨ ਭਵਿੱਖ ਦੇ ਵਾਰਿਸ ਬਣਾਇਆ ਜਾ ਸਕੇ।

ਮੀਡੀਆ ਦੇ ਮਾਲਕ ਲੋਕਾਂ ਵਿੱਚ ਅੰਧ-ਵਿਸ਼ਵਾਸ ਫੈਲਾਉਣ ਵਾਲੇ ਅਖੌਤੀ ਨਜੂਮੀਆਂ ਤੇ ਬਾਬਿਆਂ ਦੇ ਇਸ਼ਤਿਹਾਰ ਨਾ ਲਾਉਣ। ਅੱਜਕਲ੍ਹ ਬਹੁਤੇ ਯੂ ਟਿਊਬ ਚੈਨਲ ਤੇ ਬਾਬਿਆਂ ਨੂੰ ਪ੍ਰਮੋਟ ਕਰਕੇ ਅੰਧ ਵਿਸ਼ਵਾਸ ਫੈਲਾ ਰਹੇ ਹਨ। ਇਨ੍ਹਾਂ ਚੈਨਲਾਂ ਨੂੰ ਸਬਸਕ੍ਰਾਈਬ ਨਾ ਕਰੋ ਅਤੇ ਨਾ ਹੀ ਇਹਨਾਂ ਦੀਆਂ ਖ਼ਬਰਾਂ ਦੂਜਿਆਂ ਨਾਲ ਸਾਂਝੀਆਂ ਕਰੋ।



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਸਰਬੰਸਦਾਨੀ ਦੇ ਲਾਡਲੇ 52 ਕਵੀਆਂ ਦੀ ਪਾਵਨ ਧਰਤੀ ਪਾਉਂਟਾ ਸਾਹਿਬ ਦਾ ਹੋਲਾ ਮਹੱਲਾ



ਸਰਬੰਸਦਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਨਰੋਏ ਸਮਾਜ ਦੀ ਸਿਰਜਣਾ ਲਈ ਇਕ ਨਿਵੇਕਲੀ ਵਿਚਾਰਧਾਰਾ ਦਿੱਤੀ। ਮਨੁੱਖੀ ਸਮਾਜ ਦੇ ਦੋਵੇਂ ਅੰਗਾਂ ਇਸਤਰੀ ਤੇ ਪੁਰਸ਼ ਲਈ ਗ੍ਰਹਿਸਥੀ ਹੋਣਾ, ਦਇਆਵਾਨ ਹੋਣਾ, ਨਿਰਮਾਣ ਹੋਣਾ, ਪਰਉਪਕਾਰੀ ਹੋਣਾ ਅਤੇ ਹਰ ਵਕਤ ਗਰੀਬਾਂ ਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਣੇ ਸਿੱਖਾਂ ਨੂੰ ਆਪਾ ਸਮਰਪਿਤ ਕਰਨ ਲਈ ਪਾਬੰਦ ਕੀਤਾ। ਕਲਗੀਧਰ ਪਾਤਸ਼ਾਹ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਨਿਵਾਸ ਸਮੇਂ ਹੋਲੇ-ਮਹੱਲੇ ਦੇ ਮੌਕੇ 'ਤੇ ਆਪਣੇ ਸਿੰਘਾਂ ਨੂੰ ਨਕਲੀ ਟਾਕਰੇ ਦਾ ਸਾਂਗ ਕਰਕੇ ਖ਼ਾਲਸਾ ਫੌਜ ਨੂੰ ਰਣਤੱਤੇ ਅੰਦਰ ਹੁੰਦੀ ਅਸਲੀ ਦਾਅ-ਪੇਚਾਂ, ਚਾਲਾਂ ਅਤੇ ਜੰਗਜੂ ਕਰਤਵਾਂ ਨੂੰ ਧਿਆਨ ਗੋਚਰੇ ਕਰਕੇ ਅਭਿਆਸ ਕਰਦੇ। ਸਿੰਘਾਂ ਦੇ ਹਰ ਜਥੇ ਨੂੰ ਵੱਖ-ਵੱਖ ਖ਼ਾਲਸਾਈ ਰੰਗਾਂ ਦੀਆਂ ਵਰਦੀਆਂ ਪਹਿਨਾਈਆਂ ਜਾਂਦੀਆਂ। ਅਜਿਹੇ ਸਮੇਂ ਘੋੜਿਆਂ ਤੇ ਹਾਥੀਆਂ ਦੀ ਵਰਤੋਂ ਵੀ ਕੀਤੀ ਜਾਂਦੀ। ਪਾਤਸ਼ਾਹ ਆਪ ਵੀ ਲੜਾਈ ਵਿੱਚ ਜੋਸ਼ੋ-ਖਰੋਸ਼ ਨਾਲ ਹਿੱਸਾ ਲੈਂਦੇ। ਯੁੱਧ ਵਿੱਚ ਨਗਾਰੇ ਵੱਜਦੇ, ਹਥਿਆਰਾਂ ਦੇ ਟਕਰਾਅ ਹੁੰਦੇ, ਜੈਕਾਰੇ ਗੂੰਜਦੇ, ਸਤਿਗੁਰੂ ਆਪ ਯੋਧਿਆਂ ਨੂੰ ਹੱਲਾ ਸ਼ੇਰੀ ਦਿੰਦੇ। ਅੰਤ ਵਿੱਚ ਫ਼ਤਹਿ ਦੀਆਂ ਖ਼ੁਸ਼ੀਆਂ ਮਨਾਈਆਂ ਜਾਂਦੀਆਂ। ਜਿਵੇਂ ਅਜੋਕੇ ਸਮੇਂ ਦੇ ਸਾਡੇ ਸੁਰੱਖਿਆ ਦਲ ਮੌਕ ਡਰਿੱਲ ਨਾਲ ਅਭਿਆਸ ਕਰਦੇ ਹਨ। ਸਰਬੰਸਦਾਨੀ ਪਿਤਾ ਨੇ ਉਸ ਸਮੇਂ ਦੇ ਹਿੰਦੂ ਸਮਾਜ ਨੂੰ ਪਸ਼ੂ ਬਿਰਤੀ ਵਾਲੀ ਹੋਲੀ ਦੇ ਤਿਉਹਾਰ ਤੋਂ ਮੁਕਤ ਕਰਵਾਇਆ। ਹੋਲੀ ਨੂੰ ਹੋਲੇ ਮਹੱਲੇ ਦਾ ਰੂਪ ਦੇ ਕੇ ਮਨੁੱਖਤਾ ਨੂੰ ਮਰਦਾਨਗੀ ਤੇ ਆਤਮਿਕ ਸ਼ੁੱਧਤਾ ਦੇ ਮੰਡਲਾਂ ਦਾ ਵਾਸੀ ਬਣਾਇਆ। ਇਸੇ ਪਰਪਾਟੀ ਅਧੀਨ ਅੱਜ ਵੀ ਸਾਰੀਆਂ ਨਿਹੰਗ ਸਿੰਘ ਜਥੇਬੰਦੀਆਂ ਹਰ ਖ਼ਾਲਸਾਈ ਜੋੜ ਮੇਲੇ ਤੋਂ ਪਿੱਛੋਂ ਖ਼ੁਸ਼ੀ ਦੇ ਪ੍ਰਗਟਾਵੇ ਲਈ ਮਹੱਲਾ ਕੱਢਦੀਆਂ ਹਨ।

ਖ਼ਾਲਸਾ ਪੰਥ ਦੀ ਸਾਜਨਾ ਦੇ ਸੰਕਲਪ ਨੂੰ ਆਪਣੇ ਜ਼ਿਹਨ ਵਿੱਚ ਲੈ ਕੇ ਸਮੇਂ ਦੀ ਵੰਗਾਰ ਅਨੁਸਾਰ ਸਾਹਿਤ-ਸਿਰਜਣਾ ਤੇ ਕਲਾਤਮਿਕ ਰੁੱਚੀਆਂ ਦੀ ਪੂਰਤੀ ਲਈ ਦਸਮ ਪਾਤਸ਼ਾਹ ਨੇ ਆਪਣੀ ਭਰ ਜਵਾਨੀ ਦੇ ਕੁਝ ਵਰ੍ਹੇ ਨਾਹਨ ਰਿਆਸਤ ਵਿੱਚ ਜਮਨਾ ਦਰਿਆ ਦੇ ਕਿਨਾਰੇ ਪਾਉਂਟਾ ਸਾਹਿਬ ਵਿਖੇ ਬਿਤਾਏ। ਗੁਰੂ ਸਾਹਿਬ ਨੇ ਇਸ ਪਾਵਨ ਧਰਤੀ 'ਤੇ ਆਪਣੇ ਲਾਡਲੇ ਬਵੰਜਾ ਕਵੀਆਂ ਤੇ ਸਾਹਿਤ ਰਸੀਆਂ ਨੂੰ ਨਾਲ ਲੈ ਕੇ ਅਦਲੀ ਮਹਿਫਲਾਂ ਨਾਲ ਸ਼ਿੰਗਾਰਿਆ। ਪੁਰਾਤਨ ਸਮੇਂ ਤੋਂ ਹੀ ਇਥੇ ਵੀ ਹੋਲੇ ਮਹੱਲੇ ਦੇ ਜੋੜ ਮੇਲੇ ਨੂੰ ਸੰਗਤ ਸ਼ਰਧਾ ਤੇ ਸਤਿਕਾਰ ਨਾਲ ਮਨਾਉਂਦੀ ਆ ਰਹੀ ਹੈ। ਇਸੇ ਸਥਾਨ 'ਤੇ ਚੰਦਨ ਕਵੀ ਦੀ ਕਵਿਤਾ ਤੋਂ ਪ੍ਰਸੰਨ ਹੋ ਕੇ ਕਲਗੀਧਰ ਪਾਤਸ਼ਾਹ ਨੇ ਉਸ ਨੂੰ ਪੈਂਹਠ ਹਜ਼ਾਰ ਮੋਹਰਾਂ ਨਾਲ ਸਨਮਾਨਿਤ ਕੀਤਾ। ਜਮਨਾ ਦੇ ਕਲ-ਕਲ ਵਹਿੰਦੇ ਪਾਣੀ ਨਾਲ ਕਲੋਲਾਂ ਕਰਦਿਆਂ ਕੁਦਰਤ ਦੀ ਸੁਹਾਵਣੀ ਗੋਦ ਵਿੱਚ ਬਿਰਾਜ ਕੇ ਸ੍ਰੀ ਦਸਮ ਗ੍ਰੰਥ ਦੀਆਂ ਅਨੇਕਾਂ ਬਾਣੀਆਂ ਦੀ ਰਚਨਾ ਕੀਤੀ। ਸ਼ਸਤਰ ਤੇ ਸ਼ਾਸਤਰ ਦੀ ਵਿੱਦਿਆ ਦੇ ਨਾਲ ਕਾਦਰ ਦੀ ਕੁਦਰਤ ਦੇ ਸੁੰਦਰ ਨਜ਼ਾਰਿਆਂ ਨੂੰ ਮਾਣਦਿਆਂ ਬਲਿਹਾਰ ਜਾਂਦਿਆਂ, ਉਸ ਦੀਆਂ ਗੁੱਝੀਆਂ ਰਮਜ਼ਾਂ ਨੂੰ ਭਾਂਪਦਿਆਂ, ਇਕ ਯੋਗ ਕਲਾ ਪਾਰਖੂ ਦੀ ਤਰ੍ਹਾਂ ਆਪਣੇ ਸਿੱਖਾਂ ਨੂੰ ਸੋਹਣੀਆਂ ਦਸਤਾਰਾਂ ਸਜਾਉਣ ਤੇ ਉੱਤਮ ਸਾਹਿਤਕ ਰਚਨਾਵਾਂ ਦੇ ਮੁਕਾਬਲਿਆਂ ਵਿੱਚ ਇਨਾਮ ਦਿੱਤੇ ਜਾਣ ਲੱਗੇ। ਦੇਸ਼ ਦੇ ਕੋਨੇ-ਕੋਨੇ ਤੋਂ ਸਾਹਿਤਕਾਰ ਵਿਸ਼ੇਸ਼ ਕਰਕੇ ਕਵੀ ਆਪਣੀਆਂ ਆਤਮ-ਰਸੀ, ਪ੍ਰੇਮਰੱਸ, ਵੀਰਰੱਸ ਅਤੇ ਹਾਸਰਸ ਵਾਲੀਆਂ ਕਵਿਤਾਵਾਂ ਗੁਰੂ ਸਾਹਿਬ ਨੂੰ ਸਰਵਣ ਕਰਵਾਉਣ ਲਈ ਪਾਉਂਟਾ ਸਾਹਿਬ ਪੁੱਜਦੇ ਸਨ। ਇਥੇ ਹੀ ਪੀਰ ਬੁੱਧੂ ਸ਼ਾਹ ਸਢੌਰੇ ਤੋਂ ਆਪਣੇ ਪੁੱਤਰਾਂ ਅਤੇ ਮੁਰੀਦਾਂ ਸਮੇਤ ਕਲਗੀਧਰ ਪਾਤਸ਼ਾਹ ਦੇ ਦਰਸ਼ਨਾਂ ਹਿੱਤ ਪੁੱਜਾ। ਉਨ੍ਹਾਂ ਭੰਗਾਣੀ ਦੇ ਯੁੱਧ ਵਿੱਚ ਆਪਣੇ ਪੁੱਤਰਾਂ ਤੇ ਮੁਰੀਦਾਂ ਸਮੇਤ ਯੁੱਧ ਕਲਾ ਦੇ ਜੌਹਰ ਵਿਖਾਏ। ਯੁੱਧ ਦੀ ਫ਼ਤਹਿ ਤੋਂ ਪਿੱਛੋਂ ਆਪਣੇ ਪੁੱਤਰਾਂ, ਮੁਰੀਦਾਂ ਦੀ ਸ਼ਹਾਦਤ ਹੋਣ 'ਤੇ ਪੀਰ ਜੀ ਨੇ ਗੁਰੂ ਪਾਤਸ਼ਾਹ ਤੋਂ ਛੋਟੀ ਦਸਤਾਰ ਤੇ ਕੇਸਾਂ ਸਮੇਤ ਕੰਘਾ ਪ੍ਰਾਪਤ ਕਰਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕੀਤਾ।

ਸ੍ਰੀ ਅਨੰਦਪੁਰ ਸਾਹਿਬ ਵਾਂਗ ਹੀ ਸ੍ਰੀ ਪਾਉਂਟਾ ਸਾਹਿਬ ਦੀ ਹੋਲੇ ਮਹੱਲੇ ਦੀ ਰੌਣਕ ਵੇਖਣ ਯੋਗ ਹੁੰਦੀ ਹੈ। ਪਾਉਂਟਾ ਸਾਹਿਬ ਦੀ ਪਵਿੱਤਰ ਧਰਤੀ ਹਿਮਾਚਲ, ਹਰਿਆਣਾ, ਪੰਜਾਬ, ਦਿੱਲੀ, ਉੱਤਰਾਖੰਡ ਖ਼ਾਸ ਕਰਕੇ ਦੂਨ ਤੇ ਤਰਾਈ ਦੇ ਇਲਾਕੇ ਦੀਆਂ ਸੰਗਤਾਂ ਲਈ ਵਿਸ਼ੇਸ਼ ਖਿੱਚ ਰੱਖਦੀ ਹੈ। ਲੱਖਾਂ ਸਿੱਖ ਸੰਗਤਾਂ ਹੋਲੇ-ਮਹੱਲੇ ਦੇ ਪਾਵਨ ਅਵਸਰ 'ਤੇ ਇਸ ਪਾਵਨ ਧਰਤੀ ਨੂੰ ਪ੍ਰਣਾਮ ਕਰਨ ਲਈ ਪੁੱਜਦੀਆਂ ਹਨ। ਇਹ ਜੋੜ ਮੇਲਾ ਪੰਜਾਬੀ ਤੇ ਪਗੜੀ ਸਭਿਆਚਾਰ ਦਾ ਸੁਮੇਲ ਬਣ ਜਾਂਦਾ ਹੈ। ਜੋ ਲਗਾਤਾਰ ਤਿੰਨ-ਚਾਰ ਦਿਨ ਚੱਲਦਾ ਹੈ, ਦੀਵਾਨ ਸੱਜਦੇ ਹਨ। ਇਨ੍ਹਾਂ ਦੀਵਾਨਾਂ ਵਿੱਚ ਕਵੀ ਦਰਬਾਰ, ਕੀਰਤਨ-ਕਥਾ, ਢਾਡੀਆਂ, ਪ੍ਰਚਾਰਕਾਂ ਨੂੰ ਸਰਵਣ ਕਰਨ ਲਈ ਵੱਡੀ ਗਿਣਤੀ ਵਿੱਚ ਸੰਗਤ ਪੁੱਜਦੀ ਹੈ। ਮੇਲੇ ਨੂੰ ਜਾਣ ਵਾਲੇ ਰਸਤੇ ਸੰਗਤਾਂ ਦੇ ਕਾਫਲਿਆਂ ਨਾਲ ਭਰੇ ਨਜ਼ਰ ਆਉਂਦੇ ਹਨ। ਹਿਮਾਚਲ, ਹਰਿਆਣਾ ਅਤੇ ਉੱਤਰਾਖੰਡ ਦੀ ਸਰਹੱਦ 'ਤੇ ਵੱਸਿਆ ਪਾਉਂਟਾ ਸਾਹਿਬ ਸ਼ਹਿਰ ਜਗਮਗਾ ਉੱਠਦਾ ਹੈ। ਬਲਬਾਂ, ਟਿਊਬਾਂ ਤੇ ਰੰਗਦਾਰ ਲੜੀਆਂ ਦੀ ਰੌਸ਼ਨੀ ਜਦੋਂ ਜਮਨਾ ਦੇ ਪਾਣੀ ਉਪਰ ਪੈਂਦੀ ਹੈ ਤਾਂ ਇਕ ਅਦਭੁੱਤ ਤੇ ਸੁੰਦਰ ਨਜ਼ਾਰਾ ਪੇਸ਼ ਕਰਦੀ ਹੈ। ਹਿਮਾਚਲੀ ਲੋਕ ਕਲਾਕਾਰ ਆਪਣੀ ਕਲਾ ਦੇ ਜੌਹਰ ਦਿਖਾਉਣ ਲਈ ਥਾਂ-ਥਾਂ ਅਖਾੜੇ ਲਾਈ ਮੇਲੇ ਦੀ ਰੌਣਕ ਨੂੰ ਵਧਾਉਂਦੇ ਹਨ।

ਜਮਨਾ ਦਰਿਆ ਦੇ ਕਿਨਾਰੇ ਬਣੀ ਗੁਰ-ਦੁਆਰਾ ਸ੍ਰੀ ਪਾਉਂਟਾ ਸਾਹਿਬ ਦੀ ਆਲੀਸ਼ਾਨ ਇਮਾਰਤ ਸਿੱਖ ਇਤਿਹਾਸ ਨੂੰ ਆਪਣੇ ਆਪ ਵਿੱਚ ਸਮੋਈ ਬੈਠੀ ਹੈ। ਕਲਗੀਧਰ ਪਾਤਸ਼ਾਹ ਪਰਿਵਾਰ ਸਮੇਤ ਇਥੇ ਮਹਿਲ ਵਿੱਚ ਸੁਸ਼ੋਭਿਤ ਰਹੇ। ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਵੀ ਇਥੇ ਹੀ ਹੋਇਆ। ਸੈਂਕੜੇ ਵਰ੍ਹਿਆਂ ਤੋਂ ਤਪ ਸਾਧਨਾ ਕਰ ਰਹੇ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਕਾਲਪੀ ਰਿਸ਼ੀ ਨੂੰ ਸਰਬੰਸਦਾਨੀ ਪਿਤਾ ਨੇ ਪਾਲਕੀ ਭੇਜ ਕੇ ਆਪਣੇ ਪਾਸ ਬੁਲਾਇਆ। ਦਰਸ਼ਨ ਉਪਰੰਤ ਰਿਸ਼ੀ ਜੀ ਨੇ ਗੁਰੂ ਸਾਹਿਬ ਦੀ ਗੋਦ ਵਿੱਚ ਸਰੀਰ ਰੂਪੀ ਚੋਲਾ ਇਥੇ ਹੀ ਤਿਆਗਿਆ। ਗੁਰਦੁਆਰਾ ਕੰਪਲੈਕਸ ਵਿੱਚ ਗੁ: ਦਸਤਾਰ ਅਸਥਾਨ, ਗੁ: ਕਵੀ ਦਰਬਾਰ, ਗੁ: ਕਾਲਪੀ ਰਿਸ਼ੀ ਸੁਸ਼ੋਭਿਤ ਹਨ। ਥੋੜ੍ਹੀ ਦੂਰ ਗੁ: ਭੰਗਾਣੀ ਸਾਹਿਬ, ਗੁ: ਤੀਰਗੜ੍ਹੀ ਸਾਹਿਬ, ਗੁ: ਸ਼ੇਰਗਾਹ ਸਾਹਿਬ ਆਦਿ ਸਥਾਨ ਵੀ ਇਤਿਹਾਸ ਨੂੰ ਬਾਖ਼ੂਬੀ ਬਿਆਨ ਕਰਦੇ ਹਨ। ਮੌਜੂਦਾ ਸਮੇਂ ਕਾਰਸੇਵਾ ਵਾਲੀਆਂ ਸੰਸਥਾਵਾਂ ਵੱਲੋਂ ਵੱਖ-ਵੱਖ ਇਮਾਰਤਾਂ ਦੀ ਸੇਵਾ ਚੱਲ ਰਹੀ ਹੈ। ਬਹੁਤ ਸਾਰੀਆਂ ਰਿਹਾਇਸ਼ੀ ਇਮਾਰਤਾਂ ਤੇ ਸਰਾਵਾਂ ਸੰਗਤ ਦੀ ਸੁਵਿਧਾ ਲਈ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ।

ਪਾਉਂਟਾ ਸਾਹਿਬ ਦੇ ਪਾਵਨ ਅਸਥਾਨ ਲਈ ਸਾਰਾ ਸਾਲ ਲੱਖਾਂ ਸੰਗਤਾਂ ਪੁੱਜੀਆਂ ਹਨ, ਪਰ ਹੋਲੇ-ਮਹੱਲੇ ਦੀ ਰੌਣਕ ਆਪਣੀ ਮਿਸਾਲ ਆਪ ਹੀ ਹੁੰਦੀ ਹੈ। ਚੰਡੀਗੜ੍ਹ ਤੋਂ 120 ਕਿਲੋਮੀਟਰ 'ਤੇ ਵੱਸਿਆ ਇਹ ਅਸਥਾਨ ਨਾਹਨ (ਹਿਮਾਚਲ), ਜਗਾਧਰੀ (ਜਮਨਾ ਨਗਰ) ਤੇ ਦੇਹਰਾਦੂਨ (ਉੱਤਰਾਖੰਡ) ਤੋਂ ਸਿੱਧੀਆਂ ਸੜਕਾਂ ਨਾਲ ਜੁੜਿਆ ਹੋਇਆ ਹੈ। ਸਿੱਖ ਸੰਗਤ ਲਈ ਹੋਲੇ-ਮਹੱਲੇ ਦਾ ਜੋੜ ਮੇਲਾ ਸਾਲ ਭਰ ਲਈ ਰੰਗੀਨ ਸੁਪਨੇ ਛੱਡ ਜਾਂਦਾ ਹੈ। ਇਸ ਪਾਵਨ ਧਰਤੀ ਨੂੰ ਸਾਡਾ ਪ੍ਰਣਾਮ।

## ਨਾਨਕਸਰ ਗੁਰਦੁਆਰਾ ਪਲੈਕ, ਵਾਲਸਾਲ ਵਿਖੇ ਦੋ ਧਾਰਮਿਕ ਸੇਵਾਦਾਰਾਂ ਦੀ ਤੁਰੰਤ ਲੋੜ ਹੈ

ਨਾਨਕਸਰ ਗੁਰਦੁਆਰਾ ਸਾਹਿਬ ਪਲੈਕ, ਵਾਲਸਾਲ ਵਿਖੇ 2 ਕੀਰਤਨੀ ਸਿੰਘਾਂ ਦੀ ਲੋੜ ਹੈ, ਜੋ ਹਰਮੋਨੀਅਮ ਦੇ ਨਾਲ ਨਾਲ ਤਬਲਾ ਵੀ ਚੰਗੀ ਤਰ੍ਹਾਂ ਜਾਣਦੇ ਹੋਣ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸੁਖਆਸਣ, ਨਿਤਨੇਮ, ਸੁਖਮਨੀ ਸਾਹਿਬ, ਰਹਿਰਾਸ, ਸੰਗਤ ਵਿਚ ਕੀਰਤਨ ਕਰਨ ਦੇ ਨਾਲ ਗੁਰੂ ਘਰ ਦੀਆਂ ਹੋਰ ਸੇਵਾਵਾਂ ਵੀ ਨਿਭਾਅ ਸਕਣ ਦੇ ਯੋਗ ਹੋਣ। ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਵਾਲੇ ਸੇਵਾਦਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਧੀਆ ਗਿਆਨ ਹੋਣਾ ਵੀ ਲਾਜ਼ਮੀ ਹੈ। ਸੇਵਾਦਾਰ ਦੀ ਜ਼ਿੰਮੇਵਾਰੀ ਸਾਰੀਆਂ ਧਾਰਮਿਕ ਸੇਵਾਵਾਂ ਕਰਨ ਅਤੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਸਹਿਯੋਗ ਦੇਣ ਦੀ ਹੋਵੇਗੀ। ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਅਤੇ ਕੰਮ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

**ਆਪਣੀ ਅਰਜ਼ੀ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ 'ਤੇ ਡਾਕ ਰਾਹੀਂ ਜਾਂ ਈਮੇਲ ਰਾਹੀਂ**
**5 ਅਪਰੈਲ 2024 ਤੱਕ ਭੇਜੋ ਜਾਂ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ**

## 2 VACANCIES for Temporary Religious Workers (Tier 5)

THE DUTIES OF THE RELIGIOUS WORKERS SHALL CONSIST OF THOSE NON PASTORAL RELIGIOUS AND OTHER DUTIES CUSTOMARILY PERFORMED BY A RELIGIOUS WORKER OF THE SIKH RELIGION. RECITAL OF GURU GRANTH SAHIB DURING AKHAND PATHS AND SAHIJ PATHS. PERFORM KIRTAN AFTER EACH RECITAL AS AND WHEN REQUIRED. PERFORM AT SIKH WEDDINGS, BLESSINGS AND FUNERAL SERVICES. PREPARE PRASHAD (BLESSED FOOD) AND SERVE TO THE CONGREGATION. ENSURE GURDWARA REMAINS CLEAN AND TIDY WITH SPECIAL ATTENTION TO THE MAIN PRAYER HALL. TO OPEN THE GURDWARA PREMISES IN THE MORNING AND LOCK UP AT NIGHT. FROM TIME TO TIME TO UNDERTAKE OTHER DUTIES TO MEET THE NEEDS OF THE CHARITY. THE TEMPORARY RELIGIOUS WORKER WILL UNDER-TAKE NON-PASTORAL WORK AND SUPPORT THE RELIGIOUS ACTIVITIES OF THE GURDWARA, TO ASSIST THE HEAD GRANTHI(MINISTER OF RELIGION) AS AND WHEN REQUIRED. THIS IS NOT A PASTORAL ROLE AND DUTIES WILL NOT INCLUDE LEADING A CONGREGATION.

**Closing date for Applications : 5th April 2024**

*Please send your application to the president or vice president by post or via email*

## NANAKSAR GURDWARA PLECK

**4 Wellington Street, Pleck, Walsall WS2 9QR**

President: Mrs Manjit Kaur - 01922 641040
Vice President: Ranjit Singh - 07861 432505
Email:gurdwara.pleck@gmail.com

ਗੁਰਮੀਤ ਸਿੰਘ ਪਲਾਹੀ
-9815802070

# ਲੋਕ ਸਭਾ ਚੋਣਾਂ-ਆਪਣਾ ਰਾਹ ਆਪ ਅਖ਼ਤਿਆਰ ਕਰਦਾ ਹੈ ਪੰਜਾਬ !

**ਅੱਜ ਜਦ ਭਾਜਪਾ ਆਪਣੇ ਮੂਲ ਅਜੰਡੇ ਨੂੰ ਅੱਗੇ ਵਧਾਉਣ ਲਈ ਲੋਕਾਂ ਨੂੰ ਪਾਰਟੀ ਲਈ 370 ਸੀਟਾਂ ਜਿਤਾਉਣ ਦੀ ਅਪੀਲ ਕਰ ਰਹੀ ਹੈ। ਉਸਦਾ ਅਜੰਡਾ ਸਿਰਫ ਹਿੰਦੂ ਰਾਸ਼ਟਰ ਆਯੋਧਿਆ, ਕਾਸ਼ੀ ਤੱਕ ਸੀਮਤ ਨਹੀਂ ਰਹੇਗਾ। ਹਿੰਦੂ ਮੰਦਰਾਂ ਦੇ ਕੋਲ ਹੋਰ ਵੀ ਮਸਜਿਦਾਂ ਨੂੰ ਲੈ ਕੇ ਵਿਵਾਦ ਹੋਣਗੇ। ਵੱਧ ਤੋਂ ਵੱਧ ਸੜਕਾਂ ਦੇ ਨਾਂਅ ਬਦਲੇ ਜਾਣਗੇ। ਗਿਆਰਾ ਮਾਰਚ 2024 ਨੂੰ ਨਾਗਰਿਕਤਾ ਸੋਧ ਕਾਨੂੰਨ 2019 ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਤਜ਼ਰਬੇ ਦੇ ਤੌਰ 'ਤੇ ਉਤਰਾਖੰਡ 'ਚ ਇਹ ਲਾਗੂ ਕਰ ਦਿੱਤਾ ਗਿਆ ਹੈ। ਇੱਕ ਰਾਸ਼ਟਰ, ਇੱਕ ਚੋਣ ਦਾ ਕਾਨੂੰਨ ਵੀ ਸੰਸਦ 'ਚ ਪਾਸ ਕਰ ਦਿੱਤਾ ਜਾਏਗਾ। ਇਸ ਨਾਲ ਸੰਘਵਾਦ ਅਤੇ ਲੋਕਤੰਤਰ ਹੋਰ ਵੀ ਕਮਜ਼ੋਰ ਹੋ ਜਾਏਗਾ। ਅਤੇ ਭਾਰਤ ਸਰਕਾਰ ਰਾਸ਼ਟਰਪਤੀ ਪ੍ਰਣਾਲੀ ਦੇ ਨਜ਼ਦੀਕ ਪੁੱਜ ਜਾਏਗਾ। ਜਿਸ ਵਿੱਚ ਸਾਰੀਆਂ ਸ਼ਕਤੀਆਂ ਇੱਕ ਹੀ ਵਿਅਕਤੀ ਉਤੇ ਕੇਂਦਰਤਿ ਹੋ ਜਾਣਗੀਆਂ।**



ਪੰਜਾਬ, ਲੋਕ ਸਭਾ ਚੋਣਾਂ ਵੇਲੇ ਆਪਣਾ ਰਾਹ ਆਪ ਉਲੀਕਦਾ ਹੈ, ਉਹ ਦੇਸ਼ 'ਚ ਚੱਲੀ ਕਿਸੇ "ਵਿਅਕਤੀ ਵਿਸ਼ੇਸ਼" ਦੀ ਲਹਿਰ ਦਾ ਹਿੱਸਾ ਨਹੀਂ ਬਣਦਾ। ਉਹ ਧੱਕੇ ਧੌਂਸ ਵਿਰੁੱਧ ਹਿੱਕ ਡਾਹਕੇ ਖੜਦਾ ਹੈ, ਸੰਘਰਸ਼ ਕਰਦਾ ਹੈ। ਗੱਲ ਦੇਸ਼ 'ਚ 1975 'ਚ ਲੱਗੀ ਐਮਰਜੈਂਸੀ ਵੇਲੇ ਦੀ ਕਰ ਲਈਏ ਜਾਂ 2014 'ਚ ਚੱਲੀ "ਮੋਦੀ ਲਹਿਰ" ਦੀ, ਪੰਜਾਬ ਆਪਣੀ ਚਾਲੇ ਚਲਦਾ ਰਿਹਾ ਅਤੇ ਸਪਸ਼ਟ ਨਤੀਜੇ ਦਿੰਦਾ ਰਿਹਾ।

ਦੇਸ਼ 'ਚ ਲੋਕ ਸਭਾ ਚੋਣਾਂ ਦਾ ਬਿਗਲ ਵੱਜ ਗਿਆ ਹੈ। 17 ਵੀਂ ਲੋਕ ਸਭਾ ਚੋਣਾਂ 'ਚ 98 ਕਰੋੜ ਭਾਰਤੀ ਵੋਟਰ ਹਿੱਸਾ ਲੈਣਗੇ ਜੋ 7 ਪੜ੍ਹਾਵਾਂ 'ਚ ਹੋ ਰਹੀ ਹੈ। 19 ਅਪ੍ਰੈਲ 2024 ਤੋਂ ਪਹਿਲਾ ਪੜ੍ਹਾਅ ਅਤੇ ਪਹਿਲੀ ਜੂਨ 2024 ਨੂੰ ਸੱਤਵੇ ਪੜ੍ਹਾਅ 'ਚ ਵੱਖੋ-ਵੱਖਰੇ ਰਾਜਾਂ 'ਚ ਚੋਣ ਹੋਏਗੀ। ਨਤੀਜੇ 4 ਜੂਨ 2024 ਨੂੰ ਨਿਕਲਣਗੇ। ਪੰਜਾਬ ਪਹਿਲੀ ਜੂਨ ਨੂੰ ਚੋਣਾਂ 'ਚ ਹਿੱਸਾ ਲਵੇਗਾ। ਪੰਜਾਬ ਦੇ 2.12 ਕਰੋੜ ਵੋਟਰ ਹਨ। 2019 ਦੀਆਂ ਚੋਣਾਂ ਨਾਲੋਂ 8.96 ਲੱਖ ਵੋਟਰਾਂ ਦਾ 2024 ਦੀਆਂ ਚੋਣਾਂ ਲਈ ਵਾਧਾ ਹੋਇਆ ਹੈ। ਪੁਰਸ਼ 1.11 ਕਰੋੜ, ਔਰਤਾਂ 1.00 ਕਰੋੜ ਅਤੇ 744 ਟਰੈਜੈਂਡਰ ਹਨ।

ਪੰਜਾਬ ਦੇ 13 ਚੋਣ ਹਲਕਿਆਂ, ਪਟਿਆਲਾ, ਫਤਿਹਗੜ੍ਹ, ਗੁਰਦਾਸਪੁਰ, ਅੰਮ੍ਰਿਤਸਰ, ਖਡੂਰ ਸਾਹਿਬ, ਜਲੰਧਰ, ਹੁਸ਼ਿਆਰਪੁਰ, ਅਨੰਦਪੁਰ, ਲੁਧਿਆਣਾ, ਫਰੀਦਕੋਟ, ਫਿਰੋਜ਼ਪੁਰ, ਬਠਿੰਡਾ, ਸੰਗਰੂਰ ਵਿਚੋਂ 4 ਲੋਕ ਸਭਾ ਸੀਟਾਂ ਹੁਸ਼ਿਆਰਪੁਰ, ਜਲੰਧਰ, ਫਤਿਹਗੜ੍ਹ, ਫਰੀਦਕੋਟ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ।

ਚਲਦੇ-ਚਲਦੇ ਮੋਦੀ ਦੌਰ ਦੇ ਪੰਜਾਬ ਦੇ ਲੋਕ ਸਭਾ ਚੋਣ ਨਤੀਜਿਆਂ ਉਤੇ ਝਾਤੀ ਮਾਰਦੇ ਹਾਂ। ਸਾਲ 2014 'ਚ ਜਦੋਂ ਦੇਸ਼ ਮੋਦੀ ਲਹਿਰ 'ਚ ਗ੍ਰਸਿਆ ਪਿਆ ਸੀ, ਭਾਜਪਾ ਨੂੰ ਪੰਜਾਬ ਵਿਚੋਂ ਸਿਰਫ਼ ਦੋ ਸੀਟਾਂ ਪ੍ਰਾਪਤ ਹੋਈਆਂ, ਜਦਕਿ ਦੇਸ਼ ਭਰ 'ਚ ਭਾਜਪਾ ਨੂੰ 282 ਸੀਟਾਂ ਆਈਆਂ ਸਨ। ਸਾਲ 2019 ਦਾ ਭਾਜਪਾ ਨੂੰ ਫਿਰ ਦੇਸ਼ 'ਚ 303 ਸੀਟਾਂ ਮਿਲੀਆਂ ਪਰ ਪੰਜਾਬ ਵਿਚ ਉਹ ਸਿਰਫ਼ ਤਿੰਨ ਸੀਟਾਂ ਪ੍ਰਾਪਤ ਕਰ ਸਕੀ, ਉਹ ਵੀ ਸ਼੍ਰੋਮਣੀ ਅਕਾਲੀ ਦਲ (ਬ) ਦੇ ਗੱਠਜੋੜ ਕਾਰਨ।

ਇਹਨਾ ਦਸ ਸਾਲਾਂ 'ਚ ਕੇਂਦਰ 'ਚ ਭਾਜਪਾ ਕਾਬਜ ਰਹੀ, ਪਰ ਪੰਜਾਬ 'ਚ ਪਹਿਲਾਂ, ਅਕਲੀ-ਭਾਜਪਾ, ਫਿਰ ਕਾਂਗਰਸ ਅਤੇ ਫਿਰ ਆਪ ਆਦਮੀ ਪਾਰਟੀ ਨੇ ਆਪਣੀਆਂ ਸੂਬਾ ਸਰਕਾਰਾਂ ਬਣਾਈਆਂ ਅਤੇ ਅਕਾਲੀ-ਭਾਜਪਾ ਗੱਠਜੋੜ ਦਾ ਜਿਵੇਂ ਸੂਬੇ ਪੰਜਾਬ ਵਿਚੋਂ ਸਫਾਇਆ ਹੀ ਕਰ ਦਿੱਤਾ। ਭਾਜਪਾ ਨੂੰ ਕਿਸਾਨ ਅੰਦੋਲਨ ਨੇ ਪੰਜਾਬ 'ਚ ਵਧੇਰੇ ਪ੍ਰਭਾਵਤ ਕੀਤਾ।

ਪੰਜਾਬ 'ਚੋਂ ਉਠੇ ਪਹਿਲੇ ਕਿਸਾਨ ਅੰਦਲਨ ਨੇ ਪੰਜਾਬ ਵਿੱਚ ਹੀ ਨਹੀਂ ਸਗੋਂ ਸਮੁੱਚੇ ਭਾਰਤ ਵਿੱਚ ਭਾਜਪਾ ਦੇ ਕੇਂਦਰਵਾਦ ਵਿਰੁੱਧ ਅਵਾਜ਼ ਉਠਾਈ। ਤਿੰਨ ਕਾਲੇ ਖੇਤੀ ਕਾਨੂੰਨ, ਉਸ ਪ੍ਰਧਾਨ ਮੰਤਰੀ ਕੋਲੋਂ ਰੱਦ ਕਰਵਾਏ, ਜਿਸ ਬਾਰੇ ਕਿਹਾ ਜਾਂਦਾ ਸੀ ਕਿ ਉਹ ਕਿਸੇ ਅੱਗੇ ਝੁਕਦਾ ਨਹੀਂ ਅਤੇ ਮੋਦੀ ਹੈ ਤਾਂ ਮੁਮਕਿਨ' ਹੈ। ਇਹ ਅੰਦੋਲਨ, ਜੋ ਕਿਸਾਨਾਂ, ਮਜ਼ਦੂਰਾਂ, ਬੁੱਧੀਜੀਵੀਆਂ, ਚੇਤੰਨ ਲੋਕਾਂ ਦਾ ਅੰਦੋਲਨ ਹੋ ਨਿਬੜਿਆ, ਨੇ ਪੰਜਾਬ ਵਿਚੋਂ ਇੱਕ ਇਹੋ ਜਿਹਾ ਸੰਦੇਸ਼ ਦਿੱਤਾ ਕਿ ਲੋਕਤੰਤਰੀ ਢਾਂਚੇ ਨੂੰ ਆਂਚ ਆਉਣ ਅਤੇ ਭਾਰਤੀ ਸੰਘਵਾਦ ਦੀ ਤਬਾਹੀ ਜਾਂ ਖ਼ਾਤਮੇ ਲਈ ਕਿਸੇ ਵੀ ਯਤਨ ਨੂੰ ਪੰਜਾਬ ਵਿੱਚ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਬਾਵਜੂਦ ਇਸ ਗੱਲ ਦੇ ਕਿ ਪੰਜਾਬ ਦੇ ਲੋਕਾਂ ਨੇ 1947 ਭੁਗਤੀ, '84 ਦਾ ਸੰਤਾਪ ਪਿੰਡੇ ਹੰਢਾਇਆ, ਖਾੜਕੂਵਾਦ ਦੇ ਦੌਰ 'ਚ ਵੱਡਾ ਨੁਕਸਾਨ ਉਠਾਇਆ ਪਰ ਪੰਜਾਬ ਦੇ ਲੋਕ, ਜਿਹਨਾ ਦੇ ਪੱਲੇ ਆਜ਼ਾਦੀ ਦੀ ਅਲਖ ਉਹਨਾ ਦੇ ਪੁਰਬਜਾਂ ਨੇ ਜਗਾਈ ਹੋਈ ਸੀ, ਉਸ ਵਿਰਾਸਤ ਨੂੰ ਅੱਗੇ ਤੋਰਿਆ ਅਤੇ ਨਿਰੰਤਰ ਤੋਰਿਆ।

1975 ਦੀ ਐਮਰਜੈਂਸੀ ਦੇ ਵਰ੍ਹਿਆਂ 'ਚ ਪੰਜਾਬ ਦੇ ਲੋਕਾਂ ਨੇ ਜੇਲ੍ਹਾਂ ਕੱਟੀਆਂ, ਉਹ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਨੀਤੀਆਂ ਦੇ ਵਿਰੁੱਧ ਲੜੇ, ਉਹ ਜੈਪ੍ਰਕਾਸ਼ ਨਰਾਇਣ ਦੀ ਅਗਵਾਈ 'ਚ ਵਿਰੋਧੀ ਦਲਾਂ ਦੀ ਮੁਹਿੰਮ 'ਚ ਉਹਨਾ ਨਾਲ ਨਿਭੇ। ਲਗਭਗ ਇਹਨਾ ਹੀ ਵਰ੍ਹਿਆਂ 'ਚ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦਾ ਮਤਾ ਲਿਆਂਦਾ, ਜੋ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਕਰਦਾ ਸੀ। ਜਿਸਨੇ ਸਮੁੱਚੇ ਦੇਸ਼ 'ਚ ਇੱਕ ਤਰ੍ਹਾਂ ਨਵੀਂ ਚਰਚਾ ਛੇੜੀ।

ਇਸੇ ਦੌਰ 'ਚ ਦੱਖਣੀ ਭਾਰਤ 'ਚ ਖੇਤਰੀ ਪਾਰਟੀਆਂ ਡੀ ਐਮ ਕੇ ਅਤੇ ਅੰਨਾ ਡੀ ਐਮ ਕੇ (ਤਾਮਿਲਨਾਡੂ) ਤੇਲਗੂ ਦੇਸ਼ਮ ਅਤੇ ਵਾਈ ਐਸ. ਆਰ. (ਆਂਧਰਾ ਪ੍ਰਦੇਸ਼) ਅਤੇ ਤਿਲੰਗਾਨਾ 'ਚ ਟੀ. ਆਰ. ਐਸ ਵਰਗੀਆਂ ਪਾਰਟੀਆਂ ਨੇ ਸੂਬਿਆਂ ਲਈ ਵਧ ਅਧਿਕਾਰਾਂ ਦੀ ਮੰਗ ਕੀਤੀ। ਪਰ ਕਿਉਂਕਿ ਭਾਜਪਾ ਕਦੇ ਵੀ ਖੇਤਰੀ ਦਲਾਂ ਦੇ ਹੱਕ 'ਚ ਨਹੀਂ ਰਹੀ। ਕਈ ਥਾਵੀਂ ਉਸ ਵੇਲੇ ਖੇਤਰੀ ਦਲਾਂ ਨਾਲ ਸਾਂਝ ਭਿਆਲੀ ਕਰਦਿਆਂ, ਉਹਨਾ ਦੀ ਹੋਂਦ ਮਿਟਾਉਣ ਦਾ ਯਤਨ ਕੀਤਾ। ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਾਂਝ ਪਾਕੇ, ਉਸਦਾ ਵੱਡਾ ਨੁਕਸਾਨ ਕੀਤਾ। ਜਨਤਾ ਪਾਰਟੀ, ਇਨੈਲੋ, ਭਾਜਪਾ ਅਤੇ ਜਨਤਾ ਦਲ(ਐਸ) ਨਾਲ ਕੁਝ ਸਮੇਂ ਦੀ ਸਾਂਝ ਭਿਆਲੀ, ਉਹਨਾ ਪਾਰਟੀਆਂ ਦੀ ਦੁਰਦਸ਼ਾ ਦਾ ਕਾਰਨ ਬਣੀ। ਮਹਾਂਰਾਸ਼ਟਰ , ਉਡੀਸਾ, ਆਂਧਰਾ ਪ੍ਰਦੇਸ਼, ਹਰਿਆਣਾ ਵਿੱਚ ਸਿਵਸੈਨਾ, ਐਸ. ਸੀ. ਪੀ. ਅਤੇ ਜਜਪਾ ਨਾਲ ਸਾਂਝ ਭਿਆਲੀ ਕਰਕੇ ਭਾਜਪਾ ਦਾ ਉਦੇਸ਼ ਉਹਨਾ ਨੂੰ ਖ਼ਤਮ ਕਰਨਾ ਸੀ। ਪਰ ਉਹ ਸਮਾਂ ਰਹਿੰਦਿਆਂ ਭਾਜਪਾ ਦੀ ਚਾਲ ਸਮਝ ਗਏ।

ਪੰਜਾਬ ਦੇ ਲੋਕ ਵੀ ਭਾਜਪਾ ਦੀਆਂ ਨੀਤੀਆਂ ਤੋਂ ਵਾਕਫ ਹੋਏ। ਉਸਦੇ ਕੇਂਦਰੀਵਾਦ, ਇੱਕ ਦੇਸ਼ ਇੱਕ ਬੋਲੀ, ਇੱਕ ਚੋਣ ਦੇ ਦੇਸ਼ 'ਚ ਲਾਗੂ ਕਰਨ ਦੇ ਮੰਤਵ ਨੂੰ ਨਿਕਾਰਿਆ। ਧਾਰਮਿਕ ਕੱਟੜਤਾ ਦੇ ਉਸਦੇ ਅਜੰਡੇ ਨੂੰ ਪੰਜਾਬ ਨੇ ਕਦੇ ਪ੍ਰਵਾਨ ਨਹੀਂ ਕੀਤਾ ਅਤੇ ਪੰਜਾਬ ਨੇ ਭਾਜਪਾ ਨੂੰ ਕਦੇ ਵੀ ਤਰਜੀਹ ਨਹੀਂ ਦਿੱਤੀ, ਬਾਵਜੂਦ ਇਸ ਗੱਲ ਦੇ ਕਿ ਉਸ ਵਲੋਂ ਹੋਰ ਪਾਰਟੀਆਂ ਦੇ ਵੱਡੇ ਨੇਤਾਵਾਂ ਜਿਵੇਂ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਵਰਗੇ ਨੇਤਾਵਾਂ ਨੂੰ ਆਪਣੇ ਨਾਲ ਜੋੜ ਲਿਆ। ਭਾਜਪਾ ਦੇ ਕੇਂਦਰ ਸਰਕਾਰ ਦੇ ਨਾਹਰੇ "ਡਬਲ ਇੰਜਣ" ਸਰਕਾਰ ਦੇ ਲਾਲੀਪਾਪ ਨੂੰ ਪੰਜਾਬ ਨੇ ਕਦੇ ਵੀ ਪ੍ਰਵਾਨ ਨਹੀਂ ਕੀਤਾ।

ਪੰਜਾਬ ਸਰਹੱਦੀ ਸੂਬਾ ਹੈ। ਇਸ ਸੂਬੇ ਨੇ ਆਪਣੇ ਸੀਨੇ 'ਤੇ ਜੰਗਾਂ ਵੀ ਸਹੀਆਂ। ਖਾੜਕੂਵਾਦ ਦਾ ਸੰਤਾਪ ਵੀ ਹੰਢਾਇਆ। ਬੋਲੀ 'ਤੇ ਅਧਾਰਤ "ਪੰਜਾਬੀ ਸੂਬਾ" ਪ੍ਰਾਪਤ ਕਰਨ ਲਈ ਲੰਮਾ ਸੰਘਰਸ਼ ਕੇਂਦਰੀ ਹਾਕਮਾਂ ਨਾਲ ਲੜਿਆ। ਆਪਣੀ ਮਾਂ ਬੋਲੀ ਪੰਜਾਬੀ ਨੂੰ ਕੇਂਦਰੀ ਹਾਕਮਾਂ ਵਲੋਂ ਦਰਕਿਨਾਰ ਕਰਨ ਤੇ ਕੋਝੀਆਂ ਚਾਲਾਂ ਚੱਲਣ ਵਿਰੁੱਧ ਅਵਾਜ਼ ਉਠਾਈ। ਪੰਜਾਬ ਦੇ ਪਾਣੀ ਖੋਹੇ ਜਾਣ ਵਿਰੁੱਧ ਸੀਨਾ ਤਾਣਕੇ ਪੰਜਾਬ ਦੇ ਲੋਕ ਖੜੇ ਹੋਏ।

ਕੇਂਦਰ ਦੇ ਹਾਕਮ, ਪੰਜਾਬ ਨੂੰ ਨਾ ਦਰਿਆਈ ਪਾਣੀਆਂ ਦੇ ਮਾਮਲੇ 'ਤੇ ਇਨਸਾਫ਼ ਦੇ ਸਕੇ, ਨਾ ਪੰਜਾਬ ਨੂੰ ਇੱਕ ਸਨਅੱਤੀ ਸੂਬੇ ਵਜੋਂ ਜਾਂ ਵਪਾਰਕ ਕੇਂਦਰ ਵਜੋਂ ਉਭਰਨ ਦੇ ਮੌਕੇ ਉਸਨੇ ਦਿੱਤੇ। ਹਾਂ, ਪੰਜਾਬ ਨੂੰ ਦੇਸ਼ ਦਾ ਅੰਨਦਾਤਾ ਆਖਕੇ ਉਸਦੀਆਂ ਵਡਿਆਈਆਂ ਕਰਕੇ, ਇਥੋਂ ਐਨੀ ਕਣਕ ਤੇ ਚਾਵਲ ਪ੍ਰਾਪਤ ਕਰਦੇ ਰਹੇ ਕਿ ਅੱਜ ਪੰਜਾਬ, ਧਰਤੀ ਹੇਠਲੇ ਪਾਣੀ ਦੀ ਥੋੜ ਕਾਰਨ ਮਾਰੂਥਲ ਬਨਣ ਵੱਲ ਅੱਗੇ ਵਧ ਰਿਹਾ ਹੈ।

ਕਿਉਂਕਿ ਕੇਂਦਰੀ ਹਾਕਮ ਪੰਜਾਬ ਨਾਲ ਦੁਪਰਿਆਰਾ ਸਲੂਕ ਕਰਦੇ ਰਹੇ, ਇਸੇ ਕਰਕੇ ਪੰਜਾਬ ਦੇ ਲੋਕਾਂ ਦੇ ਦਿਲਾਂ 'ਚ ਰੋਹ ਉਪਜਦਾ ਰਿਹਾ ਹੈ। ਇਸੇ ਕਰਕੇ ਪੰਜਾਬ ਦੇ ਫ਼ੈਸਲੇ ਆਮ ਤੌਰ 'ਤੇ ਰੋਹ ਭਰੇ ਪਰ ਵਿਵੇਕਪੂਰਨ, ਲੋਕ ਹਿਤੈਸ਼ੀ ਰਹੇ ਹਨ, ਕਿਉਂਕਿ ਪੰਜਾਬ, ਉੱਚ ਦੁਮਾਲੜੇ ਕਿਰਦਾਰ ਵਿਹਾਰ ਵਾਲੇ ਅਜਿਹੇ ਸਿਆਸਤਦਾਨਾਂ ਦੀ ਜਿਹੜੇ ਪੰਜਾਬ ਤੇ ਮੁਲਕ ਦੀ ਬਿਹਤਰੀ ਲਈ ਫੈਡਰਲ ਸਿਆਸਤ ਦੇ ਬਿਰਤਾਂਤ ਤੇ ਅਜੰਡੇ ਨੂੰ ਸਮਰਪਿਤ ਹੋਣ, ਨੂੰ ਤਰਜੀਹ ਦਿੰਦਾ ਰਿਹਾ ਹੈ।

ਪੰਜਾਬ ਜਾਗਰੂਕ ਹੈ, ਉਹ ਸਮੇਂ-ਸਮੇਂ ਉਹਨਾ ਸਿਆਸਤਦਾਨਾਂ ਨੂੰ ਸਜ਼ਾ ਦੇਣ ਲਈ ਜਾਣਿਆ ਜਾਂਦਾ ਹੈ, ਜਿਹੜੇ ਪੰਜਾਬ ਨੂੰ ਆਪਣੀ ਮਲਕੀਅਤ ਸਮਝਦੇ ਰਹੇ। ਅਕਾਲੀ ਦਲ ਜਿਹੜਾ ਪੰਜਾਬ 'ਤੇ 25 ਸਾਲ ਰਾਜ ਕਰਨ ਦੀ ਗੱਲ ਕਰਦਾ ਰਿਹਾ, ਉਸ ਨੂੰ ਕਿਸਾਨਾਂ ਦੇ ਵਿਰੋਧ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਨੂੰ ਸਹੀ ਢੰਗ ਨਾਲ ਨਾ ਨਿਪਟਾਉਣ ਕਾਰਨ ਸੱਤਾ ਤੋਂ ਹੱਥ ਧੋਣੇ ਪਏ।

ਦੋ ਸਾਲ ਪਹਿਲਾਂ ਜਦੋਂ ਆਮ ਆਦਮੀ ਪਾਰਟੀ ਨੂੰ ਪੰਜਾਬ ਨੇ ਆਪਣੇ ਸਿਰ 'ਤੇ ਬਿਠਾਇਆ, ਉਸ ਵਲੋਂ ਕੀਤੀ ਇਕੋ ਗਲਤੀ ਨੇ ਰਾਜਭਾਗ ਦੇ 6 ਮਹੀਨਿਆਂ ਦੇ ਅੰਦਰ ਸੰਗਰੂਰ ਲੋਕ ਸਭਾ ਸੀਟਾਂ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਖਾਲੀ ਹੋਈ ਲੋਕ ਸਭਾ ਸੀਟ ਤੋਂ ਜਿਮਨੀ ਚੋਣ ਵੇਲੇ ਆਮ ਆਦਮੀ ਪਾਰਟੀ ਨੂੰ ਹਰਾ ਕੇ ਸਿਮਰਨਜੀਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ (ਸਿਮਰਨਜੀਤ ਸਿੰਘ) ਨੂੰ ਇਹ ਸੀਟ ਜਿਤਾ ਦਿੱਤੀ।

ਅੱਜ ਜਦ ਭਾਜਪਾ ਆਪਣੇ ਮੂਲ ਅਜੰਡੇ ਨੂੰ ਅੱਗੇ ਵਧਾਉਣ ਲਈ ਲੋਕਾਂ ਨੂੰ ਪਾਰਟੀ ਲਈ 370 ਸੀਟਾਂ ਜਿਤਾਉਣ ਦੀ ਅਪੀਲ ਕਰ ਰਹੀ ਹੈ। ਉਸਦਾ ਅਜੰਡਾ ਸਿਰਫ ਹਿੰਦੂ ਰਾਸ਼ਟਰ ਆਯੋਧਿਆ, ਕਾਸ਼ੀ ਤੱਕ ਸੀਮਤ ਨਹੀਂ ਰਹੇਗਾ। ਹਿੰਦੂ ਮੰਦਰਾਂ ਦੇ ਕੋਲ ਹੋਰ ਵੀ ਮਸਜਿਦਾਂ ਨੂੰ ਲੈ ਕੇ ਵਿਵਾਦ ਹੋਣਗੇ। ਵੱਧ ਤੋਂ ਵੱਧ ਸੜਕਾਂ ਦੇ ਨਾਂਅ ਬਦਲੇ ਜਾਣਗੇ। ਗਿਆਰਾ ਮਾਰਚ 2024 ਨੂੰ ਨਾਗਰਿਕਤਾ ਸੋਧ ਕਾਨੂੰਨ 2019 ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਤਜ਼ਰਬੇ ਦੇ ਤੌਰ 'ਤੇ ਉਤਰਾਖੰਡ 'ਚ ਇਹ ਲਾਗੂ ਕਰ ਦਿੱਤਾ ਗਿਆ ਹੈ। ਇੱਕ ਰਾਸ਼ਟਰ, ਇੱਕ ਚੋਣ ਦਾ ਕਾਨੂੰਨ ਵੀ ਸੰਸਦ 'ਚ ਪਾਸ ਕਰ ਦਿੱਤਾ ਜਾਏਗਾ। ਇਸ ਨਾਲ ਸੰਘਵਾਦ ਅਤੇ ਲੋਕਤੰਤਰ ਹੋਰ ਵੀ ਕਮਜ਼ੋਰ ਹੋ ਜਾਏਗਾ। ਅਤੇ ਭਾਰਤ ਸਰਕਾਰ ਰਾਸ਼ਟਰਪਤੀ ਪ੍ਰਣਾਲੀ ਦੇ ਨਜ਼ਦੀਕ ਪੁੱਜ ਜਾਏਗਾ। ਜਿਸ ਵਿੱਚ ਸਾਰੀਆਂ ਸ਼ਕਤੀਆਂ ਇੱਕ ਹੀ ਵਿਅਕਤੀ ਉਤੇ ਕੇਂਦਰਤਿ ਹੋ ਜਾਣਗੀਆਂ।

ਤਦ ਪੰਜਾਬ ਸਦਾ ਇਹੋ ਜਿਹੀਆਂ ਨੀਤੀਆਂ ਦੇ ਵਿਰੋਧ 'ਚ ਖੜਾ ਹੈ। ਪੰਜਾਬ ਸਦਾ ਸਾਂਝੀਵਾਲਤਾ, ਭਰਾਤਰੀ ਭਾਵ ਦਾ ਮੁਦੱਈ ਰਿਹਾ ਹੈ। ਕਹਿਣੀ ਤੋਂ ਹੀ ਨਹੀਂ ਕਰਨੀ 'ਤੇ ਉਸਦਾ ਇਸੇ 'ਚ ਵਿਚਾਰਧਾਰਾ 'ਤੇ ਵਿਸ਼ਵਾਸ਼ ਹੈ। ਇਸੇ ਕਰਕੇ ਪੰਜਾਬ 'ਚ ਵਿਰੋਧ ਦੀ ਸੁਰ ਹਾਕਮ ਧਿਰਾਂ ਵਿਰੁੱਧ ਭਾਰੂ ਰਹਿੰਦੀ ਹੈ।

ਬਿਨ੍ਹਾਂ ਸ਼ੱਕ, ਦੇਸ਼ ਇਸ ਵੇਲੇ ਮੋਦੀ ਸਰਕਾਰ ਦੇ ਪ੍ਰਚਾਰ 'ਚ ਗ੍ਰਸਿਆ ਨਜ਼ਰ ਆਉਂਦਾ ਹੈ। ਇਹ ਇੱਕ ਅਸਲੀਅਤ ਹੈ ਕਿ ਦੇਸ਼ ਦੇ ਬਹੁ-ਗਿਣਤੀ ਭਾਈਚਾਰੇ ਦੇ ਲੋਕ ਕੇਂਦਰਵਾਦ ਦਾ ਸਵਾਗਤ ਕਰਨਗੇ, ਕਿਉਂਕਿ ਸੱਚੇ ਲੋਕਤੰਤਰਿਕ ਮੁਲ ਹੁਣ ਤੱਕ ਸਾਂਝੇ ਪਰਿਵਾਰਕ, ਸਮਾਜਿਕ ਜਾਂ ਰਾਜਨੀਤਕ ਢਾਂਚੇ ਦਾ ਪੂਰੀ ਤਰ੍ਹਾਂ ਨਿਰੀਖਣ ਨਹੀਂ ਕਰ ਸਕੇ। ਇਸੇ ਲਈ ਵਿਕਾਸ ਦੇ ਨਾਅ ਉਤੇ ਅਮੀਰ ਨੂੰ ਜਿਆਦਾ ਅਮੀਰ ਹੁੰਦਿਆਂ ਲੋਕ ਪ੍ਰਵਾਨ ਕਰਨਗੇ ਅਤੇ ਹੇਠਲੇ ਪੰਜਾਹ ਫ਼ੀਸਦੀ ਲੋਕ ਕੁਲ ਜਾਇਦਾਦ ਦੇ ਤਿੰਨ ਫ਼ੀਸਦੀ ਹਿੱਸੇ ਅਤੇ ਰਾਸ਼ਟਰੀ ਆਮਦਨ ਦੇ 13 ਫ਼ੀਸਦੀ ਹਿੱਸੇ 'ਚ ਸੰਤੁਸ਼ਟ ਹੋਣ ਲਈ ਮਜ਼ਬੂਰ ਹੋਣਗੇ। ਇਸ ਨਾਲ ਸਮਾਜਿਕ , ਸੰਸਕ੍ਰਿਤਿਕ ਗੁਲਾਮੀ ਅਤੇ ਪੀੜਾ ਜਾਰੀ ਰਹੇਗੀ ਅਤੇ ਆਰਥਿਕ ਮੰਦਹਾਲੀ ਤੇ ਗਰੀਬੀ ਹੋਰ ਵਧੇਗੀ। ਇਹੋ ਜਿਹੀ ਸਥਿਤੀ ਕਾਲਪਨਿਕ ਨਹੀਂ ਹੈ। ਦੇਸ਼ 'ਚ ਇੱਕ ਗੰਭੀਰ ਸੰਕਟ ਸਥਿਤੀ ਹੈ।

ਬਾਕੀ ਹਿਸਾ ਸਫ਼ਾ 38 ਤੇ ਪੜ੍ਹੋ

## ਹਾਸ ਵਿਅੰਗ

**ਸੰਤੋਸ਼ ਸ੍ਰੀਵਾਸਤਵ**

# ਰਾਸ਼ੀਫਲ ਦੀਆਂ ਭਵਿੱਖਬਾਣੀਆਂ



ਅਸੀਂ ਅਖ਼ਬਾਰ ਵਿਚ ਸਭ ਤੋਂ ਪਹਿਲਾਂ ਰਾਸ਼ੀਫਲ ਪੜ੍ਹਦੇ ਹਾਂ, ਫਿਰ ਮੌਸਮ ਦਾ ਹਾਲ ਦੇਖਦੇ ਹਾਂ। ਉਸ ਮਗਰੋਂ ਹੀ ਘਰੋਂ ਨਿਕਲਦੇ ਹਾਂ। ਉਸ ਦਿਨ ਰਾਸ਼ੀਫਲ ਵਿਚ ਲਿਖਿਆ ਸੀ, ਦਿਨ ਖਰਾਬ ਲੰਘੇਗਾ, ਬੱਚ ਕੇ ਰਹਿਣਾ ਤੇ ਮੌਸਮ ਬਾਰੇ ਦੱਸਿਆ ਸੀ ਕਿ ਅੱਜ ਬੱਦਲ ਗਰਜਣ ਨਾਲ ਹਲਕੀ ਬਾਰਿਸ਼ ਵੀ ਹੋਵੇਗੀ। ਪਰ ਸਵੇਰ ਤੋਂ ਸ਼ਾਮ ਹੋ ਗਈ। ਨਾ ਕੁਝ ਗਰਜਿਆ ਤੇ ਨਾ ਕੁਝ ਵਰ੍ਹਿਆ ਪਰ ਸ਼ਾਮ ਨੂੰ ਘਰ ਵਿਚ ਕਦਮ ਰੱਖਦਿਆਂ ਹੀ ਸ਼੍ਰੀਮਤੀ ਜੀ ਜ਼ਰੂਰ ਗਰਜੀ, "ਥੋਨੂੰ ਤਾਂ ਕੌਡੀ ਭਰ ਦੀ ਵੀ ਅਕਲ ਨੀਂ। ਤੁਹਾਡੇ ਕੋਲੋਂ ਤਾਂ ਅਕਲਮੰਦ ਰਮਾਬਾਈ ਐ।"

ਰਮਾਬਾਈ ਮੇਮਸਾਬ੍ਹ ਦੇ ਮੂੰਹੋਂ ਆਪਣੀ ਤਾਰੀਫ ਸੁਣ ਕੇ ਖੁਸ਼ੀ ਨਾਲ ਫੁੱਲ ਕੇ ਕੁੱਪਾ ਹੋ ਰਹੀ ਸੀ ਤੇ ਸਾਡੇ ਵੱਲ ਸ਼ਰਾਰਤ ਭਰੀਆਂ ਨਜ਼ਰਾਂ ਨਾਲ ਦੇਖ ਰਹੀ ਸੀ। ਅਸੀਂ ਕੁਝ ਸਮਝਦੇ ਇਸ ਤੋਂ ਪਹਿਲਾਂ ਹੀ ਰਮਾਬਾਈ ਨੇ ਤਿੜਦਿਆਂ ਕਿਹਾ, "ਸਾਬ੍ਹ, ਕੱਲ ਜਿਹੜੀ ਸਾੜ੍ਹੀ ਤੁਸੀਂ ਲਿਆਏ ਸੀ, ਅੱਜ ਮੇਮਸਾਬ੍ਹ ਉਸ ਨੂੰ ਪਹਿਨ ਕੇ ਆਪਣੀਆਂ ਸਹੇਲੀਆਂ ਨੂੰ ਮਿਲਣ ਗਈ ਸੀ। ਮੇਮਸਾਬ੍ਹ ਨੇ ਜਦੋਂ ਉਨ੍ਹਾਂ ਨੂੰ ਦੱਸਿਆ ਕਿ ਇਹ ਢਾਈ ਹਜ਼ਾਰ ਦੀ ਹੈ ਤਾਂ ਮਿਸਿਜ਼ ਸ਼ਰਮਾ ਤੁਰੰਤ ਬੋਲੀ, "ਇਹ ਤਾਂ ਸੜਕਛਾਪ ਸੇਲ 'ਚ 350 ਰੁਪਏ ਦੀ ਮਿਲ ਰਹੀ ਸੀ। ਫਿਰ ਮਿਸਿਜ਼ ਸ਼ਰਮਾ ਨੇ ਤੁਹਾਨੂੰ ਖ਼ਰੀਦਦੇ ਵੀ ਦੇਖਿਆ ਸੀ। ਹੁਣ ਮੇਮਸਾਬ੍ਹ ਦੀ ਤਾਂ ਬੇਇੱਜ਼ਤੀ ਹੋ ਗਈ....।"

ਮੈਂ ਸੋਚ ਰਿਹਾ ਸੀ ਕਿ ਇੰਨੇ ਵੱਡੇ-ਵੱਡੇ ਘਪਲੇ ਹੋ ਰਹੇ ਹਨ। ਜਨਤਾ ਚੀਕ ਰਹੀ ਐ ਪਰ ਘਪਲੇਬਾਜ਼ਾਂ ਦੀਆਂ ਸ਼੍ਰੀਮਤੀਆਂ ਹਮੇਸ਼ਾ ਕਹਿੰਦੀਆਂ ਹਨ ਕਿ ਉਨ੍ਹਾਂ ਦੇ ਪਤੀ ਬਿਲਕੁਲ ਨਿਰਦੋਸ਼ ਹਨ ਪਰ ਮੇਰੀ ਸ਼੍ਰੀਮਤੀ ਤਾਂ...ਹਾਏ ਮੇਰਿਆ ਰੱਬਾ ਪੂਰੀ ਛੁਰੀ ਐ ਛੁਰੀ। ਜਦੋਂ ਤਕ ਸਾਰੀਆਂ ਪਰਤਾਂ ਨਾ ਖੁਰਚ ਦੇਵੇ, ਉਦੋਂ ਤਕ ਇਸ ਨੂੰ ਚੈਨ ਨਹੀਂ ਮਿਲਦਾ।

ਅਗਲੇ ਦਿਨ ਦੇ ਅਖ਼ਬਾਰ ਵਿਚ ਮੌਸਮ ਬਾਰੇ ਲਿਖਿਆ ਸੀ ਕਿ ਅਸਮਾਨ ਸਾਫ ਰਹੇਗਾ ਤੇ ਰਾਸ਼ੀਫਲ ਵਿਚ ਭਵਿੱਖਬਾਣੀ ਸੀ ਕਿ ਜੇਬ ਹਲਕੀ ਰਹੇਗੀ। ਮੈਂ ਸੋਚ ਰਿਹਾ ਸੀ ਕਿ ਚਲੋ ਅੱਜ ਦਾ ਦਿਨ ਚੰਗਾ ਲੰਘੇਗਾ। ਸਭ ਕੁਝ ਸਾਫ ਤੇ ਹਲਕਾ ਰਹੇਗਾ ਪਰ ਆਫਿਸ ਜਾਂਦੇ ਸਮੇਂ ਪੈਂਟ ਦੀਆਂ ਜੇਬਾਂ ਫਰੋਲੀਆਂ ਤਾਂ ਪਤਾ ਲੱਗਾ ਕਿ ਉਹ ਤਾਂ ਪਹਿਲਾਂ ਹੀ ਹਲਕੀਆਂ ਕਰ ਦਿੱਤੀਆਂ ਗਈਆਂ।

ਜਦੋਂ ਮੈਂ ਇਹ ਗੱਲ ਸ਼੍ਰੀਮਤੀ ਨੂੰ ਦੱਸੀ ਤਾਂ ਉਹ ਕਹਿਣ ਲੱਗੀ, "ਉਹ ਹੋ, ਜੇਬਾਂ ਹੀ ਤਾਂ ਹਲਕੀਆਂ ਹੋਈਆਂ ਨੇ। ਗਲਾ ਤਾਂ ਸਲਾਮਤ ਐ ਨਾ? ਅੱਜਕਲ ਕੀ ਸਾਫ ਹੋ ਜਾਵੇ ਤੇ ਕੀ ਹੌਲਾ ਹੋ ਜਾਵੇ, ਕੁਝ ਨਹੀਂ ਕਹਿ ਸਕਦੇ। ਗਲ 'ਤੋਂ ਗਾਨੀ ਸਾਫ ਹੋ ਜਾਂਦੀ ਹੈ, ਦਫ਼ਤਰਾਂ ਤੋਂ ਫਾਈਲਾਂ ਹਲਕੀਆਂ ਹੋ ਜਾਂਦੀਆਂ ਨੇ। ਚਲੋ, ਕੋਈ ਗੱਲ ਨਹੀਂ, ਹੁਣ ਤੁਸੀਂ ਆਫਿਸ ਵਿਚ ਚਾਹ ਨਾ ਪੀਣਾ ਤੇ ਆਫਿਸ ਪੈਦਲ ਜਾਣਾ। ਸਭ ਠੀਕ ਹੋ ਜੂ।"

ਮੈਂ ਆਪਣੀ ਪ੍ਰੇਸ਼ਾਨੀ ਘਟਾਉਣ ਲਈ ਇਕ ਦਿਨ ਟੀ. ਵੀ. ਚੈਨਲ 'ਤੇ ਬਾਬਾ ਜੀ ਨੂੰ ਫੋਨ ਲਗਾਇਆ ਤੇ ਕਿਹਾ, "ਬਾਬਾ ਜੀ, ਹਰ ਭਵਿੱਖਬਾਣੀ ਮੇਰੇ ਖਿਲਾਫ ਜਾਂਦੀ ਐ ਪਰ ਸ਼੍ਰੀਮਤੀ ਜੀ ਦੇ ਪੱਖ ਵਿਚ...ਮੈਂ ਤਾਂ ਹਰ ਗੱਲ 'ਤੇ ਮੂੰਹ ਦੀ ਖਾ-ਖਾ ਕੇ ਪ੍ਰੇਸ਼ਾਨ ਹੋ ਗਿਆ ਹਾਂ...ਕੋਈ ਉਪਾਅ ਦੱਸੋ।"

ਬਾਬਾ ਜੀ ਨੇ ਫੌਰਨ ਆਪਣਾ ਕੰਪਿਊਟਰ ਖੋਲ੍ਹਿਆ। ਮੇਰਾ ਨਾਂ, ਜਨਮ ਮਿਤੀ ਪੁੱਛੀ ਤੇ ਫਿਰ ਪਟਾਰਾ ਖੋਲ੍ਹਦਿਆਂ ਕਿਹਾ, "ਤੁਹਾਡੀ ਸ਼ਾਦੀ ਲਈ ਜਦੋਂ ਲੜਕੀ ਲੱਭੀ ਜਾ ਰਹੀ ਸੀ, ਉਸ ਸਮੇਂ ਰਾਹੂ ਦੀ ਸਿੱਧੀ ਦ੍ਰਿਸ਼ਟੀ ਤੁਹਾਡੇ ਉੱਪਰ ਸੀ ਪਰ ਜਦੋਂ ਸ਼ਾਦੀ ਦੀਆਂ ਰਸਮਾਂ ਚੱਲ ਰਹੀਆਂ ਸਨ, ਉਸ ਸਮੇਂ ਕੇਤੂ ਦੀ ਦ੍ਰਿਸ਼ਟੀ ਤੇ ਸ਼ਾਦੀ ਤੋਂ ਬਾਅਦ ਤੋਂ ਸ਼ਨੀ ਦੀ ਦਸ਼ਾ ਚੱਲ ਰਹੀ ਹੈ ਇਸ ਲਈ ਤੁਹਾਡੀ ਸ਼੍ਰੀਮਤੀ ਉੱਚੇ ਸਥਾਨ 'ਤੇ ਬਿਰਾਜਮਾਨ ਹੈ ਤੇ ਤੁਸੀਂ ਨਿਮਨ ਸਥਾਨ 'ਤੇ। ਖ਼ੈਰ, ਤੁਸੀਂ ਪ੍ਰੇਸ਼ਾਨ ਨਾ ਹੋਵੋ, ਬਸ ਥੋੜ੍ਹੇ ਜਿਹੇ ਉਪਾਅ ਕਰਨੇ ਹੋਣਗੇ। ਸਵੇਰੇ-ਸਵੇਰੇ ਆਪਣੇ ਹੱਥੀਂ ਚਾਰ ਰੋਟੀਆਂ ਕਾਲੀ ਗਊ ਨੂੰ ਖਵਾਇਆ ਕਰੋ।

ਉਸ ਤੋਂ ਇਲਾਵਾ ਤੁਹਾਨੂੰ 'ਸ਼੍ਰੀਮਤੀ ਰੱਖਿਆ ਲਾਕੇਟ' ਪਹਿਨਣਾ ਹੋਵੇਗਾ ਤੇ ਉਸ ਨੂੰ ਖ਼ਰੀਦਣ ਲਈ ਕਾਲ ਕਰਨਾ। ਇਸ ਦੀ ਕੀਮਤ ਹੈ ਪੰਜ ਹਜ਼ਾਰ ਰੁਪਏ, ਜੇ ਤੁਸੀਂ ਕਾਲ ਕਰੋਗੇ ਤਾਂ ਇਹ ਤੁਹਾਨੂੰ ਕੇਵਲ ਚਾਰ ਹਜ਼ਾਰ ਰੁਪਏ ਵਿਚ ਮਿਲ ਜਾਵੇਗਾ ਟਿੰਗ ਟਾਂਗ....।"

ਬਾਬਾ ਜੀ ਨਾਲ ਮੇਰੀਆਂ ਗੱਲਾਂ ਰਮਾਬਾਈ ਨੇ ਸੁਣ ਲਈਆਂ ਸਨ ਤੇ ਉਸ ਨੇ ਸ਼੍ਰੀਮਤੀ ਜੀ ਨੂੰ ਸਭ ਕੁਝ ਦੱਸ ਦਿੱਤਾ।

ਇਕ ਦਿਨ ਮੈਂ ਬਾਬਾ ਜੀ ਨੂੰ ਫੋਨ 'ਤੇ ਦੱਸਿਆ, "ਬਾਬਾ ਜੀ, ਤੁਹਾਡੇ ਉਪਾਅ ਦਾ ਕੋਈ ਅਸਰ ਵਿਖਾਈ ਨਹੀਂ ਦਿੰਦਾ। ਬੀਮਾਰੀ ਦਾ ਇਲਾਜ ਹੋਣ ਦੀ ਬਜਾਏ ਉਹ ਦਿਨ-ਬ-ਦਿਨ ਵਧਦੀ ਹੀ ਜਾ ਰਹੀ ਐ।"

ਬਾਬਾ ਜੀ ਕਹਿਣ ਲੱਗੇ, "ਬੇਟਾ, ਮੰਗਲ 'ਤੇ ਸ਼ਨੀ ਦੀ ਦ੍ਰਿਸ਼ਟੀ ਪੈਣ ਨਾਲ ਪਤਨੀ ਪ੍ਰਲਯ ਯੋਗ ਸ਼ੁਰੂ ਹੋ ਗਿਆ ਹੈ ਇਸ ਲਈ ਰੱਖਿਆ ਲਾਕੇਟ ਦੇ ਨਾਲ-ਨਾਲ ਸ਼੍ਰੀਮਤੀ ਜੀ ਪ੍ਰਲਯ ਨਾਸ਼ਕ ਲਾਕੇਟ ਵੀ ਪਹਿਨਣਾ ਹੋਵੇਗਾ। ਇਸ ਦੀ ਕੀਮਤ ਬਸ ਦਸ ਹਜ਼ਾਰ ਰੁਪਏ....।"

ਇਕ ਦਿਨ ਫਿਰ ਮੈਂ ਬਾਬਾ ਜੀ ਨੂੰ ਦੱਸਿਆ, "ਬਾਬਾ ਜੀ, ਕੋਈ ਫ਼ਰਕ ਨਹੀਂ ਪਿਆ....।"

ਇਸ 'ਤੇ ਬਾਬਾ ਜੀ ਬੋਲੇ, "ਬੇਟਾ, ਤੂੰ ਤਾਂ ਸ਼੍ਰੀਮਤੀ ਜੀ ਦੇ ਯੋਗ ਤੋਂ ਪ੍ਰੇਸ਼ਾਨ ਐਂ ਪਰ ਮੇਰੇ ਪਿੱਛੇ ਤਾਂ ਸ਼੍ਰੀਮਤੀ ਜੀ ਮਹਾਰੋਗ ਪਿਆ ਹੋਇਐ....।"

ਮੈਂ ਬਾਬਾ ਜੀ ਨੂੰ ਕਿਹਾ, "ਮੈਂ ਕੁਝ ਸਮਝਿਆ ਨਹੀਂ।"

ਉਦੋਂ ਹੀ ਮੇਰੀ ਸ਼੍ਰੀਮਤੀ ਆ ਗਈ ਤੇ ਕਹਿਣ ਲੱਗੀ, "ਬਾਬਾ, ਤੂੰ ਮੇਰੇ ਸਿੱਧੇ-ਸਾਧੇ ਪਤੀ ਨੂੰ ਭੜਕਾ ਰਿਹੈਂ.....ਕਹਿਣ ਨੂੰ ਤਾਂ ਔਰਤਾਂ ਅੰਧਵਿਸ਼ਵਾਸੀ ਹੁੰਦੀਆਂ ਨੇ.....ਪਰ ਮੈਨੂੰ ਲੱਗ ਰਿਹੈ ਮਰਦ ਸਾਥੋਂ ਜ਼ਿਆਦਾ ਅੰਧਵਿਸ਼ਵਾਸੀ ਨੇ। ਸ਼੍ਰੀਮਤੀ ਰੱਖਿਆ ਲਾਕੇਟ ਦੀ ਮੇਰੇ ਪਤੀ ਨੂੰ ਨਹੀਂ, ਤੈਨੂੰ ਜ਼ਿਆਦਾ ਲੋੜ ਐ, ਜ਼ਰਾ ਪਿੱਛੇ ਮੁੜ ਕੇ ਵੇਖ ਲੈ।"

ਬਾਬਾ ਜੀ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਸਟੂਡੀਓ ਵਿਚ ਬਾਬਾ ਜੀ ਦੇ ਪਿੱਛੇ ਉਨ੍ਹਾਂ ਦੀ ਸ਼੍ਰੀਮਤੀ ਜੀ ਵੇਲਣਾ ਲਈ ਖੜ੍ਹੀ ਸੀ। ਹੁਣ ਤਾਂ ਬਾਬਾ ਜੀ ਦਾ ਚਿਹਰਾ ਦੇਖਣ ਵਾਲਾ ਸੀ।

*********

## ਮਿੰਨੀ ਕਹਾਣੀ–ਜੁੱਤੀਆਂ ਪੁਆ ਦਿਓ

ਹਰਜੀਤ ਇੱਕ ਸਥਾਨਕ ਅਖ਼ਬਾਰ ਦਾ ਪੱਤਰਕਾਰ ਸੀ। ਪੱਤਰਕਾਰੀ ਦੀ ਆੜ ਵਿੱਚ ਉਹਦੀ ਵੱਡੇ-ਵੱਡੇ ਅਫ਼ਸਰਾਂ ਨਾਲ ਚੰਗੀ ਜਾਣ-ਪਛਾਣ ਸੀ। ਕਦੇ ਐਸਡੀਐਮ ਨੂੰ ਮਿਲ ਰਿਹੈ, ਕਦੇ ਤਸੀਲਦਾਰ ਨੂੰ। ਸਕੂਲਾਂ ਕਾਲਜਾਂ ਦੇ ਪ੍ਰਿੰਸੀਪਲ-ਅਧਿਆਪਕ ਤਾਂ ਇੱਕ ਤਰ੍ਹਾਂ ਨਾਲ ਉਹਦੇ ਯਾਰ-ਬੇਲੀ ਹੀ ਸਨ। ਇਨ੍ਹਾਂ ਥਾਂਵਾਂ ਤੇ ਉਹ ਲੰਘਦਾ-ਟੱਪਦਾ ਗੇੜਾ ਮਾਰਦਾ ਰਹਿੰਦਾ ਤੇ ਚਾਹ-ਪਾਣੀ ਤੋਂ ਬਿਨਾਂ ਨਾ ਆਉਂਦਾ। ਜਿਸ ਸਕੂਲ ਤੋਂ ਉਹ ਪੜ੍ਹਿਆ ਸੀ, ਉਹਦੇ ਮੁਖੀ ਨਾਲ ਉਹਦਾ ਖਾਸ ਉਠਣ-ਬੈਠਣ ਸੀ। ਹਰੇਕ ਸੰਬੰਧਿਤ ਮਹਿਕਮੇ ਦੀ ਸੱਚੀ-ਝੂਠੀ ਖਬਰ ਲਾਉਣ ਲਈ ਉਹ ਮਹਿਕਮੇ ਤੋਂ ਕੋਈ ਨਾ ਕੋਈ ਚੀਜ਼ ਜਾਂ ਰੁਪਏ ਪੈਸੇ ਜ਼ਰੂਰ ਲੈਂਦਾ। ਮਹਿਕਮੇ ਵਾਲਿਆਂ ਨੇ ਕਿਹੜਾ ਆਪਣੀ ਜੇਬ 'ਚੋਂ ਦੇਣੇ ਹੁੰਦੇ, ਦਫ਼ਤਰ ਵੱਲੋਂ ਦਿਵਾ ਦਿੰਦੇ। ਸੰਸਥਾਵਾਂ ਲਈ ਇਹੋ ਬਹੁਤ ਸੀ ਕਿ ਉਨ੍ਹਾਂ ਦੀਆਂ ਖਬਰਾਂ ਲੱਗ ਰਹੀਆਂ ਸਨ ਤੇ ਇਲਾਕੇ ਵਿੱਚ ਉਨ੍ਹਾਂ ਦਾ ਨਾਂ ਬਣ ਰਿਹਾ ਸੀ। ਇਵੇਂ ਹੀ ਇੱਕ ਵਾਰ ਉਹਨੇ ਸਕੂਲ ਦੇ ਪ੍ਰਿੰਸੀਪਲ ਨੂੰ ਬੇਨਤੀ ਕੀਤੀ, "ਜਨਾਬ, ਐਤਕੀ ਮੈਨੂੰ ਬੂਟ ਲੈ ਦਿਓ! ਆਹ ਵੇਖੋ, ਤੁਹਾਡੇ ਕੋਲ ਗੇੜੇ ਮਾਰ-ਮਾਰ ਕੇ ਮੇਰੀਆਂ ਜੁੱਤੀਆਂ ਘਸ ਗਈਆਂ ਨੇ...!" ਪ੍ਰਿੰਸੀਪਲ ਨੇ ਕਲਰਕ ਨੂੰ ਅਵਾਜ਼ ਮਾਰੀ, "ਓ ਸੁਖਦੇਵ ਯਾਰ, ਜਾਹ ਅੱਜ ਇਹਦੇ ਜੁੱਤੀਆਂ ਪੁਆ ਹੀ ਲਿਆ।"--ਪ੍ਰੋ. ਨਵ ਸੰਗੀਤ ਸਿੰਘ

### 37 ਸਫ਼ੇ ਦੀ ਬਾਕੀ

ਪੰਜਾਬ ਇਹੋ ਜਿਹੀਆਂ ਵੱਡੀਆਂ ਤੇ ਗੰਭੀਰ ਸਥਿਤੀਆਂ ਨੂੰ ਮੁਗਲ ਰਾਜ ਵੇਲੇ ਵੀ ਹੰਢਾਉਂਦਾ ਰਿਹਾ ਹੈ, ਅੰਗਰੇਜ਼ ਰਾਜ ਵੇਲੇ ਵੀ। ਇਸੇ ਕਰਕੇ ਪੰਜਾਬ ਦੇ ਪੀੜਤ ਲੋਕ ਲਗਾਤਾਰ ਆਪਣੇ ਹੱਕਾਂ ਲਈ ਲੜਦੇ ਰਹੇ ਹਨ। ਸੰਘਰਸ਼ਾਂ ਤੋਂ ਸਿੱਖਦੇ ਰਹੇ ਹਨ। ਉਹ ਇਤਿਹਾਸ ਦੇ ਉਸ ਗੁਰ ਨੂੰ ਵੀ ਜਾਣਦੇ ਹਨ ਜੋ ਕਹਿੰਦਾ ਹੈ ਕਿ "ਆਜ਼ਾਦੀ ਅਤੇ ਵਿਕਾਸ ਯਕੀਨੀ ਬਨਾਉਣ ਲਈ ਸਮੇਂ-ਸਮੇਂ ਤੇ ਰਾਜ-ਭਾਗ 'ਚ ਤਬਦੀਲੀ ਜ਼ਰੂਰੀ ਹੈ।" ਪੰਜਾਬ ਨੇ ਇਸ ਸੱਚਾਈ ਨੂੰ ਪੱਲੇ ਬੰਨ੍ਹਿਆ ਹੋਇਆ ਹੈ।

ਫੋਕੇ ਨਾਹਰਿਆਂ, ਭਰਮ ਭੁਲੇਖਿਆਂ ਵਾਲੇ ਇਸ ਸਿਆਸੀ ਰੋਲੇ-ਘਚੋਲੇ 'ਚ ਭਾਰਤ ਦੀਆਂ ਚੋਣਾਂ ਉਤੇ ਦੁਨੀਆ ਦੀ ਨਜ਼ਰ ਹੈ। ਪੰਜਾਬ ਇਸ ਚੋਣ 'ਚ ਆਪਣੀਆਂ ਕਦਰਾਂ-ਕੀਮਤਾਂ ਅਨੁਸਾਰ ਨਿਵੇਕਲੀ ਇਬਾਰਤ ਲਿਖੇਗਾ, ਇਹੋ ਹੀ ਪੰਜਾਬ ਤੋਂ ਆਸ ਹੈ। ਉਮੀਦ ਹੈ।

ਅੰਤਿਕਾ

ਪੰਜਾਬ ਦੀਆਂ 13 ਸੀਟਾਂ 'ਆਪ' ਵਾਲੇ ਵੀ ਇਕੱਲਿਆਂ ਲੜਨਗੇ ਅਤੇ ਕਾਂਗਰਸ ਵਾਲੇ ਵੀ ਭਾਵੇਂ ਕਿ ਦੋਵੇਂ ਮੋਦੀ ਦੀ ਭਾਜਪਾ ਵਿਰੁੱਧ ਇੰਡੀਆ ਗੱਠਜੋੜ ਦੇ ਮੈਂਬਰ ਹਨ। ਸ਼ਾਇਦ ਖੱਬੀਆਂ ਧਿਰਾਂ ਕਾਂਗਰਸ ਦਾ ਸਾਥ ਦੇਣ। ਬਸਪਾ ਇਕੱਲਿਆਂ ਚੋਣ ਲੜੇਗੀ।

ਸ਼੍ਰੋਮਣੀ ਅਕਾਲੀ ਦਲ (ਬ) ਅਤੇ ਭਾਜਪਾ ਵੀ ਇਕੱਲਿਆਂ ਲੜਨ ਲਈ ਬਿਆਨ ਦੇ ਰਹੀ ਹੈ, ਭਾਵੇਂ ਕਿ ਸੰਭਾਵਨਾ ਇਹਨਾ 'ਚ ਆਪਣੀ ਗੱਠਜੋੜ ਦੀ ਹੈ, ਜਿਸ ਵਿੱਚ ਮੌਜੂਦਾ ਕਿਸਾਨ ਅੰਦੋਲਨ ਅੜਿੱਕਾ ਬਣਿਆ ਹੈ।

ਜੋੜ-ਤੋੜ, ਆਇਆ ਰਾਮ, ਗਿਆ ਰਾਮ ਦੀ ਰਾਜਨੀਤੀ, ਪੰਜਾਬ 'ਚ ਹਾਕਮ ਧਿਰ ਨੇ ਜਲੰਧਰ ਪਾਰਲੀਮੈਂਟ ਜਿਮਨੀ ਚੋਣ ਵੇਲੇ ਸੁਸ਼ੀਲ ਰਿੰਕੂ ਨੂੰ ਕਾਂਗਰਸ ਵਿਚੋਂ ਆਪਣੇ ਪਾਸਿਓਂ ਚੋਣ ਲੜਾਕੇ ਤੇ ਹਰ ਸਰਕਾਰੀ ਹੀਲਾ-ਵਸੀਲਾ ਵਰਤਕੇ ਜਿੱਤਕੇ, ਕੀਤੀ ਸੀ ਲੋਕ ਸਭਾ ਚੋਣਾਂ ਦੀ ਮੁਹਿੰਮ 'ਆਪ' ਨੇ ਕਾਂਗਰਸ ਦੇ ਅਸੰਬਲੀ 'ਚ ਉਸ ਨੇਤਾ, ਰਾਜਕੁਮਾਰ ਚੱਬੇਵਾਲ ਜਿਹੜਾ ਕੁਝ ਦਿਨ ਪਹਿਲਾਂ ਹੋਏ ਅਸੰਬਲੀ ਇਜਲਾਸ ਵੇਲੇ ਗਲ 'ਚ ਸੰਗਲ ਪਾਕੇ 'ਆਪ' ਦਾ ਜਲੂਸ ਕੱਢ ਰਿਹਾ ਸੀ, ਨੂੰ ਆਪਣੇ ਵਲੋਂ ਹੁਸ਼ਿਆਰਪੁਰ ਤੋਂ ਆਪਣਾ ਉਮੀਦਵਾਰ, ਆਇਆ ਰਾਮ, ਗਿਆ ਰਾਮ ਸਹਾਰਾ ਲੈ ਕੇ 13-0 ਜਿੱਤ ਲਈ, ਸ਼ੁਰੂ ਕੀਤੀ ਹੈ।

ਇਹੋ ਕੰਮ ਭਾਜਪਾ ਨੇ ਪੰਜਾਬ 'ਚ ਕਾਂਗਰਸੀਆਂ ਨੂੰ ਉਧਰੋਂ ਪੁੱਟ ਕੇ ਕੀਤਾ ਸੀ ਤੇ ਆਪ ਵਾਲਿਆਂ ਅਸੰਬਲੀ ਚੋਣਾਂ ਵੇਲੇ ਵੀ ਇਹੋ ਜਿਹਾ ਕੁਝ ਕੀਤਾ ਸੀ।

ਇਹੋ ਜਿਹੇ ਹਾਲਾਤਾਂ ਦੇ ਮੱਦੇਨਜ਼ਰ, ਜਦੋਂ ਸਿਆਸਤਦਾਨਾਂ ਦਾ ਕੋਈ ਦੀਨ ਧਰਮ ਹੀ ਨਹੀਂ ਰਿਹਾ, ਉਹਨਾ ਦੀ ਬੋਲੀ ਲੱਗ ਰਹੀ ਹੈ। ਪੰਜਾਬ ਮੁੜ ਫਿਰ ਆਪਣਾ ਵੱਖਰਾ ਰਾਹ ਅਖਤਿਆਰ ਕਰੇਗਾ ਅਤੇ ਉਹਨਾ ਸਿਆਸਤਦਾਨਾਂ, ਸਿਆਸੀ ਪਾਰਟੀਆਂ ਨੂੰ ਖੂੰਡੇ ਲਾਏਗਾ, ਜਿਹਨਾ ਲਈ ਅਸੂਲ, ਆਦਰਸ਼ ਤੇ ਲੋਕ ਹਿੱਤ ਕੁਝ ਵੀ ਮਾਇਨੇ ਨਹੀਂ ਰੱਖਦੇ। ਜਿਹਨਾ ਲਈ ਸਿਰਫ਼ ਜਿੱਤ ਹੀ ਅਹਿਮ ਹੈ।

*******

# ਪਿੱਛਲੇ ਕਈ ਦਹਾਕਿਆਂ ਤੋਂ ਲਗਾਤਾਰ ਪੰਜਾਬ ਛੱਡ ਕੇ ਵਿਦੇਸ਼ਾਂ ਵਿੱਚ ਜਾ ਕੇ ਵੱਸ ਰਹੇ ਪੰਜਾਬੀ

## ਪਿੰਡਾਂ ਵਿੱਚ ਬੰਦ ਘਰਾਂ ਦੀ ਵੱਧ ਰਹੀ ਗਿਣਤੀ,

ਪੁਰੇਵਾਲ ਸ਼ੰਕਰ– ਮੌਜੂਦਾ ਸਮੇਂ ਜੇ ਪੰਜਾਬ ਦੀ ਗੱਲ ਖਾਸ ਕਰਕੇ ਪਿੰਡਾਂ ਦੀ ਗੱਲ ਕਰੀਏ ਤਾਂ ਇੰਜ਼ ਲੱਗ ਰਿਹਾ ਹੈ ਕਿ ਬੰਦ ਖੜੇ ਦਰਵਾਜ਼ੇ ਕਈ ਦਹਾਕਿਆਂ ਤੋਂ ਉਹਨਾ ਨੂੰ ਖੋਲਣ ਵਾਲਿਆ ਦੀ ਉਡੀਕ ਕਰਦੇ ਕਰਦੇ ਬੁੱਢੇ ਹੋ ਗਏ ਹੋਣ ਪਰ ਖੋਲਣ ਵਾਲਾ ਕੋਈ ਨਹੀਂ ਪਰਤਿਆ ਤੇ ਪ੍ਰਦੇਸੀਆਂ ਦੇ ਮੁੜ ਪੰਜਾਬ ਵਿੱਚ ਵੱਸਣ ਦੀ ਗੱਲ ਤਾਂ ਸਿਰਫ ਜਾਗਦੀਆਂ ਅੱਖਾਂ ਨਾਲ ਦੇਖਿਆ ਸੁਪਨਾ ਹੀ ਲੱਗ ਰਹੀ ਹੈ।ਬਹੁਤ ਸਾਰੇ ਬਜ਼ੁਰਗ ਜੋ ਪ੍ਰਦੇਸੋਂ ਅਪਣੇ ਪਿੰਡ ਗੇੜ੍ਹਾ ਮਾਰਨ ਆਏ ਹੰਝੂ ਭਰੀਆਂ ਅੱਖਾਂ ਨਾਲ ਇਹ ਕਹਿੰਦੇ ਵੀ ਸੁਣੇ ਕਿ ਬਜ਼ੁਰਗਾਂ ਦੀਆਂ ਵਿਰਾਸਤੀ ਜਾਇਦਾਦਾਂ ਵੀ ਸੰਭਾਲ਼ ਨਾ ਸਕੇ ਵਿਦੇਸ਼ਾਂ ਵਿੱਚ ਕੁੱਝ ਖੱਟਣ ਗਏ ਸੀ ਪਰ ਪੈਸਾ ਤਾਂ ਜ਼ਰੂਰ ਖੱਟ ਲਿਆ ਆਪਣਾ ਪੰਜਾਬ ਵੀ ਸੁੰਨਾ ਕਰ ਲਿਆ ਤੇ ਰਿਸ਼ਤੇ ਵੀ ਗਵਾ ਲਏ ।ਜੇ ਥੋੜੀ ਪਿੱਛੇ ਝਾਤ ਮਾਰੀਏ ਤਾ ਇਹ ਪਤਾ ਲੱਗਦਾ ਹੈ ਕਿ ਰੋਜ਼ੀ ਰੋਟੀ ਖਾਤਰ ਪੰਜਾਬ ਤੋਂ ਵਿਦੇਸ਼ਾਂ ਨੂੰ ਜਾਣ ਦਾ ਸਿਲਸਿਲਾ ਤਕਰੀਬਨ 70 ਸਾਲ ਪਹਿਲਾਂ ਸ਼ੁਰੂ ਹੋ ਗਿਆ ਸੀ।ਕਿਹਾ ਜਾਂਦਾ ਹੈ ਕਿ ਵਿਦੇਸ਼ਾਂ ਵਿੱਚ ਜਾਣ ਦਾ ਸਿਲਸਿਲਾ ਸਭ ਤੋਂ ਪਹਿਲਾਂ ਜਲੰਧਰ ਜ਼ਿਲ੍ਹੇ ਦੇ ਮੰਜ਼ਕੀ ਦੇ ਪਿੰਡਾਂ ਤੋਂ ਸ਼ੁਰੂ ਹੋਇਆ ਸੀ ਤੇ ਹੋਲੀ ਫਿਰ ਦੁਆਬੇ ਦੇ ਲੋਕ ਵਿਦੇਸ਼ਾਂ ਵਿੱਚ ਗਏ ਤੇ ਉਸ ਤੋਂ ਬਾਅਦ ਪੂਰੇ ਪੰਜਾਬ ਭਰ ਵਿੱਚ ਵਿਦੇਸ਼ਾਂ ਨੂੰ ਜਾਣ ਦਾ ਸਿਲਿਸਿਲਾ ਅੱਜ ਤੱਕ ਨਿਰੰਤਰ ਚੱਲ ਰਿਹਾ ਹੈ।ਪੁਰਾਣੇ ਸਮੇਂ ਵਿੱਚ ਵਿਦੇਸ਼ਾ ਨੂੰ ਗਏ ਬਜ਼ੁਰਗਾ ਨੇ ਸ਼ਾਇਦ ਕਦੇ ਸੋਚਿਆ ਵੀ ਨਹੀ ਹੋਵੇਗਾ ਕਿ ਪੰਜਾਬ ਵਿੱਚ ਜਿਹਨਾ ਘਰਾਂ ਵਿੱਚ ਉਹਨਾ ਨੇ ਜਨਮ ਲਿਆ ਤੇ ਬਚਪਨ ਗੁਜ਼ਾਰਿਆ ਦਾਦੀ ਮਾਂ ਦੀਆਂ ਲੋਰੀਆਂ ਸੁਣੀਆਂ ਦਾਦਾ ਜੀ ਦੀ ਉਂਗਲੀ ਫੜਕੇ ਤੁਰਨਾ ਸਿੱਖਿਆ ਤੇ ਬੇਬੇ ਦੀ ਗੋਦੀ ਵਿੱਚ ਬੈਠ ਕਿ ਤੇ ਬਾਪੂ ਦੇ ਮੋਡਿਆ ਤੇ ਚੜ੍ਹ ਕੇ ਬਚਪਨ ਤੋਂ ਜਵਾਨੀ ਵਿੱਚ ਪੈਰ ਧਰਿਆ ਉਹ ਘਰ ਉਹ ਗਲੀਆਂ ਤੇ ਉਹ ਪਿੰਡ ਇਸ ਤਰਾਂ ਸੁੰਨੇ ਹੋ ਜਾਣਗੇ ਤੇ ਘਰ ਖੰਡਰ ਬਣ ਜਾਣਗੇ।ਘਰੋਂ ਨਿਕਲ ਕੇ ਰੋਜ਼ੀ ਰੋਟੀ ਦੀ ਤਲਾਸ਼ ਕਰਨੀ ਇਹ ਤੀ ਸਦੀਆਂ ਪੁਰਾਣਾ ਦਸਤੂਰ ਹੈ ਤੇ ਇਸ ਦੀ ਮਸਾਲ ਤਾਂ ਸਾਨੂੰ ਪੰਛੀਆਂ ਤੋਂ ਵੀ ਮਿੱਲਦੀ ਹੈ ਕਿ ਕਿਵੇ ਪੰਛੀ ਆਲਣਿਆਂ ਵਿੱਚੋ ਨਿਕਲ ਕੇ ਅਪਣੀ ਰਿੰਜ਼ਕ ਦੀ ਭਾਲ ਲਈ ਜਾਂਦੇ ਹਨ ਤੇ ਸ਼ਾਮ ਢਲੀ ਨੂੰ ਵਾਪਸ ਆਲਣਿਆਂ ਵਿੱਚ ਪਰਤ ਆਉਦੇ ਹਨ। ਪੰਜਬ ਤੋਂ ਵਿਦੇਸ਼ਾ ਨੂੰ ਗਏ ਲੋਕ ਓਥੇ ਦੇ ਹੀ ਹੋ ਜਾਣਗੇ ਇਹ ਤਾਂ ਸ਼ਾਈਦ ਪੁਰਣੇ ਵੇਲੇ ਵਿਦੇਸ਼ਾ ਨੂੰ ਗਏ ਵੱਡਵਡਿਰਿਆਂ ਨੇ ਵੀ ਨਹੀ ਸੋਚਿਆ ਹੋਵੇਗਾ।1955-60 ਤੋਂ ਲੋਕ ਵਿਦੇਸ਼ ਨੂੰ ਜਾਣਾ ਸ਼ੁਰੂ ਹੋਏ ਤੇ ਇਹ ਰਫਤਾਰ ਦਿਨੋ ਦਿਨੋ ਏਨੀ ਤੇਜ ਹੋਈ ਕਿ ਪੰਜਬ ਤੋਂ ਪਰਿਵਾਰਾਂ ਦੇ ਪਰਿਵਾਰ ਵਿਦੇਸ਼ਾ ਵਿੱਚ ਜਾ ਵਸੇ ਤੇ ਪੰਜਬ ਦੇ ਪਿੰਡਾਂ ਵਿੱਚ ਵੱਸਦੇ ਘਰਾਂ ਵਿੱਚ ਬੰਦ ਘਰਾਂ ਦੀ ਗਿੱਣਤੀ ਵਧ ਗਈ।ਬਹੁ ਗਿੱਣਤੀ ਇਹੋ ਜਹੇ ਘਰ ਹਨ ਜ਼ਿਹਨਾਂ ਦੇ ਦਰਵਾਜ਼ਿਆਂ ਨਾਲ ਜਿੰਦਰੇ ਲੱਗੇ ਹਨ ਪਰ ਉਹਨਾ ਦੀਆਂ ਛੱਤਾਂ ਤੇ ਘਾਹ ਉੱਗਿਆ ਹੈ ਤੇ ਛੱਤਾ ਢਹਿ ਗਈਆਂ ਹਨ। ਇੱਥੇ ਇਹ ਜ਼ਿਕਰ ਕਰਨਾ ਵੀ ਬਣਦਾ ਹੈ ਕਿ 90 ਦੇ ਦਹਾਕੇ ਵਿੱਚ ਬਹੁਤ ਸਾਰੇ ਐੱਨਆਰਆਈ ਲੋਕਾਂ




ਨੇ ਪੰਜਾਬ ਵਿੱਚ ਨਵੀਆਂ ਮਹਿਲ ਨੁਮਾ ਕੋਠੀਆਂ ਵੀ ਬਣਾਉਣੀਆਂ ਸ਼ੁਰੂ ਕੀਤੀਆਂ ਜਿਸ ਤੋਂ ਆਸ ਜਾਗੀ ਕਿ ਸ਼ਾਇਦ ਪੰਜਬ ਦੇ ਪਿੰਡਾਂ ਦੀਆਂ ਗਲੀਆਂ ਤੇ ਸੱਥਾਂ ਦੀਆਂ ਰੌਣਕਾਂ ਫਿਰ ਪਰਤਣ ਲੱਗੀਆਂ ਹਨ ਪਰ ਵਧੇਰੇ ਕਰਕੇ ਉਹਨਾ ਕੋਠੀਆਂ ਦੀ ਕਹਾਣੀ ਵੀ ਪੁਰਾਣੇ ਘਰਾਂ ਵਾਲੀ ਹੀ ਰਹੀ ਕਿਉਂਕਿ ਬਹੁ ਗਿੱਣਤੀ ਕੋਠੀਆਂ ਵੀ ਬੰਦ ਹੀ ਪਈਆਂ ਨੇ।ਬਹੁਤ ਸਾਰੇ ਪਿੰਡਾਂ ਵਿੱਚ ਤਾਂ ਇਹ ਵੀ ਦੇਖਿਆ ਗਿਆ ਕਿ ਅਪਣੇ ਧੀਆਂ ਪੁੱਤਰਾਂ ਨੂੰ ਉਡੀਕਦੇ -2 ਮਾਂ ਬਾਪ ਬੁੱਢੇ ਹੋ ਗਏ ਤੇ ਕਈ ਦੁਨੀਆਂ ਤੋਂ ਵੀ ਚਲੇ ਗਏ ਪਰ ਉਹਨਾ ਘਰਾਂ ਨੂੰ ਖੋਲਣ ਵਾਲਾ ਕੋਈ ਨਹੀਂ ਪਰਤਿਆ।ਮੌਜੂਦਾ ਸਮੇਂ ਭਾਵੇ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਦੇ ਦਿਲ ਪੰਜਾਬ ਦੀ ਬਿਹਤਰੀ ਲਈ ਧੜਕਦੇ ਹਨ ਤੇ ਉਹ ਹਰ ਦੁੱਖ ਸੁੱਖ ਵਿੱਚ ਪੰਜਬ ਵਿੱਚ ਰਹਿੰਦੇ ਲੋਕਾਂ ਦੀ ਹਰ ਸੰਭਵ ਮੱਦਦ ਕਰਨ ਲਈ ਹਰ ਸਮੇਂ ਤਿਆਰ ਰਹਿੰਦੇ ਨੇ ਤੇ ਪੰਜਬ ਵਿੱਚ ਹੋਣ ਵਾਲੇ ਵਿਰਾਸਤਾਂ ਤੇ ਖੇਡ ਮੇਲਿਆਂ ਵਿੱਚ ਪੂਰਾ ਯੋਗਦਾਨ ਪਾਉਂਦੇ ਹਨ ਤੇ ਨਵੀਂ ਪੀੜੀ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਕਈ ਉਪਰਾਲੇ ਕਰਦੇ ਹਨ।ਫਿਰ ਵੀ ਪੰਜਬ ਦੀ ਦਰਦ ਕਹਾਣੀ ਜਿਉ ਦੀ ਤਿਉਂ ਹੈ ਪਹਿਲਾਂ ਲੋਕ ਰੁਜ਼ਗਾਰ ਦੇ ਨਾਮ ਤੇ ਵਿਦੇਸ਼ਾ ਨੂੰ ਗਏ ਤੇ ਓਥੇ ਦੇ ਹੋ ਗਏ ਤੇ ਅੱਜ ਨੋਜ਼ਵਾਨ ਪੀੜ੍ਹੀ ਸਿੱਖਿਆ ਦੇ ਨਾਮ ਤੇ ਧੜਾਧੜ ਵਿਦੇਸ਼ਾ ਨੂੰ ਜਾ ਰਹੀ ਹੈ ਤੇ ਓਥੇ ਦੀ ਹੀ ਹੋ ਰਹੀ ਹੈ।ਇੱਥੇ ਇਹ ਗੱਲ ਵੀ ਕਰਨੀ ਬਣਦੀ ਹੈ ਕਿ ਪੰਜਾਬ ਨੂੰ ਪਿਆਰ ਕਰਨ ਦੀ ਗੱਲ ਜਾਂ ਪੰਜਾਬ ਦੀ ਚੜ੍ਹਦੀ ਕਲਾ ਦੀ ਗੱਲ ਤਾਂ ਹਰ ਪੰਜਾਬੀ ਕਰਦਾ ਪਰ ਬਹੁਤ ਗਿੱਣਤੀ ਪੰਜਾਬੀ ਲੋਕ ਵਿਦੇਸ਼ਾ ਵਿੱਚ ਹੀ ਜਾਣਾ ਚਾਹੁੰਦੇ।ਇਹ ਗੱਲ ਤਾਂ ਸਮਝ ਆਉਂਦੀ ਹੈ ਕਿ ਬੇਰੁਜ਼ਗਾਰ ਰੁਜ਼ਗਾਰ ਦੀ ਭਾਲ ਲਈ ਵਿਦੇਸ਼ਾ ਦਾ ਰੁੱਖ ਕਰ ਸਕਦੇ ਹਨ ਪਰ ਕਰੋੜਾਂ ਦੀਆਂ ਜ਼ਮੀਨਾਂ ਦੇ ਮਾਲਕ ਤੇ ਉੱਚ ਅਹੁਦਿਆਂ ਤੇ ਬੈਠੇ ਵੀ ਬਹੁਤ ਲੋਕ ਪੰਜਾਬ ਨੂੰ ਛੱਡ ਗਏ।ਸਮੇਂ ਸਮੇਂ ਦੀਆਂ ਸਰਕਾਰਾਂ ਨੇ ਵੀ ਕੋਈ ਉਪਰਾਲਾ ਨਹੀਂ ਕੀਤਾ ਕਿ ਸਾਡੇ ਨੌਜ਼ਵਾਨ ਪੀੜੀ ਪੰਜਾਬ ਵਿੱਚ ਰਹਿ ਕਿ ਅਪਣੇ ਸੁਪਨੇ ਪੂਰੇ ਕਰ ਸਕੇ।

## ਪਾਠਕਾਂ ਦੇ ਪੱਤਰ

## ਕੀ ਅਸੀਂ ਧੀਆਂ ਭੈਣਾਂ ਨੂੰ ਬਰਾਬਰ ਜ਼ਮੀਨ ਦਾ ਹੱਕ ਦੇ ਸਕਦੇ ਹਾਂ ?

ਹੁਣ ਭਾਰਤ ਵਿੱਚ ਪਾਰਲੀਮਿੰਟ ਮੈਂਬਰਾਂ ਦੀ ਚੋਣ ਹੋਣ ਵਾਲੀ ਹੈ। ਭਾਵੇਂ ਯੂ ਕੇ, ਯੂ ਐਸ ਏ ਤੇ ਹੋਰ ਕਈ ਮੁਲਕਾਂ ਵਿੱਚ ਇਹ ਚੋਣ ਹੋ ਜਾ ਰਹੀ ਹੈ। ਹਰ ਮੁਲਕ ਚੋਣ ਵੇਲੇ ਆਪਣੀ ਪਾਰਟੀ ਵੱਲੋਂ ਵਾਅਦੇ ਕਰਦਾ ਹੈ ਕਿ ਆਉਂਦੇ ਪੰਜ ਸਾਲਾਂ ਵਿੱਚ ਉਹ ਜਨਤਾ ਲਈ ਕੀ ਕੁਝ ਕਰੇਗਾ । ਪਹਿਲਾਂ ਮਿਸਾਲ ਯੂ ਕੇ ਦੀ ਲੈ ਲਈ ਜਾਵੇ । ਉਨ੍ਹਾਂ ਨੈਸ਼ਨਲ ਇੰਸ਼ੋਰੈਂਸ ਘੱਟ ਕੀਤੀ ਹੈ। ਇਸ ਨਾਲ ਆਮ ਆਦਮੀ ਨੂੰ ਕਿੰਨਾ ਫਾਇਦਾ ਪਹੁੰਚ ਸਕਦਾ ਹੈ ਫਿਰ ਇਸ ਘਾਟੇ ਨੂੰ ਪੂਰਾ ਕਰਨ ਲਈ ਕਿਥੋਂ ਪੈਸਾ ਸਰਕਾਰੀ ਖਜ਼ਾਨੇ ਵਿੱਚ ਪਵੇਗਾ ਪੂਰਾ ਵੇਰਵਾ ਪਬਲਿਕ ਤੀਕਰ ਆ ਜਾਂਦਾ ਹੈ। ਹੋਰ ਵੀ ਕੋਈ ਵਾਧਾ ਘਾਟਾ ਕਰਨਾ ਹੈ ਤਾਂ ਦੱਸਿਆ ਜਾਂਦਾ ਹੈ ਇਸ ਨੂੰ ਪੂਰਾ ਕਿਥੋਂ ਕੀਤਾ ਜਾਵੇਗਾ । ਸਾਡੇ ਮੁਲਕ ਚਾਹੇ ਭਾਰਤ ਹੈ ਜਾਂ ਪਾਕਿਸਤਾਨ, ਬੰਗਲਾਦੇਸ਼ ਪਹਿਲਾਂ ਤਾਂ ਚੋਣਾਂ ਤੋਂ ਪਹਿਲਾਂ ਸੀਰਨੀ ਦੀ ਤਰ੍ਹਾਂ ਹਰ ਪਬਲਿਕ ਲਈ ਵੰਡਣ ਲੱਗ ਪੈਂਦੇ ਹਨ ਜਿਵੇਂ ਜਨਾਨੀਆਂ ਨੂੰ 1000 ਰੁਪਏ ਮਹੀਨਾ ਫਿਰ ਬਰਾਬਰ ਦਾ ਹੱਕ ਫਿਰ ਇੰਨੀਆਂ ਸੀਟਾਂ ਰਾਖਵੀਆਂ ਕਰਨੀਆਂ ਹਨ ਜੋ ਵੀ % ਹੈ ਸਭ ਕੁਝ ਰੇੜੀਆਂ ਜਾਂ ਸੀਰਨੀ ਵੰਡਣ ਬਰਾਬਰ ਹੁੰਦਾ ਹੈ। ਪਰ ਕੀ ਇਹ ਦੱਸਿਆ ਜਾਂਦਾ ਹੈ ਕਿ 1000 ਰੁਪਏ ਮਹਿਲਾ ਨੂੰ ਮਹੀਨਾ ਮਿਲੇਗਾ । ਇਸ ਦਾ ਭਾਰ ਕਿੰਨਾ ਸਰਕਾਰੀ ਖਜ਼ਾਨੇ ਵਿੱਚ ਪਵੇਗਾ ਇਸ ਦਾ ਹਿਸਾਬ ਕਿਤਾਬ ਦਾ ਲੇਖਾ ਜੋਖਾ ਕਿੰਨਾ ਹੈ ਕਿੰਨੇ ਕਰੋੜ ਰੁਪਏ ਖਰਚ ਆਉਣਗੇ । ਸਹੀ ਹਿਸਾਬ ਦਾ ਕੀ ਪਤਾ ਹੈ। ਫਿਰ ਇਹ ਜ਼ਰੂਰੀ ਹੈ ਕਿ ਇਹ ਪੈਸਾ ਕਿਥੋਂ ਆਵੇਗਾ ਕਿੰਨਾ ਆਵੇਗਾ ਅਗਰ ਘੱਟ ਵੱਧ ਹੋ ਜਾਂਦਾ ਹੈ ਤਾਂ ਪੈਸਾ ਕਿਥੋਂ ਲੈਣ ਦੇਣ ਹੋਵੇਗਾ। ਘੱਟ ਵੱਧ ਹੋ ਜਾਂਦਾ ਹੈ ਤਾਂ ਪੈਸਾ ਕਿਥੋਂ ਲੈਣ ਦੇਣ ਹੋਵੇਗਾ । ਗੱਲ ਕਰੀਏ ਔਰਤਾਂ ਦੇ ਬਰਾਬਰ ਦਾ ਹੱਕ । ਕੀ ਅਸੀਂ ਧੀਆਂ ਭੈਣਾਂ ਨੂੰ ਬਰਾਬਰ ਜ਼ਮੀਨ ਦਾ ਹੱਕ ਦੇ ਸਕਦੇ ਹਾਂ। ਪਿਤਾ ਦੀ ਕੋਠੀ ਜਾਂ ਦੁਕਾਨ, ਮਕਾਨ ਤੋਂ ਧੀ ਭੈਣ ਨੂੰ ਬਰਾਬਰ ਦਾ ਹੱਕ ਦੇਣ ਲਈ ਤਿਆਰ ਹਾਂ । ਕਦੇ ਨਹੀਂ ਵਸੀਅਤ ਵੇਲੇ ਪਹਿਲਾਂ ਹੀ ਲਿਖ ਦਿੱਤਾ ਜਾਂਦਾ ਹੈ ਕਿ ਇਸ ਦੇ ਵਿਆਹ ਤੇ ਲੋੜ ਤੋਂ ਵੱਧ ਦਿੱਤਾ ਗਿਆ ਹੈ ਸੋ ਇਸ ਦਾ ਪਿਤਾ ਦੀ ਜਾਇਦਾਦ ਤੇ ਕੋਈ ਹੱਕ ਨਹੀਂ ਭਾਵੇਂ ਧੀ ਦਾ ਵਿਆਹ ਪ੍ਰਦੇਸ



ਵਿੱਚ ਕੀਤਾ ਗਿਆ ਹੋਵੇ ਪਰਿਵਾਰ ਦਾ ਮੈਂਬਰ ਕੋਈ ਨਾ ਹੋਵੇ ਸਰੀਕੇ ਭਾਈਚਾਰੇ ਨੇ ਮਿਲ ਕੇ ਵਿਆਹ ਕੀਤਾ ਹੋਵੇ ਉਹ ਬਰਾਬਰ ਦਾ ਹਿੱਸਾ ਕਿਥੋਂ ਲਵੇ । ਕੀ ਕੋਈ ਕਰਦਾ ਹੈ ਬਰਾਬਰ ਦਾ ਧੀਆਂ ਭੈਣਾਂ ਦੇ ਹੱਕ ਦੀ ਗੱਲ ਸਿਰਫ਼ ਇਹ ਨਹੀਂ ਕਿਥੇ ਔਰਤਾਂ ਨੂੰ ਉਸ ਦੇ ਹੱਕ ਬਰਾਬਰ ਇਲੈਕਸ਼ਨ ਵਿੱਚ ਸੀਟਾਂ ਦਿੱਤੀਆਂ ਜਾਂਦੀਆਂ ਹਨ । ਕਿਹੜੀ ਪਾਰਟੀ ਭਾਰਤ ਵਿੱਚ ਹੈ ਤਾਂ ਦੱਸੋ ਸਿਰਫ਼ ਇਹ ਐਵੇ ਚੋਣਾਂ ਤੋਂ ਪਹਿਲੇ ਦੀਆਂ ਗੱਲ੍ਹਾਂ ਹਨ ਬਾਅਦ ਵਿੱਚ ਵੀ ਕੋਈ ਪਾਰਟੀ ਆਪਣੇ ਵਾਅਦੇ ਤੇ ਪੂਰੀਆਂ ਉਤਰ ਜਾਂਦੀਆਂ ਹਨ ਜਨਤਾ ਦੱਸੇ ।-ਕੇ ਐਸ ਜੋਗੀ

## ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com



ਨਰਿੰਦਰ

# ਆਲੀਸ਼ਾਨ ਵਿਆਹ ਕਰਨ ਲਈ 75 ਤੋਂ 80 ਫ਼ੀਸਦੀ ਲੋਕ ਕਰਜ਼ ਲੈਂਦੇ ਨੇ








ਇਨ੍ਹੀਂ ਦਿਨੀਂ ਪੂਰੀ ਦੁਨੀਆ ਵਿਚ ਮੁਕੇਸ਼ ਅੰਬਾਨੀ ਦੇ ਬੇਟੇ ਅਨੰਤ ਦੇ ਵਿਆਹ ਦੀ ਚਰਚਾ ਹੈ। ਹਾਲੇ ਵਿਆਹ ਨਹੀਂ ਹੋਇਆ, ਸਿਰਫ਼ ਵਿਆਹ ਤੋਂ ਪਹਿਲਾਂ ਹੋਣ ਵਾਲਾ ਪ੍ਰੀ-ਵੈਡਿੰਗ ਵਾਲੀਆਂ ਰਸਮਾਂ ਹੀ ਹੋਈਆਂ ਹਨ ਅਤੇ ਇਸ ਨਾਲ ਸੰਬੰਧਿਤ ਪ੍ਰੋਗਰਾਮਾਂ ਵਿਚ ਜੋ ਪੂਰੀ ਦੁਨੀਆ ਦੇ ਮੀਡੀਆ ਵਿਚ ਚਰਚਾ ਹੋਈ ਹੈ। ਗੱਲ ਅੰਬਾਨੀ ਪਰਿਵਾਰ ਦੇ ਵਿਆਹ ਦੀ ਹੀ ਨਹੀਂ ਦੇਸ਼ ਭਰ ਵਿਚ ਹੋਰ ਲੋਕਾਂ ਵਲੋਂ ਵੀ ਰਿਜ਼ਾਰਟਾਂ ਵਿਚ ਬੇਹੱਦ ਮਹਿੰਗੇ ਵਿਆਹ ਕੀਤੇ ਜਾਂਦੇ ਹਨ।


ਪਿਛਲੇ ਕਈ ਸਾਲਾਂ ਤੋਂ ਦੇਸ਼ ਦੇ ਕਈ ਸਮਾਜ ਸੁਧਾਰਕ ਇਹ ਕਹਿਣ ਲੱਗੇ ਹਨ ਕਿ ਰਿਜ਼ਾਰਟ ਵਿਚ ਹੁੰਦੇ ਵਿਆਹ ਨਵੇਂ ਜ਼ਮਾਨੇ ਦੀ ਬੁਰਾਈ ਹੈ। ਵਿਆਹ-ਸ਼ਾਦੀ 'ਤੇ ਬੁਲਾਏ ਗਏ ਲੋਕਾਂ ਵਲੋਂ ਹੁੰਦੇ ਖੁੱਲ੍ਹੇ ਖ਼ਰਚ ਵੱਲ ਦੇਖ ਕੇ ਦਰਮਿਆਨੇ ਤਬਕੇ ਦੇ ਲੋਕ ਵੀ ਰੀਸ ਕਰਨ ਲਗਦੇ ਹਨ। ਦੇਖੋ-ਦੇਖੀ ਅਜਿਹਾ ਕਰਦਿਆਂ ਉਹ ਕਰੇਜ਼ ਦੇ ਜਾਲ 'ਚ ਫਸ ਜਾਂਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਭਾਰਤ ਵਿਚ ਜ਼ਿਆਦਾ ਖ਼ਰਚ ਹਮੇਸ਼ਾ ਤੋਂ ਇਕ ਸਮਾਜਿਕ ਬੁਰਾਈ ਦੇ ਦਾਇਰੇ ਵਿਚ ਹੀ ਰਿਹਾ ਹੈ। ਆਜ਼ਾਦੀ ਤੋਂ ਬਾਅਦ ਜਦੋਂ ਭਾਰਤ ਵਿਚ ਇਸ ਕਦਰ ਗ਼ਰੀਬੀ ਸੀ ਕਿ 30 ਤੋਂ 40 ਫ਼ੀਸਦੀ ਤੱਕ ਲੋਕ ਰੋਜ਼ ਭਰ ਪੇਟ ਭੋਜਨ ਨਹੀਂ ਖਾ ਸਕਦੇ ਸਨ, ਉਦੋਂ ਉਨ੍ਹਾਂ ਦਿਨਾਂ ਵਿਚ ਸਿੱਖ ਧਾਰਮਿਕ ਆਗੂਆਂ ਅਤੇ ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਵਿਚ ਪ੍ਰਭਾਵਸ਼ਾਲੀ ਖਾਪ ਪੰਚਾਇਤਾਂ ਸਮਾਜ ਸੁਧਾਰ ਦੇ ਨਾਂਅ 'ਤੇ ਸਭ ਤੋਂ ਪਹਿਲਾਂ ਜਿਸ ਸਰਗਰਮੀ ਨੂੰ ਫ਼ਜ਼ੂਲਖਰਚੀ ਦੱਸਿਆ ਕਰਦੀਆਂ ਸਨ, ਉਹ ਕੁਝ ਹੋਰ ਨਹੀਂ ਇਹ ਵਿਆਹ ਹੀ ਹੋਇਆ ਕਰਦੇ ਸਨ। ਸਾਲ 1965 ਤੋਂ ਬਾਅਦ ਜਦੋਂ ਭਾਰਤ ਨੂੰ ਪਾਕਿਸਤਾਨ ਨਾਲ ਇਕ ਹੋਰ ਯੁੱਧ ਲੜਨਾ ਪਿਆ ਅਤੇ ਦੇਸ਼ ਵੱਡੇ ਪੱਧਰ 'ਤੇ ਅਨਾਜ ਸੰਕਟ ਦਾ ਸ਼ਿਕਾਰ ਸੀ, ਉਨ੍ਹੀਂ ਦਿਨੀਂ ਵਿਆਹਾਂ ਲਈ ਸਰਕਾਰ ਵਲੋਂ ਗਾਈਡ ਲਾਈਨ ਬਣਾਈ ਗਈ ਸੀ, ਜਿਸ ਅਨੁਸਾਰ ਕਿਸੇ ਵੀ ਵਿਆਹ ਵਿਚ 25 ਤੋਂ ਜ਼ਿਆਦਾ ਮਹਿਮਾਨ ਨਹੀਂ ਸ਼ਾਮਿਲ ਹੋ ਸਕਦੇ ਸਨ। ਬਾਅਦ ਵਿਚ ਜਿਵੇਂ-ਜਿਵੇਂ ਸਾਡੀ ਖੇਤੀ ਦੀ ਪੈਦਾਵਾਰ ਅਤੇ ਦੂਜੇ ਖੇਤਰਾਂ ਵਿਚ ਆਰਥਿਕ ਤਰੱਕੀ ਹੋਣ ਲੱਗੀ ਉਵੇਂ-ਉਵੇਂ ਹੀ ਇਹ ਸਮਾਜਿਕ ਨਿਯਮ ਟੁੱਟਣੇ ਸ਼ੁਰੂ ਹੋ ਗਏ।

ਭਾਰਤ ਵਿਚ ਵਿਆਹਾਂ ਦਾ ਸਾਲਾਨਾ ਬਾਜ਼ਾਰ ਕਰੀਬ 3 ਲੱਖ 80 ਹਜ਼ਾਰ ਕਰੋੜ ਰੁਪਏ ਦਾ ਹੈ। ਉਂਝ ਅਰਥਵਿਵਸਥਾ ਵਿਚ ਕੋਈ ਵੀ ਖ਼ਰਚ ਕਦੀ ਵੀ ਨੁਕਸਾਨਦਾਇਕ ਨਹੀਂ ਹੁੰਦਾ, ਉਸ ਨਾਲ ਕਈ ਲੋਕਾਂ ਨੂੰ ਆਰਥਿਕ ਫ਼ਾਇਦੇ ਵੀ ਹੁੰਦੇ ਹਨ ਅਤੇ ਸਮਾਜ ਵਿਚ ਆਰਥਿਕ ਸਰਗਰਮੀਆਂ ਵੀ ਵਧਦੀਆਂ ਹਨ। ਪਰ ਵਿਆਹਾਂ ਵਿਚ 30 ਫ਼ੀਸਦੀ ਤੋਂ ਜ਼ਿਆਦਾ ਖ਼ਰਚ ਖਾਣਪੀਣ 'ਤੇ ਹੁੰਦਾ ਹੈ ਅਤੇ ਇਸ ਖਾਣ-ਪੀਣ ਦੀ ਵਿਵਸਥਾ ਵਿਚ ਜਿੰਨਾ ਕੁਝ ਖਾਧਾ ਜਾਂਦਾ ਹੈ, ਉਸ ਤੋਂ ਜ਼ਿਆਦਾ ਬਰਬਾਦ ਵੀ ਹੁੰਦਾ ਹੈ। ਇਸ ਲਈ ਇਸ ਬਰਬਾਦੀ ਦਾ ਫ਼ਾਇਦਾ ਕਿਸੇ ਨੂੰ ਨਹੀਂ ਹੁੰਦਾ। ਇਸੇ ਤਰ੍ਹਾਂ ਵਿਆਹਾਂ ਵਿਚ 20 ਫ਼ੀਸਦੀ ਖ਼ਰਚ ਗਿਫ਼ਟ ਆਦਿ ਦਾ ਹੁੰਦਾ ਹੈ। ਇਹ ਖ਼ਰਚ ਵੀ ਅਰਥ ਵਿਵਸਥਾ ਵਿਚ ਢੇਰ ਸਾਰੇ ਮਿਲੇ ਗਿਫ਼ਟਾਂ 'ਤੇ ਹੁੰਦਾ ਹੈ ਜੋ ਅਕਸਰ ਡੰਪ ਹੋ ਜਾਂਦੇ ਹਨ, ਜਿਨ੍ਹਾਂ ਦੀ ਕੋਈ ਵਰਤੋਂ ਨਹੀਂ ਹੁੰਦੀ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਸ਼ਾਨੋ-ਸ਼ੌਕਤ ਨਾਲ ਭਰੇ ਵਿਆਹ ਦੇਖ ਕੇ ਦੂਜੇ ਲੋਕ ਵੀ ਇਸੇ ਰਾਹ 'ਤੇ ਚੱਲਣ ਨੂੰ ਮਜਬੂਰ ਹੋ ਜਾਂਦੇ ਹਨ। ਚਾਹੇ ਇਸ ਨੂੰ ਉਨ੍ਹਾਂ ਦੀ ਆਪਣੀ ਸਮਾਜਿਕ ਹੈਸੀਅਤ ਬਣਾਈ ਰੱਖਣ ਦੀ ਤਾਕਤ ਕਹੋ ਜਾਂ ਕੁਝ ਹੋਰ। ਪਰ ਸਚਾਈ ਇਹੀ ਹੈ ਕਿ ਐਸ਼ੋ-ਇਸ਼ਰਤ ਨਾਲ ਹੁੰਦੇ ਵਿਆਹ ਉਨ੍ਹਾਂ ਲੋਕਾਂ ਲਈ ਗਲੇ ਦਾ ਫੰਦਾ ਬਣ ਜਾਂਦੇ ਹਨ, ਜਿਨ੍ਹਾਂ ਕੋਲ ਪੈਸੇ ਤਾਂ ਨਹੀਂ ਹੁੰਦੇ ਪਰ ਇਨ੍ਹਾਂ ਨੂੰ ਦੇਖ ਕੇ ਖ਼ੁਦ ਵੀ ਇਸ ਤਰ੍ਹਾਂ ਕਰਨ ਦੀ ਸੋਚਦੇ ਹਨ।

ਭਾਰਤੀ ਫਿਲਮਾਂ ਵਿਚ ਹੋਣ ਵਾਲੇ ਆਲੀਸ਼ਾਨ ਵਿਆਹ ਇਸੇ ਭਾਰਤ, ਇਸ ਦੇਸ਼ ਦੇ ਮੱਧਵਰਗ 'ਤੇ ਜ਼ਬਰਦਸਤ ਦਬਾਅ ਅਤੇ ਤਣਾਅ ਵਧਾਉਂਦੇ ਹਨ, ਕਿਉਂਕਿ ਇਸ ਵਰਗ ਦੀ ਨਵੀਂ ਪੀੜ੍ਹੀ ਖ਼ੁਦ ਵੀ ਇਸ ਤਰ੍ਹਾਂ ਦੇ ਵਿਆਹ ਕਰਨਾ ਚਾਹੁੰਦੀ ਹੈ, ਜਿਸ ਦਾ ਬੋਝ ਮਾਂ-ਬਾਪ ਦੇ ਨਾਲ-ਨਾਲ ਉਨ੍ਹਾਂ ਨੂੰ ਵੀ ਲੰਮੇ ਸਮੇਂ ਤੱਕ ਉਠਾਉਣਾ ਪੈਂਦਾ ਹੈ। ਇਹ ਸਭ ਅਚਾਨਕ ਨਹੀਂ ਹੁੰਦਾ। ਭਾਰਤ ਵਿਚ ਲਏ ਜਾਣ ਵਾਲੇ ਸਭ ਤਰ੍ਹਾਂ ਦੇ ਕਰਜ਼ਿਆਂ ਵਿਚ 80 ਫ਼ੀਸਦੀ ਕਰਜ਼ ਇਕੱਲੇ ਵਿਆਹਾਂ ਲਈ ਲਏ ਜਾਂਦੇ ਹਨ। ਲੋਕ ਆਪਣੀ ਜ਼ਿੰਦਗੀ ਭਰ ਦੀ ਕਮਾਈ ਦਾ 20 ਫ਼ੀਸਦੀ ਤੋਂ ਵੀ ਜ਼ਿਆਦਾ ਹਿੱਸਾ ਇਨ੍ਹਾਂ ਵਿਆਹਾਂ 'ਤੇ ਖ਼ਰਚ ਕਰ ਦਿੰਦੇ ਹਨ। ਜਿਨ੍ਹਾਂ ਕੋਲ ਠੀਕ-ਠਾਕ ਪੈਸੇ ਹੁੰਦੇ ਹਨ, ਉਨ੍ਹਾਂ ਨੂੰ ਇਸ ਦਾ ਕਾਫ਼ੀ ਦਬਾਅ ਝੱਲਣਾ ਪੈਂਦਾ ਹੈ। ਭਾਰਤੀ ਵਿਆਹਾਂ ਦਾ ਸਭ ਤੋਂ ਜ਼ਿਆਦਾ ਅਸਰ ਸਿਰਫ਼ ਸ਼ਹਿਰਾਂ ਵਿਚ ਹੀ ਨਹੀਂ, ਪਿੰਡਾਂ 'ਤੇ ਵੀ ਪੈਂਦਾ ਹੈ। ਜਦੋਂ ਸ਼ਹਿਰਾਂ ਵਿਚ ਆਮ ਵਿਆਹ 4 ਤੋਂ 5 ਲੱਖ ਵਿਚ ਹੋ ਜਾਂਦੇ ਸਨ, ਉਦੋਂ ਪਿੰਡਾਂ ਵਿਚ ਇਸ ਤਰ੍ਹਾਂ ਦੇ ਵਿਆਹ 50 ਹਜ਼ਾਰ ਤੋਂ 1 ਲੱਖ ਰੁਪਏ ਦਰਮਿਆਨ ਹੋ ਜਾਂਦੇ ਸਨ। ਅੱਜ ਸ਼ਹਿਰੀ ਮੱਧਵਰਗ ਨੂੰ ਆਪਣੇ ਵਿਆਹਾਂ ਵਿਚ ਔਸਤਨ 20 ਲੱਖ ਰੁਪਏ ਖ਼ਰਚ ਕਰਨੇ ਪੈਂਦੇ ਹਨ ਜਿਸ ਕਾਰਨ ਪਿੰਡਾਂ ਵਿਚ ਹੋਣ ਵਾਲੇ ਵਿਆਹਾਂ ਦਾ ਖ਼ਰਚ ਵੀ ਔਸਤਨ 4 ਤੋਂ 7 ਲੱਖ ਤੱਕ ਹੋ ਗਿਆ ਹੈ। ਜੇਕਰ ਇਸ ਪੈਸੇ ਦੀ ਆਸਾਨੀ ਨਾਲ ਸਭ ਨੂੰ ਪ੍ਰਾਪਤੀ ਹੋ ਜਾਵੇ ਤਾਂ ਭਲਾ ਮਹਿੰਗੇ ਵਿਆਹ ਕਿਉਂ ਨੁਕਸਾਨਦਾਇਕ ਹੋਣ? ਪਰ ਹਕੀਕਤ ਇਹ ਹੈ ਕਿ ਸਭ ਜੱਦੋ-ਜਹਿਦ ਕਰਨ ਤੋਂ ਬਾਅਦ ਵੀ 75 ਤੋਂ 80 ਫ਼ੀਸਦੀ ਲੋਕ ਵਿਆਹਾਂ ਲਈ ਕਰਜ਼ ਲੈਂਦੇ ਹਨ, ਉਧਾਰ ਲੈਂਦੇ ਹਨ ਅਤੇ ਫਿਰ ਜ਼ਿੰਦਗੀ ਦਾ ਇਕ ਵੱਡਾ ਹਿੱਸਾ ਇਸ ਲਈ ਲਏ ਕਰਜ਼ੇ ਨੂੰ ਲਾਹੁਣ ਵਿਚ ਲਗਾ ਦਿੰਦੇ ਹਨ।

ਜਿਸ ਤਰ੍ਹਾਂ ਅੱਜਕਲ੍ਹ ਵਿਆਹਾਂ ਤੋਂ ਪਹਿਲਾਂ ਦੀਆਂ ਮਹਿਜ਼ ਕੁਝ ਰਸਮਾਂ ਵਿਚ ਲੱਖਾਂ ਰੁਪਏ ਪਾਣੀ ਦੀ ਤਰ੍ਹਾਂ ਵਹਾਏ ਜਾਂਦੇ ਹਨ, ਉਸ ਨੂੰ ਦੇਖ ਕੇ ਲਗਦਾ ਹੈ ਕਿ ਔਸਤ ਆਮਦਨ ਵਾਲੇ ਲੋਕਾਂ ਲਈ ਇਹ ਬੜਾ ਔਖਾ ਹੈ। ਚਾਹੀਦਾ ਤਾਂ ਇਹ ਹੈ ਕਿ ਭਾਵੇਂ ਤੁਸੀਂ ਆਪਣਾ ਹੀ ਪੈਸਾ ਖ਼ਰਚ ਕਰੋ, ਪਰ ਇਸ ਤਰ੍ਹਾਂ ਦਾ ਖ਼ਰਚ ਦੂਜਿਆਂ ਨੂੰ ਪ੍ਰਭਾਵਿਤ ਜ਼ਰੂਰ ਕਰਦਾ ਹੈ। ਇਸ ਲਈ ਨਿਸ਼ਚਿਤ ਰੂਪ ਨਾਲ ਵਿਆਹਾਂ 'ਤੇ ਖ਼ਰਚ ਕਰਨ ਦੇ ਸਮਾਜਿਕ ਅਤੇ ਸ਼ਾਸਕੀ ਦਿਸ਼ਾ ਨਿਰਦੇਸ਼ ਹੋਣੇ ਚਾਹੀਦੇ ਹਨ ਤਾਂ ਕਿ ਨਾ ਤਾਂ ਕਿਸੇ ਦੀ ਇੱਛਾ ਵਿਚ ਕੋਈ ਕਸਰ ਰਹਿ ਜਾਵੇ ਅਤੇ ਨਾ ਹੀ ਮਨਮਰਜ਼ੀ ਦਾ ਖ਼ਰਚ ਹੋਵੇ, ਇਸ ਲਈ ਜ਼ਰੂਰੀ ਹੈ ਕਿ ਇਸ ਤਰ੍ਹਾਂ ਦੇ ਵਿਆਹਾਂ ਦੇ ਸਮਾਗਮਾਂ 'ਤੇ ਖ਼ਰਚ ਸੰਬੰਧੀ ਕੋਈ ਢੁਕਵੀਂ ਪਹੁੰਚ ਬਣਾਈ ਜਾਵੇ ਤੇ ਗ਼ਰੀਬ ਲੋਕਾਂ ਨੂੰ ਵੀ ਵਿਆਹ 'ਤੇ ਖ਼ਰਚ ਕਰਨ ਲਈ ਅੱਡੀਆਂ ਚੁੱਕ ਕੇ ਫਾਹਾ ਨਾ ਲੈਣਾ।





# ਸ਼ਸਤ੍ਰਨਾਮਾ–ਹੋਲੀ ਵਾਲੀ ਰਾਤ ਨੂੰ ਹੋਏ ਸਿੱਖ ਕਤਲੇਆਮ ਦਾ ਖ਼ੂਨੀ ਕਲੰਕ

ਮਨਜੀਤ ਸਿੰਘ ( ਗਤਕਾ ਮਾਸਟਰ )




ਕਦੇ ਸਿੱਖ ਰਾਜ ਦਾ ਹਿੱਸਾ ਰਹੀ ਭਾਰਤ ਦਾ ਸਵਰਗ ਕਹੀ ਜਾਣ ਵਾਲੀ ਕਸ਼ਮੀਰ ਘਾਟੀ ਸੰਨ 1989 ਤੋਂ ਫ਼ੇਰ ਸੁਲਘ ਰਹੀ ਸੀ। ਕਸ਼ਮੀਰ ਦੀ ਧਰਤੀ ਜਿੱਥੇ ਸਿੱਖ ਰਾਜ ਦੌਰਾਨ ਮਹਾਨ ਸਿੱਖ ਜਰਨੈਲ ਹਰੀ ਸਿੰਘ ਨਲਵਾ ਦੇ ਘੋੜੇ ਦੀਆਂ ਪੈੜਾਂ ਗੂੰਜਦੀਆਂ ਸਨ, ਖ਼ਾਲਸਾਈ ਨਿਸ਼ਾਨ ਸਾਹਿਬ ਝੁੱਲਦੇ ਸਨ, ਫ਼ੌਜਾਂ ਦੇ ਜੈਕਾਰੇ ਗੂੰਜਦੇ ਸਨ, ਸਿੱਖ ਰਾਜ ਦਾ ਸਿੱਕਾ ਚਲਦਾ ਸੀ ਅਤੇ ਕਸ਼ਮੀਰੀ ਅਵਾਮ ਸ਼ਾਂਤਮਈ ਸੁਖੀ ਜੀਵਨ ਬਸਰ ਕਰ ਰਿਹਾ ਸੀ ਪਰ ਜਦੋਂ ਡੋਗਰੇ ਭਰਾਵਾਂ ਦੀ ਗਦਾਰੀ ਤੇ ਸਾਜਿਸ਼ਾਂ ਕਾਰਣ ਸਿੱਖ ਰਾਜ ਦਾ ਅੰਤ ਹੋਇਆ ਤਾਂ 16 ਮਾਰਚ 1846 ਨੂੰ ਅੰਗਰੇਜ਼ ਹਕੂਮਤ ਨੇ ਗ਼ੁਲਾਬ ਸਿੰਹੁ ਡੋਗਰੇ ਨੂੰ ਕਸ਼ਮੀਰ 68 ਲੱਖ ਰੁਪਏ ਵਿੱਚ ਵੇਚ ਦਿੱਤਾ ਗਿਆ, ਜਿਸ ਉਪਰੰਤ ਉੱਥੇ ਵੱਸਦੇ ਸਿੱਖਾਂ ਦੀਆਂ ਮੁਸ਼ਕਿਲਾਂ ਦਾ ਦੌਰ ਸ਼ੁਰੂ ਹੋ ਗਿਆ।

ਸੰਨ 1947 ਨੂੰ ਭਾਰਤ – ਪਾਕਿਸਤਾਨ ਵੰਡ ਦੌਰਾਨ ਹਮਲਾਵਰ ਬਣ ਕੇ ਆਏ ਹਥਿਆਰਬੰਦ ਕਬਾਇਲੀਆਂ ਨੇ ਕਸ਼ਮੀਰ ਘਾਟੀ ਅੰਦਰ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਕੌਮ ਦਾ ਕਤਲੇਆਮ ਕਰਕੇ ਪਿੰਡਾਂ ਦੇ ਪਿੰਡ ਖਾਲ੍ਹੀ ਕਰ ਦਿੱਤੇ ਪਰ ਸਿੱਖ ਕੌਮ ਤਾਂ ਵੀ ਸਿੱਖ ਰਾਜ ਦੀਆਂ ਯਾਦਾਂ ਹਿਰਦੇ ਵਿਚ ਸਮੋਈ ਇੱਥੇ ਵਸਦੀ ਰਹੀ। ਸੰਨ 1989 ਨੂੰ ਜਦੋਂ ਕਸ਼ਮੀਰ ਅੰਦਰ ਫ਼ੇਰ ਦਹਿਸ਼ਤ ਤੇ ਮੁਸੀਬਤਾਂ ਦਾ ਦੌਰ ਸ਼ੁਰੂ ਹੋਇਆ ਤਾਂ ਹਿੰਦੂ ਧਰਮ ਨਾਲ ਸਬੰਧ ਰੱਖਣ ਵਾਲੇ ਤੇ ਖਾਸ ਕਰਕੇ ਕਸ਼ਮੀਰੀ ਪੰਡਿਤਾਂ ਨੇ ਪਰਿਵਾਰਾਂ ਸਹਿਤ ਕਸ਼ਮੀਰ ਘਾਟੀ ਨੂੰ ਅਲਵਿਦਾ ਕਹਿ ਦਿੱਤਾ ਪਰ ਸਿੱਖ ਕੌਮ ਇਸ ਸਮੇਂ ਵੀ ਆਪਣੇ ਵਡੇਰਿਆਂ ਦੀਆਂ ਯਾਦਾਂ ਤੇ ਇਤਿਹਾਸ ਨੂੰ ਸੰਭਾਲਦੀ ਹੋਈ ਇੱਥੇ ਵੱਸਦੀ ਰਹੀ ਤੇ ਅੱਜ ਤੱਕ ਵਸ ਰਹੀ ਹੈ।

ਇਸ ਦੌਰ ਦੌਰਾਨ ਵੀ ਸਿੱਖ ਕੌਮ ਨਾਲ ਬਹੁਤ ਧੱਕੇਸ਼ਾਹੀਆ ਤੇ ਬੇਇਨਸਾਫੀਆਂ ਹੋਈਆਂ, 3 ਫ਼ਰਵਰੀ 2001 ਨੂੰ ਗੁਰੂਦਵਾਰਾ ਸਿੰਘ ਸਭਾ, ਮਹਿਜ਼ੂਰ ਨਗਰ, ਸ੍ਰੀਨਗਰ ਦੇ ਬਾਹਰ ਗੋਲੀਆਂ ਨਾਲ ਮਾਰੇ ਗਏ 7 (ਸਤ) ਗੁਰਸਿੱਖਾਂ ਸਹਿਤ ਕਸ਼ਮੀਰ ਘਾਟੀ ਅੰਦਰ ਕਈ ਗੁਰਸਿੱਖ ਸਮੇਂ – ਸਮੇਂ ਸਿਰ ਫ਼ਿਰਕੂ ਅੱਤਵਾਦ ਦੀ ਭੇਟ ਚੜ੍ਹੇ ਪਰ ਸੰਨ 2000 ਵਾਲੀ ਹੋਲੀ ਦੀ ਰਾਤ ਕਸ਼ਮੀਰ ਘਾਟੀ ਅੰਦਰ ਇਕ ਵਾਰ ਫ਼ੇਰ 35 (ਪੈਂਤੀ) ਗੁਰਸਿੱਖਾਂ ਦਾ ਸਮੂਹਿਕ ਕਤਲੇਆਮ ਕੀਤਾ ਗਿਆ।

ਭਾਰਤ ਦੇ ਮੱਥੇ ਉਪਰ ਇਕ ਘਿਨਾਉਣਾ ਕਲੰਕ ਤੇ ਸ਼ਰਮਨਾਕ ਇਹ ਕਾਰਾ ਹੋਲੀ ਦੀ ਰਾਤ 20 ਮਾਰਚ 2000 ਸੋਮਵਾਰ ਦੀ ਰਾਤ 7 ਵੱਜ ਕੇ 50 ਮਿੰਟ ਨੂੰ ਕਸ਼ਮੀਰ ਦੇ ਜ਼ਿਲ੍ਹਾ ਅਨੰਤਨਾਗ ਦੇ ਪਿੰਡ ਚਿੱਠਿਸਿੰਘਪੁਰਾ ਵਿੱਖੇ ਉਦੋਂ ਵਾਪਰਿਆ ਜਦੋਂ ਘਟ – ਗਿਣਤੀ ਤੇ ਅਮਨ ਪਸੰਦ 35 ਗੁਰਸਿੱਖਾਂ ਨੂੰ ਅਣਪਛਾਤੇ ਦਹਿਸ਼ਤਗਰਦਾਂ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ।

ਉਸ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਗ੍ਰਹਿ ਮੰਤਰੀ ਸਨ ਅਤੇ ਕਸ਼ਮੀਰ ਵਿਚ ਡਾਕਟਰ ਫ਼ਾਰੂਖ਼ ਅਬਦੁਲਾ ਮੁੱਖ ਮੰਤਰੀ ਸਨ।

ਇਸ ਕਤਲੇਆਮ ਦੌਰਾਨ ਸਖ਼ਤ ਜ਼ਖ਼ਮੀ ਹਾਲਤ ਵਿਚ ਜਿਉਂਦਾ ਬਚ ਗਏ ਇਕੋ ਗੁਰਸਿੱਖ ਭਾਈ ਨਾਨਕ ਸਿੰਘ ਜੀ ਮੁਤਾਬਿਕ ਓਸ ਦਿਨ ਸਾਮ ਨੂੰ ਉਹ ਬਾਕੀ ਗੁਰਸਿੱਖਾਂ ਸਹਿਤ ਸੋਦਰ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਘਰਾਂ ਨੂੰ ਪਹੁੰਚੇ ਹੀ ਸਨ ਕਿ ਫ਼ੌਜ ਦੀ ਵਰਦੀ ਵਿੱਚ ਕਮਾਂਡਿੰਗ ਅਫ਼ਸਰ ਦੀ ਅਗਵਾਈ ਹੇਠ ਹਥਿਆਰਬੰਦ ਕਾਤਲਾਂ ਨੇ ਸਾਰੇ ਗੁਰਸਿੱਖਾਂ ਨੂੰ ਸਨਾਖ਼ਤੀ ਪਰੇਡ ਦੇ ਬਹਾਨੇ ਘਰਾਂ ਤੋਂ ਬਾਹਰ ਗੁਰੂਘਰਾਂ ਵਿੱਖੇ ਇੱਕਠੇ ਹੋਣ ਲਈ ਕਿਹਾ ਤੇ ਪਿੰਡ ਦੇ ਦੋ ਗੁਰੂਘਰਾਂ ਦੇ ਬਾਹਰ ਲਾਈਨਾਂ ਵਿੱਚ ਖੜ੍ਹੇ ਕਰਕੇ ਸਨਾਖ਼ਤੀ ਕਾਰਡ ਦੇਖਣ ਦਾ ਡਰਾਮਾ ਸ਼ੁਰੂ ਕਰ ਦਿੱਤਾ।

ਇਸ ਦੌਰਾਨ ਉਸ ਕਮਾਂਡਿੰਗ ਅਫ਼ਸਰ ਦਿਖਣ ਵਾਲੇ ਨੇ ਹਵਾ ਵਿੱਚ ਇੱਕ ਫ਼ਾਇਰ ਕੀਤਾ ਤਾਂ ਦੋਨੋਂ ਗੁਰੂਘਰਾਂ ਦੇ ਬਾਹਰ ਖੜ੍ਹੇ ਕੀਤੇ ਗਏ ਗੁਰਸਿੱਖਾਂ ਉਪਰ ਵਰਦੀਧਾਰੀ ਦੁਸਟਾਂ ਨੇ ਅੰਨੇਵਾਹ ਫਾਇਰਿੰਗ ਸ਼ੁਰੂ ਕਰਦਿਆਂ ਜੈ ਮਾਤਾ ਦੀ ਤੇ ਜੈ ਹਿੰਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ।

ਜਿਸ ਨਾਲ ਗੁਰੂਦਵਾਰਾ ਸਿੰਘ ਸਭਾ ਸਮੁੰਦਰੀ ਹਾਲ ਦੇ ਬਾਹਰ 17 (ਸਤਾਰਾਂ) ਅਤੇ ਗੁਰੂਦਵਾਰਾ ਸਿੰਘ ਸਭਾ ਸ਼ਹੀਦ ਨਿਵਾਸ, ਸੌਕੀਨ ਮੁਹੱਲਾ ਦੇ ਬਾਹਰ 18 (ਅਠਾਰਾਂ) ਭਾਵ ਕੁਲ 35 (ਪੈਂਤੀ) ਗੁਰਸਿੱਖ ਸ਼ਹੀਦ ਹੋ ਗਏ।

ਇਸ ਤੋਂ ਬਾਅਦ ਵਰਦੀਧਾਰੀ ਇਹ ਕਤਲੇਆਮ ਕਰਕੇ ਪਿੰਡ ਤੋਂ ਤੁਰੰਤ ਵਾਪਿਸ ਚਲੇ ਗਏ ਤਾਂ ਗੋਲੀਆਂ ਦੀ ਆਵਾਜ਼ ਸੁਣ ਕੇ ਬਾਕੀ ਘਰਾਂ ਤੋਂ ਗੁਰਸਿੱਖ ਗੁਰੂਦਵਾਰਾ ਸਾਹਿਬ ਨੂੰ ਗਏ ਤਾਂ ਦੇਖਿਆ ਕਿ ਭਾਣਾ ਵਰਤ ਚੁੱਕਿਆ ਸੀ।

300 (ਤਿੰਨ ਸੌ) ਸਿੱਖ ਘਰਾਂ ਦੀ ਆਬਾਦੀ ਵਾਲੇ ਇਸ ਪਿੰਡ ਵਿੱਚ ਕਿਸੇ ਘਰ ਕੋਈ ਫ਼ੋਨ ਨਹੀਂ ਸੀ ਪਰ ਕੁੱਝ ਕਿਲੋਮੀਟਰ ਦੂਰ ਹਰਮੇਲਪੁਰਾ ਵਿੱਖੇ ਨਿਵਾਸ ਕਰਦੇ ਇਕ ਗੁਰਸਿੱਖ ਐਡਵੋਕੇਟ ਸਰਦਾਰ ਜਸਬੀਰ ਸਿੰਘ ਜੀ ਦੇ ਘਰ ਲੈਂਡ ਲਾਈਨ ਫ਼ੋਨ ਸੀ, ਜਿਸ ਕਰਕੇ ਕੁੱਝ ਗੁਰਸਿੱਖ ਉੱਥੇ ਗਏ ਤੇ ਉਨ੍ਹਾਂ ਨੂੰ ਸਾਰੀ ਘਟਨਾ ਦੀ ਜਾਣਕਾਰੀ ਦਿੱਤਾ ਤਾਂ ਆਪ ਜੀ ਨੇ ਕੋਲ ਪੈਂਦੇ ਮਟਨ ਥਾਣੇ ਫ਼ੋਨ ਕੀਤਾ, ਜਿੱਥੋਂ ਥਾਣੇਦਾਰ ਮਾਮੂਦੇ ਇਸਾਕ ਆਪਣੇ ਸਿਪਾਹੀਆਂ ਨਾਲ ਇਕ ਘੰਟੇ ਤੱਕ ਘਟਨਾ ਵਾਲੀ ਜਗ੍ਹਾ ਪਹੁੰਚ ਗਿਆ ਤੇ ਜ਼ਖ਼ਮੀ ਹਾਲਾਤ ਵਿੱਚ ਭਾਈ ਨਾਨਕ ਸਿੰਘ ਜੀ ਨੂੰ ਹਸਪਤਾਲ ਇਲਾਜ਼ ਲਈ ਪਹੁੰਚਾ ਦਿੱਤਾ ਤੇ ਬਾਕੀ ਜਾਣਕਾਰੀ ਆਪਣੇ ਉੱਚ ਅਧਿਕਾਰੀਆਂ ਨੂੰ ਪਹੁੰਚਾਈ। ਇਸ ਘਟਨਾ ਤੋਂ ਬਾਅਦ ਕਸ਼ਮੀਰ ਸਹਿਤ ਸਾਰੇ ਸੰਸਾਰ ਅੰਦਰ ਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਵਿੱਚ ਭਾਰੀ ਸੋਗ ਦੀ ਲਹਿਰ ਦੌੜ ਗਈ।

ਅਗਲੇ ਦਿਨ 21 ਮਾਰਚ ਮੰਗਲਵਾਰ ਨੂੰ ਸ਼ਹੀਦ ਹੋ ਚੁੱਕੇ ਸਾਰੇ ਗੁਰਸਿੱਖਾਂ ਦਾ ਅੰਤਿਮ ਸੰਸਕਾਰ ਇਕ ਸਾਂਝਾ ਅੰਗੀਠਾ ਗੁਰੂਦਵਾਰਾ ਸਿੰਘ ਸਭਾ ਸਮੁੰਦਰੀ ਹਾਲ ਦੀ ਹੱਦ ਅੰਦਰ ਇਕ ਵੱਡਾ ਥੜ੍ਹਾ ਬਣਾ ਕੇ ਕੀਤਾ ਗਿਆ।

ਇਸ ਕਤਲੇਆਮ ਦੌਰਾਨ ਜਿੱਥੇ ਕਈ ਘਰਾਂ ਦੇ ਚਿਰਾਗ ਬੁੱਝ ਗਏ, ਉੱਥੇ ਬੀਬੀ ਨਰਿੰਦਰ ਕੌਰ ਜੀ ਦੇ ਪਰਿਵਾਰ ਨਾਲ ਸੰਬਧਿਤ 11 (ਗਿਆਰਾਂ) ਜੀਅ ਇਸ ਕਤਲੇਆਮ ਦੌਰਾਨ ਸ਼ਹੀਦ ਹੋ ਗਏ।

ਅਸੀਂ ਸਾਰੇ ਹਮਦਰਦੀ ਕਰ ਸਕਦੇ ਹਾਂ, ਕੁੱਝ ਆਰਥਿਕ ਮਦੱਦ ਦੇ ਸਕਦੇ ਹਾਂ ਜਾਂ ਫ਼ੇਰ ਗੁਰੂ ਸਾਹਿਬ ਜੀ ਅੱਗੇ ਅਰਦਾਸ ਕਰ ਸਕਦੇ ਹਾਂ ਪਰ ਉਹ ਪਰਿਵਾਰ ਜਿਨ੍ਹਾਂ ਦੇ ਜੀਅ ਇਸ ਘਿਨਾਉਣੇ ਕਾਰੇ ਦੀ ਭੇਟ ਚੜ੍ਹ ਗਏ, ਉਹ ਸਦੀਆਂ ਤੱਕ ਇਹ ਖ਼ੂਨੀ ਕਾਂਡ ਨਹੀਂ ਭੁੱਲਣਗੇ।

ਇਸ ਕਤਲੇਆਮ ਤੋਂ ਬਾਅਦ ਜਦ ਦੇਸ਼ – ਵਿਦੇਸ਼ ਅੰਦਰ ਰੋਸ਼ ਮੁਜਾਹਰੇ ਸ਼ੁਰੂ ਹੋਏ ਤਾਂ ਭਾਰਤੀ ਹਕੂਮਤ ਦੀ ਬਹੁਤ ਬਦਨਾਮੀ ਹੋਈ। ਜਿਸ ਉਪਰੰਤ ਇਸ ਘਟਨਾ ਤੋਂ ਪੰਜਵੇਂ ਦਿਨ ਪਥਰੀਵਾਲ ਪਿੰਡ ਦੇ 5 (ਪੰਜ) ਨੌਜਵਾਨ ਗਰੀਬ ਆਜੜੀਆਂ ਨੂੰ ਫ਼ੌਜ ਨੇ ਦਹਿਸ਼ਤਗਰਦ ਕਹਿ ਕੇ ਝੂਠੇ ਮੁਕਾਬਲੇ ਵਿਚ ਮਾਰ ਮੁਕਾਇਆ ਤਾਂ ਇਸ ਘਟਨਾ ਦੇ ਵਿਰੋਧ ਵਿਚ ਕਸ਼ਮੀਰੀ ਅਵਾਮ ਸੜਕਾਂ ਤੇ ਉਤਰ ਆਇਆ, ਜਿਸ ਉਪਰ ਫ਼ੌਜ ਨੇ ਗੋਲੀ ਚਲਾ ਦਿੱਤੀ, ਇਸ ਦੌਰਾਨ 9 (ਨੌ) ਨੌਜਵਾਨ ਹੋਰ ਮਾਰੇ ਗਏ। ਸੋੜੀ ਤੇ ਗੰਦੀ ਸਿਆਸਤ ਕਾਰਨ ਪਹਿਲਾਂ 35 ਗੁਰਸਿੱਖ ਤੇ ਫ਼ੇਰ 14 ਮੁਸਲਮਾਨ ਇਸ ਦੌਰਾਨ ਸਦਾ ਦੀ ਨੀਂਦ ਸਵਾ ਦਿੱਤੇ ਗਏ ਜੋਕਿ ਸਾਰੇ ਹੀ ਬੇਕਸੂਰ ਸਨ।

ਅਮਰੀਕਾ ਦੀ Former U.S. Secretary Of State Madeliene Albirght ਆਪਣੀ ਕਿਤਾਬ The Mighty & the Almighty ਵਿਚ ਇਸ ਘਟਨਾ ਦਾ ਦੋਸ਼ ਭਾਰਤੀ ਕੱਟੜ ਬਹੁ – ਗਿਣਤੀ ਉਪਰ ਲਾਉਂਦੀ ਹੈ ਤੇ ਉਸ ਕਿਤਾਬ ਦੇ ਮੁਖ ਬੰਦ ਵਿਚ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਬਿਲ ਕਲਿੰਟਨ ਇਸ ਘਟਨਾ ਨੂੰ ਹਿੰਦੂ ਦੇਹਿਸ਼ਤਗਰਦੀ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਜਿਕਰਯੋਗ ਹੈ ਕਿ ਜਦੋਂ ਚਿੱਠੀਸਿੰਘਪੁਰਾ ਦਾ ਕਤਲੇਆਮ ਹੋਇਆ ਤਾਂ ਓਸ ਦਿਨ ਅਮਰੀਕਾ ਦੇ ਰਾਸ਼ਟਰਪਤੀ ਬਿਲ ਕਲਿੰਟਨ ਭਾਰਤ ਵਿਚ ਜੈਪੁਰ ਵਿਖੇ ਹੋਲੀ ਦੇ ਇਕ ਸਮਾਗਮ ਵਿਚ ਹਿਸਾ ਲੈ ਰਹੇ ਸਨ। ਅਮਰੀਕਾ ਇਕ ਸੁਪਰ ਪਾਵਰ ਦੇਸ਼ ਹੈ ਤੇ ਉਥੋਂ ਦੇ ਮੌਜੂਦਾ ਰਾਸ਼ਟਰਪਤੀ ਦਾ ਕੁੱਝ ਲਿਖਣਾ ਜਾਂ ਬੋਲਣਾ 100% ਪ੍ਰਤੀਸ਼ਤ ਸੱਚ ਮੰਨਿਆ ਜਾ ਸਕਦਾ ਹੈ ਉਹ ਵੀ ਕਿਸੇ ਦੇਸ਼ ਦੇ ਅੰਦਰੂਨੀ ਮਾਮਲਿਆਂ ਬਾਰੇ ਕਿਉਂਕਿ ਉਨ੍ਹਾਂ ਦਾ ਲਿਖਣਾ ਜਾਂ ਬੋਲਣਾ ਮੀਡਿਆ ਜਾਂ ਸੁਣੀ – ਸੁਣਾਈ ਜਾਣਕਾਰੀ ਦੇ ਅਧਾਰਿਤ ਨਹੀਂ ਬਲਕਿ ਆਪਣੀਆਂ ਸੂਹੀਆਂ ਏਜੰਸੀਆਂ ਦੀ ਡੂੰਘੀ ਖ਼ੋਜ ਤੇ ਪੜਤਾਲ ਹੈ ਅਤੇ ਅਮਰੀਕਾ ਦਾ ਖੁਫ਼ੀਆ ਵਿਭਾਗ ਸੰਸਾਰ ਦਾ ਸਭ ਤੋਂ ਬਿਹਤਰ ਮੰਨਿਆ ਗਿਆ ਹੈ।

ਅੱਜ ਕਲ ਇਕ ਫ਼ਿਲਮ ਦੀ ਬਹੁਤ ਚਰਚਾ ਹੈ, ਨਾਮ ਹੈ 'ਦ ਕਸ਼ਮੀਰ ਫਾਈਲਾਜ਼' ਜਿਸ ਵਿਚ ਨੱਬੇ ਦੇ ਦਹਾਕੇ ਦੌਰਾਨ ਕਸ਼ਮੀਰੀ ਪੰਡਤਾਂ ਉਪਰ ਹੋਏ ਜ਼ੁਲਮ ਤੇ ਉਨ੍ਹਾਂ ਦੇ ਕਸ਼ਮੀਰ ਛੱਡਣ ਨੂੰ ਉਭਾਰ ਕੇ ਦਸਿਆ ਗਿਆ ਹੈ ਪਰ ਇਸ ਦੌਰਾਨ ਕਸ਼ਮੀਰੀ ਮੁਸਲਮਾਨਾਂ, ਸਿੱਖਾਂ ਤੇ ਬਾਕੀਆਂ ਨਾਲ ਕੀ ਬੀਤੀ, ਉਸ ਉਪਰ ਕੋਈ ਚਰਚਾ ਨਾ ਕਰਕੇ ਤਸਵੀਰ ਦਾ ਸਿਰਫ਼ ਇਕ ਪਾਸਾ ਦਿਖਾ ਕੇ ਜਿੱਥੇ ਮੁਸਲਮਾਨ ਕੌਮ ਪ੍ਰਤੀ ਨਫ਼ਰਤ ਪੈਦਾ ਕੀਤੀ ਗਈ ਹੈ, ਉੱਥੇ ਇਤਿਹਾਸ ਨਾਲ ਬੇਇਨਸਾਫ਼ੀ ਕੀਤੀ ਗਈ ਹੈ ਕਿਉਂਕਿ ਕਲਾ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਪਰ ਫ਼ਿਰਕੂ ਰਾਜਨੀਤੀ ਦੀ ਭੇਟ ਅੱਜ ਕਲਾ ਵੀ ਚੜ੍ਹ ਚੁੱਕੀ ਹੈ,ਜਿਸਦੀ ਮਿਸਾਲ ਹੈ ਇਹ ਫ਼ਿਲਮ।

ਕੀ ਕਦੇ ਚਿੱਠੀਸਿੰਘਪੁਰਾ,੧੯੮੪ ਸਿੱਖ ਨਸਲਕੁਸ਼ੀ, ੧੯੮੪ ਨੂੰ ਸ੍ਰੀ ਦਰਬਾਰ ਸਾਹਿਬ ਜੀ ਸਹਿਤ ੩੮ ਗੁਰੂਘਰਾਂ, ੧੯੪੭ ਨੂੰ ਦੇਸ਼ ਵੰਡ ਦੌਰਾਨ ਸਿੱਖ ਕੌਮ ਦੀ ਨਸਲਕੁਸ਼ੀ, ੧੯੭੮ ਦੇ ਨਕਲੀ ਨਿਰੰਕਾਰੀਆਂ ਵੱਲੋਂ ਵਰਤਾਏ ਕਹਿਰ, ਪੰਜਾਬ ਦੀ ਧਰਤੀ ਉਪਰ ਹੰਢਾਏ ਸੰਤਾਪ, ਬੇਅਦਬੀਆਂ ਤੇ ਸਿੱਖ ਕੌਮ ਨਾਲ ਅੱਜ ਤੱਕ ਹੋ ਰਹੀਆਂ ਬੇਇਨਸਾਫੀਆਂ ਤੇ ਵੀ ਕੋਈ ਇੰਝ ਦੀ ਫ਼ਿਲਮ ਬਣਾਉਣ ਦੀ ਜੁਅਰੱਤ ਕਰੇਗਾ...??? ਜੋਕਿ ਕਿ ਅਸਲ ਸੱਚਾਈ ਦੇ ਤਹਿਤ ਸੈਂਸਰ ਬੋਰਡ ਦੀ ਕੈਂਚੀ ਲੱਗਣ ਤੋਂ ਬਗੈਰ ਭਾਰਤ ਵਿੱਚ ਜਾਰੀ ਹੋਵੇ।

ਗੁਰੂਪਿਆਰਿਓ ਇੰਝ ਕਦੇ ਨਹੀਂ ਹੋਵੇਗਾ ਕਿਉਂਕਿ ਅਸੀਂ........


ਚਿੱਠੀਸਿੰਘਪੁਰਾ ਜਾਂਚ ਲਈ ਵੀ ਹਮੇਸ਼ਾਂ ਵਾਂਗ ਵਕਤੀ ਹੰਝੂ ਪੂੰਝਣ ਦੇ ਮਕਸਦ ਨਾਲ ਕਈ ਕਮੇਟੀਆਂ ਤੇ ਕਮਿਸ਼ਨ ਬਣੇ ਪਰ ਅੱਜ 24 ਸਾਲ ਬਾਅਦ ਵੀ ਨਾ ਤਾਂ ਕੋਈ ਸੱਚਾਈ ਸਾਹ– ਮਣੇ ਆਈ ਤੇ ਨਾ ਹੀ ਕਿਸੇ ਪਰਿਵਾਰ ਨੂੰ ਕੋਈ ਇਨਸਾਫ਼ ਮਿਲਿਆ ਤੇ ਨਾ ਹੀ ਭਵਿੱਖ ਵਿਚ ਮਿਲਣ ਦੀ ਕੋਈ ਆਸ ਹੈ।

ਹਰੇਕ ਸਾਲ ਇਨ੍ਹਾਂ ਸ਼ਹੀਦ ਸਿੰਘਾਂ ਦੀ ਯਾਦ ਵਿਚ ਗੁਰਦੁਆਰਾ ਸਿੰਘ ਸਭਾ ਸਮੁੰਦਰੀ ਹਾਲ , ਚਿੱਠੀਸਿੰਘਪੁਰਾ ਵਿੱਖੇ ਸ਼ਹੀਦੀ ਸਮਾਗਮ 21 ਮਾਰਚ ਵਾਲੇ ਦਿਨ ਜਿਸ ਦਿਨ ਸ਼ਹੀਦਾਂ ਦਾ ਸਸਕਾਰ ਹੋਇਆ ਸੀ, ਉਸ ਦਿਨ ਕਰਵਾਇਆ ਜਾਂਦਾ ਹੈ। ਸ਼੍ਰੋਮਣੀ ਸਿੱਖ ਸ਼ਸਤ੍ਰ ਵਿੱਦਿਆ ਕੌਂਸਲ ਤੇ ਸਮੂਹ ਪੰਥ ਖ਼ਾਲਸੇ ਵੱਲੋਂ ਅੱਜ ਦੇ ਦਿਨ ਸ਼ਹੀਦ ਹੋਏ ਚਿੱਠੀਸਿੰਘਪੁਰਾ ਦੇ ਸਮੂਹ ਗੁਰਸਿੱਖਾਂ ਨੂੰ ਕੋਟਾਨ – ਕੋਟ ਪ੍ਰਣਾਮ ਹੈ।

–ਮਨਜੀਤ ਸਿੰਘ ( ਗਤਕਾ ਮਾਸਟਰ )

# ਬਿਹਾਰ, ਮਹਾਰਾਸ਼ਟਰ, ਕਰਨਾਟਕ ਅਤੇ ਬੰਗਾਲ ਦੱਸੇਗਾ ਭਾਜਪਾ ਨੂੰ ਬਹੁਮਤ ਮਿਲੇਗਾ ਜਾਂ ਨਹੀਂ

ਅਭੈ ਦੂਬੇ



ਪਿਛਲੇ ਹਫ਼ਤੇ ਮੈਂ ਭਾਜਪਾ ਵਿਰੋਧੀ ਪਾਰਟੀਆਂ ('ਇੰਡੀਆ' ਗੱਠਜੋੜ) ਵਲੋਂ ਕੀਤੇ ਜਾ ਰਹੇ ਸੀਟਾਂ ਦੇ ਤਾਲਮੇਲ 'ਤੇ ਟਿੱਪਣੀ ਕਰਦਿਆਂ ਲਿਖਿਆ ਸੀ ਕਿ ਇਹ ਪਾਰਟੀਆਂ ਭਾਜਪਾ ਦੇ ਉਮੀਦਵਾਰਾਂ ਦੇ ਮੁਕਾਬਲੇ ਇਕ ਸਾਂਝਾ ਉਮੀਦਵਾਰ ਖੜ੍ਹਾ ਕਰਕੇ ਚੋਣ ਅੰਕ ਗਣਿਤ ਤਾਂ ਯਕੀਨੀ ਬਣਾ ਰਹੀਆਂ ਹਨ, ਪਰ ਇਨ੍ਹਾਂ ਨੇ ਹਾਲੇ ਤੱਕ ਉਸ ਹਵਾ ਨੂੰ ਬਣਾਉਣ ਦਾ ਕੰਮ ਨਹੀਂ ਕੀਤਾ ਹੈ, ਜੋ ਇਸ ਤਰ੍ਹਾਂ ਦੇ ਅੰਕ ਗਣਿਤ ਨੂੰ ਚੋਣ ਜਿੱਤ ਵੱਲ ਲੈ ਜਾਂਦੀ ਹੈ। ਇਸੇ ਹਵਾ ਨੂੰ ਮਾਹੌਲ ਬਣਾਉਣਾ ਜਾਂ ਚੋਣ ਰਸਾਇਣ ਸ਼ਾਸਤਰ (ਕੈਮਿਸਟਰੀ) ਹਾਸਿਲ ਕਰਨਾ ਕਹਿੰਦੇ ਹਨ। ਵਿਰੋਧੀ ਧਿਰ ਦੀ ਇਹ ਕਮੀ ਭਾਜਪਾ ਅਤੇ ਨਰਿੰਦਰ ਮੋਦੀ ਦੀ ਲਗਾਤਾਰ ਤੀਜੀ ਜਿੱਤ ਦੀਆਂ ਸੰਭਾਵਨਾਵਾਂ ਨੂੰ ਵਧਾ ਦਿੰਦੀ ਹੈ, ਪਰ ਇਸ ਸਿੱਕੇ ਦਾ ਦੂਜਾ ਪਹਿਲੂ ਵੀ ਹੈ। ਇਸ ਦੇ ਮੁਤਾਬਿਕ ਮੈਂ ਇਸ ਹਫ਼ਤੇ ਭਾਜਪਾ ਜਾਂ ਕੌਮੀ ਜਮਹੂਰੀ ਗੱਠਜੋੜ (ਐੱਨ.ਡੀ.ਏ.) ਦੀਆਂ ਚੋਣ ਸਮੱਸਿਆਵਾਂ ਦੀ ਚਰਚਾ ਕਰਾਂਗਾ। ਮੇਰਾ ਵਿਚਾਰ ਹੈ ਕਿ ਮੀਡੀਆ ਭਾਜਪਾ ਦੇ ਪੱਖ 'ਚ ਜੋ ਵੀ ਵੱਡੀਆਂ-ਵੱਡੀਆਂ ਗੱਲਾਂ ਕਰਦਾ ਰਹੇ ਅਤੇ ਮੋਦੀ ਵਲੋਂ 400 ਤੋਂ ਪਾਰ ਦਾ ਨਾਅਰਾ ਦਿੱਤਾ ਜਾਂਦਾ ਰਹੇ ਸੰਸਦੀ ਚੋਣ ਜਿੱਤਣਾ ਉਸ ਦੇ ਲਈ 2014 ਅਤੇ 2019 ਜਿੰਨਾ ਸੌਖਾ ਨਹੀਂ ਹੋਵੇਗਾ।

ਹਾਲਾਤ ਜੋ ਵੀ ਹੋਣ, ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਵਿਰੋਧੀ ਏਕਤਾ ਦਾ ਸੂਚਕ ਅੰਕ ਕੁਝ ਨਾ ਕੁਝ ਦਿਖਾਈ ਦੇ ਰਿਹਾ ਹੈ। ਵਿਰੋਧੀ ਏਕਤਾ ਭਾਵੇਂ ਹੀ ਕਮਜ਼ੋਰ ਹੋਵੇ, ਪਰ ਉਹ ਆਖ਼ਰਕਾਰ ਇਕ ਜ਼ਮੀਨੀ ਤੱਥ ਹੈ। ਚੇਤੇ ਰਹੇ 2019 'ਚ ਉੱਤਰ ਪ੍ਰਦੇਸ਼ ਦੇ ਮੈਦਾਨ 'ਚ ਭਾਜਪਾ ਨੂੰ ਸਪਾ-ਬਸਪਾ ਗੱਠਜੋੜ ਦਾ ਸਾਹਮਣਾ ਕਰਨਾ ਪਿਆ ਸੀ। ਉਸ ਸਮੇਂ ਵੀ ਕੋਈ 'ਕੈਮਿਸਟਰੀ' ਉਸ ਦੇ ਨਾਲ ਨਹੀਂ ਸੀ, ਇਸ ਲਈ ਸਮਾਜਿਕ ਤੌਰ 'ਤੇ ਸ਼ਕਤੀਸ਼ਾਲੀ ਹੁੰਦਿਆਂ ਹੋਇਆਂ ਵੀ ਉਹ ਵੋਟਰਾਂ ਦੇ ਸਾਹਮਣੇ ਮੋਦੀ ਦਾ ਬਦਲ ਬਣ ਕੇ ਨਹੀਂ ਉੱਭਰ ਸਕਿਆ ਸੀ। ਮੋਦੀ ਦੀ ਹਵਾ ਤੇਜ਼ ਸੀ, ਇਸ ਲਈ ਉੱਤਰ ਪ੍ਰਦੇਸ਼ 'ਚ ਭਾਜਪਾ ਦੀਆਂ ਵੋਟਾਂ 'ਚ ਚੰਗਾ ਵਾਧਾ ਹੋ ਗਿਆ ਸੀ। ਉਹ ਉਸ 'ਅਸਫਲ' ਅੰਕ ਗਣਿਤ ਦਾ ਹੀ ਨਤੀਜਾ ਸੀ ਕਿ ਆਪਣੀਆਂ ਸੰਭਾਵਨਾਵਾਂ 'ਤੇ ਖਰ੍ਹਾ ਨਾ ਉੱਤਰ ਸਕਣ ਦੇ ਬਾਵਜੂਦ ਉਸ ਗੱਠਜੋੜ ਨੇ 'ਐੱਨ.ਡੀ.ਏ.' ਤੋਂ 10 ਸੀਟਾਂ ਖੋਹ ਲਈਆਂ ਸਨ। ਜ਼ਾਹਿਰ ਹੈ ਕਿ ਭਾਜਪਾ ਵੀ ਜਾਣਦੀ ਹੈ ਕਿ ਬਿਨਾਂ 'ਕੈਮਿਸਟਰੀ' (ਰਸਾਇਣ ਸ਼ਾਸਤਰ) ਦੀ 'ਮੈਥਮੈਟਿਕਸ' (ਅੰਕ ਗਣਿਤ) ਵੀ ਉਸ ਨੂੰ ਪ੍ਰੇਸ਼ਾਨੀ 'ਚ ਪਾ ਸਕਦੀ ਹੈ।

ਭਾਜਪਾ ਦੋ ਵੱਡੇ ਸੂਬਿਆਂ 'ਵਿਚ ਵਿਰੋਧੀ ਧਿਰ ਦੀ ਮਜ਼ਬੂਤ ਅੰਕ ਗਣਿਤ ਦਾ ਸਾਹਮਣਾ ਕਰ ਰਹੀ ਹੈ। ਇਹ ਹੈ ਬਿਹਾਰ ਅਤੇ ਮਹਾਰਾਸ਼ਟਰ। ਬਿਹਾਰ ਦਾ ਮਹਾਗੱਠਜੋੜ ਅਤੇ ਮਹਾਰਾਸ਼ਟਰ ਦਾ ਮਹਾ ਵਿਕਾਸ ਅਘਾੜੀ ਗੱਠਜੋੜ ਦਰਅਸਲ 'ਇੰਡੀਆ' ਗੱਠਜੋੜ ਤੋਂ ਪਹਿਲਾਂ ਦੇ ਚੱਲ ਰਹੇ ਹਨ। ਉਨ੍ਹਾਂ ਦੇ ਪੈਰ ਆਪੋ-ਆਪਣੇ ਸੂਬਿਆਂ ਦੀਆਂ ਜ਼ਮੀਨਾਂ 'ਤੇ ਜੰਮੇ ਹੋਏ ਹਨ। ਇਨ੍ਹਾਂ ਰਾਜਾਂ ਦੀਆਂ ਕੁੱਲ ਮਿਲਾ ਕੇ 88 ਸੀਟਾਂ ਹਨ ਅਤੇ ਇੱਥੇ ਭਾਜਪਾ ਨੇ ਪਿਛਲੀ ਵਾਰ ਲਗਭਗ 100 ਫ਼ੀਸਦੀ ਨਤੀਜਾ ਕੱਢਿਆ ਸੀ। ਇਸ ਵਾਰ ਖ਼ੁਦ ਭਾਜਪਾ ਦੇ ਖਾਤੇ 'ਚ ਇਹ ਦੋਵੇਂ ਸੂਬੇ ਉਸ ਦੀਆਂ ਕਮਜ਼ੋਰ ਕੜੀਆਂ ਹਨ। ਇਨ੍ਹਾਂ ਦੀ ਮੁਰੰਮਤ ਕਰਨ ਲਈ ਭਾਜਪਾ ਦੇ ਰਣਨੀਤੀਕਾਰਾਂ ਨੇ ਪਹਿਲਾਂ ਜੀਤਨ ਰਾਮ ਮਾਂਝੀ ਅਤੇ ਉਪੇਂਦਰ ਕੁਸ਼ਵਾਹਾ ਨੂੰ ਮਹਾਗੱਠਜੋੜ ਤੋਂ ਖੋਹਿਆ। ਹਾਲ ਹੀ ਵਿਚ ਨਿਤਿਸ਼ ਕੁਮਾਰ ਦੇ ਪਾਲਾ ਬਦਲਣ ਨਾਲ ਇਕ ਵਾਰ ਅਜਿਹਾ ਲੱਗਾ ਸੀ ਕਿ ਸ਼ਾਇਦ ਹੁਣ ਭਾਜਪਾ ਵਿਰੋਧੀ ਤਾਲਮੇਲ ਤੋਂ ਅੱਗੇ ਨਿਕਲ ਜਾਵੇਗੀ। ਪਰ, 'ਆਜ ਤੱਕ' 'ਤੇ ਦਿਖਾਏ ਗਏ 'ਦੇਸ਼ ਕਾ ਮੂਡ' ਸਰਵੇਖਣ ਨਾਲ ਅਜਿਹਾ ਨਹੀਂ ਲੱਗਦਾ। ਇਸੇ ਤਰ੍ਹਾਂ 'ਏ.ਬੀ.ਪੀ.' 'ਤੇ ਸੰਦੀਪ ਚੌਧਰੀ ਵਲੋਂ ਕਰਵਾਏ ਗਏ ਸਰਵੇਖਣ ਤੋਂ ਵੀ ਲੱਗਦਾ ਹੈ ਕਿ ਅਜੇ ਵੀ ਮਹਾਗੱਠਜੋੜ ਭਾਜਪਾ ਨੂੰ ਕਰਾਰੀ ਟੱਕਰ ਦੇਣ ਦੀ ਸਥਿਤੀ 'ਚ ਲੱਗ ਰਿਹਾ ਹੈ। ਤੇਜਸਵੀ ਯਾਦਵ ਦੀ ਜਨ-ਵਿਸ਼ਵਾਸ ਯਾਤਰਾ ਨੂੰ ਉੱਥੇ ਜ਼ਬਰਦਸਤ ਸਫ਼ਲਤਾ ਹਾਸਿਲ ਹੋਈ ਹੈ। ਕਰੀਬ 3500 ਕਿ.ਮੀ. ਚੱਲਣ ਤੋਂ ਬਾਅਦ ਜਦੋਂ ਉਨ੍ਹਾਂ ਨੇ ਪਟਨਾ ਦੇ ਗਾਂਧੀ ਮੈਦਾਨ 'ਚ ਰੈਲੀ ਕੀਤੀ ਤਾਂ ਉੱਥੇ ਜਿਸ ਤਰ੍ਹਾਂ ਦਾ ਵੱਡਾ ਨਜ਼ਾਰਾ ਬਣਿਆ, ਉਹ ਕਹਿ ਰਿਹਾ ਸੀ ਕਿ ਬਿਹਾਰ 'ਚ ਭਾਜਪਾ ਅਤੇ ਐੱਨ.ਡੀ.ਏ. ਨੂੰ ਨੁਕਸਾਨ ਹੋ ਸਕਦਾ ਹੈ। ਇਸ ਤੋਂ ਇਲਾਵਾ ਇਕ ਹੋਰ ਪਹਿਲੂ ਹੈ। ਭਾਜਪਾ ਲਈ ਬਿਹਾਰ ਵਿਚ ਟਿਕਟਾਂ ਦੀ ਹਿੱਸੇਦਾਰੀ ਦਾ ਫਾਰਮੂਲਾ ਕੱਢਣਾ ਵੀ ਮੁਸ਼ਕਿਲ ਹੋ ਰਿਹਾ ਹੈ। ਨਿਤਿਸ਼ ਨੂੰ ਪਿਛਲੀ ਵਾਰ ਤੋਂ ਘੱਟ ਸੀਟਾਂ 'ਤੇ ਰਾਜ਼ੀ ਨਾ ਕਰ ਸਕਣ ਦੀ ਸੂਰਤ 'ਚ ਭਾਜਪਾ ਲਈ ਛੋਟੀਆਂ ਪਾਰਟੀਆਂ ਦੀ ਮੰਗ ਪੂਰੀ ਕਰ ਸਕਣਾ ਮੁਸ਼ਕਿਲ ਹੋ ਰਿਹਾ ਹੈ। ਨਿਤਿਸ਼ ਉੱਪਰੋਂ ਕਿੰਨੀ ਵੀ ਸਮਰਪਣ ਭਾਵਨਾ ਅਪਨਾਉਂਦੇ ਰਹਿਣ, ਪਰ ਉਨ੍ਹਾਂ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਮੰਤਰੀ ਮੰਡਲ ਵਿਸਥਾਰ ਕਰਨ ਦੇ ਦਬਾਅ 'ਚ ਆਉਣ ਤੋਂ ਇਨਕਾਰ ਕਰ ਦਿੱਤਾ ਹੈ। ਕੁਸ਼ਵਾਹਾ, ਮਾਂਝੀ ਅਤੇ ਲੋਕ ਜਨ ਸ਼ਕਤੀ ਪਾਰਟੀ ਆਦਿ ਭਾਈਵਾਲ ਪਾਰਟੀਆਂ 'ਚ ਬੇਚੈਨੀ ਵਧਦੀ ਜਾ ਰਹੀ ਹੈ।

ਮਹਾਰਾਸ਼ਟਰ ਦੀ ਸਥਿਤੀ ਵੀ ਲਗਭਗ ਏਸੇ ਤਰ੍ਹਾਂ ਦੀ ਹੈ। ਉੱਥੇ ਸ਼ਿਵ ਸੈਨਾ ਅਤੇ ਰਾਸ਼ਟਰਵਾਦੀ ਕਾਂਗਰਸ ਨੂੰ ਤੋੜ ਦੇਣ ਦੇ ਬਾਵਜੂਦ ਭਾਜਪਾ ਅਜੇ ਤੱਕ ਜਿੱਤ ਦੀ ਹਾਲਤ 'ਚ ਨਹੀਂ ਆ ਸਕੀ। ਇਹ ਟੁੱਟੀਆਂ ਹੋਈਆਂ ਪਾਰਟੀਆਂ ਲੋਕ ਸਭਾ ਚੋਣਾਂ ਵਿਚ ਕਿਹੋ ਜਿਹਾ ਪ੍ਰਦਰਸ਼ਨ ਕਰਨਗੀਆਂ, ਇਸ ਨੂੰ ਨਾਪਣ ਦਾ ਕੋਈ ਬੈਰੋਮੀਟਰ ਵੀ ਨਹੀਂ ਹੈ। ਸਮਝਿਆ ਜਾਂਦਾ ਹੈ ਕਿ ਊਧਵ ਠਾਕਰੇ ਨੂੰ ਅਜੇ ਵੀ ਸ਼ਿਵ ਸੈਨਾ ਦੇ ਜਨਅਧਾਰ ਦੀ ਹਮਦਰਦੀ ਹਾਸਿਲ ਹੈ। ਇਸੇ ਤਰ੍ਹਾਂ ਸ਼ਰਦ ਪਵਾਰ ਦੀ ਐੱਨ.ਸੀ.ਪੀ. ਦੇ ਪੈਰ ਅਜੀਤ ਪਵਾਰ ਦੇ ਚਲੇ ਜਾਣ ਦੇ ਬਾਵਜੂਦ ਆਪਣੇ ਰਵਾਇਤੀ ਇਲਾਕਿਆਂ 'ਚ ਜੰਮੇ ਹੋਏ ਹਨ। ਉੱਥੇ ਵੀ ਭਾਜਪਾ ਆਪਣੇ-ਆਪ ਨੂੰ ਪਿੱਛੇ ਦੇਖਦੀ ਹੈ। ਬਿਹਾਰ ਵਾਂਗ ਉੱਥੇ ਵੀ ਟਿਕਟਾਂ ਦੀ ਵੰਡ ਨੂੰ ਲੈ ਕੇ ਸਥਿਤੀ ਗੁੰਝਲਦਾਰ ਬਣੀ ਹੋਈ ਹੈ।

ਇਕ ਤੀਜਾ ਰਾਜ ਹੋਰ ਹੈ, ਜਿੱਥੇ ਭਾਜਪਾ ਨੇ 100 ਫ਼ੀਸਦੀ ਸਫਲਤਾ ਪ੍ਰਾਪਤ ਕੀਤੀ ਸੀ। ਇਹ ਹੈ ਕਰਨਾਟਕ। ਉਸ ਕਾਮਯਾਬੀ ਨੂੰ ਦੁਹਰਾਉਣ ਲਈ ਭਾਜਪਾ ਨੇ ਜਨਤਾ ਦਲ (ਸੈਕੂਲਰ) ਦੇ ਨਾਲ ਗੱਠਜੋੜ ਕਰਕੇ ਲਿੰਗਾਇਤ ਅਤੇ ਵੋਕਕਲਿਗਾ ਵੋਟਾਂ ਨੂੰ ਆਪਣੇ ਪੱਖ 'ਚ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਪਰ ਇਕ ਵੱਡਾ ਸੁਆਲੀਆ ਨਿਸ਼ਾਨ ਉੱਥੇ ਵੀ ਹੈ। ਕਾਂਗਰਸ ਉੱਥੇ ਸਿਧਾਰਮੱਈਆ ਅਤੇ ਡੀ.ਕੇ. ਸ਼ਿਵਕੁਮਾਰ ਦੀ ਅਗਵਾਈ 'ਚ 'ਅਹਿੰਦਾ' ਦੀ ਰਣਨੀਤੀ 'ਤੇ ਚੱਲ ਰਹੀ ਹੈ। ਇਸੇ ਰਣਨੀਤੀ ਰਾਹੀਂ ਉਸ ਨੇ ਵਿਧਾਨ ਸਭਾ ਚੋਣਾਂ ਜਿੱਤੀਆਂ ਸਨ। ਘੱਟ-ਗਿਣਤੀਆਂ ਅਤੇ ਪੱਛੜੇ ਵਰਗਾਂ ਦੀਆਂ ਵੋਟਾਂ ਨੂੰ ਇਕਜੁੱਟ ਕਰਨ ਅਤੇ ਉਸ 'ਚ ਕੁਝ-ਕੁਝ ਦੂਜੇ ਭਾਈਚਾਰਿਆਂ ਦੀਆਂ ਵੋਟਾਂ ਨੂੰ ਮਿਲਾ ਕੇ ਲਿੰਗਾਇਤਾਂ ਅਤੇ ਵੋਕਕਲਿਗਾਵਾਂ ਦੇ ਦਬਦਬੇ ਨੂੰ ਬੇਅਸਰ ਕਰਨ ਦੀ ਇਹ ਰਣਨੀਤੀ ਮਰਹੂਮ ਦੇਵਰਾਜ ਅਰਸ ਨੇ ਤਿਆਰ ਕੀਤੀ ਸੀ। ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨੇ ਓਲਡ ਮੈਸੂਰ 'ਚ ਵੋਕਕਲਿਗਾਵਾਂ ਅਤੇ ਬਾਕੀ ਖੇਤਰਾਂ 'ਚ ਲਿੰਗਾਇਤਾਂ ਦੀਆਂ ਵੋਟਾਂ ਚੰਗੀ ਗਿਣਤੀ 'ਚ ਹਾਸਿਲ ਕੀਤੀਆਂ ਸਨ। ਜੇਕਰ ਲੋਕ ਸਭਾ 'ਚ ਉਸ ਗੋਲਬੰਦੀ ਨੂੰ ਉਹ ਮੁੜ ਦੁਹਰਾ ਸਕਦੀ ਹੈ ਤਾਂ ਇਸ ਵਾਰ ਭਾਜਪਾ ਦੀ ਸੀਟਾਂ ਹਾਸਿਲ ਕਰਨ ਦੀ ਸਮਰੱਥਾ ਘੱਟ ਹੋ ਸਕਦੀ ਹੈ।

ਚੌਥਾ ਰਾਜ ਪੱਛਮੀ ਬੰਗਾਲ ਹੈ, ਜਿੱਥੇ ਭਾਜਪਾ ਆਪਣੀਆਂ ਸੀਟਾਂ ਘਟਣ ਦੀ ਸੰਭਾਵਨਾ ਦਾ ਸਾਹਮਣਾ ਕਰ ਰਹੀ ਹੈ। ਪਿਛਲੀ ਵਾਰ ਉਸ ਨੇ 18 ਸੀਟਾਂ ਜਿੱਤ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ। ਤ੍ਰਿਣਮੂਲ ਕਾਂਗਰਸ ਆਪਣੇ ਖ਼ਿਲਾਫ਼ ਚੱਲ ਰਹੀ 'ਐਂਟੀਇਨਕੁੰਬੈਂਸੀ' ਦੀ ਗੰਭੀਰਤਾ ਨੂੰ ਸਮਝ ਨਹੀਂ ਸਕੀ ਸੀ। ਪਰ, ਇਸ ਵਾਰ ਮਮਤਾ ਬੈਨਰਜੀ ਉੱਥੇ ਚੌਕੰਨੀ ਹੈ। ਸੰਦੇਸ਼ਖਲੀ 'ਤੇ ਭਾਜਪਾ ਦੇ ਹਮਲਾਵਰ ਰਵੱਈਏ ਅਤੇ ਟੀ.ਐੱਮ.ਸੀ. ਦੀਆਂ ਗ਼ਲਤੀਆਂ ਦੇ ਬਾਵਜੂਦ ਉਹ ਲੋਕ ਸਭਾ 'ਚ ਭਾਜਪਾ ਨੂੰ ਪਿਛਲਾ ਪ੍ਰਦਰਸ਼ਨ ਨਹੀਂ ਦੁਹਰਾਉਣ ਦੇਵੇਗੀ। ਭਾਜਪਾ ਨੇ ਚੋਣਾਂ ਤੋਂ ਪਹਿਲਾਂ ਸੀ.ਏ.ਏ. ਲਾਗੂ ਕਰਨ ਦਾ ਐਲਾਨ ਕਰਕੇ ਮਤੂਆ ਵੋਟਰਾਂ ਨੂੰ ਇਕ ਵਾਰ ਫਿਰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਹੈ। ਬੰਗਾਲ ਦਾ ਇਹ ਸੰਘਰਸ਼ ਬਹੁਤ ਜ਼ਬਰਦਸਤ ਹੋਣ ਵਾਲਾ ਹੈ।



**ਭਾਜਪਾ ਨੂੰ ਸੌਖਿਆ ਬਹੁਮਤ ਮਿਲੇਗਾ ਜਾਂ ਨਹੀਂ, ਇਹ ਬਿਹਾਰ, ਮਹਾਰਾਸ਼ਟਰ, ਕਰਨਾਟਕ ਅਤੇ ਬੰਗਾਲ ਦੱਸਣ ਵਾਲਾ ਹੈ। ਭਾਜਪਾ ਰਣਨੀਤਕ ਪ੍ਰਬੰਧ 'ਚ ਉਸਤਾਦ ਹੈ। ਪਰ ਇਨ੍ਹਾਂ ਚਾਰਾਂ ਸੂਬਿਆਂ 'ਚ ਇਸ ਵਾਰ ਉਸ ਦੀ ਸਖ਼ਤ ਪ੍ਰੀਖਿਆ ਹੋਣ ਵਾਲੀ ਹੈ। ਇੱਥੇ ਵਿਰੋਧੀਆਂ ਕੋਲ ਅੰਕ ਗਣਿਤ ਵੀ ਹੈ ਅਤੇ ਕੁਝ-ਕੁਝ ਰਸਾਇਣ ਸ਼ਾਸਤਰ ਵੀ ਹੈ। ਇਸ ਲਈ ਇੱਥੇ ਮੋਦੀ ਦੀ ਹਰਮਨ-ਪਿਆਰਤਾ ਅਤੇ ਭਾਜਪਾ ਦੀ ਸੰਗਠਨ-ਸਾਧਨ ਸ਼ਕਤੀ ਦਾਅ 'ਤੇ ਲੱਗੀ ਹੋਈ ਹੈ।**

ਭਾਜਪਾ ਨੂੰ ਸੌਖਿਆ ਬਹੁਮਤ ਮਿਲੇਗਾ ਜਾਂ ਨਹੀਂ, ਇਹ ਬਿਹਾਰ, ਮਹਾਰਾਸ਼ਟਰ, ਕਰਨਾਟਕ ਅਤੇ ਬੰਗਾਲ ਦੱਸਣ ਵਾਲਾ ਹੈ। ਭਾਜਪਾ ਰਣਨੀਤਕ ਪ੍ਰਬੰਧ 'ਚ ਉਸਤਾਦ ਹੈ। ਪਰ ਇਨ੍ਹਾਂ ਚਾਰਾਂ ਸੂਬਿਆਂ 'ਚ ਇਸ ਵਾਰ ਉਸ ਦੀ ਸਖ਼ਤ ਪ੍ਰੀਖਿਆ ਹੋਣ ਵਾਲੀ ਹੈ। ਇੱਥੇ ਵਿਰੋਧੀਆਂ ਕੋਲ ਅੰਕ ਗਣਿਤ ਵੀ ਹੈ ਅਤੇ ਕੁਝ-ਕੁਝ ਰਸਾਇਣ ਸ਼ਾਸਤਰ ਵੀ ਹੈ। ਇਸ ਲਈ ਇੱਥੇ ਮੋਦੀ ਦੀ ਹਰਮਨ-ਪਿਆਰਤਾ ਅਤੇ ਭਾਜਪਾ ਦੀ ਸੰਗਠਨ-ਸਾਧਨ ਸ਼ਕਤੀ ਦਾਅ 'ਤੇ ਲੱਗੀ ਹੋਈ ਹੈ।

ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ

# ਠਾਕੁਰ ਹਮਰਾ ਸਭ 'ਤੇ ਊਚਾ ਰੈਣ ਦਿਨਸ ਤਿਸ ਗਾਵੋ ਰੇ


ਲੇਖਿਕਾ

ਬਲਵਿੰਦਰ ਕੌਰ ਚਾਹਲ (ਸਾਊਥਾਲ)




ਠਾਕੁਰ ਸਭਸ ਦਾ, ਸਰਬ ਵਿਆਪੀ ਤੇ ਕੁੱਲ ਸ੍ਰਿਸ਼ਟੀ 'ਤੇ ਹੈ ਜਦੋਂ ਦੀ ਮਨੁੱਖੀ ਹੋਂਦ ਹੈ ਹਰ ਜੀਵ-ਜੰਤੂ ਉਹਦੀ ਹੀ ਸਾਜਨਾ ਹੈ, ਰਚਨਹਾਰ ਨੇ ਦੇਖੋ ਕੀ ਕੀ ਕਰਤਵ ਕੀਤੇ, ਪਹਿਲਾ ਪ੍ਰਾਲਭਧ ਫੇਰ ਸਰੀਰ ਵਿੱਚ ਬੁੱਧ (ਕਬੁੱਧ ਭੀ) ਬੁੱਧ ਨਾਲ ਦੇਵੀ ਦੇਵਤੇ ਈਸਾ ਯਸੂ, ਹਜ਼ਰਤ ਮੁਹੰਮਦ, ਪੀਰ ਫ਼ਕੀਰ ਪੈਗੰਬਰ, ਸਭ ਦੀ ਮਹੱਤਤਾ, ਮਹਾਨਤਾ ਤੇ ਸਨਮਾਨਤਾ ਸਮੇਂ ਦੇ ਵਿੱਚ ਹੁੰਦੀ ਹੀ ਰਹੀ, ਸਭ ਤੋਂ ਪ੍ਰਭੂ ਦੀ ਸੋਮਿਆਂ ਦੀ ਲੋੜ ਪੂਰਤੀ ਦੀ ਪੂਜਾ ਸੀ ਜੀਵਨ ਪ੍ਰਫੁੱਲਤ ਹੋ ਹੀ ਨਹੀਂ ਸੀ ਸਕਦਾ ਉਸ ਬਨਸਪਤੀ ਤੋਂ ਰਹਿਤ, ਮਨੁੱਖ ਦੀ ਦੇਣ ਹਨ ਮੱਤ, ਮਜ਼੍ਹਬ, ਧਰਮ, ਕੋਈ ਨਾ ਤਾਂ ਪ੍ਰਮੇਸ਼ਰ ਨੂੰ ਮਿਲ ਕੇ ਆਇਆ ਅਤੇ ਉਹਦੀ ਕੋਈ ਟੇਪ, ਲਿਖਤ ਜਾਂ ਸਨੇਹਾ ਲਿਆਇਆ, ਹਾਂ ਪਰਮ ਮਨੁੱਖ ਜਰੂਰ ਧਰਤੀ 'ਤੇ ਪਧਾਰੇ ਤੇ ਰੱਬੀ ਨੂਰ ਦੇ ਚਮਤਕਾਰ ਦਿਖਾਏ ਤੇ ਆਮ ਲੋਕਾਂ ਨੇ ਉਨ੍ਹਾਂ ਨੂੰ ਹੀ ਅਕਾਲ ਪੁਰਖ ਮੰਨ ਲਿਆ, ਬੱਸ ਇਹ ਕਾਰਨ ਹਰ ਪੁਰਾਣੇ ਸਮੇਂ ਵਿੱਚ ਜੰਗ, ਯੁੱਧ, ਵੱਢ ਵਢਾਕੇ ਜਲਾਦੀ ਸਮੇਂ ਹੰਢਾਏ, ਸਮੇਂ ਨੇ ਕਰਵਟ ਲਈ ਆਦਮ ਜਾਤ ਵਿੱਚ ਸੋਝੀ ਆਈ ਤਾਂ ਆਪਸੀ ਮੁਕਾਬਲੇਬਾਜੀ ਹੋਣ ਲੱਗ ਪਈ, ਝਗੜੇ ਝਮੇਲੇ, ਆਪਣੀ ਹਉਮੈ ਲਈ ਹਮਰਾ ਠਾਕੁਰ ਉਚਾ ਹੈ, ਤੂੰ ਨਹੀਂ ਮੰਨਦਾ ਤੂੰ ਲਾਂਭੇ ਹੋ, ਫੇਰ ਆਪਣਾ ਅੱਡ ਤਬਕਾ ਖੜ੍ਹਾ ਕਰ ਲਿਆ ਆਦਿ ਲੰਮੇਰਾ ਨਾ ਕਰਦੀ ਆਪਣੇ ਧਰਮ ਵੱਲ ਆਵਾਂ ਉਦੋਂ ਤੱਕ ਚਾਰੇ ਵੱਡੇ ਮੱਤ, ਮਜ਼੍ਹਬ ਫੈਲ ਚੁੱਕੇ ਸਨ, ਭਾਰਤ ਵਰਸ਼ ਅੱਜ ਦਾ ਹਿੰਦੂਸਤਾਨ, ਸਨਾਤਨ ਧਰਮ ਨੂੰ ਹਿੰਦੂ ਸ਼ਬਦ ਨਾਲ ਜੋੜ ਲੈਂਦਾ ਹੈ ਜਾਤ-ਪਾਤ ਦਾ ਅਮਰਾ ਫੈਲਾ ਹੋਇਆ ਸੀ ਤਾਂ ਕਿੱਤਾ ਵੰਡ ਪਰ ਬਣਾ ਜਾਤ, ਉਸ ਵੇਲੇ ਬ੍ਰਾਹਮਣ ਪੜ੍ਹੇ ਹੋਏ ਸਨ ਤੇ ਵੇਦ ਪੁਰਾਨ ਲਿਖੇ ਗਏ ਸਨ ਭਾਸ਼ਾ ਸੰਸਕ੍ਰਿਤ ਸੀ, ਉਹ ਪੜ੍ਹ ਸਕਦੇ ਸਨ ਸਾਧਾਰਨ ਵਿਅਕਤੀ ਨਹੀਂ ਉਚੇ ਥਾਪੇ ਗਏ ਰੱਖਿਆ ਲਈ ਕਸ਼ੱਤਰੀ, ਵੈਸ਼, ਘਟੀਆ ਕੰਮਾਂ ਲਈ ਸ਼ੂਦਰ (ਅੱਜ ਪੱਛੜੀ ਸ੍ਰੇਣੀ, ਦਲਿਤ) ਸ੍ਰੀ ਲੰਕਨ ਮੱਦ, ਸਾਡੇ ਤਾਂ ਬਾਲਮੀਕ ਤੇ ਰਵਿਦਾਸੀਆ (ਰਮਦਾਸੀਆ) ਹੁੰਦੇ ਸਨ, ਹੁਣ ਆਉਂਦਾ ਹੈ ਇਕ ਕਾਲ ਜਦੋਂ ਬ੍ਰਾਹਮਣ ਤੇ ਖੱਤਰੀ ਭਿੜਨ ਲੱਗ ਪਏ, ਕਿਉਂਕਿ ਪੰਡਤਾਂ ਨੇ ਭੀ ਅੱਜ ਸਾਡੇ ਵਾਂਗੂੰ ਆਪਣੇ ਕਿੱਤੇ ਨੂੰ ਦੁਕਾਨਦਾਰੀ ਬਣਾ ਲਿਆ ਤੇ ਕਈ ਨਵੀਆਂ ਹੀ ਰੀਤਾਂ ਘੜ ਕੇ ਲੱਗੇ ਸਾਧਾਰਨ ਲੋਕਾਂ ਨੂੰ ਗੁੰਮਰਾਹ ਕਰਨ, ਉਦੋਂ (ਗੁਰੂ ਨਾਨਕ ਦੇਵ) ਗੁਰੂ ਨਹੀਂ ਸੀ ਇਕ ਫਲਾਸਫਰ ਕਿ ਆਹ ਕੀ ਚੱਲਦਾ ਹੈ, ਇਸਲਾਮ ਭੀ ਇਸੇ ਤਰ੍ਹਾਂ ਨਾਲ ਅੱਡ ਰਵਾਇਤੀ ਪਰ ਬ੍ਰਾਹਮਣੀ ਪੂਜਾ ਦੇ ਵਿਰੁੱਧ ਲਹਿਰ ਤਾਂ ਨਹੀਂ ਆਖ ਸਕਦੇ ਪਰ (ਗੁਰੂ ਨਾਨਕ ਦੇਵ) ਕੁਰੀਤੀਆਂ ਵਿਰੁੱਧ ਹੋ ਗਏ ਤੇ ਕੁਝ ਪੈਰੋਕਾਰ ਭੀ ਰੱਲ ਗਏ, ਭਾਈ ਬਾਲਾ ਤੇ ਮਰਦਾਨਾ, ਦੋਨਾਂ ਫਿਰਕਿਆਂ ਦੇ ਬੱਸ ਇਥੋਂ ਸੁਧਾਰ ਦਾ ਰਾਹ ਤੁਰਿਆ, ਪਰ ਧਰਮ ਕੋਈ ਅੱਡ ਦਾ ਨਹੀਂ ਸੀ ਚੱਲਿਆ, ਕੁਰੀਤਾਂ ਨਿਕਾਰੀਆਂ ਸਨ, ਲੋਕ ਭਲਾਈ ਸੇਵਾ ਪ੍ਰਮਾਤਮਾਂ ਦੀ ਸਹੀ ਮਾਨਤਾ ਦਾ ਉੱਦਮ ਸੀ, ਜੋ ਕਿ ਤੱਥਾਂ ਨਾਲ ਸਿੱਧ ਕਰਨਾ ਉਨ੍ਹਾਂ ਦਾ ਟੀਚਾ ਸੀ, ਫੇਰ ਮਨੁੱਖੀ ਫਿਤਰਤ, ਲੋਭ ਲਾਲਚ ਅੱਗੇ ਆ ਗਏ ਮੈਂ ਨਾਨਕ ਦੇ ਨੇੜੇ, ਮੈਂ ਸੇਵਾ, ਮੈਂ ਚੇਲਾ ਮੇਰੇ ਸਿਰ ਹੱਥ ਧਰੋ ਬੱਸ ਜੀ ਵੱਧਦੇ ਗਏ ਤੇ ਗੱਦੀ ਦਾ ਸੰਦਰਭ ਖਿੱਚੋ ਤਾਣ, ਸਭ ਪੋਥੀਆਂ ਆਦਿ ਵਿੱਚ ਲੱਭ ਸਕਦੇ ਹੋ 200 ਸਾਲ ਤੱਕ ਇਹ ਸਮਾਂ ਚੱਲਿਆ, ਰਿਸ਼ਤੇ ਨਾਤੇ ਪਰਿਵਾਰ, ਖੱਤਰੀ ਬਰਾਦਰੀ ਹੀ ਬ੍ਰਾਹਮਣਾਂ ਵਾਂਗੂੰ ਇਸ ਪ੍ਰਸਤਾਵ ਵਿੱਚ ਵਿਚਰੀ ਬੜਾ ਕੁਝ ਹੈ ਲਿਖਣ ਨੂੰ, ਸਭ ਲਿਖਤਾਂ ਵਿੱਚ ਪੁਸਤਕਾਂ ਵਿੱਚ ਉਪਲਬਧ ਹੈ ਭਾਵੇਂ ਵਿਰੋਧੀ ਲਿਖਤਾਂ ਤਾਂ ਬੜਾ ਕੁਝ ਅਵੱਲਾ ਭੀ ਅੰਕਤ ਕਰ ਗਈਆਂ, ਸਿੱਖ ਧਰਮ ਤਾਂ ਗੁਰੂ ਗੋਬਿੰਦ ਸਿੰਘ ਜੀ ਤੋਂ ਪੂਰਨ ਅਰੰਭਤਾ ਹੈ ਉਹ ਜੰਗਜੂ ਸਨ ਤੇ ਵਿਰੋਧੀ ਮੁਸਲਮਾਨ ਹੁਕਮਰਾਨ ਤੋਂ ਤੰਗ ਸਨ ਤਾਂ ਉਨ੍ਹਾਂ ਗੁਰੂ ਜੀ ਦੇ ਇਰਾਦੇ ਤੇ ਮਨਸ਼ੇ ਨਾਲ ਰਲ੍ਹਾ ਕੇ ਯੁੱਧ ਲੜੇ ਕਹਿਣਾ ਤਾਂ ਸਬੂਤ ਨਹੀਂ ਹਨ ਕਿ ਸਭ ਜਿੱਤਾਂ ਸਨ, ਧਰਮ ਜੀਊਂਦਾ ਰਹੇ, ਪੰਥ ਬਣ ਗਿਆ, ਗੁਰੂ ਜੀ ਦੀ ਆਯੂ ਕੇਵਲ 45 ਸਾਲ ਤੋਂ ਘੱਟ ਹੀ ਸੀ, ਭਗਤੀ, ਲਿਖਤਾਂ, ਗੁਰੂ-ਗ੍ਰੰਥ ਦੀ ਪੁਰਾਤਨ ਬੀੜ ਚਲੋ ਮੰਨ ਲਵੋ ਧੀਰ ਮੱਲੀਆਂ ਨੇ ਰੱਖ ਲਈ ਫੇਰ ਗੁਰੂ ਜੀ ਨੇ ਆਪਣੇ ਮਾਮੇ ਭਾਈ ਗੁਰਦਾਸ ਤੋਂ ਭੀ ਲਿਖਵਾਈ ਪਰ ਕਹਿੰਦੇ ਨੇ ਗੁਰੂ ਗੋਬਿੰਦ ਸਿੰਘ ਨੇ ਤਾਂ ਸਾਰੀ ਮੁੜ ਲਿਖਾਈ, ਮੈਂ ਤਾਂ ਕੇਵਲ ਜੋ ਸਿੱਖ ਆਖਦੇ ਨੇ ਉਹੀ ਲਿਖਦੀ ਹਾਂ ਮੇਰੀ ਕੋਈ ਖੋਜ ਨਹੀਂ ਪਰ ਵਿਚਾਰ ਕੁਝ ਮੰਗ ਕਰਦੇ ਹਨ ਕਿ ਇਹ ਕੀ ਮਾਜਰਾ ਹੈ ਹੁਣ ਕਿਹੜੇ ਗੁਰੂ ਗ੍ਰੰਥ ਨੂੰ ਮਾਨਤਾ, ਫੇਰ ਭਾਈ ਗੁਰਦਾਸ ਵਾਲਾ ਕੀ ਇਤਿਹਾਸ ਹੈ ਤੁਸੀਂ ਜਾਣੋ, ਮੰਨਣਾ ਪਵੇਗਾ ਕਿ (ਗੁਰੂ ਨਾਨਕ ਦੇਵ) ਤੋਂ ਦੱਸਮੇ ਗੁਰੂ ਜੀ ਤੱਕ ਸਮਾਂ ਭੀ ਦੋ ਸਦੀਆਂ ਟੱਪਦਾ ਹੈ, ਬੜਾ ਕੁਝ ਬਦਲਦਾ ਹੈ ਰੁੱਤਾਂ ਬਦਲ, ਸਮਾਜ ਬਦਲ, ਤਕਨੀਕਾਂ ਬਦਲ, ਮਨੁੱਖਤਾ ਦੀ ਸੋਚ ਬਦਲੀ, ਕੁਝ ਭੀ ਸਥਿਰ ਨਹੀਂ ਰਹਿੰਦਾ, ਝਾਤ ਪਾਈਏ ਤੱਥਾਂ ਲਈ ਆਪਾਂ ਆਪਣੇ ਹੀ ਸਮਕਾਲੀ ਦੇਖੋ, 4 ਕੁ ਸਾਲ ਦੀ ਉਮਰ ਤੋਂ ਘਰ ਦੇ ਕੰਮ ਵਿੱਚ ਹੱਥ ਵਟਾਉਣਾ, ਹੋਰ ਨਹੀਂ ਤਾਂ ਦਾਦੀ, ਮਾਂ ਜਾਂ ਹੇਰਾਂ ਨੂੰ ਆਹ ਕੋਲੀ ਫੜਾ ਕੁੱਤਾ ਜਾ ਦਰਾਂ ਵਿੱਚ ਬੈਠ, ਸਕੂਲ ਜਾਣ ਵੇਲੇ ਡੰਗਰ ਲੈ ਜਾਵੋ ਬੱਗ ਲਈ, ਆਉਂਦੇ ਮੋੜ ਲਿਆਇਓ, ਵੱਡੇ ਹੁੰਦੇ ਗਏ ਕੰਮ ਭੀ ਕਰਨੇ ਕੁੱਟਾਂ, ਮਾਰਾਂ, ਝਿੜਕਾਂ, ਝੰਬਾ, ਗਾਲ੍ਹਾਂ ਆਦਿ ਬਾਲਪਨ, ਬਚਪਨ, ਜਵਾਨੀ ਤੇ ਫੇਰ ਪੂਰਾ ਜੋਬਨ ਸਭ ਹੀ ਅਧੀਨਗੀ ਨਾਲ ਹੀ ਹੰਢਾਇਆ, ਚਾਹੇ ਕਿਸੇ ਦੀ ਭੀ ਸੀ, ਅੰਤ ਆਪਣੀ ਔਲਾਦ ਦੀ ਭੀ, ਪਰ ਅੱਜ ਦੇਖੋ ਬੱਚੇ ਨੂੰ ਮਾਂ ਬਾਪ ਭੀ ਕੁਝ ਨਹੀਂ ਆਖ ਸਕਦੇ, ਝਾੜ-ਝੰਬ ਤਾਂ ਕਿਥੇ, ਜਿਨ੍ਹਾਂ ਦੀ ਖਾਤਰ ਕੁੱਤੇ ਦੀ ਮੌਤ ਮਰੇ ਜਾਇਦਾਦਾਂ ਬਣਾਈਏ ਅੱਜ ਕਿੰਨੇ ਕੁ ਨੇ ਜੋ ਬਾਤ ਪੁੱਛਦੇ ਨੇ, ਸਮਾਂ ਬੜਾ ਤੇਜ ਰਫ਼ਤਾਰ ਨਾਲ ਚੱਲਦਾ ਹੈ, ਪੁਰਾਤਨ ਭੀ ਸੀ ਪਰ ਅੱਜ ਅਸੀਂ ਭਾਈਚਾਰੇ, ਸਮਾਜ ਅਤੇ ਪਰਿਵਾਰਾਂ ਦੇ ਨਿਘਾਰ ਦੀ ਗੱਲ ਨਹੀਂ ਕਰਦੇ ਬੱਸ ਜੀ ਗੁਰੂ ਜੀ ਆਹ ਕਰ, ਭਾਈ ਗੁਰਦਾਸ ਦਾ ਪ੍ਰਚਾਰ ਸਿਖਰਾਂ 'ਤੇ, ਭਾਈ ਨੰਦ ਲਾਲ, ਸੰਤੋਖ ਸਿੰਘ, ਨਾਭਾ, ਭੰਗੂ ਤੇ ਮਗਰੋਂ ਵਾਲੇ ਲੇਖਕ ਭੀ ਪਰ ਕਦੀ ਨਹੀਂ ਸੋਚਦੇ ਕਿ ਇਨ੍ਹਾਂ ਤੋਂ ਮਗਰੋਂ ਬੜੇ ਹੀ ਉੱਚ ਕੋਟੀ ਦੇ ਵਿਦਵਾਨ, ਬੁੱਧੀਮਾਨ ਲੇਖਕ ਹੋਏ, ਬੜੀਆਂ ਸਿਖਰਾਂ ਦੀਆਂ ਸੁਝਾਵਾਂ ਦਲੀਲਾਂ ਤੇ ਵਿਚਾਰਾਂ ਪਰ ਨਾ ਜੀ ਅਸੀਂ ਤਾਂ ਭੂਤਕਾਲ ਵਿੱਚ ਰਹਿਣਾ ਚੰਗਾ ਮੰਨਦੇ ਹਾਂ, ਵਰਤਮਾਨ ਦਾ ਨਿੱਘ ਜਾਂ ਉਜਲਾ ਕਰਨ ਲਈ ਕੋਈ ਤਜ਼ਵੀਜ ਨਹੀਂ, ਜਾਂ ਫੇਰ ਅੱਗਾ ਸੁਆਰੋ ਜੋ ਦੇਖਿਆ ਨਹੀਂ ਆਪਣੀ ਠੇਕੇਦਾਰੀ ਦੁਕਾਨਦਾਰੀ ਅਹੁਦੇਦਾਰੀ ਤੇ ਪ੍ਰਭੁਸਤਾ, ਹੈਂਕੜਬਾਜ਼ੀ ਗੁਰੂ ਘਰਾਂ ਦੀ ਪ੍ਰਧਾਨਗੀ ਸਾਡਾ ਧਰਮ ਤੇ ਜੀਵਨ ਬਣ ਗਿਆ, ਮੈਂ ਤਾਂ ਧੰਨਵਾਦੀ ਰਿਣੀ ਹਾਂ ਸੰਗਤਾਂ ਦੀ ਜੋ ਕਿਰਤ ਕਰਕੇ ਦਸਵੰਧ ਦੇ ਕੇ ਗੁਰਦੁਆਰੇ ਚਲਾ ਰਹੇ ਹਨ ਲੰਗਰ ਦੀ ਪ੍ਰਥਾ ਧਰਮ ਨੂੰ ਉਭਾਰਨ ਤੇ ਪ੍ਰਫੁੱਲਤ ਕਰਨ ਲਈ ਵਸੀਲਾ ਹੈ, ਰੱਬ ਰੱਖੇ ਰਾਜ਼ੀ ਉਨ੍ਹਾਂ ਨੂੰ ਵਧਣ ਫੁੱਲਣ ਦਾਤਾਰ ਉਨ੍ਹਾਂ 'ਤੇ ਮਿਹਰ ਕਰੇ ਤੇ ਸਾਡੇ ਵਰਗੇ ਹੈਂਸਿਆਰਿਆਂ ਨੂੰ ਸਮੁੱਤ ਬਖ਼ਸ਼ੇ, ਨਹੀਂ ਤਾਂ ਆਹ ਸਭ ਡੇਰੇ, ਟਕਸਾਲਾਂ ਦੁਕਾਨਾਂ ਹਨ ਸਭ ਬਾਬੇ ਇਕੋ ਹੀ ਹਨ, ਹਾਂ ਹਰ ਇਕ ਦੇ ਆਪਣੇ ਪੈਰੋਕਾਰ ਸੇਵਕ ਤੇ ਚੇਲੇ ਜੋ ਉਪਮਾ ਲਈ ਸਹਾਈ, ਵੈਸੇ ਤਾਂ ਹਰ ਵਰਗ ਹੀ ਆਪਣੇ ਬੌਸ ਦੇ ਗੁਣਵਾਨ ਹੁੰਦਾ ਹੈ, ਗੁਰੂ ਕਾਲ ਵਿੱਚ ਭੀ ਸੀ ਹੁਣ ਭੀ ਹੈ ਸਬੂਤ ਨਾ ਮੰਗਿਉ ਸਭ ਕੁਝ ਵਰਤ ਰਿਹਾ ਹੈ। ਮੈਂ ਚਾਹੁੰਦੀ ਨਹੀਂ ਸੀ ਪਰ ਹਿਰਖ ਵਿੱਚ ਤਾਂ ਹਾਂ ਹੀ, ਗੁਰੂ ਸਾਹਬਾਂ ਬਾਰੇ ਜੋ ਕੁਝ ਊਲ ਜਲੂਲ ਲਿਖਿਆ ਹੈ ਕਦੀ ਕਿਤਾਬਾਂ ਪੜ੍ਹੀਆਂ ਹਨ, ਇਥੋਂ ਤੱਕ ਸਿੱਖ ਲੇਖਕ ਭੀ ਹਨ ਭਾਵੇਂ ਉਹ ਤਾਂ ਉਪਮਾਂ ਸਮਝ ਕੇ ਲਿਖਦੇ ਨੇ ਪਰ ਕਈ ਵਿਰੋਧੀ ਤਾਂ ਅਪਮਾਨਜਨਕ ਨੂੰ ਲਿਖ ਇਤਿਹਾਸ ਦੱਸਦੇ ਹਨ।

ਰਾਜ ਭਾਗ ਮਹਾਰਾਜਾ ਰਣਜੀਤ ਸਿੰਘ ਦਾ ਕਿਉਂ ਲਿਖ ਰਹੀ ਹਾਂ ਅੱਜ ਵਿਸ਼ਾ ਹੀ ਹੈ, ਸਭ ਤੋਂ ਪਹਿਲਾਂ ਮਾਲਵਾ ਖੇਤਰ ਵਿੱਚ ਬੜੀ ਚਰਚਾ ਹੈ ਜਦੋਂ ਕਿ ਦੋ ਵਕੀਲ ਪਿਉ-ਪੁੱਤਰ ਖਾਰਾ ਤਵਾਰੀਖ ਤੋਂ ਅਣਜਾਣ ਕਿ ਰਾਜ ਸਤਲੁੱਜ ਤੋਂ ਪਾਰ ਤਾਂ ਰਣਜੀਤ ਸਿੰਘ ਨੂੰ ਵੜਨ ਤੱਕ ਨਾ ਦਿੱਤਾ ਇਥੇ ਪਟਿਆਲਾ ਰਿਆਸਤ ਸਭ ਤੋਂ ਸ਼ਕਤੀ ਸ਼ਾਲੀ ਤੇ ਅੰਗ੍ਰੇਜ਼ਾਂ ਨਾਲ ਜੋੜ-ਮੇਲ ਮਹਾਰਾਜਾ ਰਣਜੀਤ ਸਿੰਘ ਨੂੰ ਕੋਰਾ ਜਵਾਬ ਤੇ ਉਹਨੇ ਦੂਜੀਆਂ ਛੋਟੀਆਂ ਛੋਟੀਆਂ ਮਿਸਲਾਂ ਨਾਲ ਗੱਠਜੋੜ ਹੀ ਕੀਤਾ, ਸ਼ੁਕਰਚਕੀਆ ਮਿਸਲ ਵੱਡੀ ਸੀ, ਜੋ ਮਹਾਰਾਜੇ ਦੇ ਹੱਥ ਸੀ, ਕੋਈ ਸ਼ੱਕ ਨਹੀਂ ਕਿ ਰਾਜ ਬੁਲੰਦ, ਇਨਸਾਫੀ ਤੇ ਇਕਸਾਰਤਾ ਦਾ ਸੀ, ਪਰ ਜੋ ਫੈਲਿਆ ਅਫ਼ਗਾਨਿਸਤਾਨ, ਕਾਬਲ, ਕੰਧਾਰ ਅੱਜ ਦਾ ਪਾਕਿਸਤਾਨ ਤੇ ਪੰਜਾਬ ਦਾ ਦੁਆਬਾ ਖਿੱਤਾ ਤੇ ਰਾਜ ਕਿਵੇਂ ਅੰਗ੍ਰੇਜ ਤੇ ਫਰਾਂਸੀਸੀ ਦੋਵੇਂ ਤਾਕਤਾਂ ਭਾਰੀ ਤੇ ਯੁੱਧ, ਅੰਗ੍ਰੇਜ਼ ਪਹਿਲਾਂ ਹੀ ਭਾਰਤ 'ਤੇ ਹਾਵੀ ਸਨ, ਮਾਲਵਾ ਭੀ ਅਧੀਨ, ਅੰਗ੍ਰੇਜ਼ ਦਾ ਦੁਨੀਆਂ 'ਤੇ ਦਬਦਬਾ ਤੇ ਰਾਜ ਨੇ ਫਰਾਂਸੀਸੀ ਫੌਜਾਂ ਨੂੰ ਨਿਰਾਸ਼ ਕਰਤਾ, ਅੰਤ ਹੀਲਾ ਤੇ ਮਹਾਰਾਜੇ ਨੂੰ ਦੱਸ ਦਿੱਤਾ ਕਿ ਮਿੱਤਰਾ ਅਸੀਂ ਪਿੱਛੇ ਹਟੇ ਤੇ ਆਪਣੀਆਂ ਫੌਜਾਂ ਦਾ ਘਾਣ ਨਹੀਂ ਕਰਵਾਉਣਾ ਤੇ ਰਣਜੀਤ ਸਿੰਘ ਦਿਆਨਤਦਾਰ, ਸੁੱਘੜ-ਸਿਆਣਾ ਸੀ ਤੇ ਅੰਗ੍ਰੇਜ਼ਾਂ ਨਾਲ ਸੰਧੀ ਕਰ ਲਈ, ਜਾਨੀ-ਮਾਲੀ ਬਚਾਅ ਕੀਤਾ ਪਰ ਕੋਹਿਨੂਰ ਹੀਰੇ ਦੀ ਸੰਧੀ ਵਿੱਚ ਕੋਈ ਜ਼ਿਕਰ ਨਹੀਂ, ਬਾਅਦ ਵਿੱਚ ਡੋਗਰਿਆਂ ਦਾ ਕਿੱਸਾ ਮੇਰਾ ਵਿਸ਼ਾ ਨਹੀਂ, ਕਿਵੇਂ ਰਾਜ ਦੀ ਤਬਾਹੀ, ਪਰ ਹਾਂ ਮਹਾਰਾਜੇ ਦੇ ਰਾਜ ਦਾ ਡੰਕਾ ਤਾਂ ਸੀ, ਸਭ ਧਰਮ, ਵਰਗ ਨੂੰ ਇਕੋ ਅੱਖ ਨਾਲ ਦੇਖਿਆ, ਇਕ ਕੋਰੜੇ ਦੀ ਵਾਰਤਾ ਤਾਂ ਸੁਣਾਈ ਜਾਂਦੀ ਹੈ ਪਰ ਮਹਾਰਾਜੇ ਦੀ ਦਾਸੀ ਮੋਰਾਂ ਦੇ ਚਰਚੇ ਹੀ ਨਹੀਂ ਸਗੋਂ ਪਾਕਿਸਤਾਨ ਵਿੱਚ ਸਮਾਧ ਹੈ ਤੇ ਮੁਸਲਮਾਨ ਮਾਈ ਮੋਰਾਂ ਨੂੰ ਮਾਨਤਾ ਦਿੰਦੇ ਹਨ, ਦੱਸਦੀ ਜਾਵਾਂ ਮੁਸਲਮਾਨ ਰੂਲਰ ਕਰਕੇ ਜਲੰਧਰ ਬਜ਼ਾਰ ਦਾ ਨਉਂ ਮਾਈ ਹੀਰਾਂ ਗੇਟ ਭੀ ਸੋ ਜਿਥੇ ਜਦੋਂ ਭੀ ਜੋ ਭੀ ਹਕੂਮਤਾਂ ਰਹੀਆਂ ਆਪਣੀਆਂ ਪਛਾਣਾ ਨਾਮਾਂ ਤੇ ਅੱਜ ਤੱਕ ਬਰਕਰਾਰ ਹਨ, ਪਿੰਡਾਂ ਦੇ ਨਉਂ ਭੀ ਹੀਲੇ ਤੱਕ ਹਨ, ਹੋਰ ਥਾਈਂ ਤਾਂ ਬਦਲੇ ਪਰ ਪੰਜਾਬ ਵਿੱਚ ਨਹੀਂ, ਦਿੱਲੀ ਕਈ ਵਾਰ ਜਿੱਤੀ ਛੱਡੀ ਦੋ ਸਾਲ ਪਹਿਲਾਂ ਭੀ, ਲਾਲ ਕਿਲ੍ਹੇ 'ਤੇ ਭੀ ਦੀਪ ਸਿੱਧੂ ਨੇ ਝੰਡਾ ਝੁੱਲਵਾ ਕੇ ਕਿੰਨੇ ਕੁ ਮੁੰਡੇ ਕੇਸਾਂ ਵਿੱਚ ਫਸਾਏ ਦੱਸਦੇ ਨਹੀਂ ਕਿ ਕੌਣ ਲੜ ਰਿਹਾ ਹੈ, ਜੋ ਫੱਸ ਗਿਆ ਫੱਸ ਗਿਆ, ਹੁਣ ਕਿਸਾਨੀ ਸੰਕਟ ਵਿੱਚ ਫੇਰ ਘਸਮਾਨ ਬੰਦੇ ਮਰਵਾਉ, **ਮੋਰਚੇ ਨੂੰ ਬਲ ਜੇ ਧਨ ਜਾਂਦਾ ਦੇਖੀਏ, ਅੱਧਾ ਦੇਈਏ ਲੁਟਾ, ਭਾਈ ਜੋ ਸੈਂਟਰ ਦਿੰਦਾ ਹੈ ਲੈ ਲਵੋ ਬਾਕੀ ਫੇਰ ਸਹੀ,** ਨਾਕਾ ਡਾਹੋ ਲੈਣ ਦਿਉ ਮੰਗਣਾ ਵਿਆਹ ਮਗਰੋਂ ਹੀ ਹੋਊ, ਯੂ.ਕੇ. ਵਿੱਚ ਕਿਵੇਂ ਸਿੱਖ ਬੈਂਡ ਵੈਗਨ 'ਤੇ ਚੜਨ ਦੇ ਮਾਰੇ ਜੀ ਬੰਦੀ ਸਿੰਘ ਅੰਮ੍ਰਿਤਪਾਲ ਡਿਬਰੂਗੜ ਤੇ ਕਿਸਾਨ ਅੰਦੋਲਨ ਦੀ ਹਮਾਇਤ, ਕਦੀ ਵਿਚਾਰ ਵਟਾਂਦਰੇ ਨਹੀਂ ਕਰਦੇ ਕਿ ਨਫੇ ਨੁਕਸਾਨ ਕੀ ਹਨ, ਨਾਲ ਜੀ ਸਿੱਖ ਭਾਈਚਾਰਾ ਆਹ ਕਹਿੰਦਾ ਹੈ, ਕਦੀ ਸਿੱਖ ਭਾਈਚਾਰੇ ਤੋਂ ਵੋਟਾਂ ਮੰਗੀਆਂ ਨੇ ਕਿ ਸਹਿਮਤ ਹੋ, ਪ੍ਰਾਪੇਗੰਡੇ ਨੇ ਸਿੱਖ ਕੌਮ ਵਿੱਚ ਘਸਮਾਣ ਪਾਇਆ ਹੈ, ਮੈਂ ਇਹ ਲਿਖਤ ਦੀ ਹਾਮੀ ਦੱਸਦੀ ਹਾਂ ਨਿੱਜੀ ਸਦਮਾਂ ਤੇ ਦੁੱਖ ਸਾਂਝਾ ਕਰਨ ਆਏ 40 ਸਾਲਾਂ ਤੋਂ ਪਰਿਵਾਰਕ ਸਾਂਝ ਰਿਸ਼ਤੇਦਾਰੀ ਨਹੀਂ, ਦੋਨੋ ਜੀਅ ਉੱਚ ਵਿੱਦਿਆ ਦੇ ਮਾਲਕ, ਮਾਂ ਉਨ੍ਹਾਂ ਦੀ ਤੇ ਮੇਰੀ ਗੁਰਦੁਆਰੇ ਰਲ੍ਹ ਕੇ ਬੈਠਦੀਆਂ ਸਨ, ਜੋੜੀ ਦਾ ਤਾਂ ਵਿਆਹ ਮਗਰੋਂ ਹੋਇਆ ਪਰ ਅਸੀਂ ਮਿੱਤਰਤਾ ਵਿੱਚ ਹਾਂ, ਕੋਈ ਤਿੰਨ ਘੰਟੇ ਬੈਠੇ ਇਹ ਸਾਡਾ ਪੁਰਾਣਾ ਰਵੱਈਆ ਤੇ ਸਿੱਖ ਸਬੰਧ ਵਿਚਾਰ, ਲਿਖਤਾਂ ਦੀ ਕਥਾ ਵਿੱਚ ਅਸੀਂ ਪ੍ਰਸਤਾਵ ਗੋਸ਼ਟੀਆਂ ਕਿ ਸਿੱਖ ਵਿਚਾਰਧਾਰਾ ਕੀ ਸਿਧਾਂਤਾਂ 'ਤੇ ਚੱਲਦੀ ਹੈ ਜਾਂ ਨਿੱਤ ਨਵੇਂ ਜੱਥੀਆਂ ਬਣਾ ਕੇ ਪ੍ਰਚਾਰਕ ਬਣ ਬਣ ਸੰਗਤਾਂ ਵਿੱਚ ਦੁਬਿਧਾ ਦਾ ਕਾਰਨ ਨੇ, ਪਹਿਲਾਂ ਗੁਰੂ ਘਰ ਟੋਪੀ ਪਾ ਕੇ ਆਉਣਾ ਬੰਦ, ਹਾਲਾਂਕਿ ਟੋਪੀ ਬੁਣੀ ਹੋਈ ਤੇ ਚਮੜੇ ਬਗੈਰ ਕੋਈ ਰੁਮਾਲ ਨਾਲੋਂ ਵੱਧ ਸਿਰ 'ਤੇ ਟਿਕਦੀ ਹੈ, ਫੇਰ ਜਰਾਬਾਂ ਪਾ ਕੇ ਪਾਠ ਦੋਨੋਂ ਦੇਖੋ ਕੀ ਗੁਰੂ ਕਾਲ ਵਿੱਚ ਟੋਪੀ ਨਹੀਂ ਪਾਈ ਜਾਂਦੀ ਸੀ, ਜਰਾਬਾਂ ਤਾਂ ਸੀ ਹੀ ਨਹੀਂ ਸਨ ਆਮ ਲਈ, ਹੁਣ ਨਿਹੰਗ ਪਰੰਪਰਾ ਭਾਰੂ ਹੋ ਰਹੀ ਹੈ, ਕਿਉਂ ਲੋਕੀ ਫੇਰ ਬਾਬਿਆਂ ਦੇ ਨਾ ਜਾਣਗੇ, ਗੁਰਦੁਆਰੇ ਪ੍ਰਬੰਧਕ ਦਿਨੋ ਦਿਨ ਧਰਮ ਨੂੰ ਨਵਾਂ ਮੋੜ ਦੇ ਰਹੇ ਹਨ ਫੇਰ ਕਿਸੇ ਸਧ੍ਹਾਰ ਵਾਲੇ ਨੂੰ ਕੋਸਦੇ ਨੇ ਸਾਡਾ ਨਚੋੜ ਸੀ ਕਿ ਡੇਰੇਵਾਦ ਤੋਂ ਭੀ ਵੱਧ ਧਰਮ ਵਿੱਚ ਨਵੇਂ ਮੋੜ ਆਉਣਗੇ ਕਠਿਨ ਜੀਵਨ ਨਵੀਂ ਪਨੀਰੀ ਨੇ ਨਹੀਂ ਝੱਲਣਾ ਬੱਸ ਇਹ ਇਨ੍ਹਾਂ ਜੋਗਾ ਹੀ ਰਹਿ ਜਾਊਗਾ, ਗੁਰੂ ਗੋਲ੍ਹਕ ਦੀ ਵਰਤੋਂ ਅਰਥ ਲਾਵੋ, ਗੁਰਦੁਆਰੇ ਧਰਮ ਲਈ ਰੱਖੋ, ਮਿਊਜ਼ੀਅਮ ਨਾ ਬਣਾਉ, ਸਮੇਂ ਨੇ ਚਰਚਾ ਵਾਂਗੂੰ ਪਤਾ ਨਹੀਂ ਕੀ ਬਣਾ ਦੇਵੇ ਪਰ ਅੱਜ ਕਿਰਪਾ ਕਰੋ।

**ਬਾਕੀ ਹਿਸਾ ਸਫਾ 44 ਤੇ ਪੜ੍ਹੋ** →

**43 ਸਫ਼ੇ ਦੀ ਬਾਕੀ**

ਮੈਂ ਭਾਵੇਂ ਭਾਣੇ ਮੰਨਣ ਲਈ ਬੜੀ ਦ੍ਰਿੜ ਹਾਂ ਪਰ ਕਦੇ ਤਾਂ ਸਦਮਾਂ ਡੋਲਣ ਵੱਲ ਧੱਕ ਧਰਦਾ ਹੈ ਫੇਰ ਭੀ ਝੱਬਦੇ ਹੀ ਤੇਰੀ ਰਜ਼ਾ ਤੂੰ ਆਪੇ ਮਨਾਵੇਂ ਤੇ ਧਰਮ ਵਿਸ਼ਵਾਸ਼ ਕਿ ਉਹਦੀਆਂ ਲੀਕਾਂ ਮੇਟ ਨਾ ਸਕੇ ਕੋਈ, ਲਿਜਾਵੇ ਆਪ ਚੜ੍ਹਾਵੇ ਤਾਪ, ਅਸੀਂ ਤਾਪ ਨੂੰ ਕੋਸਕੇ ਧੀਰ ਬੰਨੀਦੀ ਹੈ! ਸਭ ਕਾਰਜ ਸੰਸਾਰੀ ਜੀਵ ਨੂੰ ਕਰਨੇ ਪੈਂਦੇ ਹਨ, ਪਰ ਸਾਕ-ਸਬੰਧੀ, ਮਿੱਤਰ, ਪ੍ਰਸ਼ੰਸਕ ਹਰ ਦੁੱਖ ਨੂੰ ਘੱਟ ਕਰਦੇ ਹਨ। 10 ਮਾਰਚ ਨੂੰ ਸਵ: ਪ੍ਰਕਾਸ਼ ਸਿੰਘ ਬਾਦਲ ਦੀ ਪਹਿਲੀ ਬਰਸੀ, ਪੁਰਾਣੀਆਂ ਕੀਤੀਆਂ ਸੇਵਾਵਾਂ ਯਾਦ ਕੀਤੀਆਂ, ਭਾਵੇਂ ਵਿਰੋਧੀ ਭੀ ਜੀਉਂਦੇ ਰਹਿਣ, ਕੋਈ ਧੋ ਨੀ ਸਕੂ ਕਿ ਉਹ ਇਕ ਦਿਆਨਤਦਾਰ, ਨਿਮਰਤ, ਮਿੱਠ ਬੋਲੜੇ ਤੇ ਦੂਰ-ਅੰਦੇਸ਼ ਸਿਆਸਤਦਾਨ ਸਨ, ਸੰਘ, ਜਨਤਾ ਤੇ ਭਾਜਪਾ ਨਾਲ ਭਾਈਵਾਲੀ ਪਰ ਕਾਂਗਰਸ ਨੂੰ ਭੀ ਕਦੀ ਭੱਦੀ ਭਾਸ਼ਾ ਨਾਲ ਨਾ ਸੰਬੋਧਨ ਹੋਏ, ਡਾਕਟਰ ਮਨਮੋਹਨ ਸਿੰਘ ਪਾਸੋਂ ਭੀ ਪੰਜਾਬ ਲਈ ਦਾਤ ਲੈ ਆਏ ਸਨ, ਹੁਣ ਦੇਖ ਲਵੋ ਕਾਣੀ ਕੌਡੀ ਨਹੀਂ ਲੈ ਸਕਦੇ, ਬਣਦਾ ਹੱਕ ਭੀ ਗੁਆਈ ਜਾਂਦੇ ਨੇ ਕੱਲ ਦੇ ਜਦੋਂ ਦਾ ਸੁਨੀਲ ਜਾਖੜ ਜੋ ਬੜੇ ਚੇਤੰਨ ਸਿਆਸੀ ਆਗੂ ਤੇ 50 ਸਾਲ ਕਾਂਗਰਸ ਦੀ ਭਗਤੀ ਪਰਿਵਾਰ ਵੇਲੇ ਦੀ, ਪਰ ਚਾਮ ਚੜਿੱਕਾਂ ਕੱਢ ਕੇ ਹਟੀਆਂ ਹੁਣ ਜਾ ਕੇ ਭਾਜਪਾ ਵਿੱਚੋਂ ਪੰਜਾਬ ਹਿੱਤ ਅਕਾਲੀ ਦਲ ਨਾਲ ਸਮਝੌਤੇ ਲਈ ਇਸ਼ਕ ਬਿਆਨ ਦੇ ਦਿੱਤਾ ਤਾਂ ਆਹ ਇਕ ਭਾਜਪਾ ਪ੍ਰਸ਼ੰਸਕ ਚੈਨਲ 'ਤੇ ਰਾਜਸਥਾਨੀ ਐਮ.ਪੀ. ਜੋ ਜੜ੍ਹਾਂ ਵਿਚ ਤੇਲ ਦੇ ਰਿਹਾ ਹੈ ਦੇ ਪ੍ਰੋਗਰਾਮੀ ਸਿੰਘ ਭਾਈਬੰਦ ਤਾਂ ਕੀੜਿਆਂ 'ਤੇ ਭੋਣ ਬੈਠਣ ਵਾਂਗੂੰ ਲੜਨੋ ਬਗੈਰ ਹੀ ਤੜਫੀ ਜਾਣ ਜੀ ਰਲੇਮਾਂ ਨਾ ਕਰਿਉ ਅਕਾਲੀ ਦਲ ਸੁਖਬੀਰ ਬਾਦਲ ਨੂੰ ਲਾਂਭੇ ਕਰਨ ਤੋਂ ਪਹਿਲਾਂ ਕੋਈ ਮਾੜੇ ਦਾ ਪ੍ਰਧਾਨ ਬਣਾਉ ਭਾਵੇਂ ਝੋਟੀ ਹੀ ਲੈ ਆਉ, ਇਹ ਪਤੀ ਪਤਨੀ ਨੂੰ ਹਰਾਉ ਆਦਿ ਬੀ.ਜੇ.ਪੀ. ਦੇ ਤਾਂ ਸਕੇ ਨੇ ਪਰ ਪੰਜਾਬ ਦਾ ਕੋਈ ਗਮ ਨਹੀਂ, ਮੈਂ ਤਾਂ ਨਾ ਸਮਝੌਤੇ 'ਤੇ ਕੋਈ ਪ੍ਰਤੀਕਰਮ ਹਾਲੇ ਦੇ ਨਹੀਂ ਸਕਦੀ ਜਦੋਂ ਤੱਕ ਤਹਿ ਨਹੀਂ ਹੁੰਦਾ, ਰਹੀ ਗੱਲ ਪੰਜਾਬ ਵਿੱਚ ਗੈਂਗਸਟਰ ਮਾਰਨ ਦੀ ਸਭ ਪੁਲਸ ਦੇ ਅਡੰਬਰ ਹਨ, ਸਰਕਾਰ ਨੂੰ ਹਰਮਨ ਪਿਆਰੀ ਕਰਨ ਲਈ ਮੈਂ ਤਾਂ ਮਾਂ ਭੂਮੀ ਜਾਣ ਲਈ ਤਰਸਦੀ ਹਾਂ, ਜਦੋਂ ਕੋਈ ਰਿਸ਼ਤੇਦਾਰ ਜਾਂਦਾ ਹੈ ਤਾਂ ਉਦਾਸ ਹੁੰਦੀ ਹਾਂ ਕਿ ਮੈਂ ਜਾਣਾ ਸੀ, **ਆਹ ਆਮ ਆਦਮੀ ਕਿਥੋਂ ਟਿੱਡੀ ਦਲ ਆ ਗਿਆ ਕਿਸਾਨ ਭੀ ਭਾਗੀਦਾਰ ਹਨ ਤਾਂ ਹੀ ਤਾਂ ਮੈਂ ਹਮਦਰਦ ਨਹੀਂ ਭੋਏ ਵੇਚਣ ਨੂੰ ਭੀ ਮਨ ਨਹੀਂ ਮੰਨਦਾ ਕਿ ਚਲੋ ਵਿਰਾਸਤ ਤਾਂ ਹੈ ਭਾਵੇਂ ਮੈਂ ਜਿਸ ਮਿੱਟੀ ਨੇ ਐਨੀ ਸੁਹਣੀ ਸੋਝੀ, ਉੱਚ ਵਿੱਦਿਆ ਦਿੱਤੀ, ਕਿਵੇਂ ਤਿਆਗ ਕੇ ਪਰਾਏ ਦੇਸ ਨੂੰ ਅਪਣਾ ਲਿਆ ਝੋਰਾ ਕਦੀ ਖਾਣ ਲੱਗ ਜਾਂਦਾ ਹੈ ਪਰ ਹੁਣ ਤਾਂ ਉਥੇ ਨਾਲੋਂ ਡਬਲ ਸਮਾਂ ਇਥੇ ਕੱਟ ਲਿਆ, ਹਿਜਰ ਤਾਂ ਹਿਜਰ ਹੀ ਹੁੰਦਾ ਹੈ ਪ੍ਰਦੇਸ ਨੇ ਕਈ ਪਿਆਰੇ ਮੁੜ ਮਿਲਣ ਦਾ ਮੌਕਾ ਨਾ ਦਿੱਤਾ, ਵਿਛੜੇ ਤੁਰ ਗਏ।**

ਪੰਜਾਬ ਡਾਇਰੀ, ਪਟਾਰੀ ਕਹਿਣੇ ਕੋ ਬੜਾ ਕੁਝ ਹੈ, ਅਗਰ ਕਹਿਨੇ ਪੇ ਆਤੇ, ਕਿਸਾਨਾਂ ਦਾ ਆਪਣਾ ਕਜੀਆ (**ਮੈਂ ਖੇਤੀਬਾੜੀ ਮਜ਼ਬੂਨ ਮਾਸਟਰ ਡਿਗਰੀ ਵਿੱਚ ਪੜ੍ਹਿਆ**) ਕਿਸਾਨੀ ਪਰਿਵਾਰ ਭੀ ਹੰਢਾਇਆ, ਹਮਦਰ-ਦੀ ਛੋਟੇ ਤੇ ਗਰੀਬ ਕਿਸਾਨ, ਜਿਮੀਂਦਾਰ, ਮਜਦੂਰ ਨਾਲ ਮੋਰਚਾ ਭੁੱਖ ਹੜਤਾਲ, ਅੰਮ੍ਰਿਤਪਾਲ ਤੇ ਪਰਿਵਾਰ ਨਾਲ ਸਾਥੀਆਂ ਦਾ ਕਿਉਂ ਇਨਸਾਫ ਵਾਲਿਆਂ ਦੇ ਨਾਲ ਨਾ ਰੱਲਕੇ ਬੈਠੇ? ਰਹੀ ਗੱਲ ਗੰਭੀਰ ਮੁੱਦਾ ਇਹ ਹੈ ਕਿ ਇਹ ਧਾਰਾ ਸੂਬਾ ਸਰਕਾਰ ਦੀ ਜਾਂ ਭਗਵੰਤ ਮਾਨ ਦੀ ਨਹੀਂ, ਨੈਸ਼ਨਲ ਹੈ ਤੇ ਸਾਲ ਦੀ ਸੁਣਵਾਈ ਮਗਰੋਂ ਸਥਿਤੀ ਸਾਫ ਹੋਣ 'ਤੇ ਹੀ ਕੋਈ ਸਿੱਟਾ, ਉਡੀਕੋ, ਭੁੱਖੇ ਮਰਨ ਦੀ ਪ੍ਰਥਾ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਮੋਹਰ ਨਹੀਂ ਲਾ ਸਕਦਾ, ਆਪਾਂ ਨੂੰ ਜੱਗੀ ਜੌਹਲ ਦਾ ਕੇਸ ਕਿੰਨੇ ਸਾਲ ਹੋ ਗਏ ਹੁਣ ਕੋਈ ਭੀ ਕੁਸਕਦਾ ਨੀਂ, ਕੇਸ ਸਰਕਾਰਾਂ, ਏਜੰਸੀਆਂ, ਸੂਬੇ ਦੇ ਮੁਖੀ ਭੀ ਕਾਨੂੰਨ ਅੱਗੇ ਅੜਨ ਲਈ ਠੋਸ ਸਬੂਤ ਕੋਲ ਹੋਣੇ ਬਣਦੇ ਨੇ, ਠੀਕ ਹੈ ਕੋਈ ਭੀ ਡਿਬਰੂਗੜ੍ਹ ਜਾ ਆਵੇ ਰੌਲਾ ਰੱਪਾ ਪਾ ਦੇਵੇ ਪਰ ਅਜਿਹੇ ਕੇਸ ਉਂਗਲੀ ਲਾ ਕੇ ਬਾਹਰ ਕੱਢ ਲਿਆਵੋ ਨਹੀਂ ਇਸ ਪਰਲੋ ਲਿਆਉਣ ਤੋਂ ਪਹਿਲਾਂ ਪਰਿਵਾਰ, ਸਾਥੀ ਅਤੇ ਜੋ ਉਕਸਾਉਂਦੇ ਸੀ ਸੋਚਦੇ, ਇਹ ਕਹਿਣਾ ਕਿ ਗੁਨਾਹ ਕੀ ਹੈ? ਦਿਆਨਤਦਾਰੀ ਨਹੀਂ ਸਾਹਮਣੇ ਹਨ, ਗੁਰੂ-ਘਰ 'ਤੇ ਧਾਵਾ, ਕੁਰਸੀਆਂ ਮੇਜ਼ ਭੰਨੇ, ਸਾੜੇ ਹੀ ਭੀ ਕੇਸ ਸੀ, ਪੁਲਸ ਸਥਾਨ (ਥਾਣੇ) 'ਤੇ ਚੜ੍ਹਾਈ (ਗੁਰੂ ਗ੍ਰੰਥ) ਲਿਜਾਣਾ ਕੀ ਠਾਣਾ ਸੁਥਰਾ ਸੀ, ਫੇਰ ਪੁਲਸ ਇੰਸਪੈਕਟਰ ਕੁੱਟਣਾ ਧਾਂਦਲੀ ਤਾਂ ਸੀ ਹੀ ਸਮਰਥੱਕ ਇਹ ਵਿਚਾਰਨ ਤੇ ਸਬਕ ਦੇਣ ਅੱਗੋਂ ਕੋਈ ਹੋਰ ਨਾ ਫਸਣ ਭਾਵੇਂ ਇਹ ਕੰਮ ਬੜੀ ਸਕੀਮ ਨਾਲ ਸੀ, ਸਿਆਸਤਾਂ ਲਈ ਧਰਮ ਵਰਤਣਾ ਇਹ ਦੇਣ 84 ਦੀ ਲਹਿਰ ਦੀ ਹੈ ਕਿ ਧਰਮ ਨੂੰ ਧਾਰਮਿਕ ਮੋਰਚੇ ਤੇ ਸੀਮਤ ਸੀ ਪਰ ਹੁਣ ਹਰ ਝਗੜਾਲੂ ਧਰਨੇ ਵਿੱਚ ਧਾਰਮਿਕ ਨਾਅਰੇ ਲੰਗਰ ਹਰ ਚੀਜ਼ ਨੂੰ ਲੰਗਰ, ਦੁਆਈਆਂ, ਚੱਪਲਾਂ, ਪੱਖੇ, ਕਿਤਾਬਾਂ, ਟੈਂਟ, ਲੰਗਰ ਦਾ ਅਰਥ ਹੈ ਭੋਜਨ, ਪਰ ਸੋਸ਼ਲ ਮੀਡੀਆ ਜਾਣਕਾਰੀ ਤਾਂ ਹੈ ਨਹੀਂ ਬੱਸ ਸ਼ਤਾਨਗੀਰੀ ਤੇ ਲੋਕੀ ਬੱਲੇ ਬੱਲੇ ਕਰਨ 'ਤੇ ਨੇ ਪੈਸੇ ਕਮਾ ਰਹੇ ਹਨ, ਕੋਈ ਧਨੰਤਰ ਫਿੱਟਕਾਰਦਾ ਨਹੀਂ, ਆਪਸੀ ਦਵੈਸ਼ ਵਿੱਚ ਸੜ ਰਹੇ ਨੇ, ਇਹ ਵਟਾਂਦਰੇ ਕਰੋ ਜੋ ਭਵਿੱਖ ਲਈ ਕਾਰਗਰ ਹੋਣ ਮਾਰੋ ਹੰਭਲਾ, ਮਿਹਰ ਮੰਗੋ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

# ਮੈਂ ਤਾਂ ਕੇਵਲ ਸਿੱਖ ਲੇਖਕ ਨਹੀਂ, ਸਮਾਜ ਤੇ ਭਾਈਚਾਰਕ ਭਲਾਈ ਸੁਧਾਰ 'ਤੇ ਪ੍ਰਤੀਕਰਮ ਦਿੰਦੀ ਹਾਂ

**ਸੰਪਾਦਕ ਪੰਜਾਬ ਟਾਈਮਜ਼ ਜੀਓ ਪੁਰੇਵਾਲ ਸਾਹਬ ਜੀ,**

ਹੱਥਲੇ ਪਰਚੇ ਦੇ ਪਾਠਕਾਂ ਦੇ ਪੱਤਰ:- ਗੁੰਮਨਾਮ (ਸਿੰਘ ਜਾਂ ਕੌਰ) ਪਤਾ ਨਹੀਂ ਮੇਰੇ ਵਿਚਾਰਾਂ ਤੋਂ ਤੜਪ ਕੇ ਕੀ ਕੁਝ ਬਹਿਸ ਨੂੰ ਅਧਾਰ ਬਣਾ ਕੇ ਲਿਖਦੇ ਹਨ ਕਿ ਜੇਕਰ ਸੱਚੀ ਤਾਂ ਹਾਂ ਚੈਨਲ 'ਤੇ ਜਾਵਾਂ, ਹਾਸਾ ਆਇਆ ਕਿ ਕੀ ਅਖ਼ਬਾਰ ਵਿੱਚ ਲਿਖਣਾ ਝੂਠ ਤੇ ਕੇਵਲ ਚੈਨਲ 'ਤੇ ਸੱਚ, ਸਾਰੀ ਵਾਰਤਾ ਤੋਂ ਪੜ੍ਹਕੇ ਅਨੁਮਾਨ ਲਾ ਹੀ ਸਕਦੇ ਹਾਂ ਕਿ ਇਹ ਕੌਣ ਹੋ ਸਕਦਾ ਹੈ, ਰਹੀ ਗੱਲ ਲਿਖਤਾਂ ਨੂੰ ਬੇਅਦਬੀ ਦੱਸਣਾ ਅਕਲ ਦਾ ਜਨਾਜ਼ਾ ਉਹਦਾ ਹੈ ਮੇਰਾ ਨਹੀਂ, ਆਪ ਜੀ ਦੇ ਫੁੱਟ ਨੋਟ ਵਿੱਚ ਸਪੱਸ਼ਟ ਹੈ ਕਿ ਕੋਈ ਭੀ ਲਿਖਤ ਨਾਉਂ ਐਡਰੈਸ ਬਗੈਰ ਛਾਪਣ ਤੋਂ ਅਸਮਰਥ, ਮੈਨੂੰ ਤਾਂ ਚੈਨਲ 'ਤੇ ਜਨਤਾ ਅੱਗੇ ਹੋਣ ਲਈ ਹੁਕਮ ਆਪ ਨਾਉਂ ਭੀ ਨਹੀਂ, ਲੱਗਦਾ ਇਨ੍ਹਾਂ ਨੂੰ ਅੰਦਰੋਂ ਘੁਣ ਖਾਂਦਾ ਹੈ ਕਿ ਅਸੀਂ ਸ਼ਰਨਾਰਥੀ ਕਿਵੇਂ? ਹੋਰ ਕਿ ਲੱਗਦਾ ਹੈ ਨਰ੍ਹਾਤਾ ਬੀਮਾਰੀ ਹੁੰਦੀ ਹੈ ਤੇ ਸਾਵਣ ਦੇ ਅੰਨੇ ਨੂੰ ਹਰਾ ਹਰਾ, ਅੱਜ ਸਿੱਖਾਂ ਵਿੱਚ ਬੇਅਦ-ਬੀ ਅੱਖਰ ਅਕਲ ਹੀਣ ਬੁਝਾਰਤਾਂ ਹਨ ਸਿਆਣੇ ਲੇਖਕ ਜੀ (ਗੁਰੂ-ਸਾਹਬਾਂ) ਦੇ ਨਾਉਂ ਸਿੰਘ ਕੌਰ ਹੁਣ ਨਾ ਰੱਖਣ ਬੈਠ ਜਾਇਉ ਇਤਿਹਾਸ ਨਹੀਂ ਬਨਣਾ ਮੈਂ ਕਦੀ ਇਤਿਹਾਸਕਾਰ ਨਹੀਂ ਲਿਖਿਆ ਆਪ ਨੂੰ ਨਾ ਹੀ ਆਪਣੇ ਕੋਲੋਂ ਪੁਰਾਤਨ ਹਿਸਟਰੀ ਲਿਖੀ ਹੈ ਜੋ ਹੈ, ਸੀ ਤੇ ਪੜ੍ਹਿਆ ਮੈਂ ਗੁੱਜਰ ਕੌਰ, ਸੁੰਦਰ ਕੌਰ, ਸਾਹਬ ਕੌਰ ਨਹੀਂ ਗੁਰਦਾਨਿਆ, ਇਤਿਹਾਸਕ ਤੱਥ ਤਾਂ ਤੁਹਾਡੇ ਵਰਗੇ ਹਿਤੂ ਵਗਾੜ ਰਹੇ ਹਨ, ਪ੍ਰਚਾਰਕ ਕੀ ਬੋਲਣ ਕਿ ਕੀ (ਗੁਰੂ ਨਾਨਕ ਦੇਵ) ਜੀ ਫਲਾਸਫੀ ਜੋ ਪਖੰਡਵਾਦ ਨੂੰ ਨਿਕਾਰਦੀ ਹੈ ਬੇਈਂ ਵਿੱਚ ਭਗਤੀ ਕਰਨਗੇ? ਇਹ ਰਲ੍ਹਗੱਡ ਵਿਰੁੱਧ ਜੋ ਡੇਰੇਦਾਰਾਂ, ਸਾਧਾਂ ਤੇ ਟਕਸਾਲੀ ਬਣ ਬਣ ਕੇ ਸਿੱਖ ਧਰਮ ਨੂੰ ਰਲ੍ਹਾਵਟ ਬਣਾ ਰਹੇ ਹਨ, ਧਾਰਮਿਕ ਅਸਥਿਰਤਾ ਲਿਆ ਰਹੇ ਹਨ ਉਨ੍ਹਾਂ ਵਿਰੁੱਧ ਹੋਣ ਦੀ ਥਾਂ ਬੀਬੀ ਨੂੰ ਭੰਡੋ ਝੂਠ ਚਲਾਵੋ, ਕੀ ਪਰਚਾ ਊਲ ਜਲੂਲ ਛਾਪੂ, ਵਿਦਵਾਨ ਤੇ ਚੈਨਲੀ ਬੁਧੀਮਾਨਾਂ ਦੇ ਮਗਰ ਲੱਗੂ, ਅਖ਼ਬਾਰ ਇਤਿਹਾਸ ਦੀ ਨਿੱਕੀ ਕਹਾਣੀ ਬਣਾ ਕੇ ਪ੍ਰਸਾਰਨ ਕਰਦੇ ਹਨ, ਗੁਣੀਵਾਨ ਜੀਓ ਕੀ ਕਿੰਤੂ ਕਰਨ ਤੋਂ ਪਹਿਲਾਂ ਇਹ ਸਿੱਧ ਕਰਨ ਕਿ ਅਖੰਡ ਪਾਠ ਨੀਅਤ ਸਮੇਂ 'ਤੇ ਹਰ ਪਾਠੀ ਦੀ ਸਪੀਡ ਸੰਗਤਾਂ ਨੂੰ ਗੁਰਬਾਣੀ ਸਮਝ ਤੇ ਆਦਰ ਸਤਿਕਾਰ ਨਾਲ ਪੜ੍ਹ ਹੁੰਦੀ ਹੈ, ਮੈਂ ਤਾਂ ਆਪ 30 ਸਾਲ ਰੌਲਾਂ ਲਾਈਆਂ, ਅੱਜ ਤੱਕ ਸਮਝ ਨਹੀਂ ਸਕੀ ਸਾਰੇ (ਗੁਰੂ ਗ੍ਰੰਥ ਸਾਹਬ) ਹੋਰ ਸੁਣੋ ਹੁਣ ਕੀ ਗੁਰੂ-ਗ੍ਰੰਥ ਸਾਹਬ, ਪਾਲਕੀ ਸਾਹਬ, ਚੌਰ ਸਾਹਬ, ਰੁਮਾਲੇ ਸਾਹਬ, ਫੇਰ ਜੀ ਘੰਟੇ ਦੀ ਸੇਵਾ ਲਵੋ, ਚੰਦੋਆ ਸਾਹਬ ਦੀ ਸੇਵਾ ਲਵੋ, ਇਹ ਗੁਰਮਰਿਯਾਦਾ ਹੈ, ਰਹਿਤ ਨਾਮੇ, ਮਰਿਯਾਦਾ ਤੇ ਸਿੱਖੀ ਕੇਵਲ ਦਿੱਖ ਨੂੰ ਹੀ ਮਾਨਤਾ ਅਦਬ ਹੈ? ਜਾਂ ਧਰਮ, ਕੀ ਗੁਰੂ ਸਾਹਬਾਂ ਨੇ ਇਹ ਪ੍ਰਥਾ ਚਲਾਈ ਜਾਂ ਤੁਹਾਡੇ ਵਰਗੇ ਮਹਾਰਥੀਆਂ ਭਾਈ ਗਊ ਦੇ ਵਛੜੇ, ਦੁੱਧ, ਖੇਤੀ ਨਿਰਭਰਤਾ ਹਲਕੇ ਦੁੱਧ ਦੀ ਵਰਤੋਂ ਬੀਮਾਰ ਲਈ ਆਦਿ ਮੈਂ ਤਾਂ ਸਭ ਕੁਝ ਇਹ ਲਾਹੇ ਦੇਖੇ ਮਾਣੇ ਹਨ ਤੁਸੀਂ ਗਊ ਨੂੰ ਦੁਸ਼ਮਣ ਮੰਨੋ ਮੈਨੂੰ ਕੀ ਦੁੱਖ, ਮੈਂ ਤਾਂ ਆਪਣਾ ਅਕੀਦਾ ਰੱਖਣਾ ਤੇ ਮੈਂ ਪ੍ਰਮਾਤਮਾਂ ਤੇ ਉਹਦੀ ਸ੍ਰਿਸ਼ਟੀ ਤੇ ਰਚਨਾ 'ਤੇ ਵਿਸ਼ਵਾਸ਼ੀ ਹਾਂ, ਕਿਸੇ ਬਾਬੇ, ਮਹਾਂਪੁਰਸ਼ ਦੀ ਪੈਰੋਕਾਰ ਨਹੀਂ ਹਾਂ ਮੈਂ ਗੁਰੂਆਂ ਨੂੰ ਪਰਮ-ਮਨੁੱਖ ਸਾਡੇ ਤੋਂ ਉਪਰ ਲੋਕ ਸੇਵਕ ਤੇ ਵੇਲੇ ਦੇ ਕੁਰੀਤੀ ਵਿਰੋਧੀ ਭਿੜਨ ਵਾਲੇ ਮੰਨਦੀ ਹਾਂ, ਪੂਜਦੀ ਨਹੀਂ ਸਿਖਿਆ ਨੂੰ ਮੰਨਣ ਦੀ ਕੋਸ਼ਿਸ਼ ਕਰਦੀ ਹਾਂ, ਨਹੀਂ ਦਾਅਵੇਦਾਰ ਕਿ ਗੁਰਮੁੱਖ ਹਾਂ ਗੁਰਸਿੱਖ ਹਾਂ ਪਾਅ ਪਾਸਕ ਭੀ ਨਹੀਂ, ਤੁਸੀਂ ਹੋ, ਰਹੋ ਪਰ ਮੈਂ ਆਹ ਅਖੌਤੀ ਬੁਧੀਮਾਨਾਂ ਨੂੰ ਭੀ ਬੁੱਧੂਮਾਨ ਹੀ ਮੰਨਦੀ ਹਾਂ, ਗਿਆਨੀ ਦਿੱਤ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਹੁਣ ਤਾਂ ਬੜੇ ਮੂਹਰੇ ਨਿਕਲੇ ਵਿਅਕਤੀ ਹਨ, ਗੋਸ਼ਟੀਆਂ ਹਰ ਪਹਿਲੂ 'ਤੇ ਹਨ ਕੇਵਲ ਆਹ ਚਿੜੀਕਾਂ ਨੂੰ ਘੜੀਸੀ ਜਾਂਦੀ ਸੀ ਸਾਖੀਆਂ ਦੀ ਮੈਂ ਚੈਨਲ 'ਤੇ ਬਹਿਸ ਕਰਨ ਨੂੰ ਸਮਾਂ ਬਰਬਾਦ ਮੰਨਦੀ ਹਾਂ, ਫੇਰ ਪ੍ਰੋਗਰਾਮ ਵਿੱਚ ਟੈਲੀਫੂਨ ਸੁਵਿਧਾ ਦੇਣ ਨਾ ਕਿ ਬੱਸ ਜੀ ਦੱਸਿਉ ਕਿਹੋ ਜਿਹਾ ਲੱਗਿਆ, ਮੇਰੀਆਂ ਤਾਂ ਲਿਖਤਾਂ ਹਨ ਆਪਣੇ ਵਿਚਾਰ ਭੀ ਹਨ ਤੇ ਤੱਥ ਸਬੂਤ ਲੱਭੋ ਉਕਰੇ ਹਨ ਬੇਅਦਬੀ ਤੁਸੀਂ ਲੋਕ ਕਰ ਰਹੇ ਹੋ ਮੈਂ ਨਹੀਂ।

ਹਾਂ ਪੁਰੇਵਾਲ ਸਾਹਬ ਮੇਰਾ ਹੱਕ ਬਣਦਾ ਹੈ ਕਿ ਮੈਂ ਲੱਗੇ ਦੂਸ਼ਣਾਂ ਦੇ ਸਬੂਤ ਮੰਗਾਂ ਭਾਵੇਂ ਬਾਦਲ-ਪੀੜਾਂ ਤੋਂ ਸਤੇ ਇਸ ਮਰਜ਼ ਦੀ ਦਾਰੂ ਕੋਈ ਨੀ, ਪਰ ਚੁਰਾਸੀ ਦਾ ਘੋਰ ਕਤਲੇਆਮ ਮਸੂਮਾਂ ਦਾ ਖੂਨ, ਮੁਕੱਦਸ ਤੋਪਾਂ-ਟੈਂਕਾਂ ਨਾਲ ਢਹਿ ਢੇਰੀ ਦਾ ਕੋਈ ਦੁਖਾਂਤ ਕਦੇ ਨਹੀਂ ਸਤਾਉਂਦਾ ਤੇ ਕਾਂਗਰਸ ਦਾ ਕੋਈ ਕਸੂਰ ਨਹੀਂ, ਚਲੋ ਉਹਨੇ ਤਾਂ ਪੰਜਾਬ ਤੋਂ ਵਿਦੇਸ਼ੀ ਪਹੁੰਚਾ ਤੇ, ਮੇਰਾ ਇਥੇ ਇਹ ਲਿਖਣਾ ਹੈ ਕਿ ਮੈਂ ਜੋ ਲਿਖਿਆ, ਉਹ ਕਿਤਾਬਾਂ ਵਿੱਚ ਪਿਆ ਹੈ, ਹਾਂ ਮੈਂ ਛੋਟਾ ਕਰਕੇ ਪਰਚੇ ਵਿੱਚ ਉਕਰ ਕੇ ਸਾਹਮਣੇ ਲਿਆਂਦਾ, ਜਰੂਰ ਬੇਨਤੀ ਕਰੂੰਗੀ ਕਿ ਪਰਚਾ ਪੜ੍ਹੋ ਖਰੀਦ ਕੇ ਘੱਟੋ ਘੱਟ ਮੇਰੇ ਵਿਰੋਧ ਕਰਕੇ ਹੀ ਇਹ ਵਿਧੀ ਅਪਣਾ ਲੋ ਤੇ ਆਪਣੇ ਸਬੰਧੀਆਂ ਨੂੰ ਗੁਰੂ-ਘਰਾਂ ਨੂੰ ਪਰੇਰੋ, ਪਰ ਸਬੂਤ ਪੇਸ਼ ਕਰੋ, ਮੈਨੂੰ ਅਕਾਲੀ ਦਲ ਨੇ ਸੰਕਟ ਵਿੱਚੋਂ ਕੱਢਿਆ, ਆਰ. ਐਸ. ਐਸ. ਦੇ ਗੁਣ ਗਾਇਣ, ਸੁਖਬਲਾਸ ਵਿੱਚ ਜਾ ਕੇ ਠਹਿਰ, ਲਾਹੇ ਲਾਭ ਆਦਿ ਨਹੀਂ ਤਾਂ ਕਿਸੇ ਭੀ ਸਮਾਜ-ਸਧਾਰੂ ਨੂੰ ਭੰਡਣ, ਬਦਨਾਮ ਤੇ ਚੁੱਪ ਕਰਾਉਣ ਲਈ ਇਹ ਹੁੜਵੇ ਨਵੀਂ ਗੱਲ ਨਹੀਂ, (ਗੁਰੂ ਨਾਨਕ ਦੇਵ) ਨੂੰ ਕੀ ਕੁਰਾਹੀਆਂ ਨਹੀਂ ਸੀ ਕਿਹਾ ਉਸ ਵੇਲੇ, ਮੈਂ ਤਾਂ ਕੀ ਸ਼ੈਅ ਹਾਂ, ਬੇਅਦਬੀ ਤਾਂ ਇਕ ਚਰਕ ਠੂੰਡਾ ਲੱਭ ਗਿਆ, ਵਰਤੀ ਜਾਂਦੇ ਨੇ ਭਾਵੇਂ ਧਰਮ ਦੀ ਆਪੱਤੀ ਹੁੰਦੀ ਹੈ। ਇਹ ਲੋਕ ਪ੍ਰਾਪੇਗੰਡੇ ਦੇ ਭਗਤ ਹਨ, ਮੈਂ ਬੇਅਦਬੀ ਵਾਲੀ ਕਿਹੜੀ ਲਿਖਤ ਰੱਖੀ ਹੈ, ਮੈਂ ਆਪਣੇ ਨਾਉਂ ਨਾਲ ਭੇਜਦੀ ਹਾਂ, ਨਾ ਕਦੀ ਕਹਿੰਦੀ ਹਾਂ ਫਲਾਣਿਆਂ ਨੂੰ ਆਹ ਲਿਖ ਜਾਂ ਆ ਚੈਨਲ 'ਤੇ ਜਾਹ ਚੈਨਲ 'ਤੇ ਵਿਚਾਰ ਵਟਾਂਦਰੇ ਬੜੇ ਪਹਿਲੂਆਂ 'ਤੇ ਹਨ ਕੋਈ ਸਾਰਥਕ ਮੁੱਦਾ ਹੋਵੇ ਤਾਂ ਭਾਗ ਲਵਾਂ ਨਾਲੇ ਮੈਂ ਤਾਂ ਕੇਵਲ ਸਿੱਖ ਲੇਖਕ ਨਹੀਂ, ਸਮਾਜ ਤੇ ਭਾਈਚਾਰਕ ਭਲਾਈ ਸੁਧਾਰ 'ਤੇ ਪ੍ਰਤੀਕਰਮ ਦਿੰਦੀ ਹਾਂ, ਨਾ ਕਿਸੇ ਲੇਖਕ ਦੀ ਪ੍ਰਸ਼ੰਸਾ ਕਰਕੇ ਆਪਣਾ ਪੱਖ ਸਿੱਧ ਕਰਦੀ ਹਾਂ, ਮੈਂ ਅਲੋਚਕ ਹਾਂ ਨਿਰੀਖਣ ਕਰਨਾ ਮੇਰਾ ਧੁਰਾ ਹੈ, ਥੋੜ੍ਹਾ ਪੱਤਰਕਾਰੀ ਦੀ ਤਰਜ਼ 'ਤੇ ਵਰਤਮਾਨ ਨੂੰ ਭਵਿੱਖ ਲਈ ਤੇ ਭੂਤਕਾਲ ਮੁਕਾਬਲੇ ਕਰਕੇ ਨੌਜਵਾਨ ਪੀੜੀ ਲਈ ਚਿੰਤਕ ਹਾਂ, ਜੋ ਇਸ ਵੇਲੇ ਅਵੇਸਲੇ ਹੀ ਨਹੀਂ ਸਗੋਂ ਦੂਰ ਹੋ ਰਹੇ ਹਨ! ਕਾਰਨ ਧਰਮ ਨੂੰ ਰੱਲਗੱਡ ਸਾਧਾਂ ਦੀਆਂ ਰੀਤਾਂ, ਲੀਹਾਂ ਤੇ ਪ੍ਰਚਾਰ ਨੂੰ ਸੁਣ ਕੇ ਸੂਝਵਾਨ ਪੜ੍ਹੇ ਲਿਖੇ ਨਿਕਾਰ ਰਹੇ ਹਨ, ਨਿੱਜੀ ਸੁਆਰਥ ਪਸਾਰ ਰਹੇ ਹਨ, ਕੁਝ ਗੁਰੂ ਗ੍ਰੰਥ ਵਿੱਚੋਂ ਤੇ ਇਕ ਨੌਜਵਾਨ ਨਾਵਲਿਸਟ ਦੀ ਲਿਖਤ ਪੜ੍ਹਕੇ ਮੇਰਾ ਸੁਨੇਹਾ ਸ਼ਾਇਦ ਸਮਝ ਆ ਜਾਵੇ ਸੁਹਿਰਦ ਪਾਠਕ ਸਹਿਮਤੀ ਹੋਵੇਗੀ, ਅੰਤ ਵਿੱਚ ਸਬੂਤ ਦੇਣੇ ਤੁਹਾਡੇ ਲਈ ਸਹਾਈ ਹੋਣਗੇ, ਅੱਗੋਂ ਸੁਧਰੋ।

ਆਪੁ ਗਏ ਅਉਰਨ ਹੂ ਖੋਵਹਿ ॥ (332-7, ਗਉੜੀ ਚੇਤੀ, ਭਗਤ ਕਬੀਰ ਜੀ)

They themselves are lost, and they mislead others as well (Sri Guru Granth Sahib ji, 332-7)

The further a society drifts from truth the more it will hate those who speak it.

If liberty means anything at all, it means the right to tell people what they do not want to hear.

George Orwell, Pen-name of Eric Arthur Blair (1903-1950)

English novelist, Essayist, Critic & Human rights activist.

**-ਬਲਵਿੰਦਰ ਕੌਰ ਚਾਹਲ ਸਾਊਥਾਲ**

# ਸੰਨੀ ਦਿਉਲ ਲੋਕਾਂ ਦੇ ਹੀਰੋ ਨਹੀਂ ਬਣ ਸਕੇ

## ✪ ਆਪਣੇ ਹਲਕੇ 'ਚ ਹੀ ਫਲਾਪ ਰਿਹਾ ਬਾਲੀਵੁੱਡ ਦਾ ਸੁਪਰ ਹਿੱਟ ਹੀਰੋ ਸੰਨੀ ਦਿਓਲ

ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੰਨੀ ਦਿਓਲ ਫਿਲਮਾਂ 'ਚ ਦਰਸ਼ਕਾਂ ਨੂੰ ਪ੍ਰਭਾਵਿਤ ਕਰਨ 'ਚ ਤਾਂ ਸਫਲ ਰਹੇ ਹਨ ਪਰ ਆਪਣੇ ਹਲਕੇ ਦੇ ਲੋਕਾਂ ਨੂੰ ਪ੍ਰਭਾਵਿਤ ਕਰਨ 'ਚ ਪੂਰੀ ਤਰ੍ਹਾਂ ਅਸਫਲ ਰਹੇ ਹਨ। ਸੰਨੀ ਦਿਓਲ ਨੇ 17ਵੀਂ ਲੋਕ ਸਭਾ ਦੇ ਹੁਣ ਤੱਕ ਦੇ 12 ਸੈਸ਼ਨਾਂ 'ਚ ਸਿਰਫ ਇਕ ਸਵਾਲ ਪੁੱਛਿਆ ਹੈ ਜਦਕਿ ਸੰਸਦ ਵਿਚ ਉਨ੍ਹਾਂ ਦੀ ਹਾਜ਼ਰੀ ਸਿਰਫ 18 ਫੀਸਦੀ ਰਹੀ। ਲੋਕ ਸਭਾ ਹਲਕੇ ਤੋਂ ਉਨ੍ਹਾਂ ਦੀ ਗ਼ੈਰਹਾਜ਼ਰੀ ਕਾਰਨ ਉਨ੍ਹਾਂ ਨੂੰ ਕਈ ਵਾਰ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇੱਥੋਂ ਤੱਕ ਕਿ ਉਨ੍ਹਾਂ ਦੇ ਲਾਪਤਾ ਹੋਣ ਦੇ ਪੋਸਟਰ ਵੀ ਲਗਾਏ ਜਾਂਦੇ ਰਹੇ। ਆਪਣੇ ਕਾਰਜਕਾਲ ਦੌਰਾਨ ਸੰਸਦ ਮੈਂਬਰ ਹਲਕੇ ਨਾਲ ਸਬੰਧਤ ਸਿਰਫ਼ ਇੱਕ ਹੀ ਮਸਲਾ ਹੱਲ ਕਰਨ ਵਿੱਚ ਸਫ਼ਲ ਰਹੇ, ਜਿਸ ਵਿੱਚ ਮਕੌੜਾ ਪੱਤਣ ਅਤੇ ਕੀੜੀ ਪੁਲ ਸ਼ਾਮਲ ਹਨ।

### ਫਿਲਮਾਂ 'ਚ ਹਿੱਟ, ਹਲਕੇ 'ਚ ਫਲਾਪ

ਸੰਸਦ ਮੈਂਬਰ ਰਾਸ਼ਟਰੀ ਪੱਧਰ 'ਤੇ ਸੰਸਦ 'ਚ ਕੋਈ ਮੁੱਦਾ ਉਠਾਉਣ 'ਚ ਅਸਫਲ ਰਹੇ ਕਿਉਂਕਿ ਉਨ੍ਹਾਂ ਦੀ ਮੌਜੂਦਗੀ ਘੱਟ ਸੀ। ਇਸ ਦਾ ਮੁੱਖ ਕਾਰਨ ਇਹ ਸੀ ਕਿ ਸੰਸਦ ਮੈਂਬਰ ਬਣਨ ਤੋਂ ਬਾਅਦ ਵੀ ਉਹ ਆਪਣੇ ਐਕਟਿੰਗ ਕਰੀਅਰ ਨੂੰ ਨਿਖਾਰਨ ਵਿਚ ਰੁੱਝੇ ਰਹੇ। ਹਾਲਾਂਕਿ ਉਨ੍ਹਾਂ ਦੀਆਂ ਫਿਲਮਾਂ ਲਗਾਤਾਰ ਹਿੱਟ ਹੁੰਦੀਆਂ ਰਹੀਆਂ ਪਰ ਉਹ ਹਲਕੇ ਵਿੱਚ ਪੂਰੀ ਤਰ੍ਹਾਂ ਫਲਾਪ ਰਹੇ।

### ਨਹੀਂ ਪਿਆ ਕੋਸ਼ਿਸ਼ਾਂ ਨੂੰ ਬੂਰ

ਇਸੇ ਤਰ੍ਹਾਂ ਉਨ੍ਹਾਂ ਨੇ ਸਾਬਕਾ ਸੰਸਦ ਮੈਂਬਰ ਵਿਨੋਦ ਖੰਨਾ ਵੱਲੋਂ ਸ਼ੁਰੂ ਕੀਤੇ ਗਏ ਦੀਨਾਨਗਰ ਵਿੱਚ ਆਈਕੇਜੀ ਪੀਟੀਯੂ ਸੈਂਟਰ



ਦੋਦਵਾਂ ਦਾ ਸੂਬਾ ਪੱਧਰ 'ਤੇ ਮੁੱਦਾ ਵੀ ਉਠਾਇਆ। 2019 ਵਿੱਚ ਉਨ੍ਹਾਂ ਨੇ ਸੈਂਟਰ ਵਿੱਚ ਕੋਰਸ ਦੁਬਾਰਾ ਸ਼ੁਰੂ ਕਰਨ ਲਈ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇੱਕ ਪੱਤਰ ਲਿਖਿਆ। ਇਸ ਤੋਂ ਇਲਾਵਾ ਉਨ੍ਹਾਂ ਸਾਲ 2020 ਵਿੱਚ ਕੇਂਦਰੀ ਮਨੁੱਖੀ ਸਰੋਤ ਮੰਤਰੀ ਰਮੇਸ਼ ਪੋਖਰਿਆਲ ਅਤੇ ਸਾਲ 2022 ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖਿਆ ਸੀ। ਪਰ ਇਨ੍ਹਾਂ ਦਾ ਕੋਈ ਅਸਰ ਨਹੀਂ ਹੋਇਆ ਅਤੇ ਸੈਂਟਰ ਦਾ ਕੰਮ ਠੱਪ ਹੋ ਗਿਆ।

### ਕੁਲ 10 ਕਰੋੜ 'ਚੋਂ ਖਰਚ ਕੀਤੇ 8 ਕਰੋੜ

ਇਸ ਤੋਂ ਇਲਾਵਾ ਕੌਮੀ ਅਤੇ ਸੂਬਾ ਪੱਧਰੀ ਮਾਮਲਿਆਂ ਵਾਂਗ ਜ਼ਿਲ੍ਹੇ ਵਿੱਚ ਵੀ ਸੰਨੀ ਦਿਓਲ ਦੀ ਭੂਮਿਕਾ ਤਸੱਲੀਬਖਸ਼ ਨਹੀਂ ਰਹੀ ਕਿਉਂਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਸਿਰਫ਼ ਇੱਕ ਮੀਟਿੰਗ ਕੀਤੀ ਸੀ। ਹਾਲਾਂਕਿ ਸੰਨੀ ਦਿਓਲ ਨੂੰ ਮਿਲੇ 10 ਕਰੋੜ ਰੁਪਏ ਦੇ ਸੰਸਦ ਫੰਡ 'ਚੋਂ 8 ਕਰੋੜ ਰੁਪਏ ਵੱਖ-ਵੱਖ ਵਿਕਾਸ ਕਾਰਜਾਂ 'ਤੇ ਖਰਚ ਕੀਤੇ ਗਏ ਹਨ।

### ਇਹ ਮੁੱਦੇ ਉਠਾਏ

ਸੰਨੀ ਦਿਓਲ ਨੇ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕੀਤੀ ਅਤੇ ਪਠਾਨਕੋਟ ਅਤੇ ਗੁਰਦਾਸਪੁਰ ਵਿੱਚ 2 ਹਾਈ ਲੈਵਲ ਬ੍ਰਿਜ ਬਣਾਉਣ ਬਾਰੇ ਚਰਚਾ ਕੀਤੀ। ਇਨ੍ਹਾਂ 'ਚੋਂ ਇਕ ਪੁਲ ਮਕੌੜਾ ਪੱਤਣ 'ਤੇ ਅਤੇ ਦੂਜਾ ਕੀੜੀ 'ਤੇ ਬਣੇਗਾ। ਦੋਵਾਂ ਪੁਲਾਂ 'ਤੇ 132.68 ਕਰੋੜ ਰੁਪਏ ਖਰਚ ਕੀਤੇ ਜਾਣੇ ਹਨ। ਇਨ੍ਹਾਂ ਵਿੱਚੋਂ ਮਕੌੜਾ ਪੱਤਣ 'ਤੇ 69.88 ਕਰੋੜ ਰੁਪਏ ਦੀ ਲਾਗਤ ਵਾਲੇ ਉੱਚ ਪੱਧਰੀ ਪੁਲ ਨੂੰ ਮਨਜ਼ੂਰੀ ਦਿੱਤੀ ਗਈ ਹੈ ਜਿਸ ਲਈ ਪੈਸਾ ਜਾਰੀ ਹੋਣ ਤੋਂ ਬਾਅਦ ਸੂਬਾ ਸਰਕਾਰ ਨੇ ਕੁਝ ਸਮਾਂ ਪਹਿਲਾਂ ਇਸ ਦੇ ਨਿਰਮਾਣ ਲਈ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਸੀ। ਇਸ ਦੇ ਨਿਰਮਾਣ ਨਾਲ ਦਰਿਆ ਪਾਰ ਰਹਿਣ ਵਾਲੇ ਸੱਤ ਪਿੰਡਾਂ ਦੇ ਅੱਠ ਹਜ਼ਾਰ ਲੋਕਾਂ ਨੂੰ ਫਾਇਦਾ ਹੋਵੇਗਾ। ਦੂਜੇ ਪੁਲ 'ਤੇ 62.79 ਕਰੋੜ ਰੁਪਏ ਖਰਚ ਕੀਤੇ ਜਾਣਗੇ ਜਿਸ ਦੇ ਨਿਰਮਾਣ ਲਈ ਫਿਲਹਾਲ ਕੋਈ ਕੰਮ ਸ਼ੁਰੂ ਨਹੀਂ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੰਨੀ ਦਿਓਲ ਨੇ ਕੇਂਦਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕਰਕੇ ਆਪਣੇ ਇਲਾਕੇ ਦੀਆਂ ਸੜਕਾਂ ਅਤੇ ਆਵਾਜਾਈ ਨੂੰ ਸੁਧਾਰਨ ਦੀ ਮੰਗ ਕੀਤੀ ਸੀ। ਹਾਲਾਂਕਿ ਇਸ ਦਿਸ਼ਾ ਵਿੱਚ ਵੀ ਕੋਈ ਮਹੱਤਵਪੂਰਨ ਕੰਮ ਨਹੀਂ ਹੋਇਆ ਹੈ।


ਇਸ ਤੋਂ ਇਲਾਵਾ ਇਲਾਕੇ ਵਿੱਚ ਆਈਆਈਐੱਮ ਅਤੇ ਪੀਜੀਆਈ ਸੈਂਟਰਾਂ ਦੀ ਮੰਗ ਨੂੰ ਲੈ ਕੇ ਸੰਸਦ ਮੈਂਬਰ ਨੇ ਕੇਂਦਰੀ ਸਿਹਤ ਮੰਤਰੀ ਡਾ. ਮਨਸੁਖ ਮਾਂਡਵੀਆ ਨਾਲ ਵੀ ਮੁਲਾਕਾਤ ਕੀਤੀ ਸੀ। ਇਸ ਦੌਰਾਨ ਉਨ੍ਹਾਂ ਹਲਕਾ ਗੁਰਦਾਸਪੁਰ ਅਤੇ ਉਥੋਂ ਦੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਬੰਧੀ ਸੇਵਾਵਾਂ ਬਾਰੇ ਵਿਚਾਰ-ਵਟਾਂਦਰਾ ਕਰਦਿਆਂ ਹਲਕੇ ਵਿੱਚ ਏਮਜ਼ ਜਾਂ ਪੀਜੀਆਈ ਸੈਟੇਲਾਈਟ ਸੈਂਟਰ ਸਥਾਪਤ ਕਰਨ ਦਾ ਮੁੱਦਾ ਉਠਾਇਆ। ਕੇਂਦਰੀ ਮੰਤਰੀ ਨੇ ਹਾਂ ਪੱਖੀ ਹੁੰਗਾਰਾ ਦੇ ਕੇ ਉਨ੍ਹਾਂ ਦੀ ਮੰਗ ਪੂਰੀ ਕਰਨ ਦਾ ਵਾਅਦਾ ਕੀਤਾ ਸੀ ਪਰ ਗੱਲ ਅੱਗੇ ਨਹੀਂ ਵਧ ਸਕੀ।

ਧਾਰੀਵਾਲ ਵੂਲਨ ਮਿੱਲ ਦੀ ਮੁਰੰਮਤ ਦਾ ਮੁੱਦਾ ਲੰਬੇ ਸਮੇਂ ਤੋਂ ਉਠਦਾ ਆ ਰਿਹਾ ਹੈ। ਸੰਸਦ ਮੈਂਬਰ ਨੇ ਇਸ ਮਿੱਲ ਨੂੰ ਮੁੜ ਚਾਲੂ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਪਰ 39 ਮਹੀਨਿਆਂ ਤੋਂ ਰੁਕੀਆਂ ਮਿੱਲ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਮੁੱਦਾ ਕੇਂਦਰੀ ਵਣਜ, ਉਦਯੋਗ ਅਤੇ ਕੱਪੜਾ ਮੰਤਰੀ ਪੀਯੂਸ਼ ਗੋਇਲ ਕੋਲ ਉਠਾਇਆ। ਉਨ੍ਹਾਂ ਦੇ ਯਤਨਾਂ ਸਦਕਾ ਮਿੱਲ ਮੁਲਾਜ਼ਮਾਂ ਦੀ ਨੌਂ ਮਹੀਨਿਆਂ ਦੀ ਤਨਖਾਹ ਜਾਰੀ ਕੀਤੀ ਗਈ। ਹਾਲਾਂਕਿ ਜੇਕਰ ਇਹ ਮਿੱਲ ਮੁੜ ਚਾਲੂ ਹੋ ਜਾਂਦੀ ਤਾਂ ਇਲਾਕੇ ਦੇ ਸੈਂਕੜੇ ਲੋਕਾਂ ਨੂੰ ਰੁਜ਼ਗਾਰ ਮਿਲ ਸਕਦਾ ਸੀ ਪਰ ਸੰਸਦ ਮੈਂਬਰ ਆਪਣੇ ਕਾਰਜਕਾਲ ਦੌਰਾਨ ਅਜਿਹਾ ਕੁਝ ਨਹੀਂ ਕਰ ਸਕੇ।

### ਇਹਨਾਂ ਮੁੱਦਿਆਂ ਨੂੰ ਨਜ਼ਰਅੰਦਾਜ਼ ਕੀਤਾ

ਸਾਂਸਦ ਨੇ ਕਾਦੀਆਂ-ਬਿਆਸ ਰੇਲਵੇ ਲਾਈਨ ਪ੍ਰਾਜੈਕਟ, ਬੇਟ ਖੇਤਰ ਵਿੱਚ ਸੇਮ ਦੀ ਸਮੱਸਿਆ, ਜ਼ਿਲ੍ਹੇ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ, ਬਟਾਲਾ ਸਟੀਲ ਇੰਡਸਟਰੀ ਦੇ ਨਵੀਨੀਕਰਨ ਆਦਿ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ ਜੋ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਮੁੱਦੇ ਸਨ।

## ਬਾਲੀਵੁੱਡ ਅਦਾਕਾਰ ਅਮਿਤਾਭ ਬੱਚਨ ਨੇ ਐਂਜੀਓਪਲਾਸਟੀ ਕਰਵਾਈ



ਮੁੰਬਈ-ਬਾਲੀਵੁੱਡ ਅਦਾਕਾਰ ਅਮਿਤਾਭ ਬਚਨ ਨੂੰ ਤਬੀਅਤ ਖਰਾਬ ਹੋਣ ਦੇ ਬਾਅਦ ਮੁੰਬਈ ਦੇ ਕੋਕਿਲਾਬੇਨ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿਥੇ ਉਨ੍ਹਾਂ ਦੀ ਐਂਜੀਓਪਲਾਸਟੀ ਕੀਤੀ ਗਈ। ਛੇ ਘੰਟਿਆਂ ਬਾਅਦ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ। ਵੇਰਵਿਆਂ ਅਨੁਸਾਰ ਸਰਜਰੀ ਦਿਲ ਦੀ ਨਹੀਂ ਬਲਕਿ ਪੈਰੀਫਿਰਲ 'ਤੇ ਕੀਤੀ ਗਈ ਸੀ ਅਤੇ ਐਂਜੀਓਪਲਾਸਟੀ ਉਨ੍ਹਾਂ ਦੀ ਲੱਤ 'ਤੇ ਕੁਝ ਥੱਕਿਆਂ 'ਤੇ ਕੀਤੀ ਗਈ ਸੀ। ਫਿਲਮ 'ਸ਼ੋਅਲੇ' ਦੇ ਅਦਾਕਾਰ ਪਿਛਲੇ ਕੁਝ ਸਮੇਂ ਤੋਂ ਕਈ ਛੋਟੀਆਂ ਵੱਡੀਆਂ ਸਿਹਤ ਸਮੱਸਿਆਵਾਂ ਨਾਲ ਜੂਝ ਰਹੇ ਹਨ।

## ਆਲੀਆ ਭੱਟ, ਕੋਲ ਹੈ ਕਰੋੜਾਂ ਦੀ ਜਾਇਦਾਦ ਤੇ ਅਨੇਕਾਂ ਕਾਰੋਬਾਰ

ਬਾਲੀਵੁੱਡ ਦੀ ਸੁਪਰਹਿੱਟ ਅਦਾਕਾਰਾ ਆਲੀਆ ਭੱਟ ਨੇ ਆਪਣੇ 12 ਸਾਲਾਂ ਦੇ ਸਿਨੇਮਾ ਕਰੀਅਰ ਵਿੱਚ ਕਈ ਸੁਪਰਹਿੱਟ ਫਿਲਮਾਂ ਦਿੱਤੀਆਂ ਤੇ ਅੱਜ ਉਹ ਇੱਕ ਸਫਲ ਬਾਲੀਵੁੱਡ ਅਦਾਕਾਰਾ ਹੈ। ਆਲੀਆ ਭੱਟ ਨੂੰ ਫਿਲਮ ਸਟੂਡੈਂਟ ਆਫ ਦਿ ਈਅਰ ਤੋਂ 15 ਲੱਖ ਰੁਪਏ ਦੀ ਫੀਸ ਮਿਲੀ ਸੀ। ਉਸ ਨੇ ਆਪਣੀ ਪਹਿਲੀ ਕਮਾਈ ਦਾ ਚੈੱਕ ਆਪਣੀ ਮਾਂ ਸੋਨੀ ਰਾਜ਼ਦਾਨ ਨੂੰ ਦਿੱਤਾ। ਅੱਜ ਆਲੀਆ ਇੰਡਸਟਰੀ ਦੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਅਭਿਨੇਤਰੀਆਂ ਵਿੱਚੋਂ ਇੱਕ ਹੈ। ਉਹ ਇੱਕ ਫਿਲਮ ਲਈ 15 ਤੋਂ 20 ਕਰੋੜ ਰੁਪਏ ਲੈਂਦੀ ਹੈ। ਉਹ ਇਸ਼ਤਿਹਾਰਬਾਜ਼ੀ ਲਈ ਲਗਭਗ 1-2 ਕਰੋੜ ਰੁਪਏ ਚਾਰਜ ਕਰਦੀ ਹੈ।

ਅਭਿਨੇਤਰੀ ਦੀ ਕੁੱਲ ਜਾਇਦਾਦ ਲਗਭਗ 517 ਕਰੋੜ ਰੁਪਏ ਹੈ। ਆਲੀਆ ਭੱਟ ਨਾ ਸਿਰਫ ਫਿਲਮਾਂ ਤੋਂ ਕਮਾਈ ਕਰਦੀ ਹੈ, ਬਲਕਿ ਉਹ ਬ੍ਰਾਂਡ ਐਂਡੋਰਸਮੈਂਟ ਤੋਂ ਵੀ ਚੰਗੀ ਕਮਾਈ ਕਰਦੀ ਹੈ। ਜੇਕਰ ਉਹ ਸੋਸ਼ਲ



ਮੀਡੀਆ 'ਤੇ ਕੋਈ ਪੋਸਟ ਸ਼ੇਅਰ ਕਰਦੀ ਹੈ ਤਾਂ ਉਸ ਲਈ ਕਰੋੜਾਂ ਦੀ ਫੀਸ ਵਸੂਲਦੀ ਹੈ।

ਆਲੀਆ ਭੱਟ ਇੱਕ ਅਦਾਕਾਰਾ ਹੋਣ ਦੇ ਨਾਲ-ਨਾਲ ਇੱਕ ਨਿਰਮਾਤਾ ਵੀ ਹੈ। ਸਾਲ 2021 ਵਿੱਚ, ਉਸਨੇ ਮੁੰਬਈ ਵਿੱਚ ਆਪਣਾ ਪ੍ਰੋਡਕਸ਼ਨ ਹਾਊਸ ਖੋਲ੍ਹਿਆ, ਜਿਸਦਾ ਨਾਮ ਹੈ 'ਈਟਰਨਲ ਸਨਸ਼ਾਈਨ' ਜੋ ਕਿ ਮੁੰਬਈ ਦੇ ਜੁਹੂ ਇਲਾਕੇ ਵਿੱਚ ਸਥਿਤ ਹੈ।

### ਆਲੀਆ ਭੱਟ ਦਾ ਕੱਪੜਿਆਂ ਦਾ ਬ੍ਰਾਂਡ

ਆਲੀਆ ਭੱਟ ਨੇ 'ਐਡਾਮਾਮਾ' ਨਾਂ ਦਾ ਬੱਚਿਆਂ ਦੇ ਕੱਪੜੇ ਦਾ ਬ੍ਰਾਂਡ ਸ਼ੁਰੂ ਕੀਤਾ। ਬੱਚਿਆਂ ਦੇ ਕੱਪੜਿਆਂ ਤੋਂ ਲੈ ਕੇ ਕਸਟਮਾਈਜ਼ਡ ਬੈਗ ਤੱਕ, ਅਦਾਕਾਰਾ ਦਾ ਇਹ ਬ੍ਰਾਂਡ ਉਪਲਬਧ ਹੈ। ਇਸ ਤੋਂ ਇਲਾਵਾ ਇੱਥੇ ਜਣੇਪੇ ਦੇ ਕੱਪੜੇ ਵੀ ਉਪਲਬਧ ਹਨ। ਆਲੀਆ ਅਕਸਰ ਆਪਣੇ ਬ੍ਰਾਂਡ ਦਾ ਪ੍ਰਚਾਰ ਕਰਦੀ ਨਜ਼ਰ ਆਉਂਦੀ ਹੈ।

### ਅਗਰਬੱਤੀ ਦੀ ਕੰਪਨੀ ਵਿਚ ਵੀ ਕੀਤਾ ਨਿਵੇਸ਼

ਸਾਲ 2021 ਵਿੱਚ, ਆਲੀਆ ਭੱਟ ਨੇ ਕਾਨਪੁਰ ਸਥਿਤ ਅਗਰਬੱਤੀ ਤੇ ਧੂਪ ਬਣਾਉਣ ਵਾਲੀ ਕੰਪਨੀ ਫੂਲ ਵਿੱਚ ਵੀ ਨਿਵੇਸ਼ ਕੀਤਾ। ਇਹ ਕੰਪਨੀ ਮੰਦਰਾਂ ਵਿੱਚ ਚੜ੍ਹਾਏ ਗਏ ਫੁੱਲਾਂ ਨੂੰ ਇਕੱਠਾ ਕਰਦੀ ਹੈ ਤੇ ਉਨ੍ਹਾਂ ਨੂੰ ਰੀਸਾਈਕਲ ਕਰ ਕੇ ਅਗਰਬੱਤੀ ਤੇ ਧੂਪ ਬਣਾਉਂਦੀ ਹੈ।

# ਦੱਖਣ ਵਿਚ ਸਿੱਖ ਧਰਮ ਫੈਲਣ ਲੱਗਾ

## ✪ ਤੇਲੰਗਾਨਾ ਸਿੱਖ ਸੁਸਾਇਟੀ ਦੀਆਂ ਸੇਵਾਵਾਂ ਕਰਕੇ ਕਬਾਇਲੀ ਸਿਖ ਬਣਨ ਲਗੇ ✪ ਗਰੀਬਾਂ ਤੇ ਲੋੜਵੰਦਾਂ ਦੇ ਇਲਾਜ ਦਾ ਕੀਤਾ ਪ੍ਰਬੰਧ

### ਕਵਰ ਸਟੋਰੀ

ਦੱਖਣ ਵਿੱਚ ਸਿੱਖਾਂ ਦਾ ਇਤਿਹਾਸ ਲਗਭਗ 300 ਸਾਲ ਪੁਰਾਣਾ ਹੈ। ਇਨ੍ਹਾਂ ਵਿਚੋਂ ਸਭ ਤੋਂ ਪਹਿਲਾਂ 18ਵੀਂ ਸਦੀ ਦੇ ਸ਼ੁਰੂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸਿਖ ਦੱਖਣ ਦੀ ਮੁਹਿੰਮ 'ਤੇ ਆਏ ਸਨ। ਇਹਨਾਂ ਵਿਚ ਵਣਜਾਰੇ ਤੇ ਸਿਕਲੀਗਰ ਸ਼ਾਮਲ ਸਨ।1832 ਦੇ ਆਸ-ਪਾਸ ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਾਮ ਦੀ ਮਦਦ ਲਈ ਸ਼ਾਂਤੀ ਸੈਨਾ ਵਜੋਂ ਇੱਕ ਸਿੱਖ ਟੁਕੜੀ ਭੇਜੀ ਸੀ। ਇਹਨਾਂ ਸ਼ਾਨਦਾਰ ਜੁਝਾਰੂ ਕਾਰਨਾਮਿਆਂ ਕਾਰਨ, ਸਿੱਖਾਂ ਨੇ ਆਜ਼ਾਦੀ ਤੋਂ ਬਾਅਦ ਤੇਲੰਗਾਨਾ ਵਿੱਚ ਮਾੜੇ ਸਮੇਂ ਦਾ ਸਾਹਮਣਾ ਕੀਤਾ। ਸਿਕਲੀਗਰ ਹਾਸ਼ੀਏ 'ਤੇ ਚਲੇ ਗਏ ਹਨ, ਉਹ ਤਾਲੇ,ਚਾਕੂ ,ਹਥਿਆਰ, ਭਾਂਡੇ ਬਣਾਉਂਦੇ ਹਨ, ਅਤੇ ਪਿੰਡ-ਪਿੰਡ ਜਾ ਕੇ ਵੇਚਦੇ ਹਨ, ਜਿਸ ਨਾਲ ਉਹ ਆਪਣਾ ਗੁਜ਼ਾਰਾ ਕਰਨ ਤੋਂ ਅਸਮਰੱਥ ਹਨ।

ਕੋਵਿਡ ਦੇ ਸਾਲਾਂ ਦੌਰਾਨ ਸਥਿਤੀ ਉਨ੍ਹਾਂ ਦੀ ਹੋਰ ਵੀ ਬਦਤਰ ਹੋ ਗਈ, ਜਦੋਂ ਸਿਕਲੀਗਰ ਆਪਣਾ ਸਮਾਨ ਵੇਚਣ ਲਈ ਬਾਹਰ ਨਹੀਂ ਜਾ ਸਕਦੇ ਸਨ। ਇਹ ਉਹ ਸਮਾਂ ਸੀ ਜਦੋਂ 2018 ਵਿੱਚ ਬਣੀ ਤੇਲੰਗਾਨਾ ਸਿੱਖ ਸੁਸਾਇਟੀ (ਟੀਐਸਐਸ) ਨੇ ਸੇਵਾ ਵਲ ਕਦਮ ਧਰਿਆ। ਤਾਲਾਬੰਦੀ ਦੌਰਾਨ ਟੀਐਸਐਸ ਨੇ ਲੰਗਰ ਅਤੇ ਅਨਾਜ ਦੀ ਸਪਲਾਈ ਤੋਂ ਲੈ ਕੇ ਵਿੱਤੀ ਸਹਾਇਤਾ ਤੱਕ, ਉਨ੍ਹਾਂ ਦੀ ਸਿਹਤ ਸੰਭਾਲ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ। ਉਹਨਾਂ ਨੂੰ ਬਿਹਤਰ ਹੁਨਰ ਅਤੇ ਸਿੱਖਿਆ ਨਾਲ ਲੈਸ ਕੀਤਾ। ਹੁਣ ਤੱਕ,ਟੀਐਸਐਸ 1,500 ਤੋਂ ਵੱਧ ਮਰੀਜ਼ਾਂ ਦਾ ਇਲਾਜ ਕਰਾ ਚੁਕਾ ਹੈ। ਉਨ੍ਹਾਂ ਨੇ 18 ਸਿਹਤ ਕੈਂਪ ਲਗਾਏ।ਇਸ ਦੌਰਾਨ ਪੁਰਾਣੀਆਂ ਬਿਮਾਰੀਆਂ ਤੋਂ ਪੀੜਤ 5,000 ਮਰੀਜ਼ਾਂ ਦੇ ਇਲਾਜ਼ ਕੀਤੇ। ਹਸਪਤਾਲ ਵਿੱਚ ਭਰਤੀ ਕਰਵਾਏ। ਦੰਦਾਂ ਜਾਂ ਅੱਖਾਂ ਦੀਆਂ ਸਮੱਸਿਆਵਾਂ ਤੋਂ ਪੀੜਤ ਲੋਕਾਂ ਦਾ ਇਲਾਜ ਕਰਵਾਇਆ। ਸੇਵਾਮੁਕਤ ਆਈਪੀਐਸ ਅਧਿਕਾਰੀ ਤੇਜਦੀਪ ਕੌਰ ਮੈਨਨ, ਜੋ ਸਤੰਬਰ 2023 ਵਿੱਚ ਦੂਜੀ ਵਾਰ ਟੀਐਸਐਸ ਪ੍ਰਧਾਨ ਚੁਣੀ ਗਈ ਹੈ, ਕਹਿੰਦੀ ਹੈ, "ਦਲਿਤਾਂ ਪ੍ਰਤੀ ਫਰਜ਼ ਸਿੱਖਾਂ ਦਾ ਅਨਿੱਖੜਵਾਂ ਅੰਗ ਹੈ। ਸਿਖ ਹਰ ਵੇਲੇ ਲੋੜਵੰਦਾਂ ਲਈ ਸਰਗਰਮ ਰਹਿੰਦੇ ਹਨ।"

ਤੇਜਦੀਪ ਅਕਸਰ ਸਰਕਾਰ ਤੋਂ ਰਾਹਤ ਫੰਡਾਂ ਲਈ ਅਰਜ਼ੀ ਦਿੰਦੀ ਹੈ ਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਦੇ ਨਾਲ-ਨਾਲ ਸਿਖ ਡਾਕਟਰ ਤੋਂ ਪੇਸ਼ੇਵਰ ਸਹਾਇਤਾ ਦਾ ਸਹਿਯੋਗ ਲੈਂਦੀ ਹੈ ਜੋ ਮੁਫਤ ਪ੍ਰਦਾਨ ਕਰਦੇ ਹਨ। ਉਹ ਆਖਦੀ ਹੈ ਕਿ ਸਾਨੂੰ ਦੇਸ਼ ਭਰ ਦੇ ਸਿੱਖਾਂ ਤੋਂ ਦਾਨ ਵੀ ਮਿਲਦਾ ਹੈ, ਅਤੇ ਗੁਰੂ ਨਾਨਕ ਮਿਸ਼ਨ ਟਰੱਸਟ ਤੇ ਇਲੈਕਟ੍ਰਾਨਿਕ ਮਾਰਟ ਆਫ਼ ਇੰਡੀਆ, ਕੇਅਰ ਹਸਪਤਾਲ ਗਰੁੱਪ, ਸਾਊਥ ਇੰਡੀਅਨ ਬੈਂਕ, ਲਾਰੈਂਸ ਅਤੇ ਮੇਓ ਦੇ ਸੀਐਸਆਰ ਪ੍ਰੋਗਰਾਮਾਂ ਤੋਂ ਵੀ ਫੰਡ ਮਿਲਦਾ ਹੈ।

ਟੀਐਸਐਸ ਸਿਹਤ ਸੰਭਾਲ ਤੋਂ ਇਲਾਵਾ, ਸਿਕਲੀਗਰਾਂ ਨੂੰ ਸਥਾਈ ਰਿਹਾਇਸ਼ ਅਤੇ ਜ਼ਮੀਨ ਦੇ ਮਾਲਕੀ ਹੱਕ ਦਿਵਾਉਣ ਵਿੱਚ ਵੀ ਮਦਦ ਕਰ ਰਿਹਾ ਹੈ। ਨਿਰਮਲ ਵਿੱਚ, ਟੀਐਸਐਸ ਨੇ 36 ਪਰਿਵਾਰਾਂ ਦੀ ਮਦਦ ਕੀਤੀ ਜੋ ਤਿੰਨ ਪੀੜ੍ਹੀਆਂ ਤੋਂ ਖਾਨਾਬਦੋਸ਼ਾਂ ਵਜੋਂ ਰਹਿ ਰਹੇ ਸਨ। ਉਨ੍ਹਾਂ ਨੂੰ ਪਹਿਲੀ ਵਾਰ ਆਸਰਾ ਅਤੇ 2ਬੀਐਚਕੇ ਦੇ ਘਰ ਦਿਤੇ ਗਏ ਹੋਏ। 2023 ਵਿੱਚ, ਸਰਕਾਰ ਨੇ ਸਿਖ ਛਾਉਣੀ ਵਿਚ ਰਹਿ ਰਹੇ 45 ਏਕੜ ਜ਼ਮੀਨ ਦੇ ਕਾਬਜ਼ਕਾਰਾਂ ਨੂੰ ਮਾਲਕੀ ਦੇ ਅਧਿਕਾਰ ਦਿੱਤੇ, ਜਿਸ 'ਤੇ ਉਨ੍ਹਾਂ ਨੇ ਘਰ ਜਾਂ ਕਾਰੋਬਾਰ ਸਥਾਪਿਤ ਕੀਤੇ ਸਨ। ਇਸ ਤੋਂ ਪਹਿਲਾਂ, 2019 ਵਿੱਚ, ਮਿਊਂਸਪਲ ਅਧਿਕਾਰੀਆਂ ਨੂੰ ਬੋਧਨ ਵਿੱਚ 2,000 ਵਰਗ ਗਜ਼ ਖੇਤਰ ਵਿੱਚ ਰਹਿ ਰਹੇ 55 ਸਿਕਲੀਗਰ ਪਰਿਵਾਰਾਂ ਨੂੰ ਮਾਲਕੀ ਦੇ ਅਧਿਕਾਰ ਦੇਣ ਲਈ ਮਨਾ ਲਿਆ ਗਿਆ ਸੀ ਜਦੋਂ ਪ੍ਰਸ਼ਾਸਨ ਵਲੋਂ ਉਹ ਬੇਦਖਲ ਕੀਤੇ ਜਾਣੇ ਸਨ।



ਟੀਐਸਐਸ ਨੇ ਟਾਇਲਟ ਬਲਾਕ ਬਣਾਉਣ, ਸਕੂਲ ਦੀਆਂ ਇਮਾਰਤਾਂ ਦਾ ਨਵੀਨੀਕਰਨ ਕਰਨ ਅਤੇ ਉਹਨਾਂ ਲੋਕਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਵੀ ਕੰਮ ਕੀਤਾ ਹੈ ਜੋ ਰਾਜ ਵਿੱਚ ਵਾਤਾਵਰਨ ਵਿਗਾੜਾਂ ਕਾਰਨ ਆਪਣੇ ਘਰ ਗੁਆ ਚੁੱਕੇ ਹਨ। ਇਸਨੇ ਔਰਤਾਂ ਅਤੇ ਲੜਕੀਆਂ ਦੇ ਸਿਲਾਈ ਅਤੇ ਕੰਪਿਊਟਰ ਦੇ ਹੁਨਰ ਨੂੰ ਨਿਖਾਰਨ ਲਈ ਹੁਨਰ ਕੇਂਦਰਾਂ ਦੀ ਸਥਾਪਨਾ ਵੀ ਕੀਤੀ ਹੈ ਅਤੇ ਰਾਜ ਭਰ ਦੇ ਗਰੀਬ ਵਿਦਿਆਰਥੀਆਂ ਲਈ ਰਿਹਾਇਸ਼ੀ ਕੈਂਪ ਲਗਾਏ ਹਨ ਤਾਂ ਜੋ ਉਨ੍ਹਾਂ ਨੂੰ ਜੀਵਨ ਸੁਧਾਰਿਆ ਜਾ ਸਕੇ।

### ਤੇਲੰਗਾਨਾ ਦੇ ਇੱਕ ਕਬਾਇਲੀ ਪਿੰਡ ਗੱਚੂਭਾਈ ਥਾਂਦਾ ਸਿੱਖ ਸਜਿਆ

ਕਬਾਇਲੀ ਬਸਤੀ ਗੱਚੂਭਾਈ ਥਾਂਦਾ ਹੈਦਰਾਬਾਦ ਤੋਂ ਥੋੜ੍ਹੀ ਦੂਰੀ 'ਤੇ ਸ਼ਮਸ਼ਾਬਾਦ ਵਿੱਚ ਸਥਿਤ ਹੈ॥ ਪਰ ਪਿੰਡ ਵਾਸੀ ਇਸ ਨਗਰੀ ਨੂੰ ਗੁਰੂ ਗੋਬਿੰਦ ਸਿੰਘ ਨਗਰ ਕਹਿੰਦੇ ਹਨ। ਇੱਥੋਂ ਦੇ 90 ਪ੍ਰਤੀਸ਼ਤ ਵਾਸੀ ਸਿੱਖ ਹਨ।

ਪਿੰਡ ਵਿੱਚ ਲਗਭਗ 500 ਵਸਨੀਕ ਹਨ, ਜਿਨ੍ਹਾਂ ਵਿੱਚੋਂ ਲਗਭਗ ਸਾਰੇ ਹੀ ਲਾਂਬੜਾ ਹਨ, ਜੋ ਅਨੁਸੂਚਿਤ ਕਬੀਲਿਆਂ ਵਿੱਚ ਸੂਚੀਬੱਧ ਹਨ। ਸਿੱਖ ਧਰਮ ਵਿੱਚ ਪਿਛਲੇ 20 ਸਾਲਾਂ ਦੌਰਾਨ ਬਹੁਤ ਤਬਦੀਲੀਆਂ ਆਈਆਂ ਹਨ। ਪਿੰਡ ਦੇ ਲੋਕ ਜ਼ਿਆਦਾਤਰ ਲੰਬਾੜੀ ਅਤੇ ਥੋੜਾ ਜਿਹਾ ਹਿੰਦੀ ਅਤੇ ਤੇਲਗੂ ਬੋਲਦੇ ਹਨ, ਪਰ ਪੰਜਾਬੀ ਨਹੀਂ। ਪਿੰਡ ਦਾ ਆਪਣਾ ਗੁਰਦੁਆਰਾ ਦਸਮੇਸ਼ ਦਰਬਾਰ ਹੈ ਜੋ ਦੋ ਮੰਜ਼ਿਲਾ ਇਮਾਰਤ ਹੈ, ਖੇਤਾਂ ਨਾਲ ਘਿਰੀ ਹੋਈ ਹੈ।

ਇਸ ਦੇ ਗੁਆਂਢ ਵਿੱਚ ਲਖਵਿੰਦਰ ਸਿੰਘ ਰਹਿੰਦਾ ਹੈ, ਜਿਸ ਦਾ ਜਨਮ ਖੇਤਾਵਤ ਦੀਪਲਾ ਵਿਚ ਹੋਇਆ ਸੀ। ਜਦੋਂ ਪਿੰਡ ਦੇ ਸਾਰੇ ਸਿੱਖਾਂ ਨੇ ਨਵਾਂ ਧਰਮ ਅਪਣਾਇਆ ਤਾਂ ਉਨ੍ਹਾਂ ਨੇ ਨਵੇਂ ਨਾਂ ਰੱਖੇ। 73 ਸਾਲਾ ਲਖਵਿੰਦਰ ਗੁਰਦੁਆਰਾ ਕਮੇਟੀ ਦੇ ਚੇਅਰਮੈਨ ਹਨ। ਗੁਰਦੁਆਰਾ ਉਸ ਜ਼ਮੀਨ 'ਤੇ ਖੜ੍ਹਾ ਹੈ ਜੋ ਉਸ ਨੇ ਪੰਜ ਸਾਲ ਪਹਿਲਾਂ ਦਾਨ ਕੀਤੀ ਸੀ। ਉਸ ਦਾ ਕਹਿਣਾ ਹੈ ਕਿ ਸਿਖੀ ਵਿਚ ਸ਼ਾਮਿਲ ਹੋਣ ਤੋਂ ਬਾਅਦ ਮੇਰੀ ਜ਼ਿੰਦਗੀ ਹੋਰ ਸਾਰਥਕ ਹੋ ਗਈ।

ਇਸ ਪਿੰਡ ਦਾ ਇੱਕ ਹੋਰ ਬਜ਼ੁਰਗ-ਭਗਤ ਸਿੰਘ ਹੈ-ਜਿਸ ਨੇ ਪਿੰਡ ਵਿੱਚ ਗੁਰਦੁਆਰਾ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਭਗਤ ਸਿੰਘ ਦਾ ਦਾਅਵਾ ਹੈ ਕਿ ਉਸ ਨੇ ਪਾਕਿਸਤਾਨ ਵਿਚ ਸਿੱਖ ਪਵਿੱਤਰ ਸਥਾਨਾਂ ਦਾ ਦੌਰਾ ਕੀਤਾ ਅਤੇ ਧਰਮ ਅਤੇ ਇਸ ਦੇ ਸਿਧਾਂਤਾਂ ਦੀ ਡੂੰਘੀ ਸਮਝ ਪ੍ਰਾਪਤ ਕਰਨ ਲਈ ਹੈਦਰਾਬਾਦ ਦੇ ਇਕ ਗੁਰਦੁਆਰੇ ਵਿਚ ਵੀ ਲਗਭਗ ਪੰਜ ਸਾਲ ਰਿਹਾ।

ਆਟੋ ਚਾਲਕ ਭਗਤ ਸਿੰਘ ਯਾਦ ਕਰਦੇ ਹਨ ਕਿ "2001 ਵਿੱਚ, ਮੈਂ ਸਿੱਖ ਧਾਰਮਿਕ ਆਗੂਆਂ ਤੋਂ ਸਾਡੇ ਛੋਟੇ ਜਿਹੇ ਮੰਦਰ ਨੂੰ ਗੁਰਦੁਆਰੇ ਵਿੱਚ ਤਬਦੀਲ ਕਰਨ ਦੀ ਸਲਾਹ ਮੰਗੀ ਸੀ।ਸਾਨੂੰ ਕਿਹਾ ਗਿਆ ਸੀ ਕਿ ਜੇਕਰ ਅਸੀਂ ਗੁਰਦੁਆਰੇ ਵਿੱਚ ਰਸਮਾਂ ਨਿਭਾਉਣੀਆਂ ਚਾਹੁੰਦੇ ਹਾਂ ਤਾਂ ਸਿੱਖ ਧਰਮ ਵਿੱਚ ਸ਼ਾਮਲ ਹੋਣਾ ਬਿਹਤਰ ਹੋਵੇਗਾ। ਫਿਰ ਸਾਡੇ ਵਿੱਚੋਂ ਲਗਭਗ 70 ਲੋਕ ਸਿਖੀ ਵਿਚ ਸ਼ਾਮਿਲ ਹੋ ਗਏ। ਭਗਤ ਅਨੁਸਾਰ ਹੁਣ ਇਨ੍ਹਾਂ ਦੀ ਗਿਣਤੀ 70 ਤੋਂ ਵਧ ਕੇ 500 ਤੋਂ ਵੱਧ ਹੋ ਗਈ ਹੈ। ਉਹ ਕਹਿੰਦਾ ਹੈ, "ਸਾਡੇ ਤੋਂ ਪ੍ਰੇਰਿਤ ਹੋ ਕੇ, ਨੇੜਲੀਆਂ ਬਸਤੀਆਂ ਦੇ ਕੁਝ ਲੋਕਾਂ ਨੇ ਵੀ ਧਰਮ ਪਰਿਵਰਤਨ ਕੀਤਾ ਹੈ।"

ਗੁਰੂ ਗੋਬਿੰਦ ਸਿੰਘ ਨਗਰ ਵਿੱਚ ਇੱਕ ਆਮ ਦਿਨ ਸਵੇਰੇ 4 ਵਜੇ ਸ਼ੁਰੂ ਹੁੰਦਾ ਹੈ, ਜਦੋਂ ਗੁਰਦੁਆਰੇ ਦੇ ਸਪੀਕਰਾਂ ਤੋਂ ਕੀਰਤਨ ਚਲਦਾ ਹੈ। ਗੁਰਦੁਆਰਾ ਸ਼ਾਮ 7:30 ਵਜੇ ਤੱਕ ਸਾਰੇ ਸ਼ਰਧਾਲੂਆਂ ਲਈ ਖੁੱਲ੍ਹਾ ਰਹਿੰਦਾ ਹੈ। ਪੂਰਨਮਾਸ਼ੀ ਦੇ ਦਿਨਾਂ ਅਤੇ ਵਿਸ਼ੇਸ਼ ਮੌਕਿਆਂ 'ਤੇ ਲੰਗਰ ਵਰਤਾਇਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ 26 ਜਨਵਰੀ ਨੂੰ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ, ਤਾਂ ਜੋ ਹੋਰ ਗੁਰਦੁਆਰਿਆਂ ਵਿੱਚ ਦਸੰਬਰ ਦੇ ਪ੍ਰਕਾਸ਼ ਦਿਹਾੜੇ ਦੇ ਜਸ਼ਨਾਂ ਨਾਲ ਟਕਰਾ ਨਾ ਹੋਵੇ। ਕਮੇਟੀ ਮੈਂਬਰਾਂ ਦਾ ਕਹਿਣਾ ਹੈ ਕਿ ਦਿਨ ਭਰ ਚੱਲਣ ਵਾਲੇ ਇਸ ਮੇਲੇ ਵਿੱਚ ਘੱਟੋ-ਘੱਟ 5,000 ਲੋਕ ਸ਼ਾਮਲ ਹੁੰਦੇ ਹਨ, ਜਿਸ ਵਿੱਚ ਪੰਜਾਬ ਭਰ ਤੋਂ ਕੀਰਤਨ ਮਾਹਿਰ ਅਤੇ ਧਾਰਮਿਕ ਆਗੂ ਸ਼ਾਮਲ ਹੁੰਦੇ ਹਨ।

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਗੁਰਦੁਆਰਾ ਸਾਹਿਬ ਨੂੰ ਚਲਾਉਣ ਵਿੱਚ ਕੁਝ ਦਾਨੀ ਸੱਜਣ ਮਦਦ ਕਰਦੇ ਹਨ। ਲਖਵਿੰਦਰ ਕਹਿੰਦਾ ਹੈ ਕਿ ਗੁਰਦੁਆਰੇ ਦੀ ਉਸਾਰੀ ਦੌਰਾਨ ਚੰਗਾ ਸਹਿਯੋਗ ਮਿਲਿਆ ਸੀ।" ਯੋਜਨਾ ਅਤੇ ਆਰਕੀਟੈਕਚਰ ਪਟਨਾ ਸਾਹਿਬ ਦੀ ਟੀਮ ਦੁਆਰਾ ਕੀਤਾ ਗਿਆ ਸੀ। ਨਾਂਦੇੜ ਸਾਹਿਬ ਦੇ ਮੈਂਬਰਾਂ ਵੱਲੋਂ ਉਸਾਰੀ ਸਮੱਗਰੀ ਦਾ ਇੱਕ ਹਿੱਸਾ ਦਾਨ ਕੀਤਾ ਗਿਆ ਸੀ। ਹੈਦਰਾਬਾਦ ਦੇ ਇੱਕ ਸਿੰਘ ਨੇ ਵੀ ਗੁਰਦੁਆਰੇ ਦੀ ਉਸਾਰੀ ਵਿੱਚ ਬਹੁਤ ਮਦਦ ਕੀਤੀ ਸੀ।

30 ਸਾਲਾ ਮੋਹਨ ਸਿੰਘ ਪਿੰਡ ਦਾ ਪਹਿਲਾ ਗ੍ਰੰਥੀ ਹੈ। ਉਹ ਆਪਣੇ ਪਿੰਡ ਪਰਤਣ ਤੋਂ ਪਹਿਲਾਂ 13 ਸਾਲ ਹੈਦਰਾਬਾਦ ਦੇ ਇੱਕ ਗੁਰਦੁਆਰੇ ਵਿੱਚ ਰਿਹਾ ਅਤੇ ਸਿਖਲਾਈ ਪ੍ਰਾਪਤ ਕੀਤੀ। ਉਹ ਉਨ੍ਹਾਂ ਥੋੜ੍ਹੇ ਲੋਕਾਂ ਵਿੱਚੋਂ ਇੱਕ ਹੈ ਜੋ ਗੁਰਮੁਖੀ ਪੜ੍ਹ ਸਕਦੇ ਹਨ।

ਮੋਹਨ ਕਹਿੰਦਾ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਨੌਜਵਾਨ ਪੀੜ੍ਹੀ ਸਾਡੇ ਮਾਰਗ 'ਤੇ ਚੱਲੇ।ਜਦੋਂ ਮੈਨੂੰ ਸਮਾਂ ਮਿਲਦਾ ਹੈ, ਮੈਂ ਬੱਚਿਆਂ ਨੂੰ ਸਾਡੇ ਧਰਮ ਦੇ ਸਿਧਾਂਤਾਂ ਅਤੇ ਇਸ ਦੀ ਮਹੱਤਤਾ ਬਾਰੇ ਸਿਖਾਉਂਦਾ ਹਾਂ। ਕਈ ਵਾਰ, ਦੂਜੇ ਗੁਰਦੁਆਰਿਆਂ ਤੋਂ ਸਿਖ ਨੌਜਵਾਨਾਂ ਨੂੰ ਕੀਰਤਨ ਜਾਂ ਗਤਕਾ ਸਿਖਾਉਣ ਲਈ ਆਉਂਦੇ ਹਨ।

ਪਿੰਡਾਂ ਦੇ ਲੋਕਾਂ ਦੀ ਜੀਵਨ ਸ਼ੈਲੀ ਅਤੇ ਨਜ਼ਰੀਆ ਵੀ ਕੁਝ ਸਾਲਾਂ ਦੌਰਾਨ ਬਦਲ ਗਿਆ ਹੈ। ਪਿੰਡ ਵਿੱਚ ਤੰਬਾਕੂ 'ਤੇ ਪਾਬੰਦੀ ਹੈ। 20 ਸਾਲਾਂ ਦੇ ਧਰਮ ਸਿੰਘ ਨੇ ਕਿਹਾ, "ਜਦੋਂ ਵੀ ਅਸੀਂ ਕਿਸੇ ਨੂੰ ਸਿਗਰਟ ਪੀਂਦੇ ਦੇਖਦੇ ਹਾਂ, ਤਾਂ ਅਸੀਂ ਤੁਰੰਤ ਉਨ੍ਹਾਂ ਨੂੰ ਸਲਾਹ ਦਿੰਦੇ ਹਾਂ। ਇੱਥੇ ਕੋਈ ਵੀ ਦੁਕਾਨ ਤੰਬਾਕੂ ਉਤਪਾਦ ਨਹੀਂ ਵੇਚਦੀ। ਇਹੀ ਗੱਲ ਸ਼ਰਾਬ ਅਤੇ ਤਾੜੀ 'ਤੇ ਵੀ ਲਾਗੂ ਹੁੰਦੀ ਹੈ।ਇਸ ਤੋਂ ਇਲਾਵਾ, ਮਾਸ ਤਾਂ ਹੀ ਖਾਧਾ ਜਾਂਦਾ ਹੈ ਜੇਕਰ ਜਾਨਵਰ ਨੂੰ ਇੱਕ ਝਟਕੇ ਨਾਲ ਮਾਰਿਆ ਗਿਆ ਹੋਵੇ। ਇਸੇ ਕਰਕੇ ਪਿੰਡ ਦੇ ਕੁਝ ਲੋਕ ਸਮੇਂ-ਸਮੇਂ 'ਤੇ ਕਸਾਈ ਵਜੋਂ ਕੰਮ ਕਰਦੇ ਹਨ।

**ਪੰਜਾਬ ਦੇ ਬੱਜਟ ਦਾ ਬਹੁਤ ਵੱਡਾ ਹਿੱਸਾ ਦੂਜੇ ਰਾਜਾਂ ਵਿੱਚ ਪਾਰਟੀ ਦੇ ਪ੍ਰਚਾਰ ਲਈ ਵਰਤਿਆ ਜਾਂਦਾ ਹੈ, ਪੰਜਾਬੀਓ, ਖੇਤਰੀ ਪਾਰਟੀਆਂ ਨੂੰ ਹੀ ਸਹਿਯੋਗ ਦਿਓ, ਉਹ ਤੁਹਾਡਾ ਪੈਸਾ ਬਾਹਰ ਨਹੀਂ ਵਰਤਣਗੇ।**

# ਕਾਵਿ-ਕਿਆਰੀ

## ਮੇਰੇ ਸੁਪਨੇ

ਛੱਡ ਦਿਓ ਮੈਨੂੰ ਮੇਰੇ ਉੱਤੇ,
ਮੈਨੂੰ ਸੁੱਖ ਦੀ ਨੀਂਦੇ ਸੌਣ ਦਿਓ,
ਸੁਪਨਿਆਂ ਦੀ ਸੁੰਦਰ ਦੁਨੀਆ ਵਿੱਚ,
ਇਕੱਲਿਆਂ ਮੈਨੂੰ ਭਉਣ ਦਿਓ।

ਸੁੰਦਰ ਬੜੇ ਨੇ ਸੁਪਨੇ ਮੇਰੇ,
ਜੋ ਹਰ ਰਾਤ ਉਮੜ ਕੇ ਆਉਂਦੇ,
ਸਾਕਾਰ ਕਰਨ ਦੀ ਤਾਂਘ 'ਚ ਮੈਨੂੰ,
ਤਾਣਾ ਬੁਣਨ, ਬੁਣਾਉਣ ਦਿਓ।

ਦੇਖ ਲਏ ਨੇ ਲੱਖਾਂ ਮੰਜ਼ਰ,
ਇਨ੍ਹਾਂ ਜਗਮਗ ਕਰਦੀਆਂ ਅੱਖਾਂ ਨੇ,
ਅੰਦਰੂਨੀ ਦੁਨਿਆਵੀ ਪਗਡੰਡੀਆਂ,
ਇਕੱਲਿਆਂ ਹੀ ਮੈਨੂੰ ਗਾਹੁਣ ਦਿਓ।

ਤਨਹਾਈ ਵਿੱਚ ਸਕੂਨ ਬੜਾ ਹੈ,
ਤੇ ਰੂਹ ਵੀ ਹੋ ਤ੍ਰਿਪਤ ਹੈ ਜਾਂਦੀ,
ਰੌਲ਼ੇ ਗੌਲ਼ੇ ਤੋਂ ਮੈਨੂੰ ਵੀ ਕੇਰਾਂ,
ਆਪਣਾ ਆਪ ਬਚਾਉਣ ਦਿਓ।

ਮਾਤਲੋਕ ਦੀ ਇਸ ਭਟਕਣ ਵਿੱਚ,
ਸੰਸਾਰ ਨੂੰ ਬਹੁਤਾ ਕੁੱਝ ਨਹੀਂ ਮਿਲ਼ਿਆ,
ਐਸੀ ਚੂਹਾ ਦੌੜ ਤੋਂ ਮੇਰਾ,
ਪੱਲਾ ਮੈਨੂੰ ਛਡਾਉਣ ਦਿਓ।

ਜ਼ਰ, ਜੋਰੂ, ਜ਼ਮੀਨਾਂ ਪਿੱਛੇ,
ਖੁਸਦੇ ਕਈ ਤਖਤ ਮੈਂ ਦੇਖੇ,
ਮੈਨੂੰ ਮੇਰੀ ਕੁੱਲੀ 'ਤੇ ਜੁੱਲੀ,
ਬਿਨਾ ਝਿਜਕ ਅਪਨਾਉਣ ਦਿਓ।

ਛੱਡ ਦਿਓ ਮੈਨੂੰ ਮੇਰੇ ਉੱਤੇ,
ਮੈਨੂੰ ਸੁੱਖ ਦੀ ਨੀਂਦੇ ਸੌਣ ਦਿਓ,
ਸੁਪਨਿਆਂ ਦੀ ਸੁੰਦਰ ਦੁਨੀਆ ਵਿੱਚ,
ਇਕੱਲਿਆਂ ਮੈਨੂੰ ਭਉਣ ਦਿਓ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

## ਬਾਲ ਕਵਿਤਾ : ਹੋਲਾ – ਮਹੱਲਾ

ਹੋਲਾ – ਮਹੱਲਾ ਆਇਆ
ਹੋਲਾ – ਮਹੱਲਾ ਆਇਆ ,
ਸਾਰੇ ਪਾਸੇ ਖੁਸ਼ੀਆਂ ਲਿਆਇਆ
ਹੋਲਾ – ਮਹੱਲਾ ਆਇਆ
ਹੋਲਾ – ਮਹੱਲਾ ਆਇਆ ,
ਪਕੌੜੇ ਤੇ ਜਲੇਬੀਆਂ ਖਾਵਾਂਗੇ ,
ਹੋਲਾ – ਮਹੱਲਾ ਖੁਸ਼ੀ ਨਾਲ਼ ਮਨਾਵਾਂਗੇ ,
ਸ਼੍ਰੀ ਅਨੰਦਪੁਰ ਸਾਹਿਬ ਜਾਵਾਂਗੇ
ਖੁਸ਼ੀਆਂ ਨਾਲ਼ ਹੋਲਾ – ਮਹੱਲਾ ਮਨਾਵਾਂਗੇ ,
ਗੁਰਦੁਆਰੇ ਵੀ ਜਾਵਾਂਗੇ
ਮੱਥਾ ਟੇਕ ਕੇ ਆਵਾਂਗੇ। ਸਤਿਨਾਮ ਵਾਹਿਗੁਰੂ ।



ਹਰਸਾਹਿਬ ਸਿੰਘ ,
ਜਮਾਤ ਦੂਸਰੀ

* * * * * *

## ਹੋਲਾ ਮਹੱਲਾ

ਨਿਰਮਲ ਸਿੰਘ ਕੰਧਾਲਵੀ



ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ,
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ।

ਸਰਰ ਸਰਰ ਤੇਗ਼ ਚੱਲੇ, ਕਮਾਨਾਂ ਵਿਚੋਂ ਤੀਰ ਚੱਲੇ,
ਸਿਖਾਉਂਦਾ ਪੈਂਤੜੇ ਗੋਬਿੰਦ, ਮਾਰ ਮਾਰ ਹੱਲੇ ਹੱਲੇ,
ਸਭਸ ਦੁਮਾਲੇ ਸਿਰੀਂ, ਗਲ਼ੀਂ ਨੀਲਾ ਪੀਲ਼ਾ ਚੋਲਾ ਏ।
ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ।
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ।

ਆਉ ਨਿੱਤਰੋ ਭੁਜੰਗ, ਜੀਹਨੇ ਕਰਨੀਂ ਏਂ ਜੰਗ,
ਜੀਹਨੇ ਸਿੱਖਣੇ ਚਲਾਉਣੇ, ਤੀਰ ਤੇ ਤੁਫੰਗ,
ਫ਼ਤਹ ਦੇ ਜੈਕਾਰੇ, ਸਾਡਾ ਮਾਹੀਆ ਅਤੇ ਢੋਲਾ ਏ।
ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ।
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ।

ਨਗਾਰੇ ਡੰਮ ਡੰਮ ਬਾਜੇਂ, ਜੈਕਾਰੇ ਗਜ ਗਜ ਗਾਜੇਂ,
ਹਾਥੀ ਮਾਰਤੇ ਚਿੰਘਾੜੇਂ, ਘੋੜੇ ਸਰਪੱਟ ਭਾਜੇਂ,
ਦਿਲ ਵੈਰੀਉਂ ਕਾ ਅਬ, ਪਾਰੇ ਵਾਂਗ ਡੋਲਾ ਹੈ।
ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ।
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ।

ਘੋੜਾ ਕਿਵੇਂ ਹੈ ਭਜਾਉਣਾ, ਕਿੰਜ ਹਾਥੀਆਂ ਨੂੰ ਢਾਹੁਣਾ,
ਵਾਰ ਰੋਕਣਾ ਹੈ ਕਿਵੇਂ, ਤੇ ਕਿੰਜ ਖੰਡੇ ਨੂੰ ਹੈ ਵਾਹੁਣਾ,
ਜੰਗ ਜਿੱਤਦਾ ਹੈ ਉਹੀਓ,ਜਿਹੜਾ ਵਗ ਜਾਂਦਾ ਛੁਹਲਾ ਏ।
ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ।
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ।

ਵੈਰੀ ਚੁਣ ਚੁਣ ਮਾਰੇਂ, ਸਭੇ ਦੁਸ਼ਟਨ ਸੰਘਾਰੇਂ,
ਰੱਬ ਕੇ ਪਿਆਰੇ ਜੋ, ਉਨ੍ਹੇ ਸਦਾ ਹੀ ਉਬਾਰੇਂ,
ਇਹੋ ਸਾਡੀ ਖੇਡ, ਅਤੇ ਇਹੋ ਹੀ ਕਲੋਲਾ ਏ।
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ।
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ।



ਜੱਟ ਬੂਟ ਝਿਊਰ ਨਾਈ, ਸੋਢੀ ਬੇਦੀ ਤੇ ਕਸਾਈ,
ਇਕੱਠੇ ਕਰ ਏਕ ਜਗ੍ਹਾ, ਫ਼ੌਜੇਂ ਖ਼ਾਲਸਾ ਬਣਾਈ,
ਪੈਰੋਂ ਤਲੇ ਖ਼ਾਲਸੇ ਨੇ, ਜਾਤ ਅਭਿਮਾਨ ਸਾਰਾ ਰੋਲਾ ਹੈ।
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ।
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ।


ਜੀਹਨੇ ਆਨੰਦਪੁਰ ਆਉਣੈ, ਸੀਸ ਤਲੀ 'ਤੇ ਟਿਕਾਵੇ,
ਕੱਲਾ ਲੱਖਾਂ ਨਾਲ਼ ਜੂਝੇ, ਮਸਤ ਹਾਥੀਆਂ ਨੂੰ ਢਾਹਵੇ,
ਨਾਨਕ ਦਾ ਦਰ ਏਥੇ, ਕੋਈ ਰੱਖਦਾ ਨਾ ਓਹਲਾ ਏ।
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ।
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ।

ਜੀਣਾ ਸ਼ਾਨ ਸੇ ਸਿਖਾਵੇ, ਸੁੱਤੀ ਅਣਖ ਜਗਾਵੇ,
ਜਾਨ ਮੁਰਦੋਂ ਮੇਂ ਪਾਵੇ, ਭੈਅ ਕੋ ਦੂਰ ਸੇ ਭਗਾਵੇ,
ਸਕੂਲ ਐਸਾ ਗੋਬਿੰਦ ਰਾਇ, ਅਨੰਦਪੁਰ ਖੋਲ੍ਹਾ ਹੈ।
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ।
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ।

ਰਾਜ ਜ਼ੁਲਮੀਂ ਨੂੰ ਹੋਰ ਹੁਣ, ਰਹਿਣ ਨਹੀਉਂ ਦੇਣਾ,
ਰਹਿਣ ਜ਼ਾਲਮਾਂ ਨੂੰ ਏਥੇ, ਹੁਣ ਮੂਲ ਨਹੀਉਂ ਦੇਣਾ,
ਰਾਜਾ ਹੈ ਪਹਾੜੀ ਕੋਈ, ਭਾਵੇਂ ਕੋਈ ਮੰਗੋਲਾ ਹੈ।
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ।
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ।

ਕਾਵਿ-ਵਿਅੰਗ

## ਵੋਟ-ਭੁੱਖ ਦੇ ਕਾਰੇ !



ਤਰਲੋਚਨ ਸਿੰਘ 'ਦੁਪਾਲ ਪੁਰ'
78146-92724

ਬੁੱਲੇ ਸ਼ਾਹ ਨੂੰ ਮਿਲ਼ਿਆ ਸੀ ਸਬਕ ਜਿੱਦਾਂ
ਉੱਧਰੋਂ ਪੁੱਟ ਕੇ ਦੂਜੇ ਥਾਂਹ ਲਾਉਣ ਵਾਲ਼ਾ।
ਸਿਆਸੀ ਦਲਾਂ ਨੇ ਫੜ ਲਿਆ ਕੰਮ ਏਹੋ
ਬੰਦਾ 'ਪੱਟ' ਕੇ 'ਸੀਟ' ਜਿਤਾਉਣ ਵਾਲ਼ਾ।
ਕਿਤਿਉਂ ਚੱਕ ਕੇ 'ਇੱਟ' ਤੇ ਕਿਤੋਂ 'ਰੋੜਾ'
ਭਾਨਮਤੀ ਦਾ 'ਕੁਣਬਾ' ਬਣਾਉਣ ਵਾਲ਼ਾ।
ਕਾਮਯਾਬ ਹੁਣ ਸਿਆਸਤ ਵਿੱਚ ਉਹੀ ਹੁੰਦਾ
'ਭੋਗ' ਦੀਨ ਇਮਾਨ ਦਾ ਪਾਉਣ ਵਾਲ਼ਾ।
'ਟਿਕਟੂ' ਲੱਭਦੇ ਫਿਰਦੇ ਨੇ ਗਾਹਕ ਕੋਈ
'ਵਗਦੀ ਗੰਗਾ' ਵਿੱਚ ਹੱਥ ਧੁਆਉਣ ਵਾਲ਼ਾ।
ਵਾਅਦਾ ਭੁੱਲ ਗਏ 'ਨਵੇਂ' ਵੀ ਜਾਪਦੇ ਨੇ
ਪਹਿਲਾਂ ਨਾਲ਼ੋਂ 'ਬਦਲਾਅ' ਲਿਆਉਣ ਵਾਲ਼ਾ !



## ਕਵਿਤਾ : ਹੋਲੀ

ਹੋਲ਼ੀ ਆਈ – ਹੋਲੀ ਆਈ
ਸਭ ਪਾਸੇ ਰੌਣਕ ਹੈ ਆਈ,
ਮੌਸਮ ਲੱਗੇ ਸਭ ਨੂੰ ਸੋਹਣਾ
ਆਸਮਾਨ ਵੀ ਹੈ ਮਨਮੋਹਣਾ,
ਪੰਛੀ – ਪਰਿੰਦੇ ਵੀ ਖੁਸ਼ੀ ਮਨਾਵਣ
ਰਲ਼ – ਮਿਲ਼ ਪਰਮਾਤਮਾ ਦੇ ਗੁਣ ਗਾਵਣ,
ਵੈਰ – ਵਿਰੋਧ ਤੇ ਉਚ – ਨੀਚ ਦੀ
ਸਭ ਪਾਸੇ ਮਿੱਟ ਜਾਵੇ ਖਾਈ,
ਹੋਲ਼ੀ ਆਈ – ਹੋਲੀ ਆਈ
ਸਭ ਦੇ ਚਿਹਰੇ 'ਤੇ ਖੁਸ਼ੀ ਲਿਆਈ ,
ਦੇਸ਼ ਦੀ ਖੁਸ਼ਹਾਲੀ ਲਈ ਕੰਮ ਕਰੀਏ
ਮਾਨਵਤਾ ਦੀ ਵੀ ਸਭ ਹਾਮੀ ਭਰੀਏ,
ਅੰਧ – ਵਿਸ਼ਵਾਸਾਂ ਵਿਰੁੱਧ ਅਲਖ ਜਗਾਈਏ
ਵਾਤਾਵਰਣ ਨੂੰ ਵੀ ਖੁਸ਼ਹਾਲ ਬਣਾਈਏ,
ਪ੍ਰਦੂਸ਼ਣ ਘਟਾ ਕੇ ਮਨਾਂ ਅੰਦਰਲਾ ਵੀ
ਸਭ ਨੂੰ ਪਿਆਰ – ਸਤਿਕਾਰ ਨਾਲ ਬੁਲਾਈਏ,
ਭੁਲਾ ਕੇ ਸਭ ਪੁਰਾਣੇ ਗਿਲੇ – ਸ਼ਿਕਵੇ
ਭਾਈਚਾਰਕ ਸਾਂਝ ਵਧਾਈਏ,
ਆਓ ! ਛੋਟੇ – ਵੱਡੇ ਮਨ – ਮੁਟਾਵਾਂ ਨੂੰ ਭੁਲਾ ਕੇ
ਸਭ ਨਾਲ਼ ਵਿਚਾਰਕ ਸਾਂਝ ਮਿਲ਼ਾਈਏ,
ਛੋਟੇ – ਵੱਡੇ ਸਭ ਦਾ ਸਤਿਕਾਰ ਕਰਕੇ
ਸੋਹਣਾ ਤੇ ਖੁਸ਼ਹਾਲ ਸਮਾਜ ਬਣਾਈਏ,
ਕਰਕੇ ਚੰਗੇ – ਪਰਉਪਕਾਰੀ ਕੰਮ ਦੁਨੀਆ ਵਿੱਚ
ਇਨਸਾਨੀਅਤ ਦੇ ਪਹਿਰੇਦਾਰ ਬਣ ਜਾਈਏ,
ਹਰ ਚੰਗੀ ਸ਼ੁਰੂਆਤ ਖੁਦ ਤੋਂ ਕਰਕੇ
ਦੂਸਰਿਆਂ ਲਈ ਰਾਹ – ਦਸੇਰੇ ਬਣ ਜਾਈਏ,
ਆਓ ! ਹੋਲੀ ਦਾ ਤਿਓਹਾਰ ਮਨਾਈਏ
ਸਮਾਜ ਤੇ ਦੇਸ਼ ਲਈ ਕੁਝ ਯੋਗਦਾਨ ਪਾਈਏ।



ਸਟੇਟ ਐਵਾਰਡੀ
ਮਾਸਟਰ ਸੰਜੀਵ ਧਰਮਾਣੀ
9478561356

# ਵੁਲਵਰਹੈਂਪਟਨ ਵਿਚ ਸਾਰੀਆਂ ਸੰਸਥਾਵਾਂ ਵਲੋਂ ਮਿਲਕੇ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਮਨਾਇਆ ਗਿਆ



ਮਿਤੀ 17 ਮਾਰਚ ਦਿਨ ਐਤਵਾਰ ਨੂੰ ਯੂ.ਕੇ. ਦੇ ਸ਼ਹਿਰ ਵੁਲਵਰਹੈਂਪਟਨ ਵਿਚ 'ਪ੍ਰਗਤੀ ਲਿਖਾਰੀ ਸਭਾ ਯੂ.ਕੇ., ਭਾਸ਼ਾ ਪਸਾਰ ਭਾਈਚਾਰਾ ਯੂ.ਕੇ., ਯੂਰਪੀਨ ਪੰਜਾਬੀ ਸੱਥ ਵਾਲਸਾਲ, ਪੰਜਾਬੀ ਸਿੱਖਿਆ ਅਤੇ ਅਧਿਆਪਕ ਸਿਖਲਾਈ ਸੰਸਥਾ, ਗੁਰੂ ਨਾਨਕ ਖ਼ਾਲਸਾ ਕਾਲਜ ਵੁਲਵਰਹੈਂਪਟਨ, ਇਨ੍ਹਾਂ ਸਾਰੀਆਂ ਸੰਸਥਾਵਾਂ ਵਲੋਂ ਮਿਲਕੇ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਮਨਾਇਆ ਗਿਆ।

ਇਸ ਪ੍ਰੋਗਰਾਮ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿਚ ਬਹੁਤੇ ਬੁਲਾਰੇ ਉਹ ਨੌਜਵਾਨ ਬੱਚੇ ਅਤੇ ਬੱਚੀਆਂ ਸਨ ਜਿਨ੍ਹਾਂ ਨੇ ਪੰਜਾਬੀ ਭਾਸ਼ਾ 'ਚ 'ਜੀ.ਸੀ.ਐਸ.ਈ'. ਅਤੇ 'ਏ' ਲੈਵਲ ਦੀ ਵਿਦਿਆ ਹਾਸਲ ਕੀਤੀ ਤੇ ਹੁਣ ਉੱਚ ਅਹੁਦਿਆਂ 'ਤੇ ਕੰਮ ਕਰ ਰਹੇ ਹਨ ਅਤੇ ਪੰਜਾਬੀ ਭਾਸ਼ਾ ਦੀ ਵਰਤੋਂ ਆਪਣੇ ਕੰਮ-ਕਾਰ ਵਿਚ ਕਰ ਰਹੇ ਹਨ। ਇਨ੍ਹਾਂ ਬੁਲਾਰਿਆਂ ਨੇ ਇਸ ਸਬੰਧੀ ਆਪਣੇ ਕੰਮ-ਕਾਰ ਦੇ ਬੜੇ ਉਸਾਰੂ ਤਜਰਬੇ ਸਰੋਤਿਆਂ ਨਾਲ ਸਾਂਝੇ ਕੀਤੇ। ਪ੍ਰਬੰਧਕਾਂ ਵਲੋਂ ਇਹ ਤਜਰਬਾ ਇਸ ਲਈ ਕੀਤਾ ਗਿਆ ਤਾਂ ਕਿ ਮਾਪਿਆਂ ਅਤੇ ਬੱਚਿਆਂ ਨੂੰ ਇਸ ਪ੍ਰਤੀ ਜਾਗਰੂਕ ਕੀਤਾ ਜਾਵੇ ਕਿ ਪੰਜਾਬੀ ਪੜ੍ਹਨ ਨਾਲ ਬੱਚੇ ਸਗੋਂ ਵਧੇਰੇ ਕਾਬਲ ਬਣਦੇ ਹਨ। ਯਾਦ ਰਹੇ ਕਿ ਯੂ.ਕੇ. ਵਿਚ ਯੂਨੀਵਰਸਿਟੀਆਂ 'ਚ ਦਾਖ਼ਲਾ ਲੈਣ ਵੇਲੇ ਪੰਜਾਬੀ ਭਾਸ਼ਾ 'ਚ ਕੀਤੇ ਗਏ 'ਏ' ਲੈਵਲ ਨੂੰ ਵੀ ਉਹੀ ਨੰਬਰ ਮਿਲਦੇ ਹਨ ਜੋ ਬਾਕੀ ਵਿਸ਼ਿਆਂ ਦੇ ਮਿਲਦੇ ਹਨ। ਹੋਰ ਵੀ ਬੁਲਾਰਿਆਂ ਨੇ ਮਾਤ-ਭਾਸ਼ਾ ਦੀ ਮਹਾਨਤਾ ਸਬੰਧੀ ਆਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ।

ਪ੍ਰਬੰਧਕਾਂ ਵਲੋਂ ਪੰਜਾਬੀ ਭਾਸ਼ਾ ਨੂੰ ਪੰਜਾਬ ਵਿਚ ਸਰਕਾਰੀ ਪੱਧਰ 'ਤੇ ਲਾਗੂ ਕਰਨ ਲਈ ਪੰਜਾਬ ਸਰਕਾਰ ਨੂੰ ਭੇਜਣ ਵਾਸਤੇ ਇਕ ਮਤਾ ਵੀ ਪੇਸ਼ ਕੀਤਾ ਗਿਆ ਜਿਸ ਨੂੰ ਸਰੋਤਿਆਂ ਵਲੋਂ ਸਰਬ ਸੰਮਤੀ ਨਾਲ ਪ੍ਰਵਾਨਗੀ ਦਿਤੀ ਗਈ।

**ਰਿਪੋਰਟ:- ਨਿਰਮਲ ਸਿੰਘ ਕੰਧਾਲਵੀ**

# DR. SURJIT PATAR RELEASE BOOK OF DR. SANDEEP GHAND NAMED TRAVELOGUE "CANADA LAND OF DREAM. SOURCE OF INSPIRATION AND INFORMATION GIVEN DOCUMENT FOR YOUTH.- DR. YOGRAJ PU CHANDIGARH.



Chandigarh-Dr.Surjit Patar Chairman of Punjab Kala Parishad and famous writer released the travelogue named as Land of Dream-Canada written by Dr.Sandeep Ghand Retd Officer of NYK Mansa. Dr.Patar told that travelogue is an important creative item of literature in which the author share the knowledge of his experiences in a literary form during his journey to a country and the political, social, religious, cultural conditions there. He said that today when our young generation is most inclined towards Canada, it is even more important to inform the youth and their parents about the current situation there.

Punjab University Chandigarh Punjabi Department Head Dr. Yograj and Assistant Professor of French Language Dr. Baljit Kaur congratulated Dr. Sandeep Ghand for his first travelogue and said that this is an important ,interesting and informative literature for all sections.

Dr. Sandeep Ghand, the author of the travelogue "Land of Dreams Canada", said that when he started his journey to Canada, he did not think of any writing, but as I traveled, I became interested in penning it down. He said that during the journey, I had the opportunity to see many important places that even people living in Canada had not seen for a long time, such as memorial of Sardar Bukkan Singh of Mahilpur, Punjab, who was martyred during the First World War while fighting for Canada. His memorial is in Kitchener where the army pays tribute to him every year. Moreover an Fort named as , Henryfort in Kingston where the British army parades twice a year and their Flag fixed on the Fort.Dr.Ghand said that during my visit I seen how an vacant and unused place utilized by Canada government by make the historical CN Tower and others places.

Dr. Sandeep Ghand said that his sons Simrandeep and Harmandeep and daughter-in-law Jasleen Kaur gave a lot of support to inform about the historical places and current situations of Canada despite their busy schedule. This book could take shape only with the encouragement given by Dr. Kuldeep Kaur Ghand partner of my travel and also my life partner encourage me to write my views in the form of book.

he President of Shiksha Vikas Manch Hardeep Sidhu, said that of course this travel book is the first book of Dr. Sandeep Ghand, but it is an important document in terms of literature and information. He said that the travelogue was published by Chetna Prakashan Ludhiana with the valueable suppot and special contributions by.Tejinder Kaur DLO and famous poet Gurpareet Singh and Jagdeep Sidhu of Chandigarh.

# ਈਡੀ ਵਲੋਂ ਸਾਬਕਾ ਮੰਤਰੀ ਧਰਮਸੋਤ ਦੀ ਕਰੋੜਾਂ ਦੀ ਸੰਪਤੀ ਹੋਈ ਜ਼ਬਤ



ਚੰਡੀਗੜ੍ਹ - ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਸਾਬਕਾ ਕਾਂਗਰਸੀ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਉਨ੍ਹਾਂ ਦੇ ਪੁੱਤਰਾਂ ਦੀਆਂ 4.58 ਕਰੋੜ ਰੁਪਏ ਦੀਆਂ ਜਾਇਦਾਦਾਂ ਨੂੰ ਜ਼ਬਤ ਕਰ ਲਿਆ ਹੈ। ਈਡੀ ਨੇ ਮਨੀ ਲਾਂਡਰਿੰਗ ਵਿਰੋਧੀ ਕਾਨੂੰਨ ਦੀਆਂ ਧਾਰਾਵਾਂ ਤਹਿਤ ਅਸਥਾਈ ਤੌਰ 'ਤੇ ਇਨ੍ਹਾਂ ਜਾਇਦਾਦਾਂ ਨੂੰ ਕੁਰਕ ਕੀਤਾ ਹੈ। ਦੱਸਣਯੋਗ ਹੈ ਕਿ ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਰੋਕੂ ਐਕਟ, 1988 ਦੇ ਤਹਿਤ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਖਿਲਾਫ ਐਫਆਈਆਰ ਦਰਜ ਕੀਤੀ ਸੀ ਜਿਸ ਦੇ ਅਧਾਰ 'ਤੇ ਈਡੀ ਨੇ ਪੜਤਾਲ ਕੀਤੀ ਸੀ।

# ਢੀਂਡਸਾ ਨੂੰ ਅਕਾਲੀ ਦਲ ਸੰਯੁਕਤ ਦੀ ਪ੍ਰਧਾਨਗੀ ਤੋਂ ਹਟਾਇਆ



ਅੰਮ੍ਰਿਤਸਰ-ਅਕਾਲੀ ਦਲ ਸੰਯੁਕਤ ਨਾਲ ਸਬੰਧਤ ਅਹੁਦੇਦਾਰਾਂ ਅਤੇ ਵਰਕਰਾਂ ਨੇ ਇੱਥੇ ਮੀਟਿੰਗ ਕਰਕੇ ਸੁਖਦੇਵ ਸਿੰਘ ਢੀਂਡਸਾ ਨੂੰ ਪਾਰਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਤੇ ਜਲਦੀ ਹੀ ਨਵੇਂ ਪ੍ਰਧਾਨ ਦਾ ਐਲਾਨ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸਬੰਧੀ ਮੀਟਿੰਗ ਭਾਈ ਮੋਹਕਮ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਹਰਬੰਸ ਸਿੰਘ ਮੰਝਪੁਰ, ਜਨਰਲ ਸਕੱਤਰ ਮਨਜੀਤ ਸਿੰਘ ਭੋਮਾ, ਸਤਨਾਮ ਸਿੰਘ ਮਨਾਵਾਂ, ਬੇਅੰਤ ਸਿੰਘ ਖਿਆਲਾ, ਗੁਰਪ੍ਰੀਤ ਸਿੰਘ ਕਲਕੱਤਾ, ਸੰਦੀਪ ਸਿੰਘ ਰੁਪਾਲੋ ਸ਼ਾਮਲ ਹੋਏ। ਭੋਮਾ ਨੇ ਦੱਸਿਆ ਕਿ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਸੁਖਦੇਵ ਸਿੰਘ ਢੀਂਡਸਾ ਨੂੰ ਪਾਰਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਦਾ ਫੈਸਲਾ ਕੀਤਾ ਗਿਆ ਹੈ। ਪਾਰਟੀ ਨੂੰ ਧੋਖਾ ਦੇਣ ਦੇ ਦੋਸ਼ ਹੇਠ ਸੁਖਦੇਵ ਸਿੰਘ ਢੀਂਡਸਾ ਤੇ ਪਰਮਿੰਦਰ ਸਿੰਘ ਢੀਂਡਸਾ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਵੀ ਖਾਰਜ ਕੀਤਾ ਗਿਆ ਹੈ।


# ਪੰਜਾਬ ਟਾਈਮਜ਼ ਦੇ ਸ਼ੁੱਭ ਚਿੰਤਕ ਕੁਲਤਾਰ ਸਿੰਘ ਜੋਗੀ ਨੇ ਸਟਾਫ਼ ਨੂੰ ਦਿੱਤੀ ਪਾਰਟੀ

ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਟਾਈਮਜ਼ ਦੇ ਕਿਸੇ ਪ੍ਰਸ਼ੰਸਕ ਨੇ ਪੰਜਾਬ ਟਾਈਮਜ਼ ਦੇ ਸਟਾਫ਼ ਨੂੰ ਪਾਰਟੀ ਦਿੱਤੀ ਹੋਵੇ। ਸਾਡੇ ਇੱਕ ਪ੍ਰਸ਼ੰਸਕ ਤੇ ਲੇਖਕ ਕੁਲਤਾਰ ਸਿੰਘ ਜੋਗੀ ਨੇ ਪੰਜਾਬ ਟਾਈਮਜ਼ ਨੂੰ ਵਿਸ਼ੇਸ਼ ਤੌਰ ਤੇ ਇੱਕ ਚੈੱਕ ਭੇਜਿਆ ਤੇ ਨਾਲ ਪੱਤਰ ਲਿਖ ਕੇ ਪੰਜਾਬ ਟਾਈਮਜ਼ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮਾਇਆ ਪੰਜਾਬ ਟਾਈਮਜ਼ ਦੇ ਸਟਾਫ਼ ਲਈ ਪਾਰਟੀ ਵਾਸਤੇ ਭੇਜ ਰਿਹਾ ਹਾਂ।

ਵਿਸਾਖੀ ਦਾ ਤਿਓਹਾਰ ਵੀ ਆ ਰਿਹਾ ਹੈ, ਤੇ ਵਿਸਾਖੀ ਮਨਾਉਂਦਿਆਂ ਪੰਜਾਬ ਟਾਈਮਜ਼ ਦੀ ਮੈਨੇਜਮੈਂਟ ਵੱਲੋਂ ਕੁੱਝ ਮਾਇਆ ਆਪਣੇ ਵੱਲੋਂ ਪਾ ਕੇ ਸਟਾਫ਼ ਨੂੰ ਪਾਰਟੀ ਦਿੱਤੀ ਗਈ, ਜਿਸ ਤੇ ਸਾਰਿਆਂ ਵੱਲੋਂ ਕੁਲਤਾਰ ਸਿੰਘ ਜੋਗੀ ਅਤੇ ਅਦਾਰਾ ਪੰਜਾਬ ਟਾਈਮਜ਼ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

# ਦੀਵਾਨ ਵੱਡੇ ਸੰਤਾਂ ਦਾ

// ਰਣਵੀਰ ਸਿੰਘ ਰਾਣਾ //



ਚਾਚੇ ਦਾ ਇਹ ਪੱਕਾ ਨੇਮ ਸੀ ਗੁਰੂ ਘਰ ਜਾਣਾ। ਅੱਜ ਵੀ ਚਾਚਾ ਸਮੇ ਸਿਰ ਪਹੁੰਚ ਗਿਆ। ਅੱਜ ਅੱਗੋਂ ਨਾਲ਼ੋਂ ਬਹੁਤ ਸੰਗਤ ਜ਼ਿਆਦਾ ਸੀ। ਅੱਗੇ ਐਨਾ ਇੱਕਠ ਨਹੀਂ ਹੁੰਦਾ ਕਾਰ ਪਾਰਕ ਵੀ ਕਾਰਾ ਨਾਲ ਫੁੱਲ ਸੀ। ਚਾਚਾ ਆਪਣੀ ਕਾਰ ਬੜੀ ਦੂਰ ਖੜੀ ਕਰਕੇ ਆਇਆ। ਵਿਆਹ ਵੀ ਕੋਈ ਨੀ ਲੱਗਦਾ ਹੋਰ ਪ੍ਰੋਗਾਮ ਵੀ ਕੋਈ ਨੀ ਲੱਗਦਾ। ਚਾਚੇ ਨੇ ਇਸ ਸਸੋਪੰਜ ਵਿੱਚ ਤੁਰੇ ਜਾਂਦੇ ਨੇ ਮੇਨ ਗੇਟ ਵੱਲ ਨਿਗਾ ਮਾਰੀ ਮੇਨ ਗੇਟ ਤੇ ਵੀ ਕਾਫ਼ੀ ਸੰਗਤ ਖੜੀ ਸੀ ਚਾਚੇ ਨੇ ਮੇਨ ਗੇਟ ਤੇ ਉਡੀਕ ਕਰਦੇ ਨੇ ਇਕ ਗੁਰਸਿੱਖ ਨੂੰ ਪੁੱਛ ਲਿਆ, ਭਾਈ ਸਾਹਿਬ ਅੱਜ ਐਨੀ ਸੰਗਤ ਕਿੱਦਾ ਅੱਜ ਕੋਈ ਖਾਸ ਪ੍ਰੋਗਾਮ ਆ ਅੱਗੇ ਤਾਂ ਗਿੱਣਤੀ ਦੀ ਸੰਗਤ ਹੁੰਦੀ ਆ। ਗੁਰਸਿੱਖ ਆਖਣ ਲੱਗਾ ਚਾਚਾ ਜੀ ਤੁਹਾਨੂੰ ਨੀ ਪਤਾ ਅੱਜ ਵੱਡੇ ਸੰਤਾ ਦਾ ਦੀਵਾਨ ਆ। ਇਹਨਾਂ ਦੀ ਮਹਿਮਾ ਬੜੀ ਦੂਰ ਦੂਰ ਤੱਕ ਫੈਲੀ ਹੋਈ ਆ। ਭਲਾ ਭਾਈ ਗੁਰਸਿੱਖਾਂ ਇਹ ਸੰਤ ਬਾਬਾ ਕਬੀਰ ਬਾਬਾ ਰਵਿਦਾਸ ਬਾਬਾ ਨਾਨਕ ਤੋਂ ਵੱਡੇ ਹਨ ਜਿਹੜੇ ਆਪਣੇ ਦਸਾਂ ਨਹੁੰਆਂ ਦੀ ਕਿਰਤ ਕਰਦੇ ਅਕਾਲ-ਪੁਰਖ ਦੇ ਘਰ ਪਹੁੰਚ ਗਏ ਅਸੀਂ ਤਾਂ ਸੁਣਿਆ ਸੀ। ਗੁਰੂ ਗ੍ਰੰਥ ਸਾਹਿਬ ਹੀ ਸਭ ਤੋਂ ਵੱਡੇ ਨੇ ਚਲੋ ਆ ਤੈ ਦੱਸ ਦਿੱਤਾ ਕੋਈ ਗੁਰੂ ਗ੍ਰੰਥ ਤੋਂ ਵੀ ਵੱਡਾ ਤੇਰੀ ਬਹੁਤ ਬਹੁਤ ਮਿਹਰਬਾਨੀ। ਚਾਚੇ ਦੀ ਗੱਲ ਸੁਣਕੇ ਗੁਰਸਿੱਖ ਇੱਦਾਂ ਹੋ ਗਿਆ ਜ਼ਿੱਦਾਂ ਠੂੰਹਾ ਨੇ ਕਸੂਤੇ ਥਾਂ ਡੰਗ ਮਾਰ ਦਿੱਤਾ ਹੋਵੇ। ਬੜੇ ਗ਼ੁੱਸੇ ਨਾਲ ਆਖਣ ਲੱਗੇ ਤੇਰੇ ਜਿਹੇ ਨਾਸਤਿਕਤਾ ਕਰਕੇ ਤਾਂ ਦੁਨੀਆ ਗ਼ਰਕਣ ਤੇ ਆਈ ਹੋਈ। ਇਹ ਤਾਂ ਸਿਰਫ ਇਹੋ ਜਿਹੇ ਮਹਾਂਪੁਰਖਾ ਕਰਕੇ ਦੁਨੀਆ ਬੱਚੀ ਹੋਈ ਆ। ਚਾਚੇ ਨੂੰ ਸਮਝ ਲੱਗ ਗਈ। ਇਹ ਸੰਤਾ ਦਾ ਪੱਕਾ ਚੇਲਾ। ਇਹਦਾ ਸੰਤਾਂ ਨੇ ਬਰੇਨ-ਵਾਸ਼ ਕੀਤਾ ਹੋਇਆ। ਇਹਨੂੰ ਸਮਝਾਉਣ ਦਾ ਕੋਈ ਫ਼ਾਇਦਾ ਨੀ। ਹੌਣਾ ਮੱਝ ਅੱਗੇ ਬੀਨ ਵਜਾਉਣ ਵਾਲੀ ਗੱਲ ਹੌਣੀ ਆ।

ਜ਼ਿੱਦਾਂ ਜ਼ਿੱਦਾਂ ਸੰਤਾਂ ਦੇ ਆਉਣ ਦਾ ਸਮਾਂ ਨੇੜੇ ਆ ਰਹਿਆ ਸੀ। ਸੰਗਤਾਂ ਵਿਆਕੁਲ ਹੋ ਰਹੀਆਂ ਸੀ। ਕਿਹੜੀ ਘੜੀ ਸੰਤਾਂ ਆਉਣ ਦਰਸ਼ਨ ਦੀਦਾਰੇ ਕਰੀਏ। ਕਈਆਂ ਦੇ ਤਾਂ ਅੰਦਰੋ ਅਵਾਜ਼ਾਂ ਵੀ ਆਉਣ ਲੱਗ ਪਈਆਂ ਸੀ। ਬਾਬਾ ਜੀ ਦਿਉ ਦਰਸ਼ਨ ਸੰਗਤਾਂ ਤੜਫ ਰਹੀਆਂ। ਬਾਬਾ ਜੀ ਫੇਰ ਇੱਕ ਰੌਲਾ ਜਿਹਾ ਪੈ ਗਿਆ। ਬਾਬਾ ਜੀ ਆ ਗਏ। ਬਾਬਾ ਜੀ ਆ ਗਏ। ਸੰਤ ਜੀ ਆਪਣੇ ਪੰਦਰਾਂ ਵੀਹ ਢੋਲਕੀਆਂ ਚਿਮਿਟਿਆ ਵਾਲਿਆਂ ਨਾਲ ਤੁਰੇ ਆ ਰਹੇ ਸੀ। ਸੰਤਾਂ ਦਾ ਮੁੱਖ ਤਾਂ ਭਾਵੇ ਦੂਜੇ ਪਾਸੇ ਸੀ, ਪਰ ਫੇਰ ਵੀ ਸਭ ਮਾਈ-ਭਾਈ ਨੇਹੱਥ ਜੌੜਕੇ ਨਮਸਕਾਰ ਕੀਤੀ। ਕਈਆਂ ਨੇ ਸੰਤਾਂ ਦੇ ਚਰਨਾਂ ਵਿੱਚ ਮੱਥਾ ਵੀ ਟੇਕਿਆ। ਸੰਤਾਂ ਨੇ ਹਾਲੇ ਵਾਜੇ ਦੀ ਪਹਿਲੀ ਸੁਰ ਦੱਬੀ ਸੀ। ਵਾਜੇ ਦੀਆਂ ਚੀਕਾਂ ਕੱਢ ਦਿੱਤੀਆਂ ਢੋਲਕੀਆਂ ਵਾਲੇ ਢੋਲਕੀਆਂ ਵਾਲਿਆਂ ਨੇ ਢੋਲਕੀਆਂ ਪਾੜਨ ਲਾ ਦਿੱਤੀਆਂ। ਚਿਮਟੇ ਵਾਲੇ ਚਿਮਟੇ ਭੰਨਣ ਤੱਕ ਗਏ। ਪੂਰੇ ਦੱਸ ਮਿੰਟ ਚਿਮਟੇ ਢੋਲਕੀਆਂ ਖੜਕਦੇ ਰਹੇ। ਸੰਗਤ ਪੂਰੀ ਤਰਾਂ ਝੂਮਣ ਲਾ ਦਿੱਤੀ। ਸੰਤ ਜੀ ਸਿੱਧੀਆਂ ਧਾਰਨਾਂ ਪੜ੍ਹਨ ਲੱਗ ਪਏ। ਜੇ ਤੈਂ ਚਾਰ ਪਦਾਰਥ ਲੈਣੇ ਕਰ ਲੈ ਸੇਵਾ ਸਾਧੂਆਂ ਦੀ ਕਰ ਲੈ ਸੇਵਾ। ਹੁਣ ਸੰਤ ਜੀ ਕਥਾ ਕਰ ਰਹੇ ਸੀ। ਸੰਗਤ ਜੀ ਇਹ ਚਾਰ ਪਦਾਰਥ ਸਾਧੂਆਂ ਕੋਲ ਹੁੰਦੇ ਨੇ ਜਿਹੜੇ ਸਾਧੂਆਂ ਦੀ ਤਨ ਮਨ ਧੰਨ ਨਾਲ ਸੇਵਾ ਕਰਦੇ ਇਹ ਉਹਨੂੰ ਸਾਧੂ ਦੇ ਦੇਦੇਂ ਨੇ ਸਾਧੂਆਂ ਨੂੰ ਮਾੜਾ ਨੀਂ ਬੋਲਣਾ ਚਾਹੀਦਾ। ਜਦੋਂ ਵੀ ਕਿਸੇ ਦੇ ਚੋਲਾ ਪਾਇਆ ਦੇਖੋ, ਝੱਟ ਨਮਸਕਾਰ ਕਰ ਦਿਆ ਕਰੋ। ਸੰਗਤ ਜੀ ਇਹ ਚੋਲੋ ਐਵੇਂ ਨੀ ਪੈਂਦੇ। ਕਈ ਜਨਮ ਲੱਗ ਜਾਂਦੇ ਨੇ ਸੰਗਤ ਜੀ ਚਾਰ ਪਦਾਰਥ ਆਹ ਨੇ ਧੀਆਂ -ਪੁੱਤ ਕੰਮ-ਕਾਰ ਸੁੱਖ-ਸ਼ਾਂਤੀ ਅਤੇ ਧੰਨ-ਦੌਲਤ ਸੰਗਤ ਜੀ ਸੱਚੇ ਸਾਧੂ ਲੱਭਣੇ ਪੈਂਦੇ ਨੇ। ਕਿਤੇ ਅੱਤ ਦੇ ਕਰਮ ਚੰਗੇ ਹੌਣ ਤੱਦ ਜਾਕੇ ਕਿਤੇ ਸੱਚੇ ਸਾਧੂਆਂ ਨਾਲ ਮਿਲਾਪ ਹੁੰਦਾ। ਅੱਧ ਤੋਂ ਵੱਧ ਸੰਗਤ ਸੰਤਾਂ ਨੂੰ ਆਪਣਾ ਸਭ ਕੁਝ ਮੰਨ ਚੁੱਕੀ ਸੀ। ਸੰਤਾਂ ਦੇ ਡੇਰੇ ਦਾ ਐਡਰੈਸ ਲੈਣ ਲਈ ਤਾਂਘ ਰਹੀਂ ਸੀ। ਏਨੇ ਬਚਨ ਬਿਲਾਸ ਸੁਣਦੇ ਹੀ ਚਾਚੇ ਦੇ ਨਾਲ ਬੈਠੇ ਨੇ ਚਾਚੇ ਦੀ ਵੱਖੀ ਵਿੱਚ ਹੁੱਝ ਮਾਰੀ। ਚਾਚਾ ਜੀ ਅਸੀਂ ਤਾਂ ਸੁਣਿਆ ਸੀ ਅੱਜ ਚੋਰਾਂ ਨੇ ਗੱਲ ਪਾ ਲਿਆ ਸਾਧਾਂ ਦਾ ਬਾਣਾ। ਨਾਲੇ ਚਾਚਾ ਇਹ ਚਾਰ ਪਦਾਰਥ ਵੰਡ ਕਿਉਂ ਨੀ ਦੇਦੇਂ? ਪੰਜਾਬ ਵਿੱਚ ਚਾਰਾਂ ਪਦਾਰਥਾਂ ਦੀ ਏਸ ਵੇਲੇ ਸਖ਼ਤ ਲੌੜ ਆ। ਕਿਸਾਨਾਂ ਨੂੰ ਧੰਨ-ਦੌਲਤ ਬੇਰੁਜ਼ਗਾਰਾਂ ਨੂੰ ਕੰਮ-ਕਾਰ ਬੇਔਲਾਦਾਂ ਨੂੰ ਧੀਆਂ-ਪੁੱਤ ਤੇ ਪੰਜਾਬ ਨੂੰ ਸੁਖ-ਸ਼ਾਂਤੀ ਵਿਦੇਸ਼ਾਂ ਵਿੱਚ ਤਾਂ ਇਹਨਾਂ ਚੀਜ਼ਾਂ ਦੀ ਬਹੁਤੀ ਲੌੜ ਨੀ ਸੰਤ ਜੀ ਕਥਾ ਕਰਦੇ ਕਰਦੇ ਆਪਣੇ ਜੀਵਨ ਬਾਰੇ ਦੱਸਣ ਲੱਗ ਪਏ। ਸੰਗਤ ਜੀ ਮੈਂ ਵਿਆਹ ਨੀ ਸੀ ਕਰਾਉਣਾ। ਨਾਮ ਜੱਪਕੇ ਆਪਣਾ ਜੀਵਨ ਸਫਲ ਬਣਾਉਣਾ ਸੀ, ਪਰ ਵੱਡੇ ਸੰਤ ਕਹਿਣ ਲੱਗੇ ਕਾਕਾ ਤੇਰੇ ਹਾਲੇ ਪਿਛਲਾ ਹਿਸਾਬ ਕਿਤਾਬ ਰਹਿੰਦਾ। ਇਸ ਕਰਕੇ ਅਸੀਂ ਵੱਡੇ ਸੰਤਾਂ ਦਾ ਹੁਕਮ ਮੰਨਿਆ ਚਾਚਾ ਸੋਚਣ ਲੱਗ ਪਿਆ। ਅਸੀਂ ਤਾਂ ਇਹਨੂੰ ਵੱਡਾ ਸੰਤ ਸਮਝਦੇ ਸੀ, ਪਰ ਆਹ ਇੱਕ ਹੋਰ ਵੱਡਾ ਸੰਤ ਨਿਕਲ ਆਇਆ ਵਿਆਹ ਦੀ ਗੱਲ ਸੁਣਕੇ ਚਾਚੇ ਦੇ ਨਾਲ ਬੈਠੇ ਨੇ ਚਾਚੇ ਦੇ ਫੇਰ ਵੱਖੀ ਵਿੱਚ ਹੁੱਝ ਮਾਰੀ। ਚਾਚਾ ਜਿਹੜਾ ਕਹਿੰਦਾ ਮੈਂ ਵਿਆਹ ਨੀ ਕਰਉਣਾ ਪਰ ਇਹਦੇ ਛੇ ਬੱਚੇ ਨੇ। ਇਹਨੂੰ ਹੋਰ ਕੋਈ ਕੰਮ ਨਹੀਂ ਸੀ? ਚਾਚੇ ਨੂੰ ਐਨੇ ਨਿਆਣੇ ਸੁਣਕੇ ਝੱਟਕਾ ਜਿਹਾ ਲੱਗਾ।

ਸੰਤ ਕਥਾ ਕਰਦੇ ਆਖਣ ਲੱਗੇ, ਸੰਗਤ ਜੀ! ਮੈ ਗੁਰੂ ਦੀ ਨਗਰੀ ਅੰਮ੍ਰਿਤਸਰ ਤੋਂ ਆਇਆ। ਮੇਰਾ ਉਸ ਗੁਰੂ ਦੀ ਨਗਰੀ ਨਾਲ ਬਹੁਤ ਪਿਆਰ ਹੈ। ਗੁਰੂ ਦੀ ਨਗਰੀ ਦਾ ਨਾਂ ਸੁਣਕੇ ਬੀਬੀਆਂ-ਭਾਈਆਂ ਨੇ ਸੰਤ ਮੂਹਰੇ ਦਸਾਂ ਵੀਹਾ ਦੇ ਨੋਟ ਰੱਖਣੇ ਸੁਰੂ ਕਰ ਦਿੱਤੇ। ਨੋਟਾਂ ਦੀ ਤਹਿ ਵਾਜੇ ਤੋਂ ਵੀ ਉੱਚੀ ਹੋ ਗਈਆਂ। ਇਹ ਸੁਣਕੇ ਚਾਚੇ ਦੇ ਨਾਲ ਬੈਠੇ ਨੇ ਫੇਰ ਚਾਚੇ ਦੀ ਵੱਖੀ ਵਿੱਚ ਹੁੱਝ ਮਾਰੀ-ਨਾ ਚਾਚਾ ਇਹ ਕਹਿੰਦਾ ਮੇਰਾ ਉਸ ਨਗਰੀ ਨਾਲ ਪਿਆਰ ਬਹੁਤ ਆ ਇਹ ਉਸ ਦਿਨ ਕਿੱਥੇ ਸੀ ਜਦੋਂ ਗੁਰੂ ਦੀ ਨਗਰੀ ਤੇ ਕਹਿਰ ਵਰਤ ਗਿਆ ਸੀ, ਉਸ ਦਿਨ ਕਿਉਂ ਨੀ ਪਿਆਰ ਆਇਆ।

ਸੰਤ ਨੇ ਫੇਰ ਕਥਾ ਅੱਗੇ ਤੋਰ ਲਈ। ਸੰਗਤ ਜੀ ਤੁਹਾਡੇ ਕਿੰਨੇ ਮਾੜੇ ਭਾਗ ਨੇ ਤੁਸੀਂ ਚਾਰ ਪੰਜਾ ਪੌਂਡਾਂ ਡਾਲਰ ਦੀ ਖ਼ਾਤਰ ਉਸ ਗੁਰੂ ਪੀਰਾਂ ਦੀ ਧਰਤੀ ਨੂੰ ਛੱਡਕੇ ਵਿਦੇਸ਼ਾਂ ਵਿੱਚ ਆਕੇ ਬੈਠੇ ਹੋ ਮੁੜਕੇ ਜਾਣ ਦਾ ਨਾਂ ਹੀ ਲੈਂਦੇ। ਗੁਰੂ ਪੀਰਾਂ ਦੀ ਧਰਤੀ ਕਿਤੇ ਲੱਭਦੀ ਆ ਨਾਲੇ ਸੰਤਾਂ ਨੇ ਫੇਰ ਧਾਰਨਾ ਪੜ੍ਹਨੀ ਸੁਰੂ ਕਰ ਦਿੱਤੀ- ਗੁਰੂ ਪੀਰਾਂ ਦੀ ਜੇ ਧਰਤੀ ਮਿਲ ਜਾਵੇ ਮੈ ਠੋਕਰ ਮਾਰਾਂ ਮਾਇਆ ਨੂੰ ਮੈ ਠੋਕਰ ਮਾਰਾਂ ਪ੍ਰਦੇਸ਼ਾਂ ਨੂੰ ਸੰਗਤੇ ਮੈਂ ਠੋਕਰ ਮਾਰਾਂ। ਇਹ ਸੁਣਕੇ ਬੀਬੀਆਂ ਨੇ ਰੌਣਾ ਸੁਰੂ ਕਰ ਦਿੱਤਾ। ਨਾਲੇ ਪੌਂਡਾਂ ਡਾਲਰਾਂ ਦਾ ਮੀਂਹ ਵਰਾਂ ਦਿੱਤਾ। ਮਾਇਆ ਦੇਖ ਕੇ ਸੰਤ ਦੇ ਸਾਜ ਢੋਲਕੀਆਂ ਚਿਮਟੇ ਹੋਰ ਉੱਚੀ ਉੱਚੀ ਖੜਕਣ ਲੱਗ ਪਏ। ਚਾਚੇ ਦੇ ਨਾਲ ਬੈਠੇ ਫੇਰ ਚਾਚੇ ਦੀ ਵੱਖੀ ਵਿੱਚ ਹੁੱਝ ਮਾਰੀ-ਨਾਂ ਚਾਚਾ ਇਹ ਕਹਿੰਦਾ ਤੁਸੀਂ ਗੁਰੂ ਪੀਰਾਂ ਦੀ ਧਰਤੀ ਛੱਡਕੇ ਆ ਗਏ ਹੋ ਚਾਚਾ ਇਹਦੇ ਛੇ ਦੇ ਛੇ ਬੱਚੇ ਪ੍ਰਦੇਸਾਂ ਵਿੱਚ ਪੂਰੀ ਤਰ੍ਹਾਂ ਸੈੱਟ ਨੇ।


ਸੰਤਾਂ ਨੇ ਫੇਰ ਕਥਾ ਕਰਨ ਲੱਗ ਪਏ- ਇਹ ਮਾਇਆ ਨਾਗਣੀ ਆ। ਇਹਦੇ ਕੋਲ ਬੱਚਕੇ ਰਹਿਣਾ ਚਾਹੀਦਾ। ਇਹ ਡੰਗ ਬਹੁਤ ਕਸੂਤੇ ਮਾਰਦੀ ਆ। ਸੰਤ ਨੇ ਧਾਰਨਾ ਪੜ੍ਹਨੀ ਸੁਰੂ ਕਰ ਦਿੱਤੀ। ਮਾਇਆ ਨੇ ਵੱਡੇ ਵੱਡੇ ਖਾ ਲਏ। ਸੰਤਾਂ ਨੂੰ ਇਹੋ ਕੁਝ ਨਾ ਕਹੇ ਸੰਗਤੇ ਸੰਤਾਂ ਨੂੰ। ਇਹ ਸੁਣਕੇ ਚਾਚੇ ਦੇ ਨਾਲ ਬੈਠੇ ਨੇ ਫੇਰ ਵੱਖੀ ਵਿੱਚ ਹੁੱਝ ਮਾਰੀ ਨਾਂ ਚਾਚਾ ਇਹ ਕਹਿੰਦਾ ਮਾਇਆ ਨਾਗਣੀ ਆ, ਪਰ ਇਹਦੇ ਕੋਲ ਕਰੌੜਾ ਦਾ ਡੇਰਾ ਤੇ ਲੱਖਾਂ ਦੀਆਂ ਗੱਡੀਆਂ ਨੇ। ਸਟੇਜ 'ਤੇ ਬੈਠਾ ਕਹੀ ਜਾਂਦਾ ਮਾਇਆ ਨਾਲ ਪਿਆਰ ਨਾ ਕਰੋ।

ਚਾਚਾ ਬੋਲਿਆ, ਨਾ ਤੂੰ ਅੱਜ ਮੇਰੀ ਵੱਖੀ ਪਾੜਕੇ ਹੱਟੇਗਾਂ। ਦੋ ਘੰਟੇ ਹੋ ਗਏ ਮੈਨੂੰ ਦੇਖਦੇ ਨੂੰ ਤੂੰ ਠਾਹ ਕਰਦਾ ਮੇਰੀ ਵੱਖੀ ਵਿੱਚ ਕੂਹਣੀ ਮਾਰ ਦਿੰਨਾ ਆ ਜੇ ਇੰਨਾਂ ਦਰਦ ਤਾਂ ਸੰਗਤ 'ਚੋਂ ਖੜ੍ਹੇ ਹੋ ਕੇ ਕਹਿ ਕਿਉਂ ਨੀ ਦਿੰਦਾ। ਨਾ ਚਾਚਾ ਦਿਲ ਤਾਂ ਮੇਰੇ ਵੀ ਕਰਦਾ ਪਰ ਜਿਹੜੇ ਚਿਮਟੇ ਆ ਇਹ ਕੱਲੇ ਵਜਾਉਣ ਦੇ ਕੰਮ ਨੀ ਆਉਂਦੇ ਇਹਨਾਂ ਨਾਲ ਸਿਰ ਵੀ ਪਾੜ ਹੋ ਜਾਂਦੇ ਨੇ। ਸੰਤਾਂ ਦੇ ਚੇਲੇ ਅੱਗੇ ਇਹੋ ਜਿਹੇ ਕੰਮਾਂ ਨੂੰ ਤਿਆਰ ਰਹਿੰਦੇ ਨੇ। ਮੇਰੇ ਵਰਗੇ ਨੂੰ ਤਾਂ ਅੱਗੇ ਲੱਭਦੇ ਫਿਰਦੇ ਨੇ।

ਸੰਤ ਜੀ ਦਾ ਪ੍ਰੋਗਾਮ ਖਤਮ ਹੋ ਚੁੱਕਿਆ ਸੀ। ਸਟੇਜ ਸੈਕਟਰੀ ਨੇ ਸੰਤਾਂ ਦੀ ਤਾਰੀਫ਼ ਦੇ ਵੱਡੇ ਵੱਡੇ ਪੁੱਲ ਬੰਨ ਦਿੱਤੇ। ਹੁਣ ਕੀਰਤਨੀਆਂ ਜਥਾ ਕੀਰਤਨ ਕਰ ਰਿਹਾ ਸ੍ਰੀ ਦਰਬਾਰ ਹਾਲ ਵਿੱਚ ਗਿਣਤੀ ਦੇ ਹੀ ਬੰਦੇ ਬੈਠੇ ਸੀ। ਸਾਰੀ ਸੰਗਤ ਸੰਤਾਂ ਦੇ ਨਾਲ ਗੁਰੂ ਘਰ ਤੋਂ ਬਾਹਰ ਆ ਗਈ। ਕੁਝ ਬੀਬੀਆਂ ਜਿੱਥੇ ਸੰਤ ਲੰਘਕੇ ਗਏ ਸੀ, ਕਾਰਪੈਟ ਤੇ ਹੱਥ ਫੇਰ ਸੰਤਾਂ ਦੀ ਚਰਨ-ਧੂੜ ਮੱਥੇ ਨੂੰ ਵਾਰ ਵਾਰ ਲਾ ਰਹੀਆ ਸੀ। ਆਪਣੇ ਧੰਨ-ਭਾਗ ਸਮਝ ਰਹੀਆਂ ਸੀ। ਕੁਝ ਕੁ ਬੀਬੀਆਂ ਨੇ ਗੱਡੀ ਦੇ ਟਾਇਰਾਂ ਤੇ ਵੀ ਹੱਥ ਫੇਰਿਆ। ਕੁਝ ਨੇ ਜਿੱਥੇ ਸੰਤ ਨੇ ਸੀਟ ਤੇ ਬੈਠਣਾ ਸੀ, ਉੱਥੇ ਬੜੀ ਪ੍ਰੀਤ ਨਾਲ ਮੱਥੇ ਟੇਕਿਆ। ਹਾਲੇ ਇਹ ਕੁਝ ਚੱਲ ਹੀ ਰਹਿਆ ਸੀ, ਫੇਰ ਇੱਕ ਰੌਲਾ ਪੈ ਗਿਆ। ਸੰਤ ਜੀ ਫਲ਼ ਦਿੰਦੇ ਨੇ ਜਿਹੜੀਆਂ ਦੋ ਚਾਰ ਬੁੜੀਆ ਦਰਬਾਰ ਹਾਲ ਵਿੱਚ ਬੈਠੀਆਂ ਸੀ। ਜ਼ਿਹਨਾਂ ਨੇ ਦੋ ਦੋ ਸੋਟੀਆਂ ਫੜੀਆਂ ਹੋਈਆਂ ਸੀ। ਉੱਠਣ ਬੈਠਣ ਵਿੱਚ ਕਾਫ਼ੀ ਤਕਲੀਫ਼ ਸੀ। ਸੰਤਾਂ ਦਾ ਫਲ ਦਿੰਦਾ ਸੁਣਕੇ ਬਗੈਰ ਸੋਟੀਆਂ ਤੋਂ ਘੋੜੀ ਵਾਂਗੂ ਭੱਜ ਗਈਆਂ। ਸੰਤ ਜੀ ਗੱਡੀ ਵਿੱਚ ਬੈਠਕੇ ਚਲੇ ਗਏ। ਉਹਨਾਂ ਅੱਗੇ ਵੀ ਪ੍ਰੋਗਰਾਮ 'ਤੇ ਵੀ ਜਾਣਾ ਸੀ। ਸੰਤ ਜੀ ਦੇ ਜਾਣ ਬਾਅਦ ਬੀਬੀਆਂ ਨੇ ਇੱਕ ਦੂਜੇ ਨੂੰ ਵਧਾਈਆਂ ਦਿੱਤੀਆਂ ਕਿ ਆਪਣੇ ਕਿੰਨੇ ਕਰਮ ਚੰਗੇ ਨੇ ਆਪਾ ਨੂੰ ਸੰਤਾਂ ਹੱਥੋਂ ਫਲ ਮਿਲ ਗਿਆ। ਇੱਦਾਂ ਦੇ ਸੰਤ ਕਦੇ ਰੋਜ ਥੌੜੇ ਕਿਤੇ ਦਰਸ਼ਨ ਹੁੰਦੇ ਆ ਸਭ ਸੰਤਾਂ ਦੇ ਦਰਸ਼ਨ ਕਰਕੇ ਨਿਹਾਲੋ ਨਿਹਾਲ ਸੀ।

ਕੀਰਤਨ ਹੋ ਚੁੱਕਾ ਸੀ। ਭੋਗ ਪੈ ਚੁੱਕਾ ਸੀ। ਇੱਥੇ ਅੱਜ ਦੇ ਪ੍ਰੋਗਾਮ ਦੀ ਸਮਾਪਤੀ ਸੀ। ਚਾਚਾ ਜਦੋਂ ਪ੍ਰਸਾਦ ਲੈ ਕੇ ਦਰਬਾਰ ਹਾਲ ਚੋ ਬਾਹਰ ਨਿਕਲਣ ਲੱਗਾ, ਅੱਗੇ ਲੰਗਰ ਹਾਲ ਵਿੱਚ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਦੀ ਤਸਵੀਰ ਲੱਗੀ ਹੋਈ ਸੀ। ਤਸਵੀਰ ਵਿੱਚ ਉਹ ਮਿੰਨਾਂ ਮਿੰਨਾਂ ਮੁਸਕਰਾ ਰਹੇ ਸੀ। ਤਸਵੀਰ ਦੇਖਕੇ ਚਾਚੇ ਦੇ ਕਦਮ ਉੱਥੇ ਰੁਕ ਗਏ। ਆਪਣੇ ਆਪ ਹੀ ਚਾਚੇ ਦਾ ਸਿਰ ਝੁੱਕ ਗਿਆ। ਚਾਚਾ ਮਨ ਹੀ ਮਨ ਵਿੱਚ ਸੋਚੀ ਪੈ ਗਿਆ ਤੇ ਤਸਵੀਰ ਵੱਲ ਵੇਖਕੇ ਕਹਿਣ ਲੱਗਾ-ਨਾਂ ਤੁਸੀਂ ਫਲ ਦਿੱਤਾ ਨਾਂ ਪੈਰੀਂ ਹੱਥ ਲੁਆਏ, ਨਾ ਕੁਝ ਹੋਰ ਪਾਖੰਡ ਕੀਤੇ, ਪਰ ਤੁਸੀਂ ਲੋਕਾਂ ਦੇ ਦਿਲਾਂ ਵਿੱਚ ਉਹ ਸ਼ਮਾਂ ਜਗਾ ਦਿੱਤੀ ਜਿਹੜੀ ਹਮੇਸ਼ਾ ਜਗਦੀ ਰਹੇਗੀ। ਇਹ ਅਹਿਸਾਸ ਕਰਾਉਂਦੀ ਰਹੇਗੀ। ਤੁਸੀਂ ਅਜੇ ਗੁਲਾਮ ਹੋ ਅਜ਼ਾਦ ਹੋਣਾ। ਇਹ ਸਾਡੇ ਦਿਲਾਂ ਵਿੱਚ ਹਮੇਸ਼ਾ ਜਗਦੀ ਰਹੇਗੀ। ਚਾਚਾ ਹੁਣ ਏਸੇ ਸ਼ਸੋਪੰਜ ਵਿੱਚ ਕਿ ਆਹ ਵੱਡਾ ਸੰਤ ਆ ਜਾ ਉਹ ਵੱਡੇ ਸੰਤ ਨੇ। ਕਾਰ ਵੱਲ ਨੂੰ ਆਉਂਦਾ ਚਾਚਾ ਇਹੀ ਸੋਚ ਰਹਿਆਂ ਸੀ।

* * * * * * * *



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

Respectable Jatt Sikh family seek a suitable match for their canadian Born and British citizen son. He is 31 years old, 5'11" tall, education Bsc Mathematics and runs his own Business, Girl should be from UK Jatt Sikh family. Work Permit Holder considerable. Please contact UK Times between 8am to 8pm on Mobile: 07723 369240 or reply to ref. 881 (3025)

Respectable jat sikh family seeks suitable match for their 40 yr beautiful daughter who has never been married. She's 5'5" and has LLB, LLM from Panjab university, Chandigarh. Presently doing a professional law course in London. Looking for a professionally qualified and settled boy from a good family. For further details please reply to ref. 880 (3020)

UK born Jatt Sikh boy aged 28 years old, height 5ft 8' working professional in IT. He is well versed in both cultures, sincere, caring with a good sense of humour. He does not drink and is a non smoker. He has short hair and is clean shaven. Ideal match should be UK born educated Jatt Sikh girl of similar age from the Midlands. Please reply with a recent photo and details to email: kiran_kaur32@outlook.com or Tel: 07896 927339. (3024)

Respectable Ramgarhia Sikh family seeking a suitable match for their British born son, degree holder in computer science, working. 39 years old, 6' tall, wears a turban and vegetarian. Girl should be vegetarian, born in the UK and degree holder. For more information contact 07505 127926. for further details or reply to ref. 879 (3020)

Respectable Jat Sikh Family seeks a suitable match for their beautiful 44 year old daughter. She has a Masters Degree and is employed by a large organisation in a professional role, in the midland area. She is 5'6", sincere, caring. Ideal match should be british born, clean shaven and working in a graduate role. Please call 07931 577645 or email tsj@mail.com for further details or reply to ref. 874 (3018)

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85

# ਮੋਦੀ ਦਾ ਦਾਅਵਾ ਐਨ. ਡੀ. ਏ. ਪਿਛਲੇ ਸਾਰੇ ਰਿਕਾਰਡ ਤੋੜੇਗੀ

## ✪ ਕਿਹਾ ਕਿ ਕੇਰਲਾ ਵਿਚ ਕਮਲ ਖਿੜੇਗਾ, ਵਿਰੋਧੀ ਗਠਜੋੜ ਇੰਡੀਆ ਕੋਲ ਘਪਲੇ

ਪਠਾਨਮਥਿੱਟਾ (ਕੇਰਲ)-ਸੰਸਦੀ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਕੇਰਲ ਵਿਚ ਕਮਲ ਖਿੜਨ ਵਾਲਾ ਹੈ ਤੇ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਆਉਣ ਵਾਲੀਆਂ ਚੋਣਾਂ ਵਿਚ ਪਿਛਲੇ ਸਾਰੇ ਰਿਕਾਰਡਾਂ ਨੂੰ ਪਛਾੜ ਕੇ ਕੇਂਦਰ ਵਿਚ ਸਰਕਾਰ ਬਣਾਏਗਾ। ਉਨ੍ਹਾਂ ਕੇਰਲ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮਹੱਤਵਪੂਰਨ ਸਮਰਥਨ ਨੂੰ ਵੋਟਾਂ 'ਚ ਬਦਲਣ ਤਾਂ ਜੋ ਭਾਜਪਾ ਰਾਜ ਵਿਚ ਦੋਹਰੇ ਅੰਕਾਂ ਵਿਚ ਸੀਟਾਂ ਜਿੱਤ ਸਕੇ। ਉਨ੍ਹਾਂ ਕਿਹਾ ਕਿ ਮੈਨੂੰ ਪੱਕਾ ਵਿਸ਼ਵਾਸ ਹੈ ਕਿ ਇਸ ਵਾਰ ਭਾਜਪਾ ਲਈ ਕੇਰਲ ਦਾ ਪਿਆਰ ਇਕ ਵੱਡੇ ਸਮਰਥਨ ਵਿਚ ਬਦਲੇਗਾ। ਉਨ੍ਹਾਂ ਕਿਹਾ ਕਿ ਮੈਨੂੰ ਪੱਕਾ ਵਿਸ਼ਵਾਸ ਹੈ ਕਿ ਇਸ ਵਾਰ ਪਿਛਲੇ ਸਾਰੇ ਰਿਕਾਰਡ ਟੁੱਟ ਜਾਣਗੇ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜੰਮੂ-ਕਸ਼ਮੀਰ ਦੇ ਲੋਕਾਂ ਨੇ ਦੇਸ਼ ਨੂੰ ਤੋੜਨ ਦਾ ਸੁਪਨਾ ਦੇਖਣ ਵਾਲਿਆਂ ਨੂੰ ਨਕਾਰ ਦਿੱਤਾ ਹੈ ਤੇ ਤਾਮਿਲਨਾਡੂ ਵੀ ਅਜਿਹਾ ਹੀ ਕਰੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜਦੋਂ ਕਿ ਭਾਜਪਾ ਨੇ ਲੋਕਾਂ ਨੂੰ ਦਿਖਾਉਣ ਲਈ ਵਿਕਾਸ ਦੀਆਂ ਪਹਿਲਕਦਮੀਆਂ ਕੀਤੀਆਂ ਵਿਰੋਧੀ ਸਮੂਹ ਇੰਡੀਆ ਕੋਲ ਹਾਲਾਂਕਿ, ਸਿਰਫ ਘਪਲੇ ਹਨ। ਉਨ੍ਹਾਂ ਨੇ ਅਜਿਹੇ ਘੁਟਾਲਿਆਂ ਦਾ ਵੇਰਵਾ ਦਿੰਦੇ ਹੋਏ ਕਿਹਾ ਕਿ ਸੂਚੀ ਵੱਡੀ ਹੈ। ਤਾਮਿਲਨਾਡੂ ਦੀ ਸੱਤਾਧਾਰੀ ਡੀ.ਐਮ.ਕੇ. ਨੂੰ ਨਿਸ਼ਾਨਾ ਬਣਾਉਂਦੇ ਹੋਏ, ਉਨ੍ਹਾਂ ਦੋਸ਼ ਲਗਾਇਆ ਕਿ ਡੀ.ਐਮ.ਕੇ. ਨੂੰ ਦੇਸ਼, ਇਸ ਦੇ ਸਭਿਆਚਾਰ ਤੇ ਵਿਰਾਸਤ ਪ੍ਰਤੀ ਨਫ਼ਰਤ ਹੈ ਤੇ ਦ੍ਰਾਵਿੜ ਪਾਰਟੀ ਤਾਮਿਲਨਾਡੂ ਦੇ ਭਵਿੱਖ, ਇਸਦੇ ਸਭਿਆਚਾਰ ਦੀ ਦੁਸ਼ਮਣ ਹੈ।

# ਤਰਨਜੀਤ ਸਿੰਘ ਸੰਧੂ ਭਾਜਪਾ ਵਿਚ ਸ਼ਾਮਲ

## ✪ ਅੰਮ੍ਰਿਤਸਰ ਲੋਕ ਸਭਾ ਸੀਟ ਲੜਨ ਦੀ ਸੰਭਾਵਨਾ



ਜਲੰਧਰ- ਅਮਰੀਕਾ 'ਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਬੀਤੇ ਦਿਨੀਂ ਭਾਜਪਾ 'ਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਅੰਮ੍ਰਿਤਸਰ ਲੋਕ ਸਭਾ ਸੀਟ ਤੋਂ ਚੋਣ ਮੈਦਾਨ ਵਿੱਚ ਉਤਾਰੇ ਜਾਣ ਦੀ ਸੰਭਾਵਨਾ ਹੈ। 'ਆਪ' ਨੇ ਅੰਮ੍ਰਿਤਸਰ ਤੋਂ ਕੁਲਦੀਪ ਸਿੰਘ ਧਾਲੀਵਾਲ ਨੂੰ ਉਮੀਦਵਾਰ ਬਣਾਇਆ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੇ ਗੁਰਜੀਤ ਸਿੰਘ ਔਜਲਾ ਨੇ ਹਰਦੀਪ ਸਿੰਘ ਪੁਰੀ ਨੂੰ ਕਰੀਬ 1 ਲੱਖ ਵੋਟਾਂ ਨਾਲ ਹਰਾਇਆ ਸੀ। 1988 ਬੈਚ ਦੇ ਭਾਰਤੀ ਵਿਦੇਸ਼ ਸੇਵਾ ਅਧਿਕਾਰੀ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ।


# ਅਮਰੀਕਾ ਦੇ ਫਲੋਰਿਡਾ ਰਾਜ ਵਿਚ ਬੀਚ ਉਪਰ ਹੋਈ ਗੋਲੀਬਾਰੀ ਵਿੱਚ 1 ਮੌਤ ਤੇ 3 ਹੋਰ ਜ਼ਖਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਡਾਊਨ ਟਾਊਨ ਜੈਕਸਨਵਿਲੇ ਬੀਚ (ਫਲੋਰਿਡਾ) 'ਤੇ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 3 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਬੀਚ ਉਪਰ ਸੇਂਟ ਪੈਟਰਿਕ ਦਿਵਸ ਮਨਾਉਣ ਲਈ ਆਏ ਲੋਕਾਂ ਦਾ ਭਾਰੀ ਇਕੱਠ ਸੀ। ਜੈਕਸਨਵਿਲੇ ਬੀਚ ਪੁਲਿਸ ਮੁੱਖੀ ਜੇਨ ਪਾਲ ਸਮਿਥ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ 3 ਵੱਖ ਵੱਖ ਥਾਵਾਂ 'ਤੇ ਹੋਈ। ਉਨਾਂ ਕਿਹਾ ਕਿ ਸ਼ਾਮ 7.50 ਦੇ ਆਸ ਪਾਸ ਪੁਲਿਸ ਵੱਲੋਂ ਬੀਚ 'ਤੇ ਇਕੱਠੀ ਹੋਈ 400 ਦੇ ਕਰੀਬ ਨਬਾਲਗਾਂ ਦੀ ਭੀੜ ਨੂੰ ਖਿੰਡਾ ਦੇਣ ਬਾਅਦ ਬੈਸਟ ਵੈਸਟਰਨ ਹੋਟਲ ਨੇੜੇ ਦੋ ਜਣਿਆਂ ਨੇ ਇਕ ਦੂਸਰੇ ਦੇ ਗੋਲੀਆਂ ਮਾਰੀਆਂ। ਦੋਨਾਂ ਤੋਂ ਇਲਾਵਾ ਇਸ ਘਟਨਾ ਵਿਚ ਨੇੜੇ ਖੜਾ ਇਕ ਰਾਹਗੀਰ ਵੀ ਜ਼ਖਮੀ ਹੋ ਗਿਆ। ਇਨਾਂ ਵਿਚੋਂ 2 ਦੀ ਹਾਲਤ ਗੰਭੀਰ ਹੈ। ਗੋਲੀਬਾਰੀ ਦੀ ਦੂਸਰੀ ਘਟਨਾ ਡਾਊਨਟਾਊਨ ਬਾਰ ਦੇ ਪਿਛਵਾੜੇ ਹੋਈ ਜਿਥੇ ਇਕ 21 ਸਾਲਾ ਵਿਅਕਤੀ ਦੀ ਮੌਤ ਹੋ ਗਈ। ਉਨਾਂ ਕਿਹਾ ਕਿ ਸ਼ੱਕੀ 6 ਫੁੱਟ ਉੱਚਾ ਕਾਲਾ ਵਿਅਕਤੀ ਹੈ ਜਿਸ ਨੇ ਛੋਟੀ ਦਾਹੜੀ ਰਖੀ ਹੋਈ ਹੈ। ਉਹ ਮੌਕੇ ਤੋਂ ਫਰਾਰ ਹੋ ਗਿਆ। ਤੀਸਰੀ ਘਟਨਾ ਵਿਚ ਇਕ ਵਿਅਕਤੀ ਪਿਸਤੌਲ ਨਾਲ ਗੋਲੀ ਚਲਾਉਣ ਉਪਰੰਤ ਫਰਾਰ ਹੋ ਗਿਆ।


## CHANGE OF NAME

I, MRS ANGELA VALAINCIA JOAO WIFE OF MR WILFRED ALBINO JOAO WHOSE PERMANENT ADDRESS IN INDIA IS H.NO.168, G-12, RAMAKANT APARTMENT, 18TH JUNE ROAD, PANJIM, NORTH GOA, PIN-403001 AND IS NOW LIVING AT 52 JUNIPER COURT, HANWORTH ROAD, HOUNSLOW, LONDON, TW3 3TL HEREBY GIVE NOTICE OF MY INTENTION TO CHANGE MY NAME TO MRS ANGELA VALANCIA JOAO.

I MR DIWAKAR LAKHAN PAL SON OF HARBANS LAL WHOSE PERMANENT ADDRESS IN INDIA IS HOUSE NO. 1992, WARD NO. 8, MOHALLA SAGRAN, GREEN PARK, ADAMPUR DOABA, JALANDHAR, PUNJAB AND NOW LIVING AT 8 BROMPTON DRIVE, ERITH, KENT, DA8 2LR HEREBY GIVE NOTICE OF MY INTENTION TO CHANGE MY NAME TO DIWAKAR LAKHANPAL. (U/I)



# ਕਿਡਨੀਆਂ ਦੀਆਂ ਗੰਭੀਰ ਬਿਮਾਰੀਆਂ ਤੋਂ ਕਿਵੇਂ ਬਚਿਆ ਜਾਵੇ



ਕਿਡਨੀ ਦਾ ਕੰਮ ਸਿਰਫ਼ ਯੂਰਿਨ ਬਣਾਉਣਾ ਹੀ ਨਹੀਂ ਹੁੰਦਾ, ਸਗੋਂ ਇਹ ਸਾਡੇ ਸਰੀਰ ਵਿੱਚ ਮੌਜੂਦ ਰਸਾਇਣਾਂ ਨੂੰ ਵੀ ਸੰਤੁਲਿਤ ਰੱਖਦਾ ਹੈ। ਬਲੱਡ ਪ੍ਰੈਸ਼ਰ ਨੂੰ ਨਿਯੰਤਰਿਤ ਕਰਦਾ ਹੈ, ਲਾਲ ਰਕਤਾਣੂਆਂ ਦੇ ਉਤਪਾਦਨ ਵਿੱਚ ਵੀ ਮਦਦ ਕਰਦਾ ਹੈ, ਹੱਡੀਆਂ ਨੂੰ ਸਿਹਤਮੰਦ ਰੱਖਦਾ ਹੈ, ਖ਼ੂਨ ਵਿੱਚੋਂ ਕੂੜਾ ਅਤੇ ਵਾਧੂ ਤਰਲ ਨੂੰ ਹਟਾਉਣ ਵਿੱਚ ਮਦਦ ਕਰਦਾ ਹੈ। ਇਨ੍ਹਾਂ ਸਾਰੇ ਕੰਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਗੁਰਦਿਆਂ ਨੂੰ ਤੰਦਰੁਸਤ ਰੱਖਣਾ ਬਹੁਤ ਜ਼ਰੂਰੀ ਹੈ।

ਗੁਰਦੇ ਦੀ ਬਿਮਾਰੀ ਇੱਕ ਸਾਈਲੈਂਟ ਕਿਲਰ ਦੀ ਤਰ੍ਹਾਂ ਹੈ, ਜਿਸਦਾ ਜਲਦੀ ਪਤਾ ਨਹੀਂ ਲੱਗਦਾ। ਨਿਯਮਤ ਚੈਕਅੱਪ ਕਰਵਾਉਣ ਨਾਲ ਇਸ ਵਿੱਚ ਹੋਣ ਵਾਲੀਆਂ ਸਮੱਸਿਆਵਾਂ ਦਾ ਸਮੇਂ ਸਿਰ ਪਤਾ ਲਗਾਇਆ ਜਾ ਸਕਦਾ ਹੈ। ਹਾਲਾਂਕਿ ਕੁਝ ਆਦਤਾਂ ਨੂੰ ਅਪਣਾ ਕੇ ਤੁਸੀਂ ਆਪਣੀ ਕਿਡਨੀ ਨੂੰ ਲੰਬੇ ਸਮੇਂ ਤੱਕ ਸਿਹਤਮੰਦ ਰੱਖ ਸਕਦੇ ਹੋ।

## ਸਰੀਰ ਨੂੰ ਸਰਗਰਮ ਰੱਖੋ

ਰੋਜ਼ਾਨਾ ਕਸਰਤ ਕਰਨ ਨਾਲ ਨਾ ਸਿਰਫ ਸਰੀਰ ਫਿੱਟ ਰਹਿੰਦਾ ਹੈ ਸਗੋਂ ਭਾਰ ਵੀ ਕੰਟਰੋਲ ਵੀਚ ਰਹਿੰਦਾ ਹੈ। ਜਿਸ ਕਾਰਨ ਕਿਡਨੀ ਦੀ ਪੁਰਾਣੀ ਬੀਮਾਰੀ ਦਾ ਖਤਰਾ ਕਾਫੀ ਹੱਦ ਤੱਕ ਘੱਟ ਜਾਂਦਾ ਹੈ। ਕਾਰਡੀਓ, ਸਾਈਕਲਿੰਗ, ਦੌੜਨਾ, ਯੋਗਾ, ਜ਼ੁੰਬਾ, ਹਰ ਤਰ੍ਹਾਂ ਦੀਆਂ ਕਸਰਤਾਂ ਸਰੀਰ ਲਈ ਫਾਇਦੇਮੰਦ ਹਨ।

## ਸਿਹਤਮੰਦ ਖੁਰਾਕ ਲਵੋ

ਸਿਹਤਮੰਦ ਅਤੇ ਸੰਤੁਲਿਤ ਆਹਾਰ ਲੈਣ ਨਾਲ ਨਾ ਸਿਰਫ਼ ਸਰੀਰ ਨੂੰ ਲੋੜੀਂਦਾ ਪੋਸ਼ਣ ਮਿਲਦਾ ਹੈ, ਸਗੋਂ ਇਹ ਕਈ ਬਿਮਾਰੀਆਂ ਜਿਵੇਂ ਬਲੱਡ ਪ੍ਰੈਸ਼ਰ, ਬਲੱਡ ਸ਼ੂਗਰ, ਦਿਲ ਦੇ ਰੋਗ ਆਦਿ ਦੇ ਖ਼ਤਰੇ ਤੋਂ ਵੀ ਬਚਦਾ ਹੈ। ਭੋਜਨ ਵਿੱਚ ਨਮਕ ਦੀ ਮਾਤਰਾ ਘੱਟ ਕਰੋ। ਰੋਜ਼ਾਨਾ 5 ਤੋਂ 6 ਗ੍ਰਾਮ ਨਮਕ ਸਰੀਰ ਲਈ ਕਾਫੀ ਹੁੰਦਾ ਹੈ। ਭੋਜਨ ਦੇ ਉੱਪਰ ਬਿਲਕੁਲ ਵੀ ਨਮਕ ਨਾ ਪਾਓ।

## ਕਾਫ਼ੀ ਪਾਣੀ ਪੀਓ

ਹਾਲਾਂਕਿ ਪਾਣੀ ਦੀ ਮਾਤਰਾ ਬਹੁਤ ਸਾਰੀਆਂ ਚੀਜ਼ਾਂ 'ਤੇ ਨਿਰਭਰ ਕਰਦੀ ਹੈ ਜਿਵੇਂ ਕਿ ਤੁਸੀਂ ਕਿੱਥੇ ਰਹਿੰਦੇ ਹੋ, ਤੁਹਾਡੀ ਸਿਹਤ ਦੀ ਸਥਿਤੀ, ਗਰਭ ਅਵਸਥਾ ਅਤੇ ਬ੍ਰੈਸਟ ਫੀਡਿੰਗ ਵਰਗੀਆਂ ਚੀਜ਼ਾਂ 'ਤੇ ਡਿਪੈਂਡ ਕਰਦੀ ਹੈ। ਫਿਰ ਵੀ ਦਿਨ ਵਿੱਚ 8 ਗਲਾਸ ਪਾਣੀ ਪੀਣਾ ਬਹੁਤ ਜ਼ਰੂਰੀ ਹੈ। ਇਸ ਨੂੰ ਕੋਲਡ ਡਰਿੰਕਸ, ਸੋਡਾ ਵਰਗੀਆਂ ਗੈਰ-ਸਿਹਤਮੰਦ ਚੀਜ਼ਾਂ ਨਾਲ ਬਦਲਣ ਦੀ ਗਲਤੀ ਨਾ ਕਰੋ।

## ਦਰਦ ਨਿਵਾਰਕ ਦਵਾਈਆਂ ਤੋਂ ਬਚੋ

ਜੇਕਰ ਛੋਟੀਆਂ-ਮੋਟੀਆਂ ਸਮੱਸਿਆਵਾਂ ਲਈ ਡਾਕਟਰ ਕੋਲ ਜਾਣ ਦੀ ਬਜਾਏ ਤੁਸੀਂ ਖੁਦ ਦਵਾਈਆਂ ਲੈ ਕੇ ਉਨ੍ਹਾਂ ਦਾ ਇਲਾਜ ਕਰਦੇ ਹੋ ਤਾਂ ਇਹ ਚੰਗੀ ਆਦਤ ਨਹੀਂ ਹੈ। ਇਸ ਦਾ ਗੁਰਦੇ 'ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਜੇਕਰ ਤੁਸੀਂ ਪਹਿਲਾਂ ਤੋਂ ਹੀ ਕਿਡਨੀ ਦੀ ਸਮੱਸਿਆ ਤੋਂ ਪੀੜਤ ਹੋ ਤਾਂ ਅਜਿਹਾ ਬਿਲਕੁਲ ਨਾ ਕਰੋ।

## ਸਿਗਰਟ ਪੀਣ ਤੋਂ ਬਚੋ

ਸਿਗਰਟਨੋਸ਼ੀ ਨਾ ਸਿਰਫ਼ ਫੇਫੜਿਆਂ ਦੇ ਕੈਂਸਰ ਸਗੋਂ ਕਿਡਨੀ ਦੇ ਕੈਂਸਰ ਦਾ ਖ਼ਤਰਾ 50 ਫੀਸਦੀ ਤੱਕ ਵਧਾਉਂਦੀ ਹੈ। ਸਿਗਰਟਨੋਸ਼ੀ ਗੁਰਦਿਆਂ ਦੇ ਖੂਨ ਸੰਚਾਰ ਨੂੰ ਪ੍ਰਭਾਵਿਤ ਕਰਦੀ ਹੈ। ਜਿਸ ਕਾਰਨ ਕਿਡਨੀ ਦੀ ਕੰਮ ਕਰਨ ਦੀ ਸਮਰੱਥਾ ਘੱਟ ਹੋਣ ਲੱਗਦੀ ਹੈ।

---

# * ਚੂੰਢਾਂ–ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਕੀ ਅਰੁਣ ਗੋਇਲ ਨੇ ਚੋਣ ਕਮਿਸ਼ਨ ਜਾਂ ਮੋਦੀ ਸਰਕਾਰ ਨਾਲ ਮੱਤ ਭੇਦਾਂ ਕਾਰਨ ਅਸਤੀਫ਼ਾ ਦਿਤਾ?- ਵਿਰੋਧੀ ਪਾਰਟੀਆਂ

-ਢੱਕੀ ਰਿੱਝੇ, ਕੋਈ ਨਾ ਬੁੱਝੇ।

*ਸੁਪਰੀਮ ਕੋਰਟ ਦੇ ਦਬਕੇ ਮਗਰੋਂ ਐਸ. ਬੀ. ਆਈ. ਨੇ ਚੋਣ ਬਾਂਡਾਂ ਦਾ ਵੇਰਵਾ ਇਕ ਦਿਨ ਵਿਚ ਚੋਣ ਕਮਿਸ਼ਨ ਨੂੰ ਸੌਂਪਿਆ- ਇਕ ਖ਼ਬਰ

-ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ।



*ਕੀ ਬਾਦਲ ਅਕਾਲੀ ਦਲ ਪੰਥ ਅਤੇ ਪੰਜਾਬ ਦੇ ਮੁੱਦੇ ਭੁਲਾ ਕੇ ਮੁੜ ਭਾਜਪਾ ਨਾਲ ਗੱਠਜੋੜ ਕਰੇਗਾ?- ਇਕ ਸਵਾਲ

-ਕਿਹੜਾ ਪੰਥ ਤੇ ਕਿਹੜਾ ਪੰਜਾਬ, ਕਾਰੋਬਾਰਾਂ ਦੇ ਸੌਦੇ ਨੇ ਭਾਈ।



*ਸੁਖਬੀਰ ਬਾਦਲ ਵਲੋਂ 'ਆਪ' ਵਿਧਾਇਕਾਂ ਨੂੰ 'ਮਲੰਗ' ਕਹਿਣਾ, ਜਗੀਰੂ ਸੋਚ ਦੀ ਨਿਸ਼ਾਨੀ- ਮਾਲਵਿੰਦਰ ਸਿੰਘ ਕੰਗ

-ਸੁਣਿਐਂ ਕਿ ਇਕ ਮਲੰਗ ਚੰਡੀਗੜ੍ਹ 'ਚ ਸਾਈਕਲ 'ਤੇ ਘੁੰਮਦਾ ਹੁੰਦਾ ਸੀ, ਘਰ ਲੈਣ ਲਈ ਬਿਆਨੇ ਦੇ ਪੈਸੇ ਵੀ ਨਹੀਂ ਸਨ ਕੋਲ਼।



*ਬੀ. ਜੇ. ਪੀ. ਨੇ ਅੰਤ ਤੱਕ ਸਾਨੂੰ ਹਨ੍ਹੇਰੇ 'ਚ ਰੱਖਿਆ- ਦੁਸ਼ਯੰਤ ਚੌਟਾਲਾ

-ਕਾਕਾ ਸਿਆਸਤ ਵਿਚ ਅਗਲੇ ਇੰਜ ਹੀ ਹੇਠੋਂ ਫੱਟਾ ਖਿੱਚਦੇ ਹੁੰਦੇ ਆ।

*ਲੋਕ ਸਭਾ ਚੋਣਾਂ ਤੋਂ ਪਹਿਲਾਂ ਸਰਕਾਰ ਨੇ ਪੈਟਰੌਲ ਅਤੇ ਡੀਜ਼ਲ ਕੀਤਾ ਦੋ ਰੁਪਏ ਸਸਤਾ-ਇਕ ਖ਼ਬਰ

-ਲਉ ਬਈ ਵੋਟਰੋ ਊਠ ਤੋਂ ਛਾਨਣੀ ਲਾਹ ਦਿਤੀ ਅਸੀਂ, ਮੌਜਾਂ ਕਰੋ ਹੁਣ।

*ਚੋਣ ਲੜਨ ਲਈ ਸਾਡੇ ਕੋਲ ਪੈਸਾ ਨਹੀਂ ਬਚਿਆ- ਖੜਗੇ

-ਪੱਲੇ ਨਾ ਧੇਲਾ, ਕਰਦੀ ਮੇਲਾ ਮੇਲਾ।



*ਦਿੱਲੀ ਗੁਰਦੁਆਰਾ ਕਮੇਟੀ 'ਤੇ ਕਾਬਜ਼ 'ਸਰਕਾਰੀ ਟੋਲਾ' ਪੰਥਕ ਸਿਧਾਂਤਾਂ ਤੋਂ ਭਗੌੜਾ ਹੋ ਚੁੱਕਿਐ- ਸਰਨਾ, ਜੀ.ਕੇ.

-ਨਾਨਕਿਆਂ ਦਾ ਮੇਲ਼ ਆਇਆ, ਸੂਰੀਆਂ ਦਾ ਰਵਾ ਓਏ।

*ਕਾਂਗਰਸ ਵਲੋਂ ਗ਼ਰੀਬ ਔਰਤਾਂ ਨੂੰ ਸਾਲ-ਾਨਾ ਇਕ ਲੱਖ ਰੁਪਏ ਦੇਣ ਦਾ ਵਾਅਦਾ- ਇਕ ਖ਼ਬਰ

-ਤੁਸੀਂ ਝੋਲ਼ੀਆਂ ਅੱਡ ਲਉ ਜੀ, ਰੁੱਤ ਲਾਰਿਆਂ ਦੀ ਹੁਣ ਆਈ।



*ਸੁਖਬੀਰ ਬਾਦਲ ਨੇ ਪੰਜਾਬੀਆਂ ਨੂੰ ਅਕਾਲੀ ਦਲ ਦੇ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ ਦਿਤਾ- ਇਕ ਖ਼ਬਰ

-ਕੰਢੇ ਕੰਢੇ ਹੀਰ ਭਾਲ਼ਦਾ, ਰਾਂਝਾ ਪੱਜ ਮੱਝੀਆਂ ਦਾ ਲਾਵੇ।



*ਪੰਜਾਬ ਵਿਧਾਨ ਸਭਾ 'ਚ ਕਾਂਗਰਸ ਪਾਰਟੀ ਦੇ ਉਪ ਨੇਤਾ ਰਾਜ ਕੁਮਾਰ ਚੱਬੇਵਾਲ 'ਆਪ' ਵਿਚ ਸ਼ਾਮਲ- ਇਕ ਖ਼ਬਰ

-ਤਾਏ ਦੀ ਧੀ ਚੱਲੀ ਤਾਂ ਮੈਂ ਕਿਉਂ ਰਹਾਂ ਇਕੱਲੀ।

*ਕੇਂਦਰ ਤੋਂ ਪੇਂਡੂ ਵਿਕਾਸ ਫੰਡ ਲੈਣ ਲਈ ਖੁੱਡੀਆਂ ਵਲੋਂ ਬਾਜਵਾ ਨੂੰ ਕੇਂਦਰ ਕੋਲ ਇਕੱਠਿਆਂ ਜਾਣ ਦੀ ਪੇਸ਼ਕਸ਼-ਇਕ ਖ਼ਬਰ



-ਚਲ ਚਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੁੱਕ ਲਊਂ।

*ਭਾਰਤ ਵਿਚ ਸੀ. ਏ. ਏ. ਨੂੰ ਲੈ ਕੇ ਚਿੰਤਤ ਹੈ ਅਮਰੀਕਾ, ਇਸ 'ਤੇ ਰੱਖੇਗਾ ਨਜ਼ਰ- ਇਕ ਖ਼ਬਰ

-ਚਰਖ਼ੇ ਦੀ ਘੂਕ ਸੁਣ ਕੇ, ਜੋਗੀ ਉੱਤਰ ਪਹਾੜੋਂ ਆਇਆ।



*ਅਮਰੀਕਾ ਦੇ ਸ਼ਹਿਰ ਜਰਸੀ ਨੇ ਅਪ੍ਰੈਲ ਮਹੀਨਾ ਸਿੱਖ ਵਿਰਾਸਤ ਨੂੰ ਸਮਰਪਿਤ ਕੀਤਾ- ਇਕ ਖ਼ਬਰ

-ਪੰਥ ਤੇਰੇ ਦੀਆਂ ਗੂੰਜਾਂ, ਦਿਨੋਂ ਦਿਨ ਪੈਣਗੀਆਂ।

*ਲਹਿੰਦੇ ਪੰਜਾਬ ਦੇ ਸਕੂਲਾਂ ਵਿਚ ਵੀ ਹੁਣ ਪੰਜਾਬੀ ਪੜ੍ਹਾਈ ਜਾਵੇਗੀ- ਇਕ ਖ਼ਬਰ

-ਲਹਿੰਦੇ ਵਲ ਦੇ ਪਾਸਿਉਂ ਨੀਂ, ਕੋਈ ਹਵਾ ਦਾ ਬੁੱਲਾ ਆਇਆ।

* * * * * * * *

ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥

ਵਿਸਾਖੀ 1978 ਅਤੇ ਜੂਨ 1984 ਦੇ ਸ਼ਹੀਦਾਂ ਦੀ 40 ਸਾਲਾ ਯਾਦ ਵਿਚ ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ

## ਸਲਾਨਾ ਇੰਟਰਨੈਸ਼ਨਲ ਅਖੰਡ ਕੀਰਤਨ ਸਮਾਗਮ 25 ਮਾਰਚ ਤੋਂ 1 ਅਪ੍ਰੈਲ ਤੱਕ

# ਇੰਟਰਨੈਸ਼ਨਲ ਰੈਣ ਸਬਾਈ ਕੀਰਤਨ

## 30 ਮਾਰਚ ਐਤਵਾਰ ਸ਼ਾਮ 6:00 ਤੋਂ 1 ਅਪ੍ਰੈਲ 5:00 ਵਜੇ ਸਵੇਰ ਤੱਕ

**Gurdwara Sri Guru Singh Sabha, Princes Street, Derby, DE23 8NT**

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਖਾਲਸਾ ਪੰਥ ਦੇ ਸਿਰਜਨਾ ਦਿਵਸ ਵਿਸਾਖੀ ਅਤੇ 1978 ਦੇ ਸ਼ਹੀਦਾਂ ਦੀ ਯਾਦ ਵਿੱਚ ਆਯੋਜਿਤ ਕੀਤੇ ਜਾ ਰਹੇ ਸਾਲਾਨਾ ਇੰਟਰਨੈਸ਼ਨਲ ਕੀਰਤਨ ਸਮਾਗਮਾਂ ਵਿਚ ਕੀਰਤਨ ਦੀਆਂ ਹਾਜ਼ਰੀਆਂ ਭਰਨ ਲਈ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਉੱਘੇ ਕੀਰਤਨੀਏ ਪਹੁੰਚ ਰਹੇ ਹਨ। ਸਮੂਹ ਸਾਧ ਸੰਗਤ, ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰਾਂ ਅਤੇ ਸਮੂਹ ਸਿੱਖ ਸੰਸਥਾਵਾਂ ਦੇ ਸੇਵਾਦਾਰਾਂ ਨੂੰ ਸਮਾਗਮਾਂ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਸਿੰਘ ਸਭਾ ਡਰਬੀ ਵਿਖੇ ਪਹੁੰਚ ਕੇ ਹਾਜ਼ਰੀਆਂ ਭਰੋ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ ਦਾ ਵੇਰਵਾ : ਸ੍ਰੀ ਅਖੰਡ ਪਾਠ ਸਾਹਿਬ

ਆਰੰਭ ਸੋਮਵਾਰ 25 ਮਾਰਚ ਸਵੇਰੇ 6:00 ਵਜੇ – ਭੋਗ ਬੁੱਧਵਾਰ 27 ਮਾਰਚ ਸ਼ਾਮ 6:00 ਵਜੇ
ਉਪ੍ਰੰਤ ਦੀਵਾਨ ਸਜੇਗਾ ਅਤੇ ਸ਼ਾਮ 6:00 ਤੋਂ 9:00 ਵਜੇ ਤੱਕ ਅਖੰਡ ਕੀਰਤਨ ਹੋਵੇਗਾ

### ਆਸਾ ਦੀ ਵਾਰ ਕੀਰਤਨ

ਵੀਰਵਾਰ 28 ਮਾਰਚ ਸਵੇਰੇ 6 ਵਜੇ ਆਰੰਭ
ਸ਼ੁੱਕਰਵਾਰ 29 ਮਾਰਚ ਸਵੇਰੇ 6 ਵਜੇ ਆਰੰਭ
ਸ਼ਨੀਵਾਰ 30 ਮਾਰਚ ਸਵੇਰੇ 6 ਵਜੇ ਆਰੰਭ

### ਸ਼ਾਮ ਨੂੰ ਪਾਠ ਰਹਿਰਾਸ ਤੇ ਕੀਰਤਨ

ਵੀਰਵਾਰ 28 ਮਾਰਚ ਸ਼ਾਮ 6:00 ਤੋਂ 9:00
ਸ਼ੁੱਕਰਵਾਰ 29 ਮਾਰਚ ਸ਼ਾਮ 6:00 ਤੋਂ 10:00
ਸ਼ਨੀਵਾਰ 30 ਮਾਰਚ ਸ਼ਾਮ 6:00 ਤੋਂ 12:00

# ਵਿਸ਼ੇਸ਼ ਪੰਥਕ ਗੋਸ਼ਟੀ

## 31 ਮਾਰਚ ਐਤਵਾਰ ਨੂੰ ਸਵੇਰੇ 11 ਤੋਂ 1 ਵਜੇ ਤੱਕ

ਹੇਠਾਂ ਲਿਖੇ ਬੁਲਾਰੇ ਵੱਖ ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰ ਪੇਸ਼ ਕਰਨਗੇ

* ਪ੍ਰੋ: ਦਲਜੀਤ ਸਿੰਘ ਵਿਰਕ – ਅਖੰਡ ਕੀਰਤਨੀ ਜਥੇ ਵੱਲੋਂ ਸਿੱਖੀ ਦੇ ਪ੍ਰਚਾਰ ਲਈ ਯੋਗਦਾਨ
* ਪ੍ਰਿੰਸੀਪਲ ਸੁਜਿੰਦਰ ਸਿੰਘ ਸੰਘਾ – ਸਿੱਖ ਪੰਥ ਦੀ ਮੌਜੂਦਾ ਸਿਆਸੀ ਸਥਿਤੀ ਅਤੇ ਸਿੱਖਾਂ ਦਾ ਪੰਜਾਬ ਵਿੱਚ ਬੋਲਬਾਲਾ ਕਿਵੇਂ ਹੋਵੇ
* ਭਾਈ ਜੋਗਿੰਦਰ ਸਿੰਘ – ਗੁਰੂ ਡੰਮ੍ਹ, ਡੇਰਾਵਾਦ ਅਤੇ ਦੂਜੇ ਧਰਮਾਂ ਦਾ ਵੱਧ ਰਿਹਾ ਪ੍ਰਭਾਵ
* ਭਾਈ ਜੋਗਾ ਸਿੰਘ – 1978 ਅਤੇ ਜੂਨ 1984 ਦੇ ਸਾਕੇ ਅਤੇ ਪਾਕਿਸਤਾਨ ਵਿੱਚ ਗੁਰ ਅਸਥਾਨਾਂ ਦੀ ਹੋ ਰਹੀ ਕਾਰ ਸੇਵਾ ਬਾਰੇ ਚਾਨਣਾ ਪਾਉਣਗੇ
* ਭਾਈ ਬਲਬੀਰ ਸਿੰਘ ਬੈਂਸ – ਬੰਦੀ ਸਿੰਘਾਂ ਤੇ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਦੀ ਰਿਹਾਈ
* ਮਨਪ੍ਰੀਤ ਸਿੰਘ (wsp)- ਖਾਲਸਾ ਹਲੇਮੀ ਰਾਜ ਦੀ ਜ਼ਰੂਰਤ ਤੇ ਸਰੋਕਾਰ (ਕਿਹੋ ਜਿਹਾ ਹੋਏਗਾ)
* ਤੇਜਾ ਸਿੰਘ – ਯੂ ਕੇ 'ਚ ਸਿੱਖ ਸਕੂਲਾਂ ਦਾ ਐਜੂਕੇਸ਼ਨ ਵਿੱਚ ਸਥਾਨ ਤੇ ਪ੍ਰਾਪਤੀਆਂ
* ਗੁਰਮੇਲ ਸਿੰਘ ਕੰਦੋਲਾ (ਸੁਪਰੀਮ ਸਿੱਖ ਕੌਂਸਲ) – ਬਰਤਾਨਵੀ ਸਰਕਾਰ ਵੱਲੋਂ ਅੱਤਵਾਦ ਸਬੰਧੀ ਬਣਾਏ ਗਏ ਨਵੇਂ ਕਾਨੂੰਨਾਂ ਦਾ ਸਿੱਖਾਂ ਉੱਤੇ ਅਸਰ ਹੋ ਸਕਦਾ ਹੈ
* ਰਣਜੀਤ ਸਿੰਘ ਰਾਣਾ – ਖਾਲਸਾ ਸਿਰਜਨਾ ਦੇ ਸੰਦਰਭ ਵਿੱਚ ਮੌਜੂਦਾ ਖਾਲਸਾ ਪੰਥ ਦੀ ਸਥਿਤੀ
* ਦੁਪਿੰਦਰਜੀਤ ਸਿੰਘ – ਖਾਲਸਾ ਹਲੇਮੀ ਰਾਜ ਦੀ ਸਥਾਪਤੀ ਲਈ ਰਣਨੀਤੀ ਕੀ ਹੋਵੇ
* ਡਾ: ਗੁਰਨਾਮ ਸਿੰਘ – ਸਿੱਖ ਮੀਡੀਆ ਦੀਆਂ ਜ਼ਿੰਮੇਵਾਰੀਆਂ ਅਤੇ ਚੁਣੌਤੀਆਂ




### ਅੰਮ੍ਰਿਤ ਸੰਚਾਰ 30 ਮਾਰਚ ਸ਼ਨਿਚਰਵਾਰ ਨੂੰ

30 ਮਾਰਚ 2024 ਦਿਨ ਸ਼ਨਿੱਚਰਵਾਰ ਨੂੰ ਦੁਪਹਿਰ 2:00 ਵਜੇ ਅੰਮ੍ਰਿਤ ਸੰਚਾਰ ਹੋ ਰਹੇ ਹਨ, ਅਭਿਲਾਖੀ ਸੱਜਣ ਤਿਆਰ ਬਰ ਤਿਆਰ ਹੋ, ਕੇਸ ਇਸ਼ਨਾਨ ਕਰ ਸਮੇਂ ਸਿਰ ਪਹੁੰਚਣ ਦੀ ਮਿਹਰਬਾਨੀ ਕਰਨ ਅਤੇ ਪ੍ਰਬੰਧਕਾਂ ਕੋਲ ਆਪਣੇ ਨਾਂ ਲਿਖਵਾ ਦੇਣ।



### ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

ਹਵਾਈ ਅੱਡੇ / ਟਰੇਨ ਸਟੇਸ਼ਨ ਤੋਂ ਲਿਆਉਣ ਲਈ
ਭਾਈ ਬਗਵੀਰ ਸਿੰਘ – 07908 266984
ਰਿਹਾਇਸ਼ ਦਾ ਪ੍ਰਬੰਧ – 07770 909680 / 07514 505239
ਨੋਟ:– ਆਪਣੇ ਸ਼ਹਿਰਾਂ ਵਿੱਚ ਟਰਾਂਸਪੋਰਟ ਬਾਰੇ ਜਾਣਕਾਰੀ ਲਈ ਅਖੰਡ ਕੀਰਤਨੀ ਜਥੇ ਦੇ ਸਥਾਨਕ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ

ਵੱਖ ਵੱਖ ਟੀ ਵੀ ਚੈਨਲਾਂ, ਸਿੰਘ ਸਭਾ ਯੂ ਟਿਊਬ ਅਤੇ ਅਖੰਡ ਕੀਰਤਨੀ ਜਥੇ ਦੇ ਇੰਟਰਨੈਟ ਰੇਡੀਓ ਵੱਲੋਂ ਸਮਾਗਮਾਂ ਦੀ ਕਵਰੇਜ਼ ਦਿੱਤੀ ਜਾਵੇਗੀ

**ਬੇਨਤੀ ਕਰਤਾ:**

**ਅਖੰਡ ਕੀਰਤਨੀ ਜਥਾ ਯੂ ਕੇ**
ਜਨਰਲ ਸੈਕਟਰੀ – ਭਾਈ ਦਲਜੀਤ ਸਿੰਘ ਵਿਰਕ

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ**
ਪ੍ਰਧਾਨ: ਭਾਈ ਰਘਬੀਰ ਸਿੰਘ, ਜ: ਸੈਕਟਰੀ: ਭਾਈ ਰਾਜਿੰਦਰ ਸਿੰਘ, ਖਜ਼ਾਨਚੀ: ਅਜੀਤ ਸਿੰਘ 07533 362911

**Gurdwara Sri Guru Singh Sabha, Princes Street, Derby, DE23 8NT. Tel: 01332 773010**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਜੰਕ ਫੂਡ ਨੇ ਵੱਧਾਏ-ਜਿਗਰ ਰੋਗੀ

**ANIL DHEER**
Columnist Alternative Therapist
Certified in IPC, TropicalÍ DÍ (WÍHÍO)
Covid-19 Vaccine-specific resources
PHR, UNICEF & Health Educator Awardee




"ਲੰਬੇ ਸਮੇਂ ਤੱਕ ਜੰਕ ਫੂਡ ਦੀ ਵਰਤੋਂ ਨੇ ਜ਼ਿਗਰ ਦੇ ਆਮ ਰੋਗਾਂ ਦੇ ਨਾਲ-ਨਾਲ ਕੈਂਸਰ ਦਾ ਅੰਕੜਾ ਵੀ ਵਧਾਇਆ ਹੈ। ਚਮੜੀ, ਨਾਖੁਨ, ਅੱਖਾਂ, ਪਿਸ਼ਾਬ-ਮਲ ਦਾ ਰੰਗ ਪੀਲਾ ਦਿਸਣਾ, ਚਮੜੀ ਡ੍ਰਾਈ 'ਤੇ ਖਾਰਸ਼, ਪੇਟ-ਦਰਦ, ਘਬਰਾਹਟ-ਉਲਟੀ, ਭੁੱਖ ਨਾ ਲੱਗਣਾ, ਲੱਤਾਂ ਅਤੇ ਗਿੱਟਿਆਂ ਵਿੱਚ ਸੋਜ, ਵਗੈਰਾ ਲੱਛਣ ਲਗਾਤਾਰ ਰਹਿਣ ਦਾ ਮਤਲਬ ਹੋ ਸਕਦਾ ਹੈ ਤੁਹਾਡਾ ਲਿਵਰ (ਜਿਗਰ) ਬਿਮਾਰ ਹੈ"-

ਹੈਲਥ ਮੀਡੀਆ ਕੈਨੇਡਾ : ਮਾਰਚ 2024 ਦਾ ਮਹੀਨਾ ਜਿਗਰ ਦੇ ਰੋਗਾਂ ਪ੍ਰਤੀ ਜਾਗਰੁਕਤਾ ਲਈ ਮਨਾਇਆ ਜਾ ਰਿਹਾ ਹੈ। ਅੱਜ ਵਿਸ਼ਵ ਭਰ ਵਿੱਚ ਲਿਵਰ ਦੇ ਖਤਰਨਾਕ ਰੋਗਾਂ ਦਾ ਅੰਕੜਾ ਹਰ ਉਮਰ ਦੇ ਲੋਕਾਂ ਵਿੱਚ ਤੇਜ਼ੀ ਨਾਲ ਵੱਧ ਰਿਹਾ ਹੈ। ਤੁਹਾਡਾ ਜਿਗਰ ਸਰੀਰ ਦਾ ਇੰਜਣ ਹੈ, ਇਸਦੇ ਰੁਕਣ ਨਾਲ ਜ਼ਿੰਦਗੀ ਵੀ ਰੁੱਕ ਸਕਦੀ ਹੈ। ਸਰੀਰ 'ਤੇ ਮਨ ਨੂੰ ਤੰਦਰੁਸਤ, ਦਿਮਾਗ ਨੂੰ ਐਕਟਿਵ 'ਤੇ ਕ੍ਰਿਆਸ਼ੀਲ ਰੱਖਣ ਲਈ ਗਲੂਕੋਜ਼ ਦਾ ਉਤਪਾਦਨ, ਸਟੋਰ, ਸਪਲਾਈ ਨੂੰ ਕੰਟ੍ਰੋਲ ਕਰਦਾ ਹੈ। ਕੋਲੈਸਟ੍ਰੋਲ ਦੇ ਲੈਵਲ ਨੂੰ ਕਈ ਪਦਾਰਥਾਂ ਦੇ ਅਦਲ-ਬਦਲ ਨਾਲ ਮੇਨੇਜ ਕਰਦਾ ਹੈ। ਜਿਗਰ ਸਰੀਰ ਅੰਦਰੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢ ਕੇ ਪਾਚਨ-ਸਿਸਟਮ ਲਈ ਪਿੱਤ ਪੈਦਾ ਕਰਦਾ ਹੈ। ਸਰੀਰ ਅੰਦਰ ਜ਼ਰੂਰੀ ਵਿਟਾਮਿਨ, ਖਣਿਜਾਂ ਦੇ ਨਾਲ-ਨਾਲ ਆਇਰਨ'ਤੇ ਤਾਂਬੇ ਦੀ ਸਪਲਾਈ ਨੂੰ ਕੰਟ੍ਰੋਲ ਕਰਦਾ ਹੈ। ਅਲਕੋਹਲ, ਨਸ਼ੀਲੇ ਪਦਾਰਥਾਂ ਅਤੇ ਹੋਰ ਕੈਮੀਕਲਸ ਨੂੰ ਮੈਟਾਬੋਲਾਈਜ਼ ਕਰਕੇ ਬਲੱਡ ਨੂੰ ਕਲੀਨ ਕਰਦਾ ਹੈ। ਲਿਵਰ ਸਰੀਰ ਦੇ ਜਰੂਰੀ ਪ੍ਰੋਟੀਨ ਬਣਾਉਣ ਵਿੱਚ ਮਦਦ ਕਰਦਾ ਹੇ ਅਤੇ ਖੂਨ, ਖੂਨ ਦੇ ਥੱਕੇ 'ਤੇ ਇਨਫੈਕਸ਼ਨ ਦਾ ਵਿਰੋਧ ਕਰਨ ਵਾਲੇ ਪਦਾਰਥਾਂ ਨੂੰ ਟਰਾਂਸਪੋਰਟ ਇਜਾਜ਼ਤ ਦਿੰਦਾ ਹੈ। ਸੈਕਸ, ਥਾਇਰਾਇਡ, ਕੋਰਟੀਸੋਨ ਆਦਿ ਹਾਰਮੋਨਜ਼ ਦੇ ਸੰਤੁਲਨ ਨੂੰ ਕੰਟ੍ਰੋਲ ਵੀ ਕਰਦਾ ਹੈ।

ਇਨਫੈਕਸ਼ਨ : ਵਾਇਰਸ ਅਤੇ ਪਰਜੀਵੀ ਰਾਹੀਂ ਲਿਵਰ ਦੇ ਸੰਕ੍ਰਮਿਤ ਹੋ ਜਾਣ ਕਰਕੇ ਸੋਜ ਹੋ ਜਾਂਦੀ ਹੈ ਅਤੇ ਕੰਮ ਪੱਖੋਂ ਲਿਵਰ ਸੁਸਤ ਹੋ ਜਾਂਦਾ ਹੈ। ਜਿਗਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਾਇਰਸ, ਖੂਨ ਜਾਂ ਵੀਰਜ, ਦੂਸ਼ਿਤ ਫੂਡ, ਪਾਣੀ ਜਾਂ ਇਨਫੈਕਸ਼ਨ ਨਾਲ ਪੀੜਿਤ ਰੋਗੀ ਦੇ ਨਜਦੀਕੀ ਸੰਪਰਕ ਦੁਆਰਾ ਅਤੇ ਇੰਜੈਕਸ਼ਨ-ਸੁਈਆਂ ਸਾਂਝੀਆਂ ਕਰਨ ਨਾਲ ਤੰਦਰੁਸਤ ਵੀ ਬਿਮਾਰੀ ਦੇ ਘੇਰੇ ਵਿੱਚ ਆ ਜਾਂਦਾ ਹੈ।

ਜਿਗਰ ਦੀ ਆਮ ਇਨਫੈਕਸ਼ਨ ਹੈਪੇਟਾਈਟਸ-ਏ, ਹੈਪੇਟਾਈਟਸ-ਬੀ ਅਤੇ ਹੈਪੇਟਾਈਟਸ-ਸੀ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ। ਕੁੱਝ ਬਿਮਾਰੀਆਂ ਵਿੱਚ ਇਮੀਊਨ ਸਿਸਟਮ ਸਰੀਰ ਦੇ ਆਟੋਮੀਊਨ 'ਤੇ ਅਟੈਕ ਕਰਕੇ ਜਿਗਰ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਆਟੋਇਮੀਊਨ ਹੈਪੇਟਾਈਟਸ, ਪ੍ਰਾਈਮਰੀ ਬਿਲੀਰੀ ਚੋਲਾਂਈਸਿਸ, ਅਤੇ ਪ੍ਰਾਈਮਰੀ ਸਕਲਲੇਰੋਜ਼ਿੰਗ ਕੋਲਾਂਗਾਈਟਿਸ ਵਰਗੇ ਰੋਗ ਹੋ ਸਕਦੇ ਹਨ। ਮਾਂ-ਬਾਪ ਵਿੱਚੋਂ ਇੱਕ ਜਾਂ ਦੋਵਾਂ ਤੋਂ ਵਿਰਾਸਤ ਵਿੱਚ ਇੱਕ ਅਸਾਧਾਰਨ ਜੀਨ ਜਿਗਰ ਦੇ ਵੱਖ-ਵੱਖ ਪਦਾਰਥਾਂ ਨੂੰ ਬਣਾਉਣ ਦੇ ਕਾਰਨ ਹੇਮੋਕ੍ਰੋਮੇਟੋਸਿਸ, ਵਿਲਸਨ-ਰੋਗ ਅਤੇਅਲਫਾ-1 ਐਂਟੀਟ੍ਰਾਈਪਸਿਨ ਦੀ ਕਮੀ ਹੋ ਸਕਦੇ ਹਨ। ਲਿਵਰ ਦਾ ਕੈਂਸਰ, ਬਾਇਲ ਡਕਟ ਕੈਂਸਰ ਅਤੇ ਜਿਗਰ ਐਡੀਨੋਮਾ ਵਰਗੇ ਰੋਗਾਂ ਦੀ ਸੰਭਾਵਨਾ ਬਣੀ ਰਹਿੰਦੀ ਹੈ।



ਜਿਗਰ ਦੇ ਵੱਧ ਰਹੇ ਰੋਗ ਲਗਾਤਾਰ ਅਲਕੋਹਲ ਲੈਣ ਦੀ ਦੁਰਵਰਤੋਂ, ਗੈਰ-ਅਲਕੋਹਲ ਵਾਲੀ ਫੈਟੀ ਲਿਵਰ ਦੀ ਬਿਮਾਰੀ, ਐਲੋਪੈਥੀ ਅਤੇ ਕੁੱਝ ਹਰਬਲ ਦਵਾਈਆਂ ਦੇ ਸਾਈਡ-ਇਫੈਕਟ ਵੀ ਕਾਰਨ ਬਣਦੇ ਹਨ।

ਆਪਣੇ ਜ਼ਿਗਰ ਦੀ ਕਰੋ ਕੇਅਰ : ਫੈਟੀ ਜਿਗਰ ਦੀ ਸਮੱਸਿਆ ਤੋਂ ਦੂਰ ਰਹਿਣ ਲਈ ਆਪਣੇ ਵਜ਼ਨ 'ਤੇ ਪੂਰਾ ਕੰਟ੍ਰੋਲ ਰੱਖੋ। ਜਿਗਰ ਨੂੰ ਫਿੱਟ ਰੱਖਣ ਲਈ ਡੇਲੀ ਵਰਕ-ਆਊਟ, ਯੋਗਾ, ਸਾਈਕਲਿੰਗ, ਸੈਰ, ਮੇਡੀਟੇਸ਼ਨ ਦੀ ਆਦਤ ਪਾ ਲਵੋ।

ਜਿਗਰ ਦੀ ਬਿਮਾਰੀ ਵਧਾਉਣ ਵਿੱਚ ਅਲਕੋਹਲ, ਸਿਗਰੇਟ-ਬੀੜੀ, ਸਿਗਾਰ, ਵੇਪਸ, ਵੀਡ ਦੀ ਲੰਬੇ ਸਮੇ ਤੱਕ ਵਰਤੋਂ, ਜੰਕ-ਫੂਡ ਦਾ ਲਗਾਤਾਰ ਸੇਵਨ, ਮੋਟਾਪਾ, ਡਾਇਬਟੀਜ਼, ਫੈਮਿਲੀ ਹਿਸਟਰੀ, ਅਸੁਰਖਿਅਤ ਸੈਕਸ, ਡਰੱਗਜ਼, ਸਾਂਝੀਆਂ ਸੁਈਆਂ ਦੀ ਵਰਤੋਂ ਵਗੈਰਾ ਕਾਰਨ ਬਣ ਸਕਦੇ ਹਨ।

ਗਰਮ ਪਾਣੀ 'ਚ ਨਿੰਬੂ, ਆਲਿਵ-ਤੇਲ ਵਿੱਚ ਸਾਰਟਿਡ ਹਰੀ-ਸਬਜ਼ੀਆਂ, ਤਾਜ਼ਾ ਵੇਜੀਟੇਬਲ ਸੂਪ ਵਗੈਰਾ ਪੋਸ਼ਟਿਕ ਖੁਰਾਕ ਨੂੰ ਰੁਟੀਨ ਵਿੱਚ ਸ਼ਾਮਿਲ ਕਰੋ।

ਸੈਕਸ ਦੇ ਮਾਮਲੇ ਵਿੱਚ ਆਪਣੇ ਪਾਰਟਨਰ ਪ੍ਰਤੀ ਇਮਾਨਦਾਰੀ ਵਰਤੋ। ਸੱਜੇ-ਖੱਬੇ ਮੂੰਹ ਮਾਰਨ ਦੀ ਆਦਤ ਤੋਂ ਬਚੋ।

ਤੰਦਰੁਸਤ ਵਿਅਕਤੀ ਅਲਕੋਹਲ ਸੀਮਿਤ ਮਾਤਰਾ ਵਿੱਚ ਹੀ ਲੈਣ। ਬਿਮਾਰ ਜਿਗਰ ਦੌਰਾਣ ਡਰਗਜ਼, ਸਿਗਰੇਟ, ਬੀੜੀ, ਵੀਡ, ਸ਼ਰਾਬ, ਜੰਕ-ਫੂਡ ਤੋਂ ਹਮੇਸ਼ਾ ਬਚਣਾ ਚਾਹੀਦਾ ਹੈ।

ਡਾਕਟਰ ਦੀ ਸਲਾਹ ਨਾਲ ਹੈਪੇਟਾਈਟਸ ਦੇ ਖਤਰੇ ਤੋਂ ਬਚਣ ਲਈ ਹੈਪੇਟਾਈਟਸ-ਏ, ਬੀ ਅਤੇ ਹੈਪੇਟਾਈਟਸ-ਸੀ ਵੈਕਸੀਨ ਜਰੂਰ ਲਗਵਾਓ।

ਪਰਸਨਲ ਅਤੇ ਬਾਹਰੀ ਸਫਾਈ ਦਾ ਪੂਰਾ ਖਿਆਲ ਰੱਖੋ। ਦੂਜੇ ਲੋਕਾਂ ਦੇ ਖੂਨ ਅਤੇ ਸਰੀਰ ਦੇ ਤਰਲ ਪਦਾਰਥਾਂ ਤੋਂ ਬਚਣਾ ਚਾਹੀਦਾ ਹੈ।

ਗੈਰ-ਨੁਸਖੇ ਵਾਲੀ ਜਾਂ ਕੋਈ ਵੀ ਦਵਾਈ ਆਪਣੀ ਮਰਜੀ ਨਾਲ ਨਾ ਲਵੋ। ਇਲਾਜ਼ ਦੌਰਾਣ ਲਾਪ੍ਰਵਾਹੀ ਖਤਰਨਾਕ ਹਾਲਾਤ ਦੇ ਸਕਦੀ ਹੈ। ਪੇਨ-ਕਿਲਰ ਅਤੇ ਕੁੱਝ ਕੋਲਸਟਰੋਲ ਦੀ ਦਵਾਈ ਦਾ ਮਾੜਾ ਅਸਰ ਲਿਵਰ ਨੂੰ ਬਿਮਾਰ ਕਰ ਸਕਦਾ ਹੈ।

ਕੀਟਨਾਸ਼ਕ ਤੇ ਐਰੋਸੋਲ, ਕਲੀਨਿੰਗ ਪ੍ਰਾਡਕਟਸ ਯਾਨਿ ਜ਼ਹਿਰੀਲੇ ਕੈਮੀਕਲਸ ਨੂੰ ਇਨਹੇਲ ਨਾ ਕਰੋ। ਅਜਿਹੇ ਰਸਾਇਣ ਜਿਗਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਉੱਚ ਕੈਲੋਰੀ ਵਾਲੇ ਪਦਾਰਥ, ਰਿਫਾਇੰਡ ਕਾਰਬੋਹਾਈਡਰੇਟ, ਜਿਵੇਂ ਚਿੱਟੀ ਰੋਟੀ, ਚਾਵਲ, ਜ਼ਿਆਦਾ ਪਾਸਤਾ ਅਤੇ ਸ਼ੱਕਰ ਤੋਂ ਪਰਹੇਜ਼ ਕਰਕੇ, ਪੌਸ਼ਟਿਕ ਖੁਰਾਕ ਯਾਨਿ ਤਾਜ਼ੇ ਫਲ-ਸਬਜ਼ੀਆਂ, ਸੀਮਿਤ ਮਾਤਰਾ ਵਿਚ ਮੀਟ, ਘੱਟ ਫੈਟ ਵਾਲਾ ਦੁੱਧ, ਪਨੀਰ ਅਤੇ ਹਾਈਡਰੇਸ਼ਨ ਲਈ ਡੇਲੀ 8-10 ਗਿਲਾਸ ਪਾਣੀ ਪੀਓ।

ਨੋਟ: ਬੱਚੇ, ਅਤੇ ਗਰਭਵਤੀ ਔਰਤਾਂ ਨੂੰ ਜੰਕ ਫੂਡ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ। ਬਿਮਾਰੀ ਦਾ ਕੋਈ ਵੀ ਲੱਛਣ 2 ਹਫਤੇ ਤੋਂ ਵੱਧ ਰਹਿਣ ਦੀ ਹਾਲਤ ਵਿੱਚ ਤੁਰੰਤ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰਕੇ ਬਿਨਾ ਦੇਰੀ ਇਲਾਜ਼ ਸ਼ੁਰੂ ਕਰੋ। ਹਰਬਲ ਸਪਲੀਮੈਂਟਸ ਬਿਨਾ ਮਾਹਿਰ ਦੀ ਸਲਾਹ ਤੋਂ ਨਾ ਲਵੋ। ਸਬਜ਼ੀ-ਫੱਲ ਨਮਕ ਵਾਲੇ ਗਰਮ ਪਾਣੀ ਨਾਲ ਚੰਗੀ ਤਰਾਂ ਕਲੀਨ ਕਰਕੇ ਇਸਤੇਮਾਲ ਕਰੋ।

* * * * * * *

## ਹੋਲਾ ਮਹੱਲਾ

ਪਾਉਂਟਾ ਸਾਹਿਬ ਪਵਿੱਤਰ ਪਾਵਨ, ਜਿੱਥੇ ਜਨਮ ਅਜੀਤ ਧਾਰਿਆ।
ਸ਼ਾਸ਼ਤਰ, ਸ਼ਸ਼ਤਰ, ਸਾਹਿਤ ਦੇ ਸੰਗ, ਮੇਰੇ ਸਾਹਿਬਾਂ ਨੇ ਸਤਿਕਾਰਿਆ।
ਗੁਰਾਂ ਮੁਕਾਬਲੇ ਖੂਬ ਕਰਾ ਕੇ, ਦਸਤਾਰਾਂ ਦਾ ਰੂਪ ਚਾੜ੍ਹਿਆ।
ਜਮਨਾ ਤੇ ਕਲਗੀਧਰ ਚੰਨਾਂ, ਸਾਢੇ ਚਾਰ ਸੀ ਵਰ੍ਹੇ ਬਿਤਾਏ!
ਧੰਨ ਧੰਨ ਪਾਉਂਟਾ ਸਾਹਿਬ ਦੀ ਧਰਤੀ, ਜਿਸ ਦੇ ਪੱਲੇ ਇਹ ਪਲ ਆਏ।



ਇਕ ਦੂਜੇ ਤੇ ਰੰਗ ਛਿੜਕਿਆਂ, ਨਹੀਂ ਕੌਮ ਦੇ ਰੰਗ ਨਿਖਰਦੇ।
ਲਹੂ ਡੋਹਲ੍ਹਿਆ ਬਿਨਾਂ ਓ ਬੰਦਿਆ, ਨਹੀਂ ਸਿੱਖ ਹੁੰਦੇ ਢੰਗ ਸਿਖਰਦੇ।
ਸਿਰ ਦੇ ਕੇ ਸਰਦਾਰੀ ਮਿਲਦੀ, ਅੱਜ ਵੀ ਕਿੱਸੇ ਓਸ ਜ਼ਿਕਰ ਦੇ।
ਤੇਰੇ ਸੰਗ ਏ ਤੇਰਾ ਸਤਿਗੁਰ, ਗਮ ਖਾਂਦੇ ਤੈਨੂੰ ਕੇਸ ਫਿਕਰ ਦੇ।

ਪੁੱਤ, ਮੁਰੀਦ, ਵਾਰ ਬੁੱਧੂ ਸ਼ਾਹ, ਕੰਘਾ ਕੇਸ ਗੁਰਾਂ ਤੋਂ ਪਾਏ।
ਧੰਨ ਧੰਨ ਪਾਉਂਟਾ ਸਾਹਿਬ ਦੀ ਧਰਤੀ, ਜਿਸ ਦੇ ਹਿੱਸੇ ਉਹ ਪਲ ਆਏ।



ਆਵੋ ਅਨੰਦਪੁਰ ਵੇਖ ਲਓ, ਭੇਰੀ ਨਗਾਰੇ ਵੱਜਦੇ।
ਖਾਲਸੇ ਦੇ ਬੋਲਬਾਲੇ ਤੇ ਜੈਕਾਰੇ ਗੱਜਦੇ।
ਗੱਤਕਾ, ਨੇਜ਼ਾ, ਨਿਸ਼ਾਨੇ, ਖੇਡਦੇ ਨਹੀਂ ਰੱਜਦੇ।
ਕਰਤਵ ਵਿਖੋਂਦੇ ਕਹਿਰ ਦੇ, ਕਿਆ ਸੂਰਮੇ ਸਿੰਘ ਸੱਜਦੇ।

ਸਿੰਘਾਂ ਦੀ ਸਿਦਕੀ ਕੌਮ ਦੀ, ਤੌਫ਼ੀਕ ਏ ਹੋਲਾ ਮਹੱਲਾ!
ਅਨੰਦਪੁਰ ਵਿੱਚ ਅਣਖ ਦਾ ਪ੍ਰਤੀਕ ਏ ਹੋਲਾ ਮਹੱਲਾ!

ਇਕ ਦੂਜੇ ਤੇ ਰੰਗ ਛਿੜਕਿਆਂ, ਨਹੀਂ ਕੌਮਾਂ ਦੇ ਰੰਗ ਨਿਖਰਦੇ।
ਲਹੂ ਡੋਹਲ੍ਹਿਆਂ ਬਿਨਾਂ ਓ ਬੰਦਿਆ, ਨਹੀਂ ਸਿੱਖ ਹੁੰਦੇ ਢੰਗ ਸਿਖਰਦੇ।
ਸਿਰ ਦੇ ਕੇ ਸਰਕਾਰੀ ਮਿਲਦੀ, ਅੱਜ ਵੀ ਕਿੱਸੇ ਓਸ ਜ਼ਿਕਰ ਦੇ।
ਤੇਰੇ ਸੰਗ ਏ ਤੇਰਾ ਸਤਿਗੁਰ, ਗਮ ਖਾਂਦੇ ਤੈਨੂੰ ਕੇਸ ਫ਼ਿਕਰ ਦੇ।

ਪੁੱਤ, ਮੁਰੀਦ, ਵਾਰ ਬੁੱਧੂ ਸ਼ਾਹ, ਕੰਘਾ ਕੇਸ ਗੁਰਾਂ ਤੋਂ ਪਾਏ।
ਧੰਨ ਧੰਨ ਪਾਉਂਟਾ ਸਾਹਿਬ ਦੀ ਧਰਤੀ, ਜਿਸ ਦੇ ਹਿੱਸੇ ਉਹ ਪਲ ਆਏ।

ਆਵੋ ਅਨੰਦਪੁਰ ਵੇਖ ਲਓ, ਭੇਰੀ ਨਗਾਰੇ ਵੱਜਦੇ।
ਖਾਲਸੇ ਦੇ ਬੋਲਬਾਲੇ ਤੇ ਜੈਕਾਰੇ ਗੱਜਦੇ।
ਗੱਤਕਾ, ਨੇਜ਼ਾ, ਨਿਸ਼ਾਨੇ, ਖੇਡਦੇ ਨਹੀਂ ਰੱਜਦੇ।
ਕਰਤਵ ਵਿਖੋਂਦੇ ਕਹਿਰ ਦੇ, ਕਿਆ ਸੂਰਮੇ ਸਿੰਘ ਸੱਜਦੇ।

ਸਿੰਘਾਂ ਦੀ ਸਿਦਕੀ ਕੌਮ ਦੀ, ਤੌਫ਼ੀਕ ਏ ਹੋਲਾ ਮਹੱਲਾ
ਅਨੰਦਪੁਰ ਵਿੱਚ ਅਣਖ ਦਾ ਪ੍ਰਤੀਕ ਏ ਹੋਲਾ ਮਹੱਲਾ।



ਤਰਲੋਚਨ ਸਿੰਘ ਚੰਨ


## ਪੁਸਤਕ ਚਰਚਾ

ਪਰਸ਼ੋਤਮ ਲਾਲ ਸਰੋਏ



# ਆਦਿ-ਧਰਮ ਦੀ ਹੋਂਦ ਦੇ ਰਾਖ਼ੇ : ਸਤਿਗੁਰੂ ਰਵਿਦਾਸ ਜੀ ਮਹਾਰਾਜ

| | | |
|---|---|---|
| ਪੁਸਤਕ ਦਾ ਨਾਂ | : | ਆਦਿ-ਧਰਮ ਦੀ ਹੋਂਦ ਦੇ ਰਾਖ਼ੇ : ਸਤਿਗੁਰੂ ਰਵਿਦਾਸ ਜੀ ਮਹਾਰਾਜ |
| ਲੇਖਕ | : | ਸੰਤ ਗਿਆਨੀ ਚਰਨਜੀਤ ਜੀ 'ਜੀਤ' |
| ਕੀਮਤ | : | 350/- ਰੁਪੈ। |
| ਪ੍ਰਕਾਸ਼ਕ | : | ਸਪੋਕਸਮੈਨ ਪਬਲਿਸ਼ਰਜ਼ |




ਦੁਨੀਆਵੀ ਤਾਣਾ-ਬਾਣਾ ਹੀ ਕੁਝ ਇਸ ਤਰ੍ਹਾਂ ਦਾ ਬਣਿਆਂ ਹੋਇਆ ਹੈ ਕਿ ਦੁਨੀਆਵੀ ਲੋਕ, ਦੁਨੀਆਂ 'ਤੇ ਆਉਣ ਦਾ ਆਪਣਾ ਅਸਲ ਮਨੋਰਥ ਭੁੱਲ ਕੇ ਕੁਰਾਹੇ ਪੈ ਕੇ ਕੀਤੇ ਜਾ ਰਹੇ ਕਾਰਜਾਂ ਨੂੰ ਹੀ ਆਪਣੀ ਜ਼ਿੰਦਗੀ ਦਾ ਮਨੋਰਥ ਸਮਝ ਕੇ ਆਪਣੀ ਜ਼ਿੰਦਗੀ ਦਾ ਸਫ਼ਰ ਤੈਅ ਕਰਦੇ ਹੋਏ ਆਪਣੇ ਸੁਆਸਾਂ ਦੀ ਪੂੰਜੀ ਇਉਂ ਹੀ ਅਜਾਈ ਗੁਆ ਬੈਠਦੇ ਹਨ। ਇਸ ਕੁਰਾਹੇ ਪਈ ਹੋਈ ਲੋਕਾਈ ਨੂੰ ਸਿੱਧੇ ਰਾਹ ਪਾਉਣ 'ਤੇ ਜ਼ਿੰਦਗੀ ਦਾ ਮਨੋਰਥ ਸਮਝਾਉਣ ਅਤੇ ਇਸ ਲੋਕਾਈ ਨੂੰ ਸੱਚ ਦੇ ਮਾਰਗ ਵੱਲ ਪ੍ਰੇਰਤ ਕਰਨ ਲਈ ਸੰਤਾਂ-ਮਹਾਂਪੁਰਸਾਂ ਦਾ ਧਰਤੀ 'ਤੇ ਅਵਤਰਿਤ ਹੋਣਾ ਬਹੁਤ ਹੀ ਜਰੂਰੀ ਬਣ ਜਾਂਦਾ ਹੈ। ਅਜਿਹੇ ਸੰਤ-ਮਹਾਂਪੁਰਸ਼ਾਂ ਵਿੱਚ ਜਗਤਪਿਤਾ, ਜਗਤਗੁਰੂ, ਸਾਹਿਬੇ-ਕਮਾਲ ਸਤਿਗੁਰੂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਨਾਂ ਵਿਸ਼ੇਸ਼ ਤੌਰ 'ਤੇ ਆਉਂਦਾ ਹੈ।

ਦੁਨੀਆਵੀ ਚਾਲ-ਚਲਨ ਅਤੇ ਸੰਤ-ਮਹਾਂਪੁਰਸ਼ਾਂ ਦੇ ਅਵਤਰਿਤ ਹੋਣ ਦੀ ਸੱਚਾਈ ਨੂੰ ਭਾਂਪਣ ਤੋਂ ਬਾਅਦ ਹੀ ਇਹ ਸਤਰਾਂ 'ਸੰਤ ਨਾ ਆਤੇ ਜਗਤ ਮੇਂ, ਤੋਂ ਜਲ ਮਰਤਾ ਸੰਸਾਰ' ਹੋਂਦ ਵਿੱਚ ਆਈਆਂ। ਇਨ੍ਹਾਂ ਸੰਤ-ਮਹਾਂਪੁਰਸ਼ਾਂ ਦੀ ਕਿਰਪਾ ਜਿਨ੍ਹਾਂ 'ਤੇ ਹੋ ਗਈ ਫਿਰ ਉਨ੍ਹਾਂ ਦੇ ਬਾਰੇ-ਨਿਆਰੇ ਹੀ ਹੋ ਗਏ। ਉਨ੍ਹਾਂ ਮਹਾਨ ਸ਼ਖ਼ਸੀਅਤਾਂ ਵਿੱਚ ਇੱਕ ਮਹੱਤਵਪੂਰਨ ਨਾਮ ਜਿਹੜਾ ਮੇਰੇ ਜ਼ਿਹਨ ਵਿੱਚ ਆ ਰਿਹਾ ਹੈ ਉਹ ਹੈ 'ਸੰਤ ਗਿਆਨੀ ਚਰਨਜੀਤ ਜੀ 'ਜੀਤ' ਦਾ। ਇਨ੍ਹਾਂ ਉੱਤੇ ਜਗਤਪਿਤਾ, ਜਗਤਗੁਰੂ, ਸਾਹਿਬੇ-ਕਮਾਲ ਸਤਿਗੁਰੂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਐਸੀ ਆਪਾਰ ਕਿਰਪਾ ਬਣੀ ਹੋਈ ਹੈ ਕਿ ਇਨ੍ਹਾਂ ਅੰਦਰ ਰੂਹਾਨੀ ਗਿਆਨ ਦਾ ਭੰਡਾਰ ਕੁੱਟ-ਕੁੱਟ ਕੇ ਭਰਿਆ ਗਿਆ ਅਤੇ ਗਿਆਨੀ ਜੀ ਦੇ ਅੰਦਰ ਇਸ ਜਗਦੀ ਹੋਈ ਜੋਤਿ ਨੇ ਗਿਆਨੀ ਜੀ ਦੇ ਹੱਥ ਕਲਮ ਫੜਾ ਦਿੱਤੀ ਅਤੇ ਗੁਰੂ ਮਹਾਰਾਜ ਜੀ ਪਾਸੋਂ ਪ੍ਰਾਪਤ ਹੋਏ ਇਸ ਗਿਆਨ ਦੀ ਦਾਤ ਨਾਲ ਆਪਣਾ ਆਲਾ-ਦੁਆਲਾ ਪ੍ਰਕਾਸ਼ਮਾਨ ਕਰਨਾ ਆਰੰਭ ਦਿੱਤਾ।

ਕਲਮ ਦੋ ਤਰੀਕੇ ਨਾਲ ਚਲਾਈ ਜਾਂਦੀ ਹੈ ਇੱਕ ਤਾਂ ਲੋਕਾਈ ਲਈ ਰਾਹ ਦਸੇਰਾ ਬਣਨ ਲਈ, ਤੇ ਦੂਸਰਾ ਲੋਕਾਈ ਨੂੰ ਕੁਰਾਹੇ ਪਾਉਣ ਲਈ। ਜਿੱਥੋਂ ਤੱਕ ਸੰਤ ਗਿਆਨੀ ਚਰਨਜੀਤ ਜੀ 'ਜੀਤ' ਦੀ ਕਲਮ ਦਾ ਸੰਬੰਧ ਹੈ ਉਨ੍ਹਾਂ ਦੀ ਕਲਮ, ਲੋਕਾਈ ਲਈ ਰਾਹ ਦਸੇਰਾ ਬਣਨ ਲਈ ਹੀ ਨਿਰੰਤਰ ਵਹਿੰਦੀ ਰਹੀ ਹੈ। ਗਿਆਨੀ ਜੀ ਅਜਿਹੀ ਬਾਣੀ ਨੂੰ ਹੀ ਆਪਣੀ ਕਲਮ ਦਾ ਹਿੱਸਾ ਬਣਾਉਂਦੇ ਹਨ ਜਿਹੜੀ ਕਿ ਧੁਰ ਤੋਂ ਆਈ ਹੋਈ ਹੋਵੇ। ਗਿਆਨੀ ਜੀ ਹੁਣ ਤੱਕ ਦਰਦੀ ਮਜ਼ਲੂਮਾਂ ਦੇ : ਸਤਿਗੁਰੂ ਰਵਿਦਾਸ ਜੀ ਮਹਾਰਾਜ, ਗੁਫ਼ਾ ਤੇਰੀ 'ਤੇ ਮੋਰ ਬੋਲਦੇ, ਬਾਣੀ ਸਹਿਤ ਰੂਹਾਨੀ ਰਮਜ਼ਾਂ, ਰਵਿਦਾਸ ਠਾਕੁਰ ਬਣਿ ਆਈ ਆਦਿ ਪੁਸਤਕਾਂ ਪਾਠਕਾਂ ਦੀ ਝੋਲੀ ਪਾ ਚੁੱਕੇ ਹਨ।

ਜਿੱਥੋਂ ਤੱਕ ਹੱਥਲੀ ਪੁਸਤਕ 'ਆਦਿ-ਧਰਮ ਦੇ ਰਾਖ਼ੇ : ਸਤਿਗੁਰੂ ਰਵਿਦਾਸ ਜੀ ਮਹਾਰਾਜ' ਦਾ ਸੰਬੰਧ ਹੈ ਇਸ ਪੁਸਤਕ ਵਿੱਚ ਸੰਤ ਗਿਆਨੀ ਚਰਨਜੀਤ ਜੀ 'ਜੀਤ' ਨੇ ਕਈ ਦੂਸਰੇ ਬੁੱਧੀਜੀਵੀ ਲੇਖਕਾਂ ਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸ ਪ੍ਰਤੀ ਪਾਏ ਗਏ ਭਰਮ-ਭੁਲੇਖਿਆਂ ਨੂੰ ਦੂਰ ਕਰਨ ਦਾ ਵੱਡਮੁੱਲਾ ਯਤਨ ਕੀਤਾ ਹੈ। ਜਿੱਥੋਂ ਤੱਕ ਇਸ ਪੁਸਤਕ ਦੇ ਸਮਰਪਣ ਦਾ ਸੰਬੰਧ ਹੈ, ਹੱਥਲੀ ਪੁਸਤਕ 'ਆਦਿ-ਧਰਮ ਦੇ ਰਾਖ਼ੇ : ਸਤਿਗੁਰੂ ਰਵਿਦਾਸ ਮਹਾਰਾਜ ਜੀ' ਆਦਿ-ਧਰਮ ਦੇ ਰਹਿਬਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਆਪਣੀ ਕੌਮ ਲਈ ਕੀਤੇ ਗਏ ਇਨਕਲਾਬੀ ਸੰਘਰਸ਼, ਮਾਰਗ ਦਰਸ਼ਨ ਅਤੇ ਰੂਹਾਨੀ ਫ਼ਲਸਫ਼ੇ ਨੂੰ ਸਮਰਪਿਤ ਹੈ।

ਹੱਥਲੀ ਪੁਸਤਕ ਹਸਤ-ਲਿਖਤ ਮੰਗਲਾਚਰਣ ਤੋਂ ਇਲਾਵਾ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਰਾਗ ਮਾਰੂ, ਰਾਮ ਰਾਮਕਲੀ, ਸ਼੍ਰੀ ਰਾਗ, ਰਾਗ ਸੋਰਠਿ, ਰਾਗ ਗੌਂਡ ਵਿੱਚ ਰਚਿਤ ਬਾਣੀ ਤੋਂ ਇਲਾਵਾ ਗੁਰੂ ਮਹਾਰਾਜ ਜੀ ਦੇ ਸਮਕਾਲੀ ਮਹਾਂਪੁਰਸ਼ਾਂ ਦੀ ਬਾਣੀ ਜਿਨ੍ਹਾਂ ਵਿੱਚ ਬਾਣੀ ਸੰਤ ਰੈਦਾਸ ਜੀ ਕੀ, ਬਾਣੀ ਸੰਤ ਜੀਵਨ ਦਾਸ ਜੀ, ਬਾਣੀ ਸੰਤ ਊਧੋ ਦਾਸ ਜੀ, ਬਾਣੀ ਸੰਤ ਸੰਤਦਾਸ ਜੀ, ਗੁਰੂ ਮਹਾਰਾਜ ਦੀ ਪਰਮ ਸ਼ਿੱਸ਼ ਮੀਰਾਂ ਜੀ ਦੀ ਬਾਣੀ : ਬਾਣੀ ਸੰਤ ਮੀਰਾਂ ਬਾਈ ਜੀ ਆਦਿ ਨੂੰ ਸ਼ਾਮਿਲ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਜੀਵਨ ਇਤਿਹਾਸ ਦੀਆਂ ਗੂੜ੍ਹ ਪਰਤਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਮਿਲਦਾ ਹੈ।

ਜਿਵੇਂ-ਜਿਵੇਂ ਪੁਸਤਕ ਅਗਲੇ ਪੜਾਅ ਵੱਲ ਵਧਦੀ ਹੈ ਤਾਂ ਉਸ ਅਗਲੇ ਪੜਾਅ ਵਿੱਚ ਲੇਖਕ ਸੰਤ ਗਿਆਨ ਚਰਨਜੀਤ ਜੀ 'ਜੀਤ' ਨੇ ਆਪਣੀਆਂ ਕਵਿਤਾਵਾਂ, ਕਬਿੱਤਾਂ, ਗੀਤਾਂ ਰਾਹੀਂ ਵੱਡਮੁੱਲਾ ਗਿਆਨ ਪਾਠਕਾਂ ਦੀ ਝੋਲੀ ਵਿੱਚ ਪਾਉਣ ਦਾ ਬਹੁਤ ਵੀ ਵੱਡਮੁੱਲਾ ਉਪਰਾਲਾ ਕਰ ਦਿਖਾਇਆ ਹੈ। ਇਸ ਦੇ ਨਾਲ ਹੀ ਆਦਿ-ਧਰਮ ਸਮਾਜ ਦੇ ਕੌਮੀ ਨਿਸ਼ਾਨ ਨਾਲ ਸੰਬੰਧਿਤ ਕਬਿੱਤ ਵੀ ਸਮਾਜ ਨੂੰ ਬੜੀ ਵੱਡਮੁੱਲੀ ਗਿਆਨ ਦੀ ਗੁੜ੍ਹਤੀ ਦੇਣ ਵਿੱਚ ਸਹਾਈ ਸਿੱਧ ਹੁੰਦੇ ਹਨ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸੰਤ ਗਿਆਨੀ ਚਰਨਜੀਤ ਜੀ 'ਜੀਤ' ਦੁਆਰਾ ਰਚਿਤ ਹੱਥਲੀ ਪੁਸਤਕ 'ਆਦਿ-ਧਰਮ ਦੀ ਹੋਂਦ ਦੇ ਰਾਖ਼ੇ : ਸਤਿਗੁਰੂ ਰਵਿਦਾਸ ਜੀ ਮਹਾਰਾਜ' ਬਹੁਤ ਹੀ ਗਿਆਨ-ਵਰਧਕ ਪੁਸਤਕ ਹੈ ਜਿਸ ਨੂੰ ਪੜ੍ਹ ਕੇ ਦੇਸ਼-ਵਿਦੇਸ਼ਾਂ ਵਿੱਚ ਬੈਠੀਆਂ ਗੁਰੂ-ਰੂਪੀ ਨਾਮ-ਲੇਵਾ ਸੰਗਤਾਂ ਵੱਡਮੁੱਲਾ ਗਿਆਨ ਪ੍ਰਾਪਤ ਕਰ ਸਕਦੀਆਂ ਹਨ। ਹੱਥਲੀ ਪੁਸਤਕ ਨੂੰ ਪੜ੍ਹਨ ਨਾਲ ਉਨ੍ਹਾਂ ਦੇ ਗਿਆਨ-ਚਕਸ਼ੂ ਖੁੱਲ੍ਹ ਸਕਦੇ ਹਨ। ਸੋ ਉਨ੍ਹਾਂ ਦੀ ਇਸ ਵੱਡਮੁੱਲੀ ਕਿਰਤ ਨੂੰ ਖ਼ੁਸ਼ਆਮਦੀਦ ! ਆਮੀਨ

# "ਰੱਬ ਨੇ ਬਣਾਈਆਂ ਜੋੜੀਆਂ - ਜੋੜੀਆਂ ਜੱਗ ਥੋੜ੍ਹੀਆਂ

## ✪ ਹਰਭਜਨ ਮਾਨ ਤੇ ਮਲਕੀਤ ਦਿਓਲ ਦੀਆਂ ਜੀਵਨ ਜੋੜੀਆਂ





ਨੀਲੀ ਛੱਤ ਵਾਲਾ ਉੱਪਰ ਬੈਠ ਜੋੜੀਆਂ ਦੀ ਰਚਨਾ ਕਰਦਾ ਤੇ ਜਦ ਇਹ ਜੋੜੀਆਂ ਚਾਰ ਲਾਵਾਂ, ਸੱਤ ਫੇਰੇ ਜਾਂ ਹੋਰ ਤਰੀਕੇ ਨਾਲ ਇੱਕ ਦੂਜੇ ਦੀਆਂ ਹੁੰਦੀਆਂ ਤਦ ਇਹਨਾਂ ਦਾ ਮੇਚ ਦੇਖ ਅਕਸਰ ਲੋਕੀਂ ਕਹਿੰਦੇ ਨੇ ਕਿ ਰੱਬ ਨੇ ਬਣਾਈਆਂ ਜੋੜੀਆਂ। ਹਰਭਜਨ ਮਾਨ ਚੋਟੀ ਦਾ ਗਾਇਕ ਤੇ ਨਾਇਕ, ਸੁਰ ਤੇ ਸੁਨੱਖਾ ਤੇ ਹਰ ਦੇ ਮਨ ਨੂੰ ਸੁੰਦਰਤਾ ਨਾਲ ਮੋਹ ਲੈਣ ਵਾਲੀ ਹਰਮਨ ਓਸ ਦੀ ਜੀਵਨ ਸੰਗੁਨਿ ਓਸ ਲਈ ਜੰਨਤ ਹੈ ਹਰਭਜਨ ਰੂਹਾਂ ਦਾ ਪਿਆਰ ਓਸ ਨਾਲ ਕਰਦੇ ਨੇ ਤੇ ਪਿਛਲੇ ਦਿਨੀਂ ਆਪਣੀ ਪਿਆਰੀ ਪਤਨੀ ਦਾ ਜਨਮ ਦਿਨ ਮਨਾਉਂਦੇ ਨਜ਼ਰ ਆਏ। ਇਸ ਤਰਾਂ ਦਿਓਲ ਫ਼ਿਲਮਜ਼ ਦੇ ਮਲਕੀਤ ਸਿੰਘ ਦਿਓਲ ਨੇ ਤੇ ਓਹਨਾਂ ਦੀ ਜੋੜੀ ਵੀ ਇੰਜ ਵਿਆਹ ਵੇਲੇ ਸੀ ਕਿ ਸਾਰੇ ਆਖਦੇ ਸਨ ਕਿ ਜੋੜੀ ਤੇ ਇਹ ਹੈ। ਖੈਰ ਇਸ ਸਭ ਦਾ ਅਰਥ ਇਹ ਜੀ ਕਿ ਰੱਬ ਕੁਦਰਤੀ ਕੁੱਝ ਜੋੜੀਆਂ ਇਸ ਤਰਾਂ ਦੀਆਂ ਬਣਾ ਦਿੰਦਾ ਕਿ ਓਹ ਇਨਸਾਨ ਪਤਨੀ ਦੇ ਸਹਿਯੋਗ ਨਾਲ ਚੋਟੀ ਤੇ ਪਹੁੰਚ ਜਾਂਦੇ ਹਨ। ਹਰਭਜਨ ਮਾਨ ਦੀ ਪਤਨੀ ਆਖਦੀ ਕਿ ਇਹ ਓਸ ਲਈ ਚੰਗੀ ਗੱਲ ਕਿ ਓਹ ਸਟਾਰ ਦੀ ਪਤਨੀ ਏ ਤੇ ਸਰਦਾਰਨੀ ਦਿਓਲ ਅਨੁਸਾਰ ਓਹ ਹਰ ਕੰਮ ਵਿੱਚ ਓਹਨਾਂ ਦਾ ਮਸ਼ਵਰਾ ਤੇ ਸਲਾਹਕਾਰ ਹੈ ਅਰਥਾਤ ਰੱਬ ਦੀਆਂ ਬਣਾਈਆਂ ਇਹਨਾਂ ਜੋੜੀਆਂ ਦੀ ਚਰਚਾ ਕਰ ਸਿੱਖਣ ਤੇ ਇਹਨਾਂ ਦੀ ਤਰਾਂ ਬਣ ਕਾਮਯਾਬ ਹੋਣ ਨੂੰ ਦਿਲ ਕਰਦਾ ਹੈ ਬਾਕੀ ਇਹ ਤੇ ਕਹਾਵਤ ਏ ਕਿ ਚੌਲ ਚਿੱਟੇ ਦਾਨ ਕੀਤੇ ਹੋਣਗੇ ਮਾਨ ਤੇ ਦਿਓਲ ਨੇ ਕਿ ਰੱਬ ਨੇ ਆਲੀਸ਼ਾਨ ਜੋੜੀਦਾਰ ਪਤਨੀਆਂ ਦਿੱਤੀਆਂ। ਆਫ਼ਰੀਨ ਸੱਤੇ ਖੈਰਾਂ ਹੋਵਣ ਇਹਨਾਂ ਦੀਆਂ ਮਾਂ ਵਾਰੀ ਸਦਕੇ ਜਾਵਾਂ।

-ਅੰਮ੍ਰਿਤ ਪਵਾਰ


## • ਹਿੰਦੀ ਕਹਾਣੀ •



ਮੂਲ :
ਗੋਵਿੰਦ
ਉਪਾਧਿਆਏ

ਅਨੁ :
ਪ੍ਰੋ. ਨਵ
ਸੰਗੀਤ ਸਿੰਘ





# ਫੁੰਤਰੂ

ਮੇਰਾ ਨਾਮ ਵਿਭਾਸ ਤਿਵਾੜੀ ਹੈ। ਮੇਰੀ ਉਮਰ ਪੈਂਹਟ ਸਾਲ ਹੈ। ਮੈਂ ਪੈਂਤੀ ਸਾਲ ਸਰਕਾਰੀ ਨੌਕਰੀ ਕੀਤੀ ਹੈ। ਅਤੇ ਜਿਵੇਂ ਕਿ ਤੁਸੀਂ ਜਾਣਦੇ ਹੋ, ਇੱਕ ਕਰਮਚਾਰੀ ਸੱਠ ਸਾਲ ਦੀ ਉਮਰ ਵਿੱਚ ਸਰਕਾਰੀ ਨੌਕਰੀ ਤੋਂ ਸੇਵਾਮੁਕਤ ਹੁੰਦਾ ਹੈ। ਮੈਂ ਵੀ ਸਮੇਂ ਸਿਰ ਸੇਵਾਮੁਕਤ ਹੋ ਗਿਆ। ਇਸ ਲਈ ਪਿਛਲੇ ਪੰਜ ਸਾਲਾਂ ਤੋਂ ਮੇਰੇ ਕੋਲ ਕੋਈ ਕੰਮ ਨਹੀਂ ਹੈ। ਮੈਂ ਸਵੇਰ-ਸ਼ਾਮ ਪਾਰਕ ਵਿੱਚ ਸੈਰ ਕਰਦਾ ਹਾਂ। ਇਸ ਤੋਂ ਬਾਅਦ ਘਰੇ ਬੈਠ ਕੇ ਟੀ.ਵੀ. ਵੇਖਦਾ ਹਾਂ। ਫੇਸਬੁੱਕ ਅਤੇ ਵਟਸਐਪ 'ਤੇ ਟਾਈਮ ਪਾਸ ਕਰਦਾ ਹਾਂ। ਜਦੋਂ ਤੱਕ ਮੈਂ ਨੌਕਰੀ ਵਿੱਚ ਸਾਂ, ਸਮੇਂ ਦਾ ਪਤਾ ਹੀ ਨਹੀਂ ਸੀ ਚਲਦਾ। ਹੁਣ ਸਮਾਂ ਬਿਤਾਉਣ ਲਈ ਬਹਾਨੇ ਲੱਭਣੇ ਪੈਣਗੇ। ਮੈਂ ਆਪਣੀ ਪੈਂਹਟ ਸਾਲਾਂ ਦੀ ਜ਼ਿੰਦਗੀ ਵਿੱਚ ਕਈ ਉਤਰਾਅ-ਚੜ੍ਹਾਅ ਦੇਖ ਚੁੱਕਾ ਹਾਂ। ਰਿਸ਼ਤਿਆਂ ਦੀ ਕੁੜੱਤਣ ਮੈਂ ਝੱਲੀ ਹੈ। ਨਫ਼ਰਤ, ਪਿਆਰ, ਵਿਸ਼ਵਾਸਘਾਤ ਅਤੇ ਸਮਰਪਣ ... ਮੈਂ ਸਭ ਕੁਝ ਦੇਖਿਆ ਹੈ। ਉਨ੍ਹਾਂ ਅਨੁਭਵਾਂ ਨੂੰ ਟੁਕੜਿਆਂ-ਟੁਕੜਿਆਂ ਵਿੱਚ ਯਾਦ ਕਰਦਾ ਹਾਂ। ਯਾਦ ਕੀ ਕਰਦਾ ਹਾਂ, ਉਹ ਆਪਣੇ-ਆਪ ਦਿਮਾਗ਼ ਵਿੱਚ ਛਾਲਾਂ ਮਾਰਨ ਲੱਗਦੇ ਹਨ। ਉਂਜ ਮੈਂ ਹਮੇਸ਼ਾ ਕੋਸ਼ਿਸ਼ ਕਰਦਾ ਹਾਂ ਕਿ ਉਦਾਸ ਯਾਦਾਂ ਨੂੰ ਦਿਮਾਗ ਵਿੱਚ ਨਾ ਆਉਣ ਦਿੱਤਾ ਜਾਵੇ। ਅਜਿਹੀਆਂ ਯਾਦਾਂ ਨੂੰ ਯਾਦਾਂ ਦੇ ਕਬਰਿਸਤਾਨ ਵਿੱਚ ਦਫ਼ਨ ਕਰ ਦੇਣਾ ਹੀ ਚੰਗਾ ਹੈ। ਪਰ ਇਹ ਹਮੇਸ਼ਾ ਆਪਣੇ ਵੱਸ ਵਿੱਚ ਨਹੀਂ ਹੁੰਦਾ।

ਪਤਾ ਨਹੀਂ ਕਿਉਂ ਅਚਾਨਕ ਦਿਮਾਗ ਦੇ ਕਿਸੇ ਕੋਨੇ ਵਿੱਚ ਛੁਪੀਆਂ ਕੁਝ ਯਾਦਾਂ ਹਲਚਲ ਕਰਨ ਲੱਗ ਜਾਂਦੀਆਂ ਹਨ। ਮੇਰੇ ਕੋਲ ਵਿਹਲ ਹੀ ਵਿਹਲ ਹੈ। ਫਿਰ ਮੈਂ ਉਨ੍ਹਾਂ ਯਾਦਾਂ 'ਤੇ ਪਈ ਸਮੇਂ ਦੀ ਧੂੜ ਨੂੰ ਝਾੜਨ-ਪੂੰਝਣ ਲੱਗ ਪੈਂਦਾ ਹਾਂ। ਮੇਰੀਆਂ ਅੱਖਾਂ ਅੱਗੇ ਚੀਜ਼ਾਂ ਹੌਲੀ-ਹੌਲੀ ਸਪਸ਼ਟ ਹੋਣ ਲੱਗਦੀਆਂ ਹਨ। ਮੈਂ ਉਨ੍ਹਾਂ ਦਿਨਾਂ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਦਿਮਾਗ਼ ਤੇ ਬਹੁਤ ਜ਼ੋਰ ਦੇਣ ਦੇ ਬਾਵਜੂਦ ਕਈ ਵਾਰ ਪੂਰੀ ਤਸਵੀਰ ਨਹੀਂ ਬਣ ਸਕਦੀ। ਲੱਗਦਾ ਹੈ ਕਿ ਦਿਮਾਗ ਦੀ ਸਿਆਹੀ ਵੀ ਸੁੱਕਣ ਲੱਗ ਪਈ ਹੈ।

ਇਨ੍ਹੀਂ ਦਿਨੀਂ ਮੈਂ ਆਪਣੇ ਉਨ੍ਹਾਂ ਦੋ ਮਿੱਤਰਾਂ ਨੂੰ ਯਾਦ ਕਰਨ ਲੱਗ ਪਿਆ ਹਾਂ, ਜਿਨ੍ਹਾਂ ਨਾਲ ਮੈਂ ਆਪਣੀ ਜ਼ਿੰਦਗੀ ਦੇ ਸਭ ਤੋਂ ਔਖੇ ਦੌਰ ਦੌਰਾਨ ਕੁਝ ਪਲ ਬਿਤਾਏ ਸਨ। ਪੰਤਾਲੀ ਸਾਲਾਂ ਦਾ ਲੰਬਾ ਸਮਾਂ ਹੋ ਗਿਆ ਹੈ। ਉਸ ਸਮੇਂ ਮੇਰੀ ਉਮਰ ਵੀਹ ਤੋਂ ਵੱਧ ਨਹੀਂ ਹੋਵੇਗੀ। ਇਸ ਦੇ ਬਾਵਜੂਦ ਹੁਣ ਉਨ੍ਹਾਂ ਨੂੰ ਭੁੱਲਣਾ ਥੋੜ੍ਹਾ ਦੁਖਦਾਈ ਹੁੰਦਾ ਜਾ ਰਿਹਾ ਹੈ। ਸਟੀਫਨ ਕਾਲੇ ਰੰਗ ਦਾ ਸੀ। ਉਹ ਮੇਰੇ ਨਾਲੋਂ ਕੱਦ ਵਿੱਚ ਇੱਕ-ਅੱਧ ਇੰਚ ਲੰਮਾ ਹੋਵੇਗਾ। ਯਾਨੀ ਲਗਭਗ ਪੰਜ ਫੁੱਟ ਸੱਤ ਇੰਚ ਦੇ ਨੇੜੇ-ਤੇੜੇ... ਪਰ ਸੋਹਣਾ ਸੀ। ਉਮਰ ਵਿੱਚ ਵੀ ਉਹ ਮੈਥੋਂ ਤਿੰਨ-ਚਾਰ ਸਾਲ ਵੱਡਾ ਹੀ ਸੀ। ਹਮੇਸ਼ਾ ਹੱਸਦਾ ਰਹਿੰਦਾ ਸੀ।

ਜਦੋਂ ਮੈਂ ਸਟੀਫਨ ਨੂੰ ਮਿਲਿਆ, ਉਦੋਂ ਲਗਭਗ ਗ੍ਰਾਮੋਫੋਨ ਦੇ ਰਿਕਾਰਡ ਇਕੱਠੇ ਕਰਨ ਦਾ ਜਨੂੰਨੀ ਹੱਦ ਤੱਕ ਸ਼ੌਕ ਸੀ। ਇਸ ਲਈ ਉਹ ਹਮੇਸ਼ਾ ਪੈਸਿਆਂ ਦੇ ਜੁਗਾੜ ਵਿੱਚ ਰਹਿੰਦਾ ਸੀ। ਰਿਕਾਰਡ ਪਲੇਅਰ ਉਸਦੀ ਮਾਸੀ ਨੇ ਤੋਹਫ਼ੇ ਵਜੋਂ ਦਿੱਤਾ ਸੀ। ਜਿਸ ਨੂੰ ਉਹ 'ਮਿੰਨੀ ਆਂਟੀ' ਕਹਿ ਕੇ ਬੁਲਾਉਂਦਾ ਸੀ। ਮਿੰਨੀ ਆਂਟੀ ਇੱਕ ਸਰਕਾਰੀ ਹਸਪਤਾਲ ਵਿੱਚ ਨਰਸ ਸੀ। ਸਟੀਫਨ ਨੇ ਪੁਰਾਣੇ ਕਲਾਸਿਕ ਗੀਤਾਂ ਦੇ 25 ਤੋਂ ਵੱਧ ਰਿਕਾਰਡ ਖਰੀਦ ਲਏ ਸਨ। ਗਾਣੇ ਸੁਣਦਿਆਂ-ਸੁਣਦਿਆਂ ਉਸ ਦੀਆਂ ਅੱਖਾਂ ਬੰਦ ਰਹਿੰਦੀਆਂ ਤੇ ਉਹ ਹੌਲੀ-ਹੌਲੀ ਸਿਰ ਹਿਲਾਉਂਦਾ ਸੀ। ਜਿਵੇਂ ਕਿ ਉਹ ਸੰਗੀਤ ਦਾ ਬਹੁਤ ਵੱਡਾ ਜਾਣਕਾਰ ਹੋਵੇ। ਮੈਂ ਦਸੰਬਰ ਦੇ ਮਹੀਨੇ ਸਟੀਫਨ ਨੂੰ ਮਿਲਿਆ ਸਾਂ। ਇਸ ਮਹੀਨੇ ਦੌਰਾਨ, ਈਸਾਈਆਂ ਦਾ ਇੱਕ ਗਰੁੱਪ ਮੇਰੇ ਮਹੱਲੇ ਵਿੱਚੋਂ ਸੰਗੀਤਕ ਸਾਜ਼ਾਂ ਨਾਲ ਗੀਤ ਗਾਉਂਦਾ ਹੋਇਆ ਲੰਘਦਾ ਸੀ। ਸਵੇਰੇ ਪੰਜ ਵਜੇ ਦੇ ਕਰੀਬ... ਦਰਜਨ ਭਰ ਲੋਕਾਂ ਦਾ ਇਹ ਟੋਲਾ ਸਟ੍ਰੀਟ ਲਾਈਟ ਵਿੱਚ ਯਿਸੂ ਦੇ ਭਜਨ ਗਾਉਂਦਾ ਸੀ। ਉਨ੍ਹਾਂ ਦਾ ਇਹ ਸਿਲਸਿਲਾ ਕ੍ਰਿਸਮਸ ਦੀ ਪੂਰਵ-ਸ਼ਾਮ ਤੱਕ ਜਾਰੀ ਰਹਿੰਦਾ। ਹਰ ਕਿਸੇ ਕੋਲ ਕੋਈ ਨਾ ਕੋਈ ਸਾਜ਼ ਹੁੰਦਾ। ਸਿਰਫ ਇੱਕ ਸਟੀਫਨ ਸੀ, ਜੋ ਸਰਫ਼ ਤਾੜੀਆਂ ਹੀ ਵਜਾਉਂਦਾ ਸੀ। ਸ਼ਰਧਾ-ਭਾਵ ਨਾਲ ਝੂਮਦੇ ਗਰੁੱਪ ਵਿੱਚ ਉਹ ਬਿਲਕੁਲ ਵੱਖਰਾ ਨਜ਼ਰ ਆਉਂਦਾ ਸੀ। ਸ਼ਾਇਦ ਇਸੇ ਕਰਕੇ ਮੈਨੂੰ ਉਸਦਾ ਚਿਹਰਾ ਯਾਦ ਸੀ। ਹਾਂ, ਨਾਂ ਕੁਝ ਸਮੇਂ ਬਾਅਦ ਪਤਾ ਲੱਗਿਆ ਸੀ।

ਹੋਲੀ ਤੋਂ ਕੁਝ ਦਿਨ ਪਹਿਲਾਂ ਮੈਂ ਉਸ ਨੂੰ ਇੱਕ ਸਰਕਾਰੀ ਰਾਸ਼ਨ ਦੀ ਦੁਕਾਨ 'ਤੇ ਮਿਲਿਆ ਸਾਂ। ਦੁਕਾਨ 'ਤੇ ਲੰਬੀ ਲਾਈਨ ਲੱਗੀ ਹੋਈ ਸੀ। ਹੋਲੀ ਦੇ ਤਿਉਹਾਰ ਦੀ ਵਾਧੂ ਖੰਡ ਜੋ ਮਿਲਣੀ ਸੀ। ਅਜਿਹੀ ਹਾਲਤ 'ਚ 'ਜੁਗਾੜ' ਦੀ ਨੀਤੀ ਅਪਣਾਉਂਦੇ ਹੋਏ ਮੈਂ ਕਿਸੇ ਜਾਣ-ਪਛਾਣ ਵਾਲੇ ਵਿਅਕਤੀ ਦੀ ਭਾਲ ਸ਼ੁਰੂ ਕਰ ਦਿੱਤੀ, ਜੋ ਅੱਗੇ ਖੜ੍ਹਾ ਹੋਵੇ ਅਤੇ ਜਿਸ ਕੋਲ ਸਿਰਫ਼ ਆਪਣਾ ਕਾਰਡ ਹੋਵੇ। ਦੁਕਾਨਦਾਰ ਇੱਕ ਵਿਅਕਤੀ ਤੋਂ ਸਿਰਫ਼ ਦੋ ਕਾਰਡ ਹੀ ਲੈਂਦਾ ਸੀ। ਮੈਨੂੰ ਬਹੁਤ ਨਿਰਾਸ਼ਾ ਹੋਈ ਕਿ ਅੱਗੇ ਖੜ੍ਹੇ ਲੋਕਾਂ ਵਿੱਚੋਂ ਕੋਈ ਵੀ ਮੈਨੂੰ ਜਾਣਦਾ ਨਹੀਂ ਸੀ। ਫਿਰ ਮੇਰੀਆਂ ਨਜ਼ਰਾਂ ਸਟੀਫਨ ਨਾਲ ਮਿਲੀਆਂ ਅਤੇ ਉਸਨੇ ਮੁਸਕਰਾ ਕੇ ਮੈਨੂੰ ਨੇੜੇ ਆਉਣ ਦਾ ਇਸ਼ਾਰਾ ਕੀਤਾ, "ਆਪਣਾ ਰਾਸ਼ਨ ਕਾਰਡ ਮੈਨੂੰ ਫੜਾ ਦੇ, ਹੁਣ ਲਾਈਨ ਵਿੱਚ ਖੜ੍ਹੇ ਹੋਣ ਦਾ ਕੋਈ ਫਾਇਦਾ ਨਹੀਂ ਹੋਵੇਗਾ। ਜਦੋਂ ਤੱਕ ਤੂੰ ਖਿੜਕੀ ਕੋਲ ਪਹੁੰਚੇਂਗਾ, ਦੁਕਾਨ ਬੰਦ ਹੋ ਜਾਵੇਗੀ।"

ਉਹ ਅੱਗੇ ਤੋਂ ਪੰਜਵੇਂ ਨੰਬਰ 'ਤੇ ਖੜ੍ਹਾ ਸੀ। ਦੁਕਾਨ ਦੀ ਖਿੜਕੀ ਦੇ ਬਿਲਕੁਲ ਨੇੜੇ... ਮੈਂ ਤੁਰੰਤ ਉਸ ਨੂੰ ਕਾਰਡ ਦੇ ਦਿੱਤਾ। ਖੰਡ ਕੁਝ ਸਮੇਂ ਵਿੱਚ ਹੀ ਮਿਲ ਗਈ ਸੀ। ਮੈਂ ਉਹਦਾ ਧੰਨਵਾਦ ਕੀਤਾ।

ਮੈਂ ਉਸਨੂੰ ਦੱਸਿਆ, "ਤੁਹਾਨੂੰ ਕ੍ਰਿਸਮਸ ਦੇ ਸਮੇਂ ਪ੍ਰਾਰਥਨਾ ਗਰੁੱਪ ਨਾਲ ਵੇਖਿਆ ਹੈ।"

ਉਸ ਨੇ ਹੱਸਦਿਆਂ ਹੋਏ ਕਿਹਾ ਸੀ, "ਇੰਨੀ ਠੰਢ ਵਿੱਚ ਸਵੇਰੇ-ਸਵੇਰੇ ਰਜ਼ਾਈ ਵਿੱਚੋਂ ਨਿਕਲਣਾ ਭਲਾ ਕਿਸਨੂੰ ਪਸੰਦ ਹੈ? ਪਰ ਮਾਂ ਦੇ ਹੁਕਮ ਨੂੰ ਟਾਲਿਆ ਨਹੀਂ ਜਾ ਸਕਦਾ ਸੀ। ਇਸ ਲਈ ਮੈਨੂੰ ਅਣਮੰਨੇ ਮਨ ਨਾਲ ਜਾਣਾ ਪੈਂਦਾ ਸੀ। ਮਾਂ ਖੁਸ਼ ਹੋ ਜਾਂਦੀ ਸੀ... । ਤੂੰ ਸੇਂਟ ਐਂਡਰਿਊਜ਼ ਕਾਲਜ ਵਿੱਚ ਪੜ੍ਹਦਾ ਹੈਂ? ਮੈਂ ਤੈਨੂੰ ਕਾਲਜ ਵਿਚ ਮੰਮੀ ਨਾਲ ਚਰਚ ਜਾਂਦੇ ਸਮੇਂ ਦੇਖਿਆ ਹੈ।" ਮੈਨੂੰ ਖੁਸ਼ੀ ਹੋਈ ਕਿ ਉਹ ਵੀ ਮੈਨੂੰ ਜਾਣਦਾ ਹੈ।

ਇਹ ਸਾਡੀ ਰਸਮੀ ਮੁਲਾਕਾਤ ਸੀ ਅਤੇ ਅਸੀਂ ਜਾਣੂ ਹੋ ਗਏ ਸਾਂ। ਦੂਜੀ ਮੁਲਾਕਾਤ ਉਸਦੀ ਮਾਂ ਦੇ ਬੁਟੀਕ 'ਤੇ ਹੋਈ ਸੀ। ਛੋਟੀ ਭੈਣ ਨੂੰ ਲੈ ਕੇ ਗਿਆ ਸਾਂ। ਉਹਦੇ ਕੱਪੜੇ ਸਿਵਾਉਣੇ ਸਨ। ਮੈਂ ਸਟੀਫਨ ਨੂੰ ਕਾਊਂਟਰ 'ਤੇ ਬੈਠਿਆਂ ਦੇਖਿਆ। ਸਾਹਮਣੇ ਇੱਕ ਅੱਧਖੜ ਉਮਰ ਦੀ ਔਰਤ ਖੜ੍ਹੀ ਸੀ। ਜਿਸ ਨੂੰ ਉਹ ਕੁਝ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸਦੀ ਨਜ਼ਰ ਮੇਰੇ 'ਤੇ ਪਈ ਅਤੇ ਮੁਸਕਰਾ ਕੇ ਮੇਰਾ ਸੁਆਗਤ ਕੀਤਾ, "ਹਾਇ ਵਿਭਾਸ, ਕੀ ਹਾਲ ਹੈ...? ਚੰਗਾ ਹੋਇਆ ਕਿ ਤੂੰ ਆ ਗਿਆ। ਇਹ ਮੇਰੇ ਮਿੰਨੀ ਆਂਟੀ ਹਨ। ਮੇਰੀ ਮਾਂ ਦੀ ਛੋਟੀ ਭੈਣ... । ਦੋਵੇਂ ਭੈਣਾਂ ਮਿਲ ਕੇ ਮੈਨੂੰ ਪਾਗਲ ਕਰਨ ਲੱਗ ਪਈਆਂ ਹਨ। ਆਂਟੀ, ਇਹ ਮੇਰਾ ਦੋਸਤ ਵਿਭਾਸ ਹੈ।"

ਮਿੰਨੀ ਆਂਟੀ ਨੇ ਹੱਸ ਕੇ ਕਿਹਾ, "ਤੂੰ ਇਹਦੇ ਜਾਲ ਵਿੱਚ ਕਿਵੇਂ ਫਸ ਗਿਆ? ਸਾਵਧਾਨ ਰਹੀਂ ... ਇਹ ਮੁੰਡਾ ਜਮਾਂਦਰੂ ਪਾਗਲ ਹੈ ਅਤੇ ਦੋਸ਼ ਸਾਡੇ 'ਤੇ ਲਾ ਰਿਹਾ ਹੈ।" ਫਿਰ ਅਚਾਨਕ ਜਿਵੇਂ ਉਨ੍ਹਾਂ ਨੂੰ ਕੁਝ ਯਾਦ ਆਇਆ, "ਠੀਕ ਹੈ ਬੱਚੇ, ਮੈਂ ਜਾ ਰਹੀ ਹਾਂ। ਮੇਰੀ ਡਿਊਟੀ ਦਾ ਸਮਾਂ ਹੋ ਗਿਆ ਹੈ। ਆਪਣਾ ਅਤੇ ਮੰਮੀ ਦਾ ਧਿਆਨ ਰੱਖੀਂ।" ਮਿੰਨੀ ਆਂਟੀ ਨੇ ਸਟੀਫਨ ਦੇ ਸਿਰ ਤੇ ਹੱਥ ਰੱਖਿਆ ਅਤੇ ਕੁਝ ਬੁੜਬੁੜਾਈ। ਸ਼ਾਇਦ ਉਹ ਰੱਬ ਅੱਗੇ ਉਸ ਦੀ ਤੰਦਰੁਸਤੀ ਲਈ ਪ੍ਰਾਰਥਨਾ ਕਰ ਰਹੀ ਸੀ।

ਮੈਨੂੰ ਸਟੀਫਨ ਚੰਗਾ ਲੱਗਿਆ। ਉਸਨੇ ਮੈਨੂੰ ਦੋਸਤ ਕਿਹਾ ਸੀ ਅਤੇ ਹੌਲੀ-ਹੌਲੀ ਅਸੀਂ ਸੱਚਮੁੱਚ ਅਨਫ਼ਾਰਮਲ ਹੋ ਗਏ।

ਉਸਦਾ ਪੂਰਾ ਨਾਂ ਸਮੀਰ ਸਟੀਫਨ ਸੀ। ਆਂਟੀ ਤੇ ਮਾਂ ਉਸ ਨੂੰ 'ਸਿੱਪੂ' ਕਹਿ ਕੇ ਬੁਲਾਉਂਦੇ ਸਨ। ਉਸਨੇ 10ਵੀਂ ਤੋਂ ਬਾਅਦ ਸਕੂਲ ਜਾਣਾ ਬੰਦ ਕਰ ਦਿੱਤਾ ਸੀ। ਉਸਦਾ ਪੜ੍ਹਾਈ ਵਿੱਚ ਮਨ ਨਹੀਂ ਲੱਗਦਾ ਸੀ। ਉਸਦੀ ਮਾਂ ਦੀ ਲੇਡੀਜ਼ ਟੇਲਰਜ਼ ਦੀ ਦੁਕਾਨ ਸੀ, ਜਿਸ ਨੂੰ ਉਹ 'ਬੁਟੀਕ ਸ਼ਾਪ' ਕਹਿੰਦੇ ਸਨ। ਸਟੀਫਨ ਆਪਣੀ ਮਾਂ ਦੀ ਮਦਦ ਕਰਨ ਲੱਗ ਪਿਆ ਸੀ। ਉਹ ਆਪਣੀ ਮਾਂ ਨੂੰ ਬਹੁਤ ਪਿਆਰ ਕਰਦਾ ਸੀ। ਸਟੀਫਨ ਨਾਲ ਦੋਸਤੀ ਤੋਂ ਬਾਅਦ ਮੈਂ ਉਨ੍ਹਾਂ ਨੂੰ ਕਈ ਵਾਰ ਮਿਲਿਆ। ਸੱਚਮੁੱਚ ਉਹ ਇੱਕ ਪਿਆਰੀ ਮਾਂ ਸੀ। ਮੈਨੂੰ ਦੇਖਦੇ ਹੀ ਉਨ੍ਹਾਂ ਦਾ ਚਿਹਰਾ ਚਮਕ ਉੱਠਦਾ ਸੀ। ਮੈਂ ਸਟੀਫਨ ਦਾ ਇਕਲੌਤਾ ਦੋਸਤ ਸੀ, ਜੋ ਕਾਲਜ ਪੜ੍ਹਨ ਜਾਂਦਾ ਸੀ। ਸ਼ਾਇਦ ਉਹ ਚਾਹੁੰਦੀ ਸੀ ਕਿ ਉਸਦਾ ਪੁੱਤਰ ਵੀ ਖੂਬ ਪੜ੍ਹੇ-ਲਿਖੇ। ਪਰ ਅਜਿਹਾ ਨਹੀਂ ਹੋ ਸਕਿਆ।

ਸਟੀਫਨ ਨਾਲ ਲਗਭਗ ਰੋਜ਼ ਹੀ ਮੁਲਾਕਾਤ ਹੋ ਜਾਂਦੀ ਸੀ। ਉਸਦੇ ਘਰ, ਬੁਟੀਕ ਸ਼ਾਪ ਜਾਂ ਫਿਰ ਬਰਗਦੀ ਦੀ ਚਾਹ ਦੀ ਦੁਕਾਨ ਤੇ... ਉਨ੍ਹੀਂ ਦਿਨੀਂ ਉਹਨੂੰ ਪ੍ਰੇਮ-ਰੋਗ ਲੱਗਿਆ ਹੋਇਆ ਸੀ। ਸਟੀਫਨ ਨੇ ਮੈਨੂੰ ਉਸ ਕੁੜੀ ਨਾਲ ਮਿਲਾਇਆ। ਉਹ ਪਤਲੀ ਜਿਹੀ ਕੁੜੀ ਸੀ, ਜਿਸਦਾ ਨਾਮ ਰੀਟਾ ਚਾਰਲਸ ਸੀ। ਮੈਨੂੰ ਉਹ ਕੁਪੋਸ਼ਣ ਦੀ ਮਰੀਜ਼ ਜਾਪਦੀ ਸੀ। ਦੋਹਾਂ ਦੀ ਸ਼ਖ਼ਸੀਅਤ 'ਚ ਜ਼ਮੀਨ-ਅਸਮਾਨ ਦਾ ਫਰਕ ਸੀ। ਇਸ ਦੇ ਬਾਵਜੂਦ ਸਮੀਰ ਰੀਟਾ ਬਾਰੇ ਇਸ ਤਰ੍ਹਾਂ ਗੱਲ ਕਰਦਾ ਜਿਵੇਂ ਦੁਨੀਆਂ ਦੀ ਸਭ ਤੋਂ ਖ਼ੂਬਸੂਰਤ ਕੁੜੀ ਰੀਟਾ ਹੀ ਹੋਵੇ। ਸ਼ਾਇਦ ਇਸੇ ਲਈ ਮੈਨੂੰ ਸਮੀਰ ਦੀ ਪ੍ਰੇਮਿਕਾ ਦਾ ਨਾਂ ਅੱਜ ਵੀ ਯਾਦ ਹੈ।

ਓਹ ਤੇਰੀ... ਮੈਂ ਸਮੀਰ ਸਟੀਫਨ ਦੇ ਦੁਆਲੇ ਹੀ ਘੁੰਮਦਾ ਰਿਹਾ। ਦੂਜੇ ਮਿੱਤਰ ਨੂੰ ਭੁੱਲ ਹੀ ਗਿਆ। ਦੂਜੇ ਮਿੱਤਰ ਦਾ ਨਾਂ ਰਮਿੰਦਰ ਸਿੰਘ ਰਾਵਤ ਸੀ। ਰਮਿੰਦਰ ਸਟੀਫਨ ਦਾ ਦੋਸਤ ਸੀ। ਦੋਹਾਂ ਵਿਚ ਖੂਬ ਬਣਦੀ ਸੀ। ਰਮਿੰਦਰ ਨੇ ਮੈਨੂੰ ਵੀ ਦੋਸਤ ਵਜੋਂ ਸਵੀਕਾਰ ਕਰ ਲਿਆ ਸੀ। ਦੋਵੇਂ ਬੜੇ ਮਸਤ ਰਹਿੰਦੇ ਸਨ। ਰਮਿੰਦਰ ਨੇ ਇੱਕ ਵਾਰ ਮੈਨੂੰ ਕਿਹਾ ਸੀ, "ਕੀ ਯਾਰ, ਤੂੰ ਆਪਣਾ ਮੂੰਹ ਸੁਸਤ ਜਿਹਾ ਲਟਕਾਈ ਰੱਖਦਾ ਹੈਂ? ਸਾਡੇ ਵਾਂਗ ਰਿਹਾ ਕਰ। ਉਹ ਕਹਿੰਦੇ ਹਨ ਨਾ - ਮਸਤਰਾਮ ਮਸਤੀ ਮੇਂ... ਆਗ ਲਗੇ ਬਸਤੀ ਮੇਂ...।" ਇਸ ਤੋਂ ਬਾਅਦ ਦੋਵੇਂ ਕਾਫੀ ਦੇਰ ਤੱਕ ਹੱਸਦੇ ਰਹੇ।

ਰਮਿੰਦਰ ਸਾਡੇ ਦੋਵਾਂ ਨਾਲੋਂ ਆਰਥਿਕ ਤੌਰ 'ਤੇ ਮਜ਼ਬੂਤ ਪਰਿਵਾਰ ਦਾ ਲੜਕਾ ਸੀ। ਉਸ ਦੇ ਪਿਤਾ ਇੱਕ ਪ੍ਰਸ਼ਾਸਨਿਕ ਅਧਿਕਾਰੀ ਸਨ। ਉਹ ਇੱਕ ਬੰਗਲੇ ਵਿੱਚ ਰਹਿੰਦਾ ਸੀ। ਉਸ ਜ਼ਮਾਨੇ ਵਿੱਚ ਉਸ ਦੇ ਘਰ ਇਕ ਕਾਲੇ ਰੰਗ ਦੀ ਐਂਬੈਸਡਰ ਖੜ੍ਹੀ ਹੁੰਦੀ ਸੀ। ਮੈਂ ਦੂਰੋਂ ਉਹਦੇ ਪਿਤਾ ਨੂੰ ਦੇਖਿਆ ਸੀ। ਉਹ ਇੱਕ ਗੋਰੀ ਚਮੜੀ ਵਾਲੇ ਅੰਗਰੇਜ਼ ਵਾਂਗ ਛੇ ਫੁੱਟ ਤੋਂ ਵੱਧ ਲੰਮੇ ਸਨ। ਉਹ ਆਕਰਸ਼ਕ ਸ਼ਖ਼ਸੀਅਤ ਦੇ ਮਾਲਕ ਸਨ। ਉਸਦਾ ਘਰ ਕਾਫੀ ਵੱਡਾ ਸੀ। ਸਮੀਰ ਦੀ ਉਸ ਨਾਲ ਬਹੁਤ ਪੁਰਾਣੀ ਦੋਸਤੀ ਸੀ। ਦੋਵੇਂ 10ਵੀਂ ਤੋਂ ਬਾਅਦ ਅੱਗੇ ਨਹੀਂ ਪੜ੍ਹ ਸਕੇ। ਇਸ ਦਾ ਕਾਰਨ ਇਹ ਸੀ ਕਿ ਉਨ੍ਹਾਂ ਦੀ ਪੜ੍ਹਾਈ-ਲਿਖਾਈ ਵਿਚ ਦਿਲਚਸਪੀ ਨਹੀਂ ਸੀ।

ਰਮਿੰਦਰ ਨੇ ਹੱਸ ਕੇ ਕਿਹਾ ਸੀ, "ਓਏ ਯਾਰ... ਮੈਨੂੰ ਦਸਵੀਂ ਪਾਸ ਕਰਨ 'ਚ ਹੀ ਤਿੰਨ ਸਾਲ ਲੱਗ ਗਏ। ਤੂੰ ਕਦੇ ਫੇਲ੍ਹ ਨਹੀਂ ਹੋਇਆ ਹੋਣਾ। ਇਸ ਲਈ ਤੂੰ ਫੇਲ੍ਹ ਹੋਣ ਦਾ ਦਰਦ ਨਹੀਂ ਸਮਝ ਸਕੇਂਗਾ। ਇੱਕ ਤਾਂ ਫੇਲ੍ਹ ਹੋਣ ਦਾ ਦਰਦ ਅਤੇ ਫਿਰ ਘਰ ਦਿਆਂ ਦਾ ਤਾਅਨੇ ਮਾਰਦੇ ਹੋਏ ਲੂਣ ਛਿੜਕਣਾ...ਸਹਿਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ ਮੇਰੇ ਭਰਾਵਾ... ਮੈਂ ਇਸ ਲਈ ਝੰਜਟ ਹੀ ਮੁਕਾ ਦਿੱਤਾ। ਸਾਲਾ, ਨਾ ਰਹੇਗਾ ਬਾਂਸ, ਨਾ ਰਹੇਗੀ ਬੰਸਰੀ ..."

ਬਾਕੀ ਹਿਸਾ ਸਫ਼ਾ 56 ਤੇ ਪੜ੍ਹੋ

**55 ਸਫ਼ੇ ਦੀ ਬਾਕੀ**

ਸਟੀਫਨ ਬਿਨਾਂ ਕਿਸੇ ਕਾਰਨ ਮੁਸਕਰਾ ਰਿਹਾ ਸੀ।

ਦੋਵੇਂ ਸਿਗਰਟ ਪੀਂਦੇ ਸਨ ਅਤੇ ਸ਼ਾਮ ਨੂੰ ਬਰਗਦੀ ਦੀ ਦੁਕਾਨ 'ਤੇ ਬੈਠ ਕੇ ਗੱਪਾਂ ਮਾਰਦੇ ਸਨ। ਰਮਿੰਦਰ ਦੀ ਸ਼ਖ਼ਸੀਅਤ ਵੀ ਆਪਣੇ ਪਿਤਾ ਵਰਗੀ ਸੀ। ਪਰ ਉਸ ਦੀ ਸ਼ਖ਼ਸੀਅਤ ਉਨ੍ਹਾਂ ਵਰਗੀ ਸੁਘੜ ਨਹੀਂ ਸੀ। ਉਹ ਬਹੁਤ ਹੀ ਰਫ਼-ਟਫ਼ ਸੀ ਅਤੇ ਛੋਟੀਆਂ-ਛੋਟੀਆਂ ਗੱਲਾਂ 'ਤੇ ਹਮਲਾਵਰ ਹੋ ਜਾਂਦਾ ਸੀ। 'ਫੁੰਤਰੂ' ਸ਼ਬਦ ਦਾ ਖੋਜੀ ਵੀ ਉਹੀ ਸੀ। ਉਸਨੇ ਕਦੇ ਨਹੀਂ ਦੱਸਿਆ ਕਿ ਉਸਨੂੰ ਇਹ ਸ਼ਬਦ ਕਿੱਥੋਂ ਮਿਲਿਆ ਸੀ। ਪਰ ਅਸੀਂ ਖ਼ੁਸ਼ੀ-ਖ਼ੁਸ਼ੀ ਇਹ ਖ਼ਿਤਾਬ ਸਵੀਕਾਰ ਕਰ ਲਿਆ ਸੀ।

ਰਮਿੰਦਰ ਦਾ ਆਪਣੇ ਪਿਤਾ ਨਾਲ 36 ਦਾ ਅੰਕੜਾ ਸੀ। ਪਿਓ-ਪੁੱਤਰ ਵਿੱਚ ਕੋਈ ਗੱਲਬਾਤ ਨਹੀਂ ਸੀ। ਜਦੋਂ ਤੋਂ ਉਸਦਾ ਛੋਟਾ ਭਰਾ ਮਰਚੈਂਟ ਨੇਵੀ ਵਿੱਚ ਭਰਤੀ ਹੋਇਆ ਸੀ, ਉਸਦੇ ਪਿਤਾ ਨੇ ਉਸਨੂੰ ਪੱਕੇ ਤੌਰ 'ਤੇ ਨਿਕੰਮਾ ਕਰਾਰ ਦੇ ਦਿੱਤਾ ਸੀ। ਉਂਜ ਤਾਂ ਰਮਿੰਦਰ ਹਰ ਗ਼ਮ ਨੂੰ ਸਿਗਰਟ ਦੇ ਧੂੰਏਂ ਵਿੱਚ ਉਡਾ ਦਿੰਦਾ ਸੀ। ਪਰ ਕਈ ਵਾਰ ਉਸ ਦੇ ਘਰਦਿਆਂ ਦੀ ਕੋਈ ਗੱਲ ਉਸ ਨੂੰ ਵੀ ਦੁਖੀ ਕਰ ਦਿੰਦੀ ਸੀ, "ਦੇਖੋ ਬਈ, ਮੇਰਾ ਕੋਈ ਕਸੂਰ ਨਹੀਂ, ਮੈਂ ਕੋਈ ਆਪਣੇ ਮਾਂ-ਬਾਪ ਨੂੰ ਜਨਮ ਦੇਣ ਲਈ ਥੋੜ੍ਹੋ ਕਿਹਾ ਸੀ, ਹੁਣ ਤੁਸੀਂ ਇੱਕ ਨਿਕੰਮੇ ਨੂੰ ਜਨਮ ਦੇ ਹੀ ਦਿੱਤਾ ਹੈ, ਤਾਂ ਇਸ ਨੂੰ ਝੱਲੋ...। ਮੇਰੇ ਤੇ ਵਾਰ-ਵਾਰ ਇਲਜ਼ਾਮ ਕਿਉਂ ਲਗਾਉਂਦੇ ਹੋ...?"

ਜਿਵੇਂ ਕਿ ਮੈਂ ਤੁਹਾਨੂੰ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਮੈਂ ਉਨ੍ਹਾਂ ਦਿਨਾਂ ਵਿੱਚ ਆਪਣੀ ਗ੍ਰੈਜੂਏਸ਼ਨ ਪੂਰੀ ਕਰ ਰਿਹਾ ਸਾਂ। ਪੜ੍ਹਾਈ-ਲਿਖਾਈ ਵਿੱਚ ਔਸਤ ਸਾਂ। ਪਰ ਪਿਤਾ ਜੀ ਨੂੰ ਮੇਰੇ ਤੋਂ ਬਹੁਤ ਉਮੀਦਾਂ ਸਨ। ਉਹ ਚਾਹੁੰਦੇ ਸਨ ਕਿ ਮੈਂ ਆਪਣੀ ਪੜ੍ਹਾਈ ਜਲਦੀ ਖਤਮ ਕਰਾਂ ਅਤੇ ਦੋ ਰੁਪਏ ਕਮਾਉਣ ਲੱਗ ਜਾਵਾਂ। ਇਸ ਗੱਲ ਮੈਨੂੰ ਵੀ ਪਤਾ ਸੀ। ਇਹੀ ਕਾਰਨ ਸੀ ਕਿ ਮੈਂ ਸਮੀਰ ਅਤੇ ਰਮਿੰਦਰ ਵਾਂਗ ਇੱਕ ਮਸਤ ਜ਼ਿੰਦਗੀ ਜੀਣ ਦੀ ਹਾਲਤ ਵਿੱਚ ਨਹੀਂ ਸਾਂ।

ਮੇਰੇ ਪਿਤਾ ਜੀ ਉਸੇ ਫੈਕਟਰੀ ਵਿੱਚ ਇਲੈਕਟ੍ਰੀਸ਼ੀਅਨ ਸਨ, ਜਿਸ ਵਿੱਚ ਰਮਿੰਦਰ ਦੇ ਪਿਤਾ ਇੱਕ ਪ੍ਰਸ਼ਾਸਨਿਕ ਅਧਿਕਾਰੀ ਸਨ। ਸਟੀਫਨ ਦੇ ਪਿਤਾ ਨਹੀਂ ਸਨ। ਉਸਨੇ ਕਦੇ ਵੀ ਆਪਣੇ ਪਿਤਾ ਬਾਰੇ ਕੋਈ ਗੱਲ ਨਹੀਂ ਕੀਤੀ। ਪਰਿਵਾਰ ਵਿੱਚ ਮਾਂ-ਪੁੱਤ ਹੀ ਸਨ। ਮਿੰਨੀ ਆਂਟੀ ਹਸਪਤਾਲ ਦੇ ਸਟਾਫ ਕੁਆਰਟਰ ਵਿੱਚ ਰਹਿੰਦੀ ਸੀ। ਰਮਿੰਦਰ ਦੇ ਪਰਿਵਾਰ ਵਿੱਚ ਸਿਰਫ਼ ਚਾਰ ਲੋਕ ਸਨ। ਭਰਾ ਜ਼ਿਆਦਾਤਰ ਬਾਹਰ ਹੀ ਰਹਿੰਦਾ ਸੀ। ਛੁੱਟੀਆਂ ਵਿੱਚ ਘਰ ਆਉਂਦਾ ਸੀ। ਭਰਾ ਉਸ ਨੂੰ ਬਹੁਤ ਪਿਆਰ ਕਰਦਾ ਸੀ। ਨੋਟਾਂ ਨਾਲ ਉਹਦੀਆਂ ਜੇਬਾਂ ਭਰ ਦਿੰਦਾ ਸੀ। ਪਰ ਉਸ ਦੇ ਜਾਣ ਤੋਂ ਕੁਝ ਦਿਨਾਂ ਬਾਅਦ ਰਮਿੰਦਰ ਫਿਰ ਫਟੇਹਾਲ ਹੋ ਜਾਂਦਾ ਸੀ। ਰਮਿੰਦਰ ਬਹੁਤ ਖਰਚੀਲਾ ਸੀ।

ਮੇਰਾ ਪਰਿਵਾਰ ਲੋੜ ਨਾਲੋਂ ਵੱਡਾ ਸੀ। ਅਸੀਂ ਸੱਤ ਭੈਣ-ਭਰਾ ਸਾਂ। ਪਰਿਵਾਰ ਨੂੰ ਦੇਖਦੇ ਹੋਏ ਪਿਤਾ ਦੀ ਆਮਦਨ ਬਹੁਤ ਘੱਟ ਸੀ। ਪੈਸੇ ਦੀ ਤੰਗੀ ਹਮੇਸ਼ਾ ਰਹਿੰਦੀ ਸੀ। ਪਰ ਸਾਨੂੰ ਇਹਦੀ ਆਦਤ ਪੈ ਚੁੱਕੀ ਸੀ। ਦੂਜੀ ਵੱਡੀ ਗੱਲ ਇਹ ਸੀ ਕਿ ਮੈਂ ਘਰ ਵਿੱਚ ਸਭ ਤੋਂ ਵੱਡਾ ਸੀ। ਪਿਤਾ ਹੀ ਨਹੀਂ, ਸਾਰੇ ਪਰਿਵਾਰ ਦੀਆਂ ਨਜ਼ਰਾਂ ਮੇਰੇ ਤੇ ਸਨ ਕਿ ਕਦੋਂ ਮੈਂ ਕਮਾਉਣਾ ਸ਼ੁਰੂ ਕਰਾਂਗਾ ਅਤੇ ਕਦੋਂ ਘਰ ਦੀ ਆਰਥਿਕ ਸਥਿਤੀ ਵਿਚ ਕੋਈ ਬਦਲਾਅ ਆਵੇਗਾ। ਮੰਜ਼ਿਲ ਅਜੇ ਕੋਹਾਂ ਦੂਰ ਸੀ। ਚੰਗੀ ਨੌਕਰੀ ਮਿਲਣੀ ਉਦੋਂ ਵੀ ਬਹੁਤ ਔਖੀ ਸੀ। ਹਾਲਾਂਕਿ ਮੇਰੇ ਕੋਲ ਕੁਝ ਟਿਊਸ਼ਨਾਂ ਸਨ। ਪਰ ਉਸ ਵਿੱਚੋਂ ਜੋ ਮਿਲਦਾ ਸੀ, ਉਹ ਊਠ ਦੇ ਮੂੰਹ ਵਿੱਚ ਜੀਰੇ ਵਾਂਗ ਸੀ। ਫਿਰ ਵੀ ਉਸ ਵਿੱਚੋਂ ਕੁਝ ਪੈਸੇ ਬਚਾ ਲੈਂਦਾ ਸਾਂ। ਕਿਉਂਕਿ ਲੋੜ ਵੇਲੇ ਘਰੋਂ ਕੁਝ ਨਹੀਂ ਮਿਲਦਾ ਸੀ।

ਮੈਨੂੰ ਵੀ ਸ਼ਾਮ ਨੂੰ ਬਰਗਦੀ ਦੀ ਦੁਕਾਨ 'ਤੇ ਦੇਖਿਆ ਜਾਣ ਲੱਗਿਆ ਸੀ। ਮੈਂ ਸਿਗਰਟ ਤਾਂ ਨਹੀਂ ਪੀਂਦਾ ਸੀ, ਪਰ ਕਟਿੰਗ, ਚਾਹ ਅਤੇ ਨਾਨ ਵਿੱਚ ਉਨ੍ਹਾਂ ਦਾ ਪੂਰਾ ਸਾਥ ਦਿੰਦਾ ਸਾਂ। ਸਾਡੇ ਤਿੰਨਾਂ ਕੋਲ ਗੱਲਬਾਤ ਦਾ ਕੋਈ ਖਾਸ ਵਿਸ਼ਾ ਨਹੀਂ ਹੁੰਦਾ ਸੀ। ਜ਼ਿਆਦਾਤਰ ਸਿਨੇਮਾ ਜਾਂ ਪੈਸੇ ਕਮਾਉਣ ਦੇ ਤਰੀਕਿਆਂ ਬਾਰੇ ਗੱਲ ਕੀਤੀ ਜਾਂਦੀ ਸੀ। ਮੈਨੂੰ ਯਾਦ ਨਹੀਂ ਕਿ ਕਦੇ ਕੁੜੀਆਂ ਜਾਂ ਰਾਜਨੀਤੀ 'ਤੇ ਕੋਈ ਚਰਚਾ ਹੋਈ ਹੋਵੇ। ਇਨ੍ਹਾਂ ਦੋਵੇਂ ਵਿਸ਼ਿਆਂ 'ਤੇ ਅਣਐਲਾਨੀ ਪਾਬੰਦੀ ਸੀ। ਸਟੀਫਨ ਸਿਰਫ਼ ਮੇਰੇ ਨਾਲ ਹੀ ਰੀਟਾ ਬਾਰੇ ਗੱਲ ਕਰਦਾ ਸੀ। ਜੇ ਰਮਿੰਦਰ ਨਾਲ ਕਰਦਾ ਵੀ ਹੋਵੇਗਾ ਤਾਂ ਉਸਨੇ ਮੇਰੇ ਸਾਹਮਣੇ ਕਦੇ ਨਹੀਂ ਕੀਤੀ। ਬਰਗਦੀ ਦੀ ਦੁਕਾਨ 'ਤੇ ਰਮਿੰਦਰ ਦੇ ਸਾਹਮਣੇ ਸਿਰਫ਼ ਵੱਖ-ਵੱਖ ਤਰ੍ਹਾਂ ਦੇ ਕਾਰੋਬਾਰ ਬਾਰੇ ਹੀ ਚਰਚਾ ਕਰਦਾ ਸੀ। ਜਿਵੇਂ ਘੱਟ ਪੂੰਜੀ ਨਾਲ ਵੱਧ ਤੋਂ ਵੱਧ ਪੈਸਾ ਕਿਵੇਂ ਕਮਾਇਆ ਜਾ ਸਕਦਾ ਹੈ?

ਇੱਕ ਦਿਨ ਉਸ ਦੀਆਂ ਗੱਲਾਂ 'ਤੇ ਹੱਸਦੇ ਹੋਏ ਰਮਿੰਦਰ ਨੇ ਕਿਹਾ, "ਪੈਸਾ ਕਮਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਮੰਦਰ ਦੇ ਸਾਹਮਣੇ ਕਟੋਰਾ ਲੈ ਕੇ ਬੈਠ ਜਾਓ। ਬਿਨਾਂ ਕਿਸੇ ਪੂੰਜੀ ਦੇ ਹੀ ਪੈਸੇ ਕਮਾਓ।"

ਸਟੀਫਨ ਕੁਝ ਦੇਰ ਤੱਕ ਉਸਨੂੰ ਘੂਰਦਾ ਰਿਹਾ। ਰਮਿੰਦਰ ਹੱਸ ਰਿਹਾ ਸੀ। ਅਚਾਨਕ ਸਟੀਫਨ ਹੱਸਿਆ, "ਯਾਰ, ਮੰਨਣਾ ਪਏਗਾ। ਤੂੰ ਜੀਨੀਅਸ ਹੈਂ। ਜਦੋਂ ਥੋੜ੍ਹੀ ਕੜਕੀ ਆ ਜਾਵੇ ਤਾਂ ਇਸ ਧੰਦੇ ਬਾਰੇ ਵੀ ਵਿਚਾਰ ਕੀਤਾ ਜਾਵੇਗਾ। ਆਪਾਂ ਦੋਵੇਂ ਨਾਲ-ਨਾਲ ਬੈਠ ਕੇ ਇਹ ਬਿਜ਼ਨਸ ਕਰਾਂਗੇ।"

ਮੈਨੂੰ ਇਹ ਚੰਗੀ ਤਰ੍ਹਾਂ ਯਾਦ ਹੈ। ਸਾਡੇ ਪਹਿਲੇ ਕਾਰੋਬਾਰ ਦੀ ਨੀਂਹ ਦੁਰਗਾ-ਪੂਜਾ ਪੰਡਾਲ ਵਿੱਚ ਰੱਖੀ ਗਈ ਸੀ। ਤਜਰਬਾ ਕੋਈ ਮਾੜਾ ਨਹੀਂ ਸੀ। ਪੂੰਜੀ ਨਾਲੋਂ ਪੰਜ ਗੁਣਾ ਵੱਧ ਕਮਾਈ ਹੋ ਗਈ ਸੀ।

ਮਹੱਲੇ ਵਿੱਚ ਦੁਰਗਾ-ਪੂਜਾ ਲਈ ਵਿਸ਼ਾਲ ਪੰਡਾਲ ਲੱਗਾ ਹੋਇਆ ਸੀ। ਇਸ ਪੂਜਾ ਦਾ ਆਯੋਜਕ ਬੰਗਾਲੀ ਭਾਈਚਾਰਾ ਸੀ। ਬਹੁਤ ਹੀ ਸ਼ਾਨਦਾਰ ਸਮਾਗਮ ਹੁੰਦਾ ਸੀ। ਸੱਤ-ਅੱਠ ਦਿਨਾਂ ਤੱਕ ਬਹੁਤ ਧੂਮ-ਧਾਮ ਰਹਿੰਦੀ ਸੀ। ਵਿਸ਼ਾਲ ਮੂਰਤੀ ਦੀ ਸਥਾਪਨਾ ਕੀਤੀ ਜਾਂਦੀ ਸੀ, ਜਿਸ ਦੇ ਨਿਰਮਾਣ ਲਈ ਕਲਕੱਤੇ ਤੋਂ ਕਲਾਕਾਰ ਬੁਲਾਏ ਜਾਂਦੇ ਸਨ। ਸਟੀਫਨ ਨੇ ਕਿਹਾ, "ਯਾਰ, ਪਿਛਲੇ ਸਾਲ ਨਾਰੀਅਲ ਦੀ ਬਹੁਤ ਮੰਗ ਸੀ। ਇੱਕ ਰੁਪਏ ਦਾ ਨਾਰੀਅਲ ਦਸ ਤੋਂ ਬਾਰਾਂ ਰੁਪਏ ਵਿੱਚ ਵਿਕਦਾ ਸੀ। ਮੈਂ ਸੋਚ ਰਿਹਾ ਹਾਂ ਕਿ ਇਸ ਵਾਰ ਪੰਡਾਲ ਵਿੱਚ ਨਾਰੀਅਲ ਵੇਚਣ ਦਾ ਕੰਮ ਕਰੀਏ। ਮੰਡੀ ਵਿੱਚੋਂ ਦੋ ਬੋਰੀਆਂ ਲੈ ਕੇ ਆਉਂਦੇ ਹਾਂ। ਜੇ ਇਹ ਵਿਕ ਗਿਆ ਤਾਂ ਹੋਰ ਲੈ ਆਵਾਂਗੇ।"

ਰਮਿੰਦਰ ਕੁਝ ਦੇਰ ਸੋਚਦਾ ਰਿਹਾ। ਫਿਰ ਸਿਰ ਹਿਲਾ ਕੇ ਉਸ ਨੇ ਕਿਹਾ, "ਖਿਆਲ ਤਾਂ ਬੁਰਾ ਨਹੀਂ ਹੈ। ਪਰ ਕੀ ਤੁਸੀਂ ਇਹ ਕਾਰੋਬਾਰ ਇਕੱਲੇ ਕਰੋਗੇ ਜਾਂ 'ਫੁੰਤਰੂ ਐਂਡ ਕੰਪਨੀ ਪ੍ਰਾਈਵੇਟ ਲਿਮਟਿਡ' ਕਰੇਗਾ?"

ਸਮੀਰ ਹੱਸਦੇ ਹੋਏ ਬੋਲਿਆ, "ਜੇਕਰ ਬੋਰਡ ਆਫ਼ ਡਾਇਰੈਕਟਰਜ਼ ਦੀ ਸਹਿਮਤੀ ਹੋਈ, ਤਾਂ ਇਹ ਕੰਮ 'ਫੁੰਤਰੂ ਐਂਡ ਕੰਪਨੀ' ਨੂੰ ਹੀ ਦਿੱਤਾ ਜਾਵੇਗਾ। ਪੂੰਜੀ ਦਾ ਪ੍ਰਬੰਧ ਵਿਭਾਸ ਤਿਵਾੜੀ ਵੱਲੋਂ ਕੀਤਾ ਜਾਵੇਗਾ। ਭਾਵ ਫਾਈਨਾਂਸਰ ਤਿਵਾੜੀ ਜੀ ਹੋਣਗੇ। ਅਸੀਂ ਦੋਵੇਂ ਬਜ਼ਾਰ ਤੋਂ ਨਾਰੀਅਲ ਖਰੀਦ ਕੇ ਲਿਆਵਾਂਗੇ ਅਤੇ ਵੇਚਣ ਦਾ ਕੰਮ ਤੁਹਾਡੇ ਵਿੱਚੋਂ ਕੋਈ ਨਹੀਂ ਕਰੇਗਾ...। ਇਸ ਲਈ ਇਹ ਵਿਭਾਗ ਮੈਂ ਖੁਦ ਸੰਭਾਲਾਂਗਾ।"

ਜ਼ਰਾ ਦੇਖੋ ਬਈ, ਦਿਮਾਗ਼ ਇਧਰ-ਉਧਰ ਭਟਕ ਰਿਹਾ ਹੈ... ਮੈਂ ਅਸਲ ਗੱਲ ਤਾਂ ਦੱਸਣਾ ਭੁੱਲ ਹੀ ਗਿਆ ਕਿ 'ਫੁੰਤਰੂ' ਨਾਮ ਦਾ ਜਨਮ ਕਿਵੇਂ ਹੋਇਆ? ਉਨ੍ਹਾਂ ਦਿਨਾਂ ਵਿੱਚ ਰਮਿੰਦਰ ਬਹੁਤ ਉਦਾਸ ਸੀ। ਉਸਦਾ 'ਮਸਤ ਰਾਮ ਮਸਤੀ ਮੇਂ...' ਫਲਸਫਾ ਕੰਮ ਨਹੀਂ ਕਰ ਰਿਹਾ ਸੀ। ਉਸਦਾ ਛੋਟਾ ਭਰਾ ਸੁਰਿੰਦਰ ਅਮਰੀਕਾ ਤੋਂ ਆਇਆ ਹੋਇਆ ਸੀ। ਉਹ ਜਹਾਜ਼ ਰਾਹੀਂ ਦੇਸ਼-ਵਿਦੇਸ਼ ਵਿਚ ਘੁੰਮਦਾ ਰਹਿੰਦਾ ਸੀ। ਇਸ ਵਾਰ ਉਹ ਕਾਫੀ ਲੰਮੇ ਸਮੇਂ ਬਾਅਦ ਘਰ ਆਇਆ ਸੀ। ਜ਼ਾਹਿਰ ਹੈ, ਉਸ ਦਾ ਭਰਵਾਂ ਸਵਾਗਤ ਕੀਤਾ ਜਾ ਰਿਹਾ ਸੀ। ਉਸ ਦੇ ਮਨਪਸੰਦ ਪਕਵਾਨ ਅਤੇ ਖਾਣੇ ਹਰ ਰੋਜ਼ ਤਿਆਰ ਕੀਤੇ ਜਾ ਰਹੇ ਸਨ। ਖੈਰ, ਇੱਥੋਂ ਤੱਕ ਤਾਂ ਸਹੀ ਸੀ। ਕਦੇ-ਕਦਾਈਂ, ਉਸਦੇ ਪਰੇਸ਼ਾਨ ਪਿਤਾ ਕੁਝ ਨਾ ਕੁਝ ਕਹਿ ਦਿੰਦੇ, ਜਿਸ ਨਾਲ ਉਸਨੂੰ ਘਰ ਦੇ ਬਦਲੇ ਮਾਹੌਲ ਵਿੱਚ ਵਧੇਰੇ ਤਕਲੀਫ਼ ਹੁੰਦੀ। ਹੁਣ ਉਹ ਆਪਣੇ ਪਿਤਾ ਨਾਲ ਬਹਿਸ ਤਾਂ ਨਹੀਂ ਕਰ ਸਕਦਾ ਸੀ। ਸਾਰਾ ਗੁੱਸਾ ਸਾਡੇ ਤੇ ਹੀ ਕੱਢਦਾ ਸੀ। ਅਜਿਹੇ ਹੀ ਕਿਸੇ ਪਲ ਉਸ ਨੇ ਕਿਹਾ ਸੀ, "ਮੇਰੀ ਤਾਂ ਫੁੰਤਰੂ ਵਾਲੀ ਹਾਲਤ ਹੋ ਗਈ ਹੈ। ਘਰ ਵਿੱਚ ਜਿਸਨੂੰ ਵੇਖੋ, ਉਹੀ ਕੁਝ ਨਾ ਕੁਝ ਕਹਿੰਦਾ ਰਹਿੰਦਾ ਹੈ। ਮੈਂ ਇੱਕ ਕੰਨ ਤੋਂ ਸੁਣਦਾ ਹਾਂ ਤੇ ਦੂਜੇ ਤੋਂ ਕੱਢ ਦਿੰਦਾ ਹਾਂ। ਕਈ ਵਾਰੀ ਸਾਲ਼ੇ ਲਫ਼ਜ਼ ਕੁਰਾਹੇ ਪੈ ਕੇ ਦਿਮਾਗ਼ ਵੱਲ ਚਲੇ ਜਾਂਦੇ ਹਨ, ਫਿਰ ਇਹੋ ਇੱਛਾ ਹੁੰਦੀ ਹੈ ਕਿ ਇਸ ਘਰ ਨੂੰ ਹੀ ਛੱਡ ਦਿੱਤਾ ਜਾਏ।"

ਉਸ ਦਿਨ ਸੰਜੋਗਵੱਸ ਸਟੀਫਨ ਵੀ ਕਿਸੇ ਗੱਲੋਂ ਆਪਣੀ ਮਾਂ ਨਾਲ ਨਾਰਾਜ਼ ਸੀ। ਮੇਰੇ ਪਰਿਵਾਰ ਵਿੱਚ ਤਾਂ ਹਰ ਰੋਜ਼ ਕੋਈ ਨਾ ਕੋਈ ਸਮੱਸਿਆ ਹੁੰਦੀ ਹੀ ਸੀ। ਸਟੀਫਨ ਬੋਲਿਆ, "ਓਏ, ਅਸੀਂ ਸਾਰੇ ਫੁੰਤਰੂ ਹਾਂ ...। ਕੋਈ ਛੋਟਾ ... ਕੋਈ ਵੱਡਾ ...। ਭਲਾਈ ਏਸੇ ਵਿੱਚ ਹੈ ਕਿ ਘਰ ਦਿਆਂ ਦੀਆਂ ਸਾਰੀਆਂ ਗੱਲਾਂ ਇੱਕ ਕੰਨ ਨਾਲ ਸੁਣ ਕੇ ਦੂਜੇ ਕੰਨ ਤੋਂ ਬਾਹਰ ਕੱਢ ਦਿਓ। ਕਿਹਾ ਵੀ ਜਾਂਦਾ ਹੈ ਕਿ 'ਸਾਵਧਾਨੀ ਹਟੀ ਦੁਰਘਟਨਾ ਘਟੀ...।' ਤਾਂ ਹੀ ਮਸਤੀ ਕਾਇਮ ਰਹਿ ਸਕੇਗੀ।"

ਬਸ ਅਸੀਂ 'ਫੁੰਤਰੂ'' ਬਣ ਗਏ। ਉਦੋਂ ਗੂਗਲ ਨਹੀਂ ਸੀ। ਅੱਜ ਗੂਗਲ ਹੈ ਅਤੇ ਹਰ ਸ਼ਬਦ ਨੂੰ ਸਮਝਾਉਣ ਦੇ ਸਮਰੱਥ ਹੈ। ਮੈਂ ਬਹੁਤ ਕੋਸ਼ਿਸ਼ ਕੀਤੀ, ਪਰ ਕੋਈ ਅਰਥ ਨਹੀਂ ਲੱਭ ਸਕਿਆ। ਤੁਸੀਂ ਵੀ ਕੋਸ਼ਿਸ਼ ਕਰ ਸਕਦੇ ਹੋ। ਜੇਕਰ ਤੁਹਾਨੂੰ ਇਸਦਾ ਅਰਥ ਪਤਾ ਲੱਗੇ, ਤਾਂ ਕਿਰਪਾ ਕਰਕੇ ਮੈਨੂੰ ਵੀ ਦੱਸਣਾ। ਹੋ ਸਕਦਾ ਹੈ ਕਿ ਰਮਿੰਦਰ ਨੂੰ ਇਸਦਾ ਮਤਲਬ ਪਤਾ ਹੋਵੇ। ਪਰ ਰਮਿੰਦਰ ਤੋਂ ਵਿੱਛੜਿਆਂ ਤਾਂ 'ਯੁੱਗ' ਬੀਤ ਗਿਆ ਹੈ...।

ਰਮਿੰਦਰ ਸਭ ਤੋਂ ਵੱਡਾ ਫੁੰਤਰੂ, ਸਟੀਫਨ ਦੋ ਨੰਬਰੀ ਫੁੰਤਰੂ ਅਤੇ ਮੈਂ ਸਭ ਤੋਂ ਫਾਡੀ ਫੁੰਤਰੂ ਸਾਂ। ਅੱਗੇ ਚੱਲ ਕੇ ਇਹ ਨਾਂ ਸੰਖੇਪ ਹੋ ਗਏ ਅਤੇ ਅਸੀਂ ਇੱਕ ਦੂਜੇ ਨੂੰ ਵੱਡਾ, ਦੋ ਨੰਬਰੀ ਅਤੇ ਫਾਡੀ ਕਹਿ ਕੇ ਸੰਬੋਧਨ ਕਰਦੇ ਸਾਂ। ਫੁੰਤਰੂ ਸਾਈਲੈਂਟ ਸੀ। ਜਿਸਨੂੰ ਅਸੀਂ ਆਪਸ ਵਿੱਚ ਸਮਝ ਲੈਂਦੇ ਸਾਂ। ਅਸੀਂ ਇਸ ਸ਼ਬਦ ਨੂੰ ਵਿਸ਼ੇਸ਼ ਹਾਲਤਾਂ ਵਿਚ ਯਾਦ ਕਰਦੇ ਸਾਂ।

ਤਾਂ ਗੱਲ ਹੋ ਰਹੀ ਸੀ ਦੁਰਗਾ-ਪੂਜਾ ਪੰਡਾਲ ਵਿੱਚ ਨਾਰੀਅਲ ਵੇਚਣ ਦੀ...। ਦੋਵੇਂ ਸੱਤ ਸੌ ਰੁਪਏ ਲੈ ਕੇ ਬਾਜ਼ਾਰ ਚਲੇ ਗਏ। ਉਸ ਸੱਤ ਸੌ ਰੁਪਏ ਵਿੱਚੋਂ ਮੈਂ ਪੰਜ ਸੌ ਰੁਪਏ ਦਿੱਤੇ ਸਨ ਅਤੇ ਮਿੰਨੀ ਆਂਟੀ ਨੇ ਦੋ ਸੌ ਰੁਪਏ ਦੀ ਮਦਦ ਕੀਤੀ ਸੀ। ਉਹ ਵੀ ਬਿਨਾਂ ਕਿਸੇ ਵਿਆਜ ਦੇ...। ਨਾਰੀਅਲ ਦੀਆਂ ਤਿੰਨ ਬੋਰੀਆਂ ਆ ਚੁੱਕੀਆਂ ਸਨ। ਜੋ ਦੋ ਦਿਨਾਂ ਵਿੱਚ ਹੀ ਵਿਕ ਗਈਆਂ। ਅਸੀਂ ਉਤਸ਼ਾਹਿਤ ਸਾਂ। ਦੂਜੀ ਖੇਪ ਵਿੱਚ ਨਾਰੀਅਲ ਦੀ ਮਾਤਰਾ ਦੁੱਗਣੀ ਕਰ ਦਿੱਤੀ ਗਈ। ਕੁਝ ਪੈਸੇ ਬਚੇ ਤਾਂ ਅਸੀਂ ਉਸ ਦੇ ਫੁੱਲ ਅਤੇ ਮਾਲਾ ਖਰੀਦ ਲਿਆਏ। ਇਸ ਦੀ ਵੀ ਕਾਫੀ ਮੰਗ ਸੀ। ਉਮੀਦ ਤੋਂ ਵੱਧ ਕਮਾਈ ਕੀਤੀ ਸੀ। ਸੱਚਾਈ ਤਾਂ ਇਹ ਸੀ ਕਿ ਮੈਨੂੰ ਅਤੇ ਰਮਿੰਦਰ ਨੂੰ ਨਾਰੀਅਲ ਵੇਚਦਿਆਂ ਸ਼ਰਮ ਆ ਰਹੀ ਸੀ। ਅਸੀਂ ਦੂਰ ਹੀ ਰਹਿੰਦੇ ਸਾਂ। ਸਾਰੀ ਮਿਹਨਤ ਸਟੀਫਨ ਦੀ ਹੀ ਸੀ। ਮੇਰੇ ਪੈਸੇ ਵਾਪਸ ਮਿਲ ਗਏ। ਮਿੰਨੀ ਆਂਟੀ ਦਾ ਕਰਜ਼ਾ ਵੀ ਚੁਕਾਇਆ ਗਿਆ। ਬਰਗਦੀ ਦਾ ਉਧਾਰ ਮੁਨਾਫ਼ੇ ਦੇ ਪੈਸੇ ਨਾਲ ਮੋੜਿਆ ਗਿਆ ਅਤੇ ਅਮਿਤਾਭ ਬੱਚਨ ਦੀ ਨਵੀਂ ਫ਼ਿਲਮ 'ਜ਼ੰਜੀਰ' ਦੇਖੀ ਗਈ। ਰੀਟਾ ਵੀ ਸਾਡੇ ਨਾਲ ਸੀ। ਮੈਂ ਰਮਿੰਦਰ ਨਾਲ ਸਾਈਕਲ 'ਤੇ ਨਿਸ਼ਾਤ ਟਾਕੀਜ਼ ਗਿਆ। ਜਦਕਿ ਸਟੀਫਨ ਆਟੋ ਰਾਹੀਂ ਗਿਆ ਸੀ। ਆਟੋ ਦਾ ਭੁਗਤਾਨ ਉਹਨੇ ਖੁਦ ਕੀਤਾ ਸੀ। ਹਾਂ, ਫਿਲਮ ਦੀਆਂ ਟਿਕਟਾਂ ਅਤੇ ਫਿਰ ਕ੍ਰਿਸ਼ਨਾ ਸਵੀਟਸ ਦੇ ਸ਼ੁੱਧ ਘਿਓ ਦੀਆਂ ਕਚੌਰੀਆਂ ਦੇ ਪੈਸੇ ਅਸੀਂ ਲਾਭ ਦੀ ਕਮਾਈ ਨਾਲ ਅਦਾ ਕੀਤੇ ਸਨ। ਅਗਲੇ ਦਿਨ ਫਿਰ ਦੋਹਾਂ ਦੀਆਂ ਜੇਬਾਂ ਖਾਲੀ ਸਨ।

ਨਾਰੀਅਲ ਵੇਚਣ ਨਾਲ ਇੱਕ ਤਜਰਬਾ ਜ਼ਰੂਰ ਮਿਲਿਆ ਸੀ। ਤਿਉਹਾਰ ਵਿੱਚ ਫੁਟਕਲ ਕੰਮ ਕਰਕੇ ਪੈਸਾ ਕਮਾਇਆ ਜਾ ਸਕਦਾ ਹੈ। ਦੀਵਾਲੀ ਦਾ ਤਿਉਹਾਰ ਨੇੜੇ ਹੀ ਸੀ। ਧਨਤੇਰਸ ਦੌਰਾਨ ਭਾਂਡਿਆਂ ਦੀ ਦੁਕਾਨ ਲਗਾਉਣ ਬਾਰੇ ਵਿਚਾਰ ਸ਼ੁਰੂ ਹੋਇਆ। ਇਸ ਵਿੱਚ ਕੋਈ ਖਤਰਾ ਨਹੀਂ ਸੀ। ਇਹ ਭਾਂਡੇ ਬਿਨਾਂ ਕਿਸੇ ਭੁਗਤਾਨ ਦੇ ਰਮਿੰਦਰ ਦੇ ਕਿਸੇ ਜਾਣਕਾਰ ਥੋਕ ਭਾਂਡੇ ਵੇਚਣ ਵਾਲੇ ਤੋਂ ਮਿਲ ਜਾਣੇ ਸਨ। ਮਾਲ ਵਿਕਣ ਤੋਂ ਬਾਅਦ ਹਿਸਾਬ-ਕਿਤਾਬ ਕਰਨਾ ਸੀ। ਜਿਹੜੇ ਭਾਂਡੇ ਨਹੀਂ ਵਿਕਣੇ ਸਨ, ਉਨ੍ਹਾਂ ਦੀ ਵਾਪਸੀ ਵੀ ਸੀ। ਸਾਡੀ ਸਿਰਫ਼ ਮਿਹਨਤ ਸੀ। ਸਿਰਫ਼ ਤਿੰਨ ਦਿਨ ਦੀ ਖੇਡ ਸੀ।

ਸਟੀਫਨ ਹੱਸਿਆ, "ਵਾਹ...! ਬਿਜ਼ਨਸ ਤਾਂ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ...। ਭਰਾਵੋ, ਛੇਤੀ ਹਾਂ ਕਰ ਦਿਓ...।"

ਅਸੀਂ ਧਨਤੇਰਸ ਦੌਰਾਨ ਭਾਂਡੇ ਤਾਂ ਵੇਚੇ, ਇਸ ਵਾਰ ਜੋਸ਼ ਕੁਝ ਜ਼ਿਆਦਾ ਹੀ ਆ ਗਿਆ ਸੀ। ਉਂਜ ਵੀ ਇਹ ਕੰਮ ਇਕੱਲੇ ਸਟੀਫਨ ਦੇ ਵੱਸ ਦਾ ਨਹੀਂ ਸੀ। ਝਿਜਕ ਛੱਡ ਕੇ, ਮੈਨੂੰ ਅਤੇ ਰਮਿੰਦਰ ਨੂੰ ਵੀ ਦੁਕਾਨ 'ਤੇ ਕੰਮ ਕਰਨਾ ਪਿਆ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਮੇਰੇ ਘਰ ਵਾਲਿਆਂ ਨੂੰ ਸਾਡੇ ਤਿੰਨਾਂ ਬਾਰੇ ਪਤਾ ਲੱਗ ਗਿਆ। ਪਿਤਾ ਜੀ ਨੇ ਮੈਨੂੰ ਭਾਂਡੇ ਵੇਚਦਿਆਂ ਦੇਖ ਲਿਆ ਸੀ। ਉਨ੍ਹਾਂ ਨੇ ਮੇਰੀ ਇਸ ਹਰਕਤ ਨੂੰ ਬਹੁਤ ਗੰਭੀਰਤਾ ਨਾਲ ਲਿਆ ਅਤੇ ਮਾਂ ਨੂੰ ਸੰਬੋਧਿਤ ਹੁੰਦੇ ਹੋਏ ਬੋਲੇ, "ਤੈਨੂੰ ਆਪਣੇ ਬੇਟੇ 'ਤੇ ਬਹੁਤ ਮਾਣ ਸੀ।

**ਬਾਕੀ ਹਿਸਾ 57 ਸਫ਼ੇ ਤੇ ਪੜ੍ਹੋ**

**56 ਸਫ਼ੇ ਦੀ ਬਾਕੀ**

ਉਹ ਕਸਬੇ ਦੇ ਲਫੰਗਿਆਂ ਨਾਲ ਭਾਂਡੇ ਵੇਚ ਰਿਹਾ ਹੈ। ਇਹੋ ਸਭ ਕਰਨਾ ਸੀ, ਤਾਂ ਪੜ੍ਹਾਈ ਦੇ ਨਾਮ 'ਤੇ ਫ਼ਜ਼ੂਲ-ਖਰਚੀ ਕਿਉਂ ਕਰਵਾ ਰਿਹਾ ਹੈ? ਕਿਤੇ ਚਾਹ-ਪਕੌੜੇ ਦੀ ਦੁਕਾਨ ਖੋਲ੍ਹ ਲੈਂਦਾ।"

ਮੈਂ ਬਰਗਦੀ ਦੀ ਦੁਕਾਨ 'ਤੇ ਬੈਠਿਆਂ ਇਸ ਗੱਲ ਦੀ ਚਰਚਾ ਕੀਤੀ, "ਯਾਰ ਰਮਿੰਦਰ...! ਪਿਤਾ ਜੀ ਬਹੁਤ ਗੁੱਸੇ ਹੋ ਗਏ ਹਨ। ਉਹ ਕਹਿ ਰਹੇ ਸਨ ਕਿ ਪੜ੍ਹਾਈ-ਲਿਖਾਈ ਦੀ ਕੀ ਲੋੜ ਹੈ। ਚਾਹ-ਪਕੌੜਿਆਂ ਦੀ ਦੁਕਾਨ ਖੋਲ੍ਹ ਲਵੇ।"

ਹਮੇਸ਼ਾ ਵਾਂਗ, ਸਟੀਫਨ ਖਿੜਖਿੜਾ ਕੇ ਹੱਸ ਪਿਆ। ਮੈਨੂੰ ਅੱਜ ਉਸਦਾ ਹਾਸਾ ਚੰਗਾ ਨਹੀਂ ਲੱਗ ਰਿਹਾ ਸੀ। ਮੈਂ ਉਸ ਵੱਲ ਘੂਰ ਕੇ ਵੇਖਦਿਆਂ ਕਿਹਾ, "ਯਾਰ ਸਟੀਫਨ...! ਕਦੇ ਤਾਂ ਗੰਭੀਰ ਹੋ ਜਾਇਆ ਕਰ।" ਸਟੀਫਨ ਹੱਸਦਾ ਰਿਹਾ। ਫਿਰ ਇਕਦਮ ਗੰਭੀਰ ਹੋਣ ਦਾ ਸਾਂਗ ਕਰਦਿਆਂ ਬੋਲਿਆ, "ਬਈ, ਤੇਰੇ ਪਿਤਾ ਦੀ ਸਲਾਹ ਮਾੜੀ ਨਹੀਂ ਹੈ। ਅਗਲੀ ਵਾਰ ਦੁਰਗਾ-ਪੂਜਾ ਪੰਡਾਲ ਵਿਚ ਚਾਹ-ਪਕੌੜਿਆਂ ਦੀ ਦੁਕਾਨ ਲਾਵਾਂਗੇ। ਦੁਕਾਨ ਦਾ ਨਾਂ 'ਫੁੰਤਰੂ ਭੁਜੀਆ ਸ਼ਾਪ' ਹੋਵੇਗਾ। ਵੇਖੀਂ ਨੋਟਾਂ ਦੀ ਵਰਖਾ ਹੋਵੇਗੀ।"

ਰਮਿੰਦਰ ਵੀ ਹੱਸਣ ਲੱਗਾ, "ਵਾਹ! ਕਿਆ ਆਈਡੀਆ ਹੈ ਜਨਾਬ! ਅਸੀਂ ਭਲਕੇ ਤੋਂ ਹੀ ਭੁਜੀਆ ਵਾਸਤੇ ਵੇਸਣ ਫੈਂਟਣਾ ਸ਼ੁਰੂ ਕਰ ਦੇਵਾਂਗੇ।"

ਇਸ ਵਾਰ ਮੇਰੇ ਬੁੱਲ੍ਹਾਂ 'ਤੇ ਵੀ ਮੁਸਕਰਾਹਟ ਆ ਗਈ। ਅਚਾਨਕ ਸਟੀਫਨ ਗੰਭੀਰ ਹੋ ਗਿਆ, "ਤੁਸੀਂ ਲੋਕ ਖੁਸ਼ਕਿਸਮਤ ਹੋ। ਤੁਹਾਡੇ ਤੇ ਪਿਤਾ ਦਾ ਹੱਥ ਹੈ। ਉਹ ਤੁਹਾਡੇ ਭਵਿੱਖ ਬਾਰੇ ਚਿੰਤਤ ਹਨ। ਉਹ ਗੁੱਸੇ ਵਿੱਚ ਬੋਲ ਗਏ ਹਨ। ਇਸ ਨੂੰ ਗੰਭੀਰਤਾ ਨਾਲ ਨਾ ਲਓ।"

ਮੈਂ ਇਹਨਾਂ ਦੋ ਮਿੱਤਰਾਂ ਨੂੰ ਕਦੇ ਘਰ ਨਹੀਂ ਲਿਆਇਆ ਸਾਂ। ਵੈਸੇ ਵੀ ਮੇਰੇ ਘਰ ਵਿੱਚ ਪ੍ਰਾਈਵੇਸੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਉਹਨਾਂ ਨੂੰ ਕਿੱਥੇ ਬਿਠਾਉਂਦਾ... ਭਾਵੇਂ ਮਾਂ ਨੂੰ ਉਨ੍ਹਾਂ ਦੇ ਆਉਣ 'ਤੇ ਕੋਈ ਇਤਰਾਜ਼ ਨਹੀਂ ਸੀ, ਪਰ ਪਿਤਾ ਜੀ ਨੂੰ ਪਤਾ ਲੱਗ ਜਾਂਦਾ ਤਾਂ ਭੂਚਾਲ ਆ ਜਾਂਦਾ। ਰਮਿੰਦਰ ਦੇ ਘਰ ਵੀ ਪਿਤਾ ਦਾ ਹੀ ਖ਼ੌਫ਼ ਸੀ। ਪਰ ਸਟੀਫਨ ਦੇ ਘਰ ਪੂਰੀ ਆਜ਼ਾਦੀ ਸੀ। ਉਸ ਦੀ ਮਾਂ ਸਾਨੂੰ ਦੇਖ ਕੇ ਖੁਸ਼ ਹੋ ਜਾਂਦੀ ਸੀ, "ਆਓ ਮੇਰੇ ਬੱਚਿਓ... ਤੁਸੀਂ ਕਾਫੀ ਸਮੇਂ ਬਾਅਦ ਆਏ ਹੋ। ਤੁਸੀਂ ਠੀਕਠਾਕ ਤਾਂ ਹੋ!" ਸਾਨੂੰ ਆਪਣੇ ਘਰਾਂ ਵਿੱਚ ਇੰਨੀ ਆਜ਼ਾਦੀ ਵੀ ਨਹੀਂ ਮਿਲਦੀ ਸੀ। ਇੱਥੇ ਨਾ ਸਿਰਫ਼ ਮਸਾਲੇਦਾਰ ਚਾਹ ਮਿਲਦੀ ਸੀ, ਸਗੋਂ ਘਰ ਦੇ ਬਣੇ ਕੇਕ ਅਤੇ ਨਮਕਪਾਰੇ ਵੀ ਖਾਣ ਨੂੰ ਮਿਲਦੇ ਸਨ। ਜੇ ਕਦੇ ਮਿੰਨੀ ਆਂਟੀ ਹੁੰਦੇ, ਫਿਰ ਤਾਂ ਪੁੱਛੋ ਹੀ ਨਾ... ਉਹ ਬਹੁਤ ਮਜ਼ਾਕੀਆ ਸਨ। ਉਨ੍ਹਾਂ ਦਾ ਨਿਸ਼ਾਨਾ ਸਿਰਫ ਸਟੀਫਨ ਹੀ ਹੁੰਦਾ ਸੀ। ਇੱਕ ਦਿਨ ਤਾਂ ਹੱਦ ਹੀ ਹੋ ਗਈ ਸੀ। ਉਨ੍ਹਾਂ ਨੇ ਸਟੀਫਨ ਨੂੰ ਕਿਹਾ, "ਓ ਬਈ ਸਿੱਪੂ...! ਗੀਤਾ ਦੱਤ ਸਪੈਸ਼ਲ ਵਾਲਾ ਰਿਕਾਰਡ ਤਾਂ ਲਗਾ। ਵਾਹ!... ਕਿੰਨਾ ਵਧੀਆ ਗਾਉਂਦੀ ਹੈ!" ਸਟੀਫਿਨ ਨੇ ਕਿਹਾ, "ਗੀਤਾ ਦੱਤ ਸਪੈਸ਼ਲ ਤਾਂ ਨਹੀਂ ਹੈ। ਫਿਲਮ ਆਰ-ਪਾਰ ਦੇ ਗੀਤ ਹਨ।"

ਆਰ-ਪਾਰ ਦਾ ਗੀਤ ਵੱਜਣ ਲੱਗਾ। ਮਿੰਨੀ ਆਂਟੀ ਨੂੰ ਪਤਾ ਸੀ ਕਿ ਕਿਹੜਾ ਗੀਤ ਚੱਲਣ ਵਾਲਾ ਹੈ। ਉਹ ਮਿੰਨਾ-ਮਿੰਨਾ ਮੁਸਕਰਾ ਰਹੀ ਸੀ। ਕਮਰੇ ਵਿੱਚ ਸੰਗੀਤ ਦੀਆਂ ਸੁਰ-ਲਹਿਰਾਂ ਗੂੰਜਣ ਲੱਗੀਆਂ। ਗੀਤਾ ਦੱਤ ਦੀ ਮਧੁਰ ਆਵਾਜ਼ ਸਾਡੇ ਕੰਨਾਂ ਤੱਕ ਪਹੁੰਚਣ ਲੱਗੀ -

ਬਾਬੂ ਜੀ ਧੀਰੇ ਚਲਨਾ  
ਪਿਆਰ ਮੇਂ ਜ਼ਰਾ ਸੰਭਲਨਾ  
ਹਾਂ, ਬੜੇ ਧੋਖੇ ਹੈਂ  
ਬੜੇ ਧੋਖੇ ਹੈਂ ਇਸ ਰਾਹ ਮੇਂ...

ਮਿੰਨੀ ਆਂਟੀ ਉੱਠੀ ਅਤੇ ਗੀਤਾ ਦੱਤ ਵਾਂਗ ਨੱਚਣ ਲੱਗੀ। ਸਾਨੂੰ ਇਹ ਸਮਝਣ ਵਿੱਚ ਦੇਰ ਨਹੀਂ ਲੱਗੀ ਕਿ ਉਹ ਸਟੀਫਨ ਨੂੰ ਛੇੜ ਰਹੀ ਸੀ। ਸਟੀਫਨ ਆਂਟੀ ਵੱਲ ਦੇਖ ਕੇ ਮੁਸਕਰਾ ਰਿਹਾ ਸੀ। ਮੰਮੀ ਕੁਝ ਚਿਰ ਆਪਣੀ ਭੈਣ ਨੂੰ ਨੱਚਦੀ ਦੇਖਦੀ ਰਹੀ ਤੇ ਫਿਰ ਹੱਸ ਕੇ ਬੋਲੀ, "ਬਸ ਕਰ ਮਿੰਨੀ, ਕਿਉਂ ਮੁੰਡੇ ਨੂੰ ਪਰੇਸ਼ਾਨ ਕਰ ਰਹੀ ਹੈਂ।" ਉਸ ਛੋਟੇ ਜਿਹੇ ਘਰ ਵਿਚ ਖੁਸ਼ੀਆਂ ਹੀ ਖੁਸ਼ੀਆਂ ਫੈਲੀਆਂ ਹੋਈਆਂ ਸਨ। ਸਾਡੇ ਅੰਦਰ ਦਾ ਤਣਾਓ ਪਿਘਲਣ ਲੱਗਦਾ ਸੀ। ਸ਼ਾਇਦ ਇਸੇ ਲਈ ਅਸੀਂ ਵਾਰ-ਵਾਰ ਉੱਥੇ ਇਕੱਠੇ ਹੁੰਦੇ ਸਾਂ। ਬਰਗਦੀ ਦੀ ਚਾਹ ਦੀ ਦੁਕਾਨ ਤੋਂ ਬਾਅਦ ਸਟੀਫਨ ਦਾ ਘਰ ਸਾਡੇ ਲਈ ਦੂਜਾ ਮਿਲਣ ਦਾ ਸਥਾਨ ਸੀ।

ਦੀਵਾਲੀ ਵੇਲੇ ਪਿਤਾ ਜੀ ਨੇ ਮੈਨੂੰ ਭਾਂਡੇ ਵੇਚਦਿਆਂ ਦੇਖ ਲਿਆ ਸੀ। ਉਨ੍ਹਾਂ ਨੇ ਮੇਰੀ ਇਸ ਕਾਰਵਾਈ ਨੂੰ ਗੰਭੀਰਤਾ ਨਾਲ ਲਿਆ ਸੀ। ਉਹ ਆਪ ਤਾਂ ਕੁਝ ਨਾ ਬੋਲੇ, ਪਰ ਮਾਂ ਨੇ ਬੋਲਣਾ ਸ਼ੁਰੂ ਕਰ ਦਿੱਤਾ, "ਵਿਭਾਸ...! ਤੂੰ ਸਮਝ... ਇਹ ਚੰਗੇ ਮੁੰਡੇ ਨਹੀਂ ਹਨ। ਇਹ ਸਾਰੇ ਲਫੰਗੇ ਹਨ। ਉਹ ਚੌਰਾਹੇ 'ਤੇ ਚਾਹ ਦੀ ਸਟਾਲ 'ਤੇ ਬੈਠ ਕੇ ਸਿਗਰਟਾਂ ਪੀਂਦੇ ਹਨ। ਤੇਰੇ ਪਿਤਾ ਜੀ ਨੇ ਤੈਨੂੰ ਕਈ ਵਾਰ ਉਨ੍ਹਾਂ ਕੋਲ ਬੈਠਿਆਂ ਦੇਖਿਆ ਹੈ। ਤੈਨੂੰ ਸਮਝ ਨਹੀਂ ਆ ਰਹੀ। ਤੂੰ ਸਾਡੇ ਸਾਰਿਆਂ ਦਾ ਸੁਪਨਾ ਹੈਂ। ਉਸ ਦਿਨ ਤੈਨੂੰ ਬਜ਼ਾਰ ਵਿੱਚ ਭਾਂਡੇ ਵੇਚਦਿਆਂ ਵੇਖ ਕੇ ਤੇਰੇ ਪਿਤਾ ਜੀ ਨੂੰ ਬਹੁਤ ਦੁਖ ਹੋਇਆ ਸੀ।"

ਮੈਨੂੰ ਮਾਂ ਦਾ ਆਪਣੇ ਦੋਸਤਾਂ ਬਾਰੇ ਇਸ ਤਰ੍ਹਾਂ ਬੋਲਣਾ ਬਿਲਕੁਲ ਹੀ ਚੰਗਾ ਨਹੀਂ ਲੱਗਿਆ। ਪਰ ਮੇਰਾ ਕੋਈ ਵੀ ਪ੍ਰਤੀਕਰਮ ਸਿੱਧਾ ਮੇਰੇ ਪਿਤਾ ਤੱਕ ਪਹੁੰਚਣਾ ਸੀ ਅਤੇ ਫਿਰ ਮਾਮਲਾ ਗੜਬੜ ਹੋ ਜਾਣਾ ਸੀ। ਇਸੇ ਲਈ ਮੈਂ ਸਿਰ ਝੁਕਾ ਕੇ ਸਭ ਕੁਝ ਸੁਣਦਾ ਰਿਹਾ।

ਸੱਚ ਤਾਂ ਇਹ ਸੀ ਕਿ ਉਨ੍ਹਾਂ ਦਿਨਾਂ ਵਿੱਚ ਮੇਰੇ ਕੋਲ ਕੋਈ ਸੁਪਨਾ ਨਹੀਂ ਸੀ। ਮੈਂ ਬਹੁਤ ਦੂਰ ਤੱਕ... ਜਿੱਥੋਂ ਤੱਕ ਸੋਚ ਸਕਦਾ ਸੀ, ਸੋਚਦਾ ਰਹਿੰਦਾ ਸਾਂ... ਅਤੇ ਨਿਰਾਸ਼ਾ ਹੀ ਹੱਥ ਲੱਗਦੀ ਸੀ। ਗ੍ਰੈਜੂਏਸ਼ਨ ਖਤਮ ਹੋ ਚੁੱਕੀ ਸੀ। ਆਪਣੀ ਯੋਗਤਾ ਅਨੁਸਾਰ ਜੋ ਵੀ ਸਰਕਾਰੀ ਅਸਾਮੀਆਂ ਨਿਕਲਦੀਆਂ, ਨੂੰ ਭਰਦਾ ਰਹਿੰਦਾ ਸੀ। ਮੈਂ ਚੰਗੀ ਤਰ੍ਹਾਂ ਜਾਣਦਾ ਸੀ ਕਿ ਮੇਰੇ ਮਾਤਾ-ਪਿਤਾ ਦਾ ਵੀ ਇਹੀ ਸੁਪਨਾ ਸੀ ਕਿ ਮੈਨੂੰ ਜਲਦੀ ਤੋਂ ਜਲਦੀ ਸਰਕਾਰੀ ਨੌਕਰੀ ਮਿਲ ਜਾਵੇ। ਕਾਲਜ ਹੁਣ ਜਾਣਾ ਨਹੀਂ ਸੀ। ਘਰ ਵਿੱਚ ਇੱਕ ਅਜੀਬ ਜਿਹਾ ਤਣਾਅ ਪੱਸਰਿਆ ਰਹਿੰਦਾ ਸੀ। ਜ਼ਿਆਦਾਤਰ ਸਮਾਂ ਮੁਕਾਬਲੇ ਦੀ ਤਿਆਰੀ ਵਿਚ ਹੀ ਲਾਉਂਦਾ ਸਾਂ। ਮੈਨੂੰ ਪਤਾ ਸੀ ਕਿ ਜੇ ਮੈਨੂੰ ਜਲਦੀ ਨੌਕਰੀ ਨਾ ਮਿਲੀ ਤਾਂ ਮੇਰੇ ਪਿਤਾ ਦਾ ਸਬਰ ਟੁੱਟ ਜਾਵੇਗਾ ਅਤੇ ਘਰ ਵਿਚ ਹਫੜਾ-ਦਫੜੀ ਮਚ ਜਾਵੇਗੀ। ਅਜਿਹੇ ਦਬਾਅ ਦੇ ਸਮੇਂ ਵਿੱਚ, ਇੱਕ ਲਾਇਕ ਪੁੱਤਰ ਬਣਨ ਨਾਲੋਂ ਫੁੰਤਰੂ ਬਣਨਾ ਬਿਹਤਰ ਜਾਪਦਾ ਸੀ। ਉਨ੍ਹਾਂ ਦੋਹਾਂ ਦੇ ਨਾਲ ਬੈਠ ਕੇ ਮੇਰੇ ਅੰਦਰ ਦਾ ਤਣਾਓ ਪਿਘਲਣ ਲੱਗਦਾ ਸੀ। ਸੱਚ ਤਾਂ ਇਹ ਸੀ ਕਿ ਉਸ ਸਮੇਂ ਉਹ ਮੇਰੇ ਪਰਿਵਾਰ ਨਾਲੋਂ ਜ਼ਿਆਦਾ ਮੇਰੇ ਆਪਣੇ ਲੱਗਦੇ ਸਨ। ਮੈਨੂੰ ਨਹੀਂ ਪਤਾ ਸੀ ਕਿ ਮੈਂ ਸਹੀ ਸੀ ਜਾਂ ਗਲਤ... ਪਰ ਉਦੋਂ ਮੇਰੇ ਕੋਲ ਆਪਣੇ ਦੁੱਖ-ਦਰਦ ਨੂੰ ਸਾਂਝਾ ਕਰਨ ਲਈ ਉਹ ਦੋਵੇਂ ਹੀ ਸਨ।

ਉਂਜ ਤਾਂ ਕਾਲਜ ਦੇ ਵੀ ਕਈ ਦੋਸਤ ਸਨ। ਪਰ ਉਨ੍ਹਾਂ ਕੋਲ ਜਾਣ ਵਿੱਚ ਹੀਣ-ਭਾਵਨਾ ਮਹਿਸੂਸ ਹੁੰਦੀ ਸੀ। ਕੁਝ ਤਾਂ ਸਕੂਲ ਤੋਂ ਹੀ ਇਕੱਠੇ ਪੜ੍ਹੇ ਸਨ। ਜੋ ਬਹੁਤ ਹੁਸ਼ਿਆਰ ਸਨ, ਉਹ ਪ੍ਰੋਫੈਸ਼ਨਲ ਕੋਰਸਾਂ ਵਿੱਚ ਚਲੇ ਗਏ ਸਨ। ਆਦਿਤਿਆ, ਮੁਕੰਦ ਵਰਗੇ ਸਾਥੀ ਸਨ... ਜੋ ਇੰਜੀਨੀਅਰਿੰਗ ਕਰਨ ਚਲੇ ਗਏ ਸਨ। ਜਿਨ੍ਹਾਂ ਨੇ ਮੇਰੇ ਨਾਲ ਗ੍ਰੈਜੂਏਸ਼ਨ ਕੀਤੀ ਸੀ, ਹੁਣ ਉਹ ਪੋਸਟ ਗ੍ਰੈਜੂਏਸ਼ਨ ਕਰ ਰਹੇ ਸਨ। ਹਰ ਇੱਕ ਦਾ ਆਪਣਾ ਮਕਸਦ ਸੀ। ਮੇਰੇ ਕੋਲ ਕੁਝ ਨਹੀਂ ਸੀ...। ਹੌਲੀ-ਹੌਲੀ ਮੇਰੇ ਬੁੱਲ੍ਹਾਂ ਨੇ ਮੁਸਕਰਾਉਣਾ ਬੰਦ ਕਰ ਦਿੱਤਾ ਸੀ। ਸ਼ੁਕਰ ਹੈ ਕਿ ਮੇਰੇ ਕੋਲ ਸਟੀਫਨ ਅਤੇ ਰਮਿੰਦਰ ਵਰਗੇ ਦੋਸਤ ਸਨ। ਇਹ ਕੁਦਰਤ ਦਾ ਨਿਯਮ ਹੈ। ਸੰਸਾਰ ਵਿੱਚ ਕੁਝ ਵੀ ਸਥਾਈ ਨਹੀਂ ਹੈ। ਫਿਰ ਅਸੀਂ ਤਿੰਨੇ ਭਲਾ ਸਦਾ ਲਈ ਇਕੱਠੇ ਕਿਵੇਂ ਰਹਿ ਸਕਦੇ ਸਾਂ...?

ਇੱਕ ਦਿਨ ਰਮਿੰਦਰ ਬਰਗਦੀ ਦੀ ਦੁਕਾਨ 'ਤੇ ਮੂੰਹ ਲਟਕਾਈ ਬੈਠਾ ਸੀ। ਸਟੀਫਨ ਵੀ ਕੋਲ ਬੈਠਾ ਸਿਗਰਟ ਦੇ ਛੱਲੇ ਬਣਾ ਰਿਹਾ ਸੀ। ਮੈਨੂੰ ਦੇਖਦਿਆਂ ਹੀ ਉਹ ਚਹਿਕਣ ਲੱਗਾ, "ਓ ਵਿਭਾਸ ਭਰਾਵਾ...! ਤੂੰ ਕਿੱਥੇ ਰਹਿ ਗਿਆ...? ਅੱਜ ਬਹੁਤ ਖੁਸ਼ੀ ਦਾ ਦਿਨ ਹੈ। ਆਪਣਾ ਯਾਰ ਕਮਾਊ ਪੁੱਤ ਬਣ ਗਿਆ ਹੈ।"

ਹੁਣ ਹੈਰਾਨ ਹੋਣ ਦੀ ਵਾਰੀ ਮੇਰੀ ਸੀ, "ਬਈ ਵਾਹ! ਇਸ ਤੋਂ ਚੰਗੀ ਖ਼ਬਰ ਹੋਰ ਕੀ ਹੋ ਸਕਦੀ ਹੈ! ਪਰ ਇਹਦਾ ਚਿਹਰਾ ਇਸ ਤਰ੍ਹਾਂ ਕਿਉਂ ਲਟਕਿਆ ਹੋਇਆ ਹੈ?"

"ਸਾਥੋਂ ਵਿੱਛੜਨ ਦਾ ਗ਼ਮ ਸਤਾ ਰਿਹਾ ਹੈ। ਦੁਨੀਆਂ ਵਿੱਚ ਸਭ ਕੁਝ ਮਿਲ ਜਾਵੇਗਾ, ਪਰ ਫੁੰਤਰੂ ਨਹੀਂ ਮਿਲਣਗੇ। ਭਰਾ ਇਹ ਸ਼ਹਿਰ ਛੱਡ ਕੇ ਜਾ ਰਿਹਾ ਹੈ। ਹੁਣ ਉਹ ਦੇਹਰਾਦੂਨ ਜਾ ਰਿਹਾ ਹੈ...।" ਸਟੀਫਨ ਦੀ ਆਵਾਜ਼ ਵੀ ਭਾਰੀ ਹੋ ਗਈ ਸੀ। ਮੈਨੂੰ ਲੱਗਿਆ ਕਿ ਕਿਤੇ ਉਹ ਰੋਣ ਨਾ ਲੱਗ ਪਵੇ।

ਉਦੋਂ ਉਤਰਾਖੰਡ ਨਹੀਂ ਬਣਿਆ ਸੀ। ਇਹ ਉੱਤਰ ਪ੍ਰਦੇਸ਼ ਦਾ ਹਿੱਸਾ ਸੀ। ਰਮਿੰਦਰ ਦੇ ਪਿਤਾ ਨੇ ਆਪਣੇ ਅਹੁਦੇ ਦੀ ਵਰਤੋਂ ਕਰਦਿਆਂ ਉਸ ਨੂੰ ਕਿਸੇ ਸਰਕਾਰੀ ਫੈਕਟਰੀ ਦੇ ਸੇਫ਼ਟੀ ਵਿਭਾਗ ਵਿੱਚ ਫ਼ਾਇਰਮੈਨ ਦੀ ਨੌਕਰੀ ਦਿਵਾ ਦਿੱਤੀ ਸੀ। ਛੇ ਮਹੀਨੇ ਦੀ ਟਰੇਨਿੰਗ ਸੀ। ਫਿਰ ਪੱਕੀ ਨੌਕਰੀ...। ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਹੈ ਕਿ ਇਹ ਖ਼ਬਰ ਸੁਣ ਕੇ ਮੈਨੂੰ ਵਿਛੋੜੇ ਦੇ ਦਰਦ ਨਾਲੋਂ ਵੱਧ ਈਰਖਾ ਹੋਈ ਕਿ ਮੈਂ ਹੱਥ-ਪੈਰ ਹੀ ਮਾਰਦਾ ਰਹਿ ਅਤੇ ਪੱਠੇ ਨੇ ਬਾਜ਼ੀ ਮਾਰ ਲਈ।

ਰਮਿੰਦਰ ਚਲਾ ਗਿਆ। ਹੁਣ ਅਸੀਂ ਦੋ ਰਹਿ ਗਏ ਸਾਂ। ਅਸੀਂ ਹਰ ਰੋਜ਼ ਬਰਗਦੀ ਦੀ ਦੁਕਾਨ 'ਤੇ ਬੈਠ ਕੇ ਰਮਿੰਦਰ ਬਾਰੇ ਚਰਚਾ ਕਰਦੇ ਸਾਂ। ਸਾਨੂੰ ਉਸਦੀ ਚਿੱਠੀ ਦੀ ਉਡੀਕ ਸੀ। ਉਸਨੇ ਸਟੀਫਨ ਦਾ ਐਡਰੈੱਸ ਲੈ ਲਿਆ ਸੀ। ਜਿਵੇਂ ਹੀ ਅਸੀਂ ਸ਼ਾਮ ਨੂੰ ਮਿਲਦੇ, ਮੇਰਾ ਪਹਿਲਾ ਸਵਾਲ ਹੁੰਦਾ, "ਕੀ ਕੋਈ ਚਿੱਠੀ ਆਈ...?" ਸਟੀਫਨ ਨਾਂਹ ਵਿੱਚ ਸਿਰ ਹਿਲਾ ਦਿੰਦਾ। ਅੰਤ ਵਿੱਚ ਅਸੀਂ ਸਵੀਕਾਰ ਕਰ ਲਿਆ ਕਿ ਉਹ ਸਾਨੂੰ ਭੁੱਲ ਗਿਆ ਸੀ।

ਕੁਝ ਦਿਨ ਬੀਤ ਗਏ। ਬਰਗਦੀ ਦੀ ਦੁਕਾਨ 'ਤੇ ਬੈਠਣਾ ਚੰਗਾ ਨਹੀਂ ਲੱਗਦਾ ਸੀ। ਫਿਰ ਅਚਾਨਕ ਕਈ ਦਿਨਾਂ ਤੱਕ ਸਟੀਫਨ ਨਜ਼ਰ ਨਹੀਂ ਆਇਆ। ਇਹ ਇੱਕ ਗੰਭੀਰ ਮਾਮਲਾ ਸੀ। ਅੱਜ ਯਾਦ ਕਰਦਿਆਂ ਮੈਨੂੰ ਲੱਗਦਾ ਹੈ ਕਿ ਚੰਗੇ ਦਿਨ ਤਾਂ ਕਦੇ ਵੀ ਨਹੀਂ ਸਨ। ਤਿੰਨ-ਚਾਰ ਦਿਨਾਂ ਬਾਅਦ ਜਦੋਂ ਮੈਂ ਸਟੀਫਨ ਦੀ ਦੁਕਾਨ 'ਤੇ ਗਿਆ ਤਾਂ ਦੇਖਿਆ ਕਿ ਉਹ ਵੀ ਬੰਦ ਸੀ। ਮੇਰੇ ਮਨ ਵਿਚ ਇਕਦਮ ਖ਼ਿਆਲ ਆਇਆ ਕਿ ਕੁਝ ਤਾਂ ਗੜਬੜ ਹੈ। ਉਸ ਦਾ ਘਰ ਦੁਕਾਨ ਤੋਂ ਤਿੰਨ ਕਿਲੋਮੀਟਰ ਦੂਰ ਸੀ। ਮੇਰਾ ਦਿਲ ਨਾ ਮੰਨਿਆ ਤੇ ਮੈਂ ਆਪਣਾ ਸਾਈਕਲ ਉਸ ਦੇ ਘਰ ਵੱਲ ਮੋੜ ਲਿਆ। ਸਟੀਫਨ ਘਰੇ ਹੀ ਸੀ। ਪਤਾ ਲੱਗਾ ਕਿ ਉਸ ਦੀ ਮਾਂ ਦੀ ਮੌਤ ਹੋ ਚੁੱਕੀ ਹੈ। ਇਹ ਮੇਰੇ ਲਈ ਦੁਖਦਾਈ ਖਬਰ ਸੀ। ਉਸ ਨੇ ਭਰੇ ਹੋਏ ਗਲੇ ਨਾਲ ਕਿਹਾ, "ਵਿਭਾਸ... ਮਾਂ ਨੇ ਮੈਨੂੰ ਧੋਖਾ ਦੇ ਦਿੱਤਾ।" ਉਹ ਅੱਗੇ ਕੁਝ ਨਾ ਕਹਿ ਸਕਿਆ। ਉਹ ਬੱਚੇ ਵਾਂਗ ਮੇਰੇ ਗਲੇ ਲੱਗ ਕੇ ਬਹੁਤ ਦੇਰ ਤੱਕ ਰੋਂਦਾ ਰਿਹਾ। ਮਿੰਨੀ ਆਂਟੀ ਵੀ ਉੱਥੇ ਹੀ ਸੀ। ਉਨ੍ਹਾਂ ਦੀਆਂ ਸੁੱਜੀਆਂ ਅਤੇ ਗਿੱਲੀਆਂ ਅੱਖਾਂ ਤੋਂ ਪਤਾ ਲੱਗਦਾ ਸੀ ਕਿ ਉਹ ਵੀ ਕੁਝ ਸਮੇਂ ਤੋਂ ਰੋ ਰਹੀ ਸੀ।

ਮੈਨੂੰ ਦੁੱਖ ਸੀ ਕਿ ਅਜਿਹੇ ਮੌਕੇ 'ਤੇ ਮੈਂ ਉਸ ਦਾ ਸਾਥ ਨਹੀਂ ਦੇ ਸਕਿਆ। ਉਦੋਂ ਅੱਜ ਵਾਂਗ ਮੋਬਾਈਲ ਫੋਨ ਨਹੀਂ ਸਨ ਹੁੰਦੇ ਅਤੇ ਸਟੀਫਨ ਨੂੰ ਮੈਂ ਕਦੇ ਵੀ ਆਪਣੇ ਘਰ ਨਹੀਂ ਬੁਲਾਇਆ ਸੀ। ਰੀਟਾ ਨੇ ਦੱਸਿਆ, "ਐਤਵਾਰ ਨੂੰ ਜਦੋਂ ਮੰਮੀ ਦੁਕਾਨ ਤੋਂ ਆਈ ਤਾਂ ਉਸ ਦਾ ਸਿਰਦਰਦ ਹੋ ਰਿਹਾ ਸੀ। ਸਟੀਫਨ ਨੇ ਹੀ ਰਾਤ ਨੂੰ ਖਾਣਾ ਬਣਾਇਆ। ਮੰਮੀ ਨੇ ਵੀ ਖਾਣਾ ਖਾਧਾ ਸੀ। ਪਰ ਉਹ ਸਵੇਰੇ ਨਹੀਂ ਉੱਠੀ। ਰਾਤ ਨੂੰ ਹੀ ਉਨ੍ਹਾਂ ਨੂੰ ਕਿਸੇ ਸਮੇਂ ਅਟੈਕ ਆ ਗਿਆ ਸੀ...।"

ਸਟੀਫਨ ਨੇ ਮਾਂ ਦੀ ਦੁਕਾਨ ਸੰਭਾਲ ਲਈ ਸੀ। ਦੁਕਾਨ ਹੀ ਰੋਜ਼ੀ-ਰੋਟੀ ਦਾ ਇੱਕੋ-ਇੱਕ ਸਹਾਰਾ ਸੀ। ਬਰਗਦੀ ਦੀ ਚਾਹ ਦੀ ਦੁਕਾਨ 'ਤੇ ਮਿਲਣਾ ਪੂਰੀ ਤਰ੍ਹਾਂ ਬੰਦ ਹੋ ਗਿਆ ਸੀ। ਜਦੋਂ ਵੀ ਮੈਂ ਸਟੀਫਨ ਦੀ ਦੁਕਾਨ 'ਤੇ ਜਾਂਦਾ, ਮੈਂ ਉਸਨੂੰ ਰੁੱਝਿਆ ਹੀ ਵੇਖਿਆ। ਉਸ ਦੇ ਚਿਹਰੇ ਦੀ ਹੱਸਮੁਖਤਾ ਮਾਂ ਦੇ ਨਾਲ ਹੀ ਸਦਾ ਲਈ ਚਲੀ ਗਈ ਸੀ। ਚਿਹਰੇ 'ਤੇ ਅਜੀਬ ਕਿਸਮ ਦੀ ਗੰਭੀਰਤਾ ਛਾਈ ਹੋਈ ਸੀ। ਰੀਟਾ ਵੀ ਉਸ ਦੀ ਦੁਕਾਨ 'ਤੇ ਮਿਲ ਜਾਂਦੀ। ਮਿੰਨੀ ਆਂਟੀ ਫਿਲਹਾਲ ਉਸ ਦੇ ਨਾਲ ਹੀ ਰਹਿੰਦੀ ਸੀ। ਉਨ੍ਹਾਂ ਨੇ ਹੀ ਦੱਸਿਆ ਸੀ ਕਿ ਜਦੋਂ ਤੱਕ ਉਹ ਰੀਟਾ ਨਾਲ ਵਿਆਹ ਨਹੀਂ ਕਰਵਾ ਲੈਂਦਾ, ਇਸ ਨੂੰ ਇਕੱਲਾ ਛੱਡਣਾ ਠੀਕ ਨਹੀਂ ਹੈ। ਮਾਂ ਦੀ ਅਚਾਨਕ ਹੋਈ ਮੌਤ ਨੇ ਉਸ ਨੂੰ ਡਿਪਰੈਸ਼ਨ ਵੱਲ ਧੱਕ ਦਿੱਤਾ ਹੈ।

ਰਮਿੰਦਰ ਦੇ ਦੇਹਰਾਦੂਨ ਜਾਣ ਤੋਂ ਬਾਅਦ ਕੋਈ ਖ਼ਬਰ ਨਹੀਂ ਮਿਲੀ। ਸਾਡਾ ਤਿੰਨਾਂ ਫੁੰਤਰੂਆਂ ਦਾ ਸਾਥ ਟੁੱਟ ਗਿਆ ਸੀ। ਜਦੋਂ ਵੀ ਮੈਂ ਬਜ਼ਾਰ ਜਾਂਦਾ ਤਾਂ ਸਟੀਫਨ ਨੂੰ ਜ਼ਰੂਰ ਮਿਲਦਾ। ਉਹ ਹੌਲੀ-ਹੌਲੀ ਸਦਮੇ ਤੋਂ ਮੁਕਤ ਹੋਣ ਲੱਗਾ ਸੀ। ਉਸੇ ਸਮੇਂ ਰੇਲਵੇ ਤੋਂ ਮੇਰਾ ਨਿਯੁਕਤੀ-ਪੱਤਰ ਆ ਗਿਆ। ਮੇਰੀ ਨਿਯੁਕਤੀ ਨਾਸਿਕ ਵਿੱਚ ਹੋਈ ਸੀ। ਇਹ ਨੌਕਰੀ ਨਹੀਂ, ਸਗੋਂ ਮੇਰੇ ਪਰਿਵਾਰ ਲਈ ਸੰਜੀਵਨੀ ਸੀ। ਪਿਤਾ ਦੇ ਨਿਰਾਸ਼ ਚਿਹਰੇ 'ਤੇ ਚਮਕ ਪਰਤ ਆਈ ਸੀ। ਡੇਢ ਸਾਲ ਬਾਅਦ ਜਦੋਂ ਪਿਤਾ ਸੇਵਾਮੁਕਤ ਹੋਏ ਤਾਂ ਸਾਰਾ ਪਰਿਵਾਰ ਨਾਸਿਕ ਆ ਗਿਆ। ਉਹ ਸ਼ਹਿਰ ਸਦਾ ਲਈ ਛੁੱਟ ਗਿਆ...। ਯਕੀਨ ਕਰੋ, ਮੈਂ ਜ਼ਿੰਦਗੀ ਦੇ ਮੱਕੜਜਾਲ ਵਿੱਚ ਅਜਿਹਾ ਉਲਝਿਆ ਕਿ ਮੈਨੂੰ ਇਹ ਗੱਲਾਂ ਯਾਦ ਕਰਨ ਦਾ ਸਮਾਂ ਹੀ ਨਹੀਂ ਮਿਲਿਆ। ਪਤਾ ਨਹੀਂ ਕਿਵੇਂ ਯਾਦਾਂ ਦਾ ਇਹ ਟੁਕੜਾ ਅਚਾਨਕ ਮੇਰੇ ਖ਼ਾਲੀ ਦਿਮਾਗ ਵਿੱਚ ਤੈਰ ਆਇਆ। ਮੈਨੂੰ ਨਹੀਂ ਪਤਾ ਕਿ ਸਟੀਫਨ ਅਤੇ ਰਮਿੰਦਰ ਕਿੱਥੇ ਹਨ...।

ਤਿੰਨਾਂ ਫੁੰਤਰੂਆਂ ਦੀ ਕਹਾਣੀ ਇੱਥੇ ਖਤਮ ਕਰਕੇ ਇੱਕ ਵਾਰ ਫਿਰ ਬੇਨਤੀ ਕਰ ਰਿਹਾ ਹਾਂ ਕਿ ਜੇਕਰ ਤੁਹਾਨੂੰ 'ਫੁੰਤਰੂ' ਦਾ ਅਰਥ ਪਤਾ ਲੱਗੇ ਤਾਂ ਕਿਰਪਾ ਕਰਕੇ ਮੈਨੂੰ ਜ਼ਰੂਰ ਦੱਸਣਾ...।

# ਮੂਲ : ਗੋਵਿੰਦ ਉਪਾਧਿਆਏ,  
# ਅਨੁ : ਪ੍ਰੋ. ਨਵ ਸੰਗੀਤ ਸਿੰਘ,

* * * * * * *

# ਇਟਲੀ ਪੁਲਸ ਨੇ 104 ਸਾਲ ਦੀ ਔਰਤ ਨੂੰ ਬਿਨ੍ਹਾਂ ਲਾਇਸੰਸ ਬਿਨ੍ਹਾਂ ਬੀਮਾ ਗੱਡੀ ਚਲਾਉਣ ਲਈ ਕੀਤਾ ਜੁਰਮਾਨਾ
## * ਜਿਲ੍ਹੇ ਦੇ ਮੇਅਰ ਨੇ ਕਿਹਾ ਬੇਸ਼ੱਕ ਪੁਲਸ ਨੇ ਜੁਰਮਾਨਾ ਕੀਤਾ ਹੈ ਪਰ ਉਹ ਦੇਣਗੇ ਮੈਡਲ *

ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਅੱਜਕਲ ਤੁਸੀਂ ਅਜਿਹੀਆਂ ਘਟਨਾਵਾਂ ਬਾਰੇ ਸੁਣਦੇ ਹੀ ਰਹਿੰਦੇ ਹੋ ਜਿਸ ਵਿੱਚ ਕਿ ਡਰਾਈਵਰ ਕੋਲ ਲਾਇਸੰਸ ਜਾਂ ਗੱਡੀ ਦਾ ਬੀਮਾ ਨਾ ਹੋਵੇ ਤੇ ਉਹ ਪੁਲਸ ਵੱਲੋਂ ਕਾਬੂ ਕੀਤਾ ਜਾਂਦਾ ਹੈ ਅਜਿਹੇ ਲੋਕ ਜ਼ਿਆਦਾਤਰ ਨੌਜਵਾਨ ਹੁੰਦੇ ਹਨ ਜਿਹੜੇ ਕਿ ਕਾਨੂੰਨ ਦੀ ਪਰਵਾਹ ਕੀਤੇ ਬਿਨ੍ਹਾਂ ਅਜਿਹੇ ਕੰਮਾਂ ਨੂੰ ਅੰਜਾਮ ਦਿੰਦੇ ਹਨ ਕਿਉਂਕਿ ਬਿਨ੍ਹਾਂ ਲਾਇਸੰਸ ਜਾਂ ਬੀਮੇ ਦੇ ਗੱਡੀ ਚਲਾਉਣਾ ਦੁਨੀਆਂ ਭਰ ਵਿੱਚ ਜੁਰਮ ਮੰਨਿਆਂ ਜਾਂਦਾ ਹੈ ਪਰ ਅਸੀ ਤੁਹਾਨੂੰ ਇੱਕ ਅਜਿਹੇ ਡਰਾਈਵਰ ਬਾਰੇ ਦੱਸਣ ਜਾ ਰਹੇ ਹਨ ਜਿਸ ਦੀ ਉਮਰ 104 ਸਾਲ ਹੈ ਤੇ ਉਹ ਮਿਆਦ ਲੰਘ ਚੁੱਕੇ ਲਾਇਸੰਸ ਨਾਲ ਬਿਨ੍ਹਾਂ ਬੀਮਾ ਗੱਡੀ ਚਲਾਉਦਾ ਪੁਲਸ ਨੇ ਫੜ੍ਹਿਆ ਹੈ।ਇਗ ਗੱਲ 16 ਆਨੇ ਸੱਚ ਹੈ ਕਿ ਬੀਤੇ ਦਿਨ ਇਟਲੀ ਦੀ ਪੁਲਸ ਨੇ ਉਤੱਰੀ ਇਟਲੀ ਦੇ ਸੂਬਾ ਇਮਿਲੀਆ ਰੋਮਾਨਾ ਦੇ ਜ਼ਿਲ੍ਹਾ ਫੇਰਾਰਾ ਦੇ ਸ਼ਹਿਰ ਬੋਨਦੇਨੋ ਵਿਖੇ ਇੱਕ 104 ਸਾਲ ਦੀ ਔਰਤ ਜਿਓਸੇਪੀਨਾ ਮੋਲਿਨਰੀ ਦੋ ਸਾਲ ਪਹਿਲਾਂ ਮਿਆਦ ਲੰਘ ਚੁੱਕੇ ਲਾਇਸੰਸ ਤੇ ਬਿਨ੍ਹਾਂ ਬੀਮਾ ਫੀਅਟ ਪਾਂਡਾ ਕਾਰ ਨੂੰ ਚਲਾਉਂਦੇ ਹੋਏ ਫੜ੍ਹਿਆ ਹੈ।ਮਿਲੀ ਜਾਣਕਾਰੀ ਅਨੁਸਾਰ ਪੁਲਸ ਨੂੰ ਕਿਸੇ ਨੇ ਦਿਨ ਦੇ ਕਰੀਬ 1 ਵਜੇ ਫੋਨ ਕੀਤਾ ਕਿ ਸ਼ਹਿਰ ਬੋਨਦੇਨੋ ਦੀਆਂ ਗਲੀਆਂ ਵਿੱਚ ਇੱਕ ਚਿੱਟੇ ਰੰਗ ਦੀ ਕਾਰ ਟ੍ਰੈਫਿਕ ਨਿਯਮਾਂ ਨੂੰ ਭੰਗ ਕਰਦੀ ਖਤਰਨਾਕ ਢੰਗ ਨਾਲ ਘੁੰਮ ਰਹੀ ਹੈ ।ਪੁਲਸ ਨੇ ਬਿਨ੍ਹਾਂ ਦੇਰ ਕੀਤੇ ਕੁਝ ਸਮੇਂ ਵਿੱਚ ਹੀ ਕਾਰ ਨੂੰ ਘੇਰ ਲਿਆ ਪਰ ਪੁਲਸ ਉਸ ਸਮੇਂ ਹੈਰਾਨ ਰਹਿ ਗਈ ਜਦੋਂ ਉਸ ਨੇ ਗੱਡੀ ਚਲਾ ਰਹੀ ਔਰਤ ਕੋਲੋ ਉਸ ਦੀ ਜਨਮ ਤਾਰੀਕ ਪੁੱਛੀ ਤਾਂ ਸੰਨ 1920 ਈ: ਨੂੰ ਇਟਲੀ ਜਨਮੀ ਔਰਤ ਨੇ ਆਪਣਾ ਨਾਮ ਜਿਓਸੇਪੀਨਾ ਮੋਲਿਨਰੀ ਦੱਸਿਆ ਤੇ ਕਿਹਾ ਕਿ ਆਪਣੇ ਦੋਸਤਾਂ ਨੂੰ ਮਿਲਣ ਜਾ ਰਹੀ ਹੈ।ਇਟਲੀ ਵਿੱਚ ਜਿਹੜੇ ਲੋਕ 80 ਸਾਲ ਤੋਂ ਉਪੱਰ ਹਨ ਤਾਂ ਉਹਨਾਂ ਨੂੰ ਡਰਾਈਵਰ ਲਾਇਸੰਸ ਸਿਰਫ਼ 2-2 ਸਾਲ



ਦਾ ਹੀ ਦਿੱਤਾ ਜਾਂਦਾ ਹੈ ਉਹ ਵੀ ਮੈਡੀਕਲ ਫਿਟਨਸ ਸਰਟੀਫਿਕੇਟ ਲੈਣ ਤੋਂ ਬਆਦ ਪਰ ਜਿਓਸੇਪੀਨਾ ਮੋਲਿਨਰੀ ਨੇ ਨਾਂਹੀ ਆਪਣਾ ਲਾਇਸੰਸ ਰਿਨਿਊ ਕਰਵਾਇਆ ਤੇ ਨਾਂਹੀ ਗੱਡੀ ਦਾ ਬੀਮਾ ਜਿਸ ਕਾਰਨ ਪੁਲਸ ਨੇ ਬੇਸ਼ੱਕ ਉਸ ਨੂੰ ਜੁਰਮਾਨਾ ਕਰ ਦਿੱਤਾ ਪਰ ਹੁਣ ਉਸ ਦਾ ਕਹਿਣਾ ਹੈ ਕਿ ਉਹ ਬਿਸਪਾ ਸਕੂਟਰ ਜਾਂ ਸਾਇਕਲ ਖਰੀਦੇਗੀ ਜਿਸ ਨਾਲ ਉਹ ਆਪਣੇ ਦੋਸਤਾਂ ਨੂੰ ਮਿਲਣ ਜਾ ਸਕੇ ਉਂਝ ਉਹ ਉਸ ਉਮਰ ਵਿੱਚ ਰੋਜ਼ਾਨਾ 10 ਕਿਲੋਮੀਟਰ ਘੁੰਮ ਕੇ ਖਰੀਦਾਰੀ ਵੀ ਆਪ ਕਰਦੀ ਹੈ ਜਦੋਂ ਕਿ ਆਮ ਲੋਕ ਘਰ ਵਿੱਚ ਹੀ ਬਿਨ੍ਹਾਂ ਸਹਾਰਾ ਘੁੰਮ ਨਹੀਂ ਸਕਦੇ।ਪੁਲਸ ਨੇ ਉਸ ਦੀ ਗੱਡੀ ਨੂੰ ਚੁੱਕ ਕੇ ਉਸ ਘਰ ਛੱਡ ਦਿੱਤਾ ਹੈ।ਇਸ ਘਟਨਾ ਦੀ ਚੁਫੇਰੇ ਚਰਚਾ ਹੈ ਕਿ 104 ਦੀ ਔਰਤ ਨੂੰ ਪੁਲਸ ਨੇ ਜੁਰਮਾਨਾ ਕਰ ਦਿੱਤਾ ਇਸ ਜਿੰਦਾਦਿਲ ਔਰਤ ਜਿਓਸੇਪੀਨਾ ਮੋਲਿਨਰੀ ਜਿਹੜੀ ਕਿ ਬਹੁਤ ਲੋਕਾਂ ਲਈ ਤੰਦਰੁਸਤੀ ਦੀਆਂ ਬਾਤਾਂ ਪਾਉਂਦੀ ਮਿਸਾਲ ਹੈ ਸੰਬਧੀ ਜ਼ਿਲ੍ਹਾ ਫੇਰਾਰਾ ਦੇ ਮੇਅਰ ਐਲਨ ਫੈਬਰੀ ਨੇ ਕਿਹਾ ਕਿ ਬੇਸ਼ੱਕ ਉਸ ਨੂੰ ਜੁਰਮਾਨਾ ਹੋਇਆ ਹੈ ਪਰ ਉਹ ਜਿਓਸੇਪੀਨਾ ਮੋਲਿਨਰੀ ਨੂੰ ਮੈਡਲ ਦੇਣਗੇ ਕਿਉਂ ਕਿ ਜੀਵਨ ਪ੍ਰਤੀ ਉਸ ਦੀ ਪਹੁੰਚ ਸਭ ਨੂੰ ਪ੍ਰਭਾਵਿਤ ਕਰਦੀ ਹੈ।104 ਸਾਲ ਦੀ ਉਮਰ ਵਿੱਚ ਅਜਿਹੀ ਅੰਦਰੂਨੀ ਤਾਕਤ ਹੋਣਾ ਆਮ ਗੱਲ ਨਹੀਂ ਜਿਹੜੀ ਕਿ ਐਲਨ ਫੈਬਰੀ ਨੂੰ ਬੁਢਾਪੇ ਵਿੱਚ ਹੌਸਲ ਬੁਲੰਦ ਰੱਖਣ ਲਈ ਪ੍ਰੇਰਦੀ ਹੈ।ਮੇਅਰ ਨੇ ਸੋਸ਼ਲ ਮੀਡੀਏ ਰਾਹੀ ਜਿਓਸੇਪੀਨਾ ਮੋਲਿਨਰੀ ਦੀ ਵਿਸ਼ੇਸ ਤਾਰੀਫ਼ ਕੀਤੀ ਹੈ।

# ਅੱਜ ਕਲ ਦੀਆਂ ਕੁੜੀਆਂ ਤੇ ਔਰਤਾਂ ਵਾਸਤੇ ਰੋਲ ਮਾਡਲ ਹਨ ਗੁਰਜੋਤ ਕੌਰ ਤੇ ਸ਼੍ਰੀਮਤੀ ਸਮ੍ਰਿਤੀ ਇਰਾਨੀ



ਅਕਸਰ ਕੁੜੀਆਂ ਨੂੰ ਅਬਲਾ ਨਾਰੀ ਕਹਿਣ ਦਾ ਰਿਵਾਜ ਰਿਹਾ ਪਰ ਅੱਜ ਕੁੜੀਆਂ ਡਰਾਇਵਰੀ ਤੋਂ ਸੀ ਐਮ,ਪੀ ਐਮ ਬਣ ਰਹੀਆਂ ਹਨ, ਫਿਰ ਵੀ ਨਾਰੀ ਨੂੰ ਉਤਸ਼ਾਹ ਦੇਣ ਲਈ ਕੁੱਝ ਨਾਰੀਆਂ ਰੋਲ ਮਾਡਲ ਬਣ ਅੱਗੇ ਆਓਣ ਤਾਂ ਰਸਤਾ ਅਸਾਂਨ ਹੋਏਗਾ। ਦੂਸਰੇ ਲਈ ਜਿਓਣ ਦਾ ਹੀ ਨਹੀਂ ਬਲ ਕਿ ਕੁੱਝ ਬਣ ਜਾਣ ਦਾ ਪ੍ਰੇਰਕ ਬਣ ਜਾਂਦੀਆਂ ਨੇ ਰੋਲ ਮਾਡਲ ਨਾਰੀਆਂ, ਜਿਹਨਾਂ ਨੂੰ ਦੇਖ, ਓਹਨਾਂ ਦੇ ਕੰਮ ਦੇਖ ਦੂਸਰੀਆਂ ਕੁੜੀਆਂ ਤੇ ਔਰਤਾਂ ਆਪਣੇ ਆਪ ਨੂੰ ਢਾਲ ਲੈਂਦੀਆਂ ਹਨ। ਅਕਸਰ ਇਹ ਗੱਲ ਨਾਰੀ ਸ਼ਕਤੀ ਤੇ ਹੋਣ ਵਾਲੇ ਸੈਮੀਨਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਵਿਦਿਆਰਥਣਾਂ ਨੂੰ ਸੰਬੋਧਨ ਵਿੱਚ ਗੁਰਜੋਤ ਕੌਰ ਆਖਦੇ ਹਨ। ਗੁਰਜੋਤ ਕੌਰ ਨਾਰੀ ਸ਼ਕਤੀ ਦਾ ਓਹ ਪਾਤਰ ਨੇ ਜਿਹਨਾਂ ਨੇ ਪੰਜਾਬੀ ਦੇ ਲੋਕ ਪ੍ਰਿਅ ਅਖ਼ਬਾਰ "ਅਜੀਤ" ਦਾ ਸਮਾਚਾਰ ਤੋਂ ਮੈਗਜ਼ੀਨ, ਨਾਰੀ, ਫ਼ਿਲਮ ਹਰ ਵਿਭਾਗ ਬਾਖੂਬੀ ਸੰਚਾਲਿਤ ਰੋਜ਼ ਕਰਨਾ ਹੁੰਦਾ ਹੈ ਤੇ ਨਾਲ ਹੀ ਔਰਤ ਦੀ ਪ੍ਰਤੀਨਿਧਤਾ ਇਸ ਵਿੱਚ ਰੋਜ਼ਾਨਾ ਹੋਏ ਧਿਆਂਨ ਰੱਖਣਾ ਹੁੰਦਾ ਹੈ। ਫੁਰਤੀ ਤੇ ਚੁਸਤੀ ਦਾ ਦਾ ਦੂਜਾ ਨਾਂਅ ਗੁਰਜੋਤ ਕੌਰ ਨੇ ਜਿਹਨਾਂ ਔਰਤ ਸ਼ਕਤੀ ਦੀ ਹੀ ਰੋਲ ਮਾਡਲ ਸ਼੍ਰੀਮਤੀ ਸਮ੍ਰਿਤੀ ਇਰਾਨੀ ਨਾਲ ਮੁਲਾਕਾਤ ਦੌਰਾਨ ਇਹੀ ਕਿਹਾ ਸੀ ਕਿ ਤੁਸੀਂ ਮਹਾਨ ਮੰਤਰੀ ਬਣ ਨਾਰੀ ਮਾਣ ਵਧਾਇਆ ਹੈ ਤੇ ਨਾਰੀ ਨੂੰ ਲੋਕ ਸਭਾ ਤੋਂ ਨੌਕਰੀਆਂ ਤੇ ਹੋਰ ਕਾਰਜਾਂ ਵਿੱਚ ਬਰਾਬਰ ਦੇ ਅਧਿਕਾਰ ਚਾਹੀਦੇ ਹਨ। ਸ਼੍ਰੀਮਤੀ ਇਰਾਨੀ ਨਾਰੀ ਸ਼ਕਤੀ ਹੀ ਕਿ ਰਾਹੁਲ ਗਾਂਧੀ ਤੱਕ ਨੂੰ ਸਿਕਸ਼ਤ ਦਿੱਤੀ। ਇਥੇ ਨੌਕਰੀ, ਕਲਾਕਾਰੀ ਤੇ ਫ਼ਿਲਮੀ ਨਾਰੀਆਂ ਨੂੰ ਵੀ ਚਾਹੀਦਾ ਹੈ ਕਿ ਓਹ ਸੱਭਿਅਤਾ ਤੇ ਆਪਣੇ ਸੰਸਕਾਰ ਨਾ ਛਡਣ ਕਿਉਂ ਕਿ ਅਤੀ ਆਧੁਨਿਕਤਾ ਪਹਿਰਾਵੇ ਦੀ ਹੀ ਅਪਰਾਧ ਦੀ ਜੜ੍ਹ ਹੈ। ਉਮੀਦ ਹੈ ਕਿ ਨਾਰੀਆਂ ਕੁੜੀਆਂ ਗੁਰਜੋਤ ਕੌਰ ਤੇ ਸਮ੍ਰਿਤੀ ਜੀ ਨੂੰ ਰੋਲ ਮਾਡਲ ਸਮਝ ਜੀਵਨ ਦੇ ਕਾਮਯਾਬ ਪਰਬਤ ਪਾਰ ਕਰਨਗੀਆਂ। ਗੁਰਜੋਤ ਕੌਰ ਹੋਰਾਂ ਸ਼੍ਰੀਮਤੀ ਇਰਾਨੀ ਨਾਲ ਇਸ ਮਸਲੇ ਤੇ ਵੀ ਗੱਲ ਕੀਤੀ ਕਿ ਨਾਰੀ ਤੇ ਹਿੰਸਾ ਤੇ ਨਗਨ ਪਹਿਰਾਵੇ ਵਾਲੇ ਸਿਨੇਮਾ ਤੇ ਸਰਕਾਰੀ ਅੰਕੁਸ਼ ਚਾਹੀਦਾ ਹੈ ਕਿਉਂ ਕਿ ਇਸ ਨਾਲ ਵੀ ਜਿਨਸੀ ਸੋਸ਼ਣ ਦੇ ਮਾਮਲੇ ਵਧੇ ਹਨ ਖ਼ੈਰ ਗੁਰਜੋਤ ਕੌਰ ਤੇ ਸਮ੍ਰਿਤੀ ਇਰਾਨੀ ਜੀ ਦਾ ਜੀਵਨ ਜਾਚ ਤੇ ਗੁਣ ਦੇਖ ਔਰਤਾਂ ਪ੍ਰੇਰਿਤ ਹੋਣ ਤਾਂ ਫਿਰ ਨਾਰੀ ਨਹੀਂ ਹੁਣ ਵਿਚਾਰੀ ਦਾ ਟੈਗ ਕੰਮ ਕਰੇਗਾ।

-ਅੰਮ੍ਰਿਤ ਪਵਾਰ

# ਉੱਤਰੀ ਇਟਲੀ ਦੇ ਗੁਰਦੁਆਰਾ ਕਲਗੀਧਰ ਸਾਹਿਬ ਐਸੋ ਲੈਕੋ ਵਿਖੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵਾਂ ਸਾਲ ਤੇ ਹੋਲੇ ਮਹੱਲੇ ਨੂੰ ਸਮਰਪਿਤ ਕਰਵਾਇਆ ਗਿਆ ਗੁਰਮਿਤ ਸਮਾਗਮ







ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਉੱਤਰੀ ਇਟਲੀ ਦੇ ਸੂਬਾ ਲੰਬਾਰਦੀਆ ਦੇ ਗੁਰਦੁਆਰਾ ਕਲਗੀਧਰ ਸਾਹਿਬ ਐਸੋ ਲੈਕੋ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵੇ ਸਾਲ ਦੀ ਆਮਦ ਅਤੇ ਹੋਲੇ ਮਹੱਲੇ ਨੂੰ ਸਮਰਪਿਤ ਇੱਕ ਵਿਸ਼ਾਲ ਗੁਰਮਿਤ ਸਮਾਗਮ ਕਰਵਾਇਆ ਗਿਆ।

ਇਸ ਸੰਬੰਧੀ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸਮਾਗਮ ਦੇ ਸੰਬੰਧ ਵਿੱਚ 15 ਮਾਰਚ 2024 ਦਿਨ ਸ਼ੁੱਕਰਵਾਰ ਨੂੰ ਇਲਾਹੀ ਬਾਣੀ ਦੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਸਨ। ਤੇ 17 ਮਾਰਚ ਦਿਨ ਐਤਵਾਰ ਨੂੰ ਸੰਪੂਰਨਤਾ ਦੇ ਨਾਲ ਭੋਗ ਪਾਏ ਗਏ। ਭੋਗ ਉਪਰੰਤ ਭਾਈ ਕਸ਼ਮੀਰ ਸਿੰਘ ਵਲੋ ਕਥਾ ਵਿਚਾਰਾਂ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਦਿਲਬਾਗ ਸਿੰਘ ਗੁਰਦਾਸਪੁਰੀਏ ਦੇ ਕੀਰਤਨੀਏ ਜਥੇ ਸਮੇਤ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਸੁੱਖਵੰਤ ਸਿੰਘ ਕੋਲੋ ਕੀਰਤਨ ਦੀ ਸਿੱਖਿਆ ਲੈ ਰਹੇ ਬੱਚਿਆ ਵਲੋ ਸੰਗਤਾਂ ਨੂੰ ਕੀਰਤਨ ਸਰਵਣ ਕਰਵਾਇਆ ਗਿਆ। ਇਸ ਮੌਕੇ ਸੰਗਤਾਂ ਲਈ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ।

ਸਮਾਗਮ ਦੇ ਸਮਾਪਤੀ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋ ਸਮਾਗਮ ਵਿੱਚ ਸੇਵਾਵਾਂ ਕਰਨ ਵਾਲੇ ਸੇਵਾਦਾਰਾਂ ਨੂੰ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਦੇ ਸਨਮਾਨਿਤ ਕੀਤਾ ਗਿਆ।